# ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2012

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

*© 2012 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   - ਭਾਗ-1
   - ਭਾਗ-2
   - ਭਾਗ-3
   - ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ

# ਤਤਕਰਾ


1. ਕੀ ਸੀ ਅਜਾਦ ਦੀ ਮੌਤ ਦਾ ਰਾਜ – ਹੱਤਿਆ ਜਾਂ ਮੁਠਭੇੜ? 5
2. ਇਹ ਜੰਗ ਦੇਸ਼ ਦੇ ਲੋਕਾਂ ਵਿਰੁੱਧ ਕਿਵੇਂ? 8
3. ਜ਼ਮੀਨ ਸਰਕਾਰ ਦੀ ਜਾਂ ਕਿਸਾਨਾਂ ਦੀ? 14
4. ਕੀ ਹੈ ਹਥਿਆਰਬੰਦ ਤਾਕਤ ਸਪੈਸ਼ਲ ਅਧਿਕਾਰ ਕਾਨੂੰਨ ਦਾ ਪਿਛੋਕੜ 16
5. ਲੋਕ ਸੰਘਰਸ਼ ਦੇ ਪ੍ਰਸੰਗ ਵਿੱਚ 18
6. ਮਣੀਪੁਰ 'ਚ ਆਰਥਿਕ ਨਾਕਾਬੰਦੀ ਕਦੋਂ ਤੱਕ? 20
7. ਪੁਲਸੀ ਤਸੀਹਿਆਂ ਦਾ ਸੱਚ ਏਨਾ ਕੌੜਾ ਕਿਉਂ? 22
8. ਅਰਥਚਾਰੇ ਦੀ ਦਿਸ਼ਾ ਤੇ ਵਧਦੀ ਗਰੀਬੀ 25
9. ਵੱਧ ਕਿਉਂ ਹੋ ਰਹੀਆਂ ਹਨ ਕਿਸਾਨੀ ਆਤਮ-ਹੱਤਿਆਵਾਂ? 29
10. ਕਿਸਾਨਾਂ ਨੂੰ ਹਰ ਕੋਈ ਲੁੱਟ ਰਿਹੈ 31
11. ਜ਼ਮੀਨ ਹਾਸਲ ਕਰਨ ਦਾ ਕਾਨੂੰਨ 1894 ਬਨਾਮ ਖੇਤੀ ਸੰਕਟ 33
12. ਖੇਤੀ ਸੰਕਟ ਬਨਾਮ ਹਕੂਮਤੀ ਜਬਰ 36
13. ਮਣੀ ਪੁਰੀ ਦੇ ਲੋਕਾਂ ਦੀ ਬਦਹਾਲੀ ਲਈ ਜ਼ਿੰਮੇਵਾਰ ਕੌਣ? 40
14. ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰਨ ਦੀ ਨੀਅਤ ਕਿਉਂ? 42
15. ਕੌਣ ਸੀ ਸਮਾਜਿਕ-ਇਨਕਲਾਬੀ ਬਿਰਸਾ ਮੁੰਡਾ? 46
16. ਹੁਣ ਹਕੂਮਤ ਦਾ ਕੀ ਹੈ ਨਵਾਂ ਹਥਿਆਰ? 51
17. ਆਂਧਰਾ 'ਚ ਤਿਲੰਗਾਨਾ ਦਾ ਮੁੱਦਾ ਕਿੱਧਰ ਨੂੰ? 55
18. ਪੀ. ਸੀ. ਪੀ. ਐਨ. ਡੀ. ਟੀ. ਐਕਟ ਕਿੰਨਾ ਕੁ ਕਾਰਗਰ? 58
19. ਫੌਜੀ ਜਬਰ ਨਾਲ ਕਿਵੇਂ ਹੈ ਜ਼ਖ਼ਮੀ ਕਸ਼ਮੀਰ 61
20. ਲੋਕ ਸੰਘਰਸ਼ ਤੇ ਮੀਡੀਆ ਦਾ ਕਿਰਦਾਰ 68
21. ਬੀੜੀ ਪੱਟੀ ਰਾਜਨੀਤੀ ਦੇ ਚੁੰਗਲ ਵਿਚ ਕਿਵੇਂ? 77
22. ਕੀ ਦਰਸਾਉਂਦਾ ਹੈ ਸਲਵਾ ਜੂਡਮ ਖਿਲਾਫ਼ ਸੁਪਰੀਮ ਕੋਰਟ ਦਾ ਫੈਸਲਾ? 80
23. ਡਾ ਬਿਨਾਇਕ ਸੇਨ ਕੇਸ – ਨਿਆਂ ਦੀ ਜਿੱਤ 83
24. ਕਿਉਂ ਦੇਸ਼ ਦਾ ਤੀਜਾ ਹਿੱਸਾ ਅਬਾਦੀ ਕੁਪੋਸ਼ਣ ਤੋਂ ਪੀੜਤ? 85
25. ਕੀ ਹੈ ਮੌਜੂਦਾ ਨਿਆਂ ਪ੍ਰਣਾਲੀ ਦਾ ਘਿਨੌਣਾ ਚਿਹਰਾ? 87
26. ਇਤਿਹਾਸ ਦੇ ਪੰਨੇ-ਉਚ ਜਾਤੀਆਂ ਗੁਜਰਾਤ ਦੇ ਪੈਰਾਂ ਹੇਠ ਕਿਵੇਂ? 96
27. ਬਿਨਾਇਕ ਸੇਨ ਕੇਸ ਬਨਾਮ ਜਮਹੂਰੀ ਹੱਕ 101
28. ਕੀ ਹੈ ਜਲ, ਜੰਗਲ ਤੇ ਜ਼ਮੀਨ ਅਤੇ ਖਣਿਜਾਂ ਦੀ ਲੁੱਟ ਦਾ ਰਾਜ? 104
29. ਉਤਰ ਪ੍ਰਦੇਸ਼ 'ਚ ਡਾਕਟਰਾਂ ਦੇ ਕਿਉਂ ਹੁੰਦੇ ਹਨ ਕਤਲ? 111
30. ਅਰਬ ਜਗਤ 'ਚ ਲੋਕ ਉਭਾਰ ਦਾ ਦੌਰ ਬਨਾਮ ਸਾਮਰਾਜ 117
31. ਕਿਵੇਂ ਹੈ ਲੀਬੀਆ ਦੇ ਲੋਕ ਉਭਾਰ ਮੂਹਰੇ ਤਾਨਾਸ਼ਾਹੀ ਡਾਵਾਂਡੋਲ 126
32. ਭਾਰਤੀ ਰੇਲਵੇ 'ਤੇ ਗੈਰ-ਸਮਾਜੀ ਤੱਤਾਂ ਦਾ ਸ਼ਿਕੰਜਾ ਕਿਵੇਂ? 130
33. ਕੀ ਹਨ ਅਪਨਿਵੇਸ਼ੀਕਰਨ ਲਈ ਸਰਕਾਰ ਦੇ ਝੂਠੇ ਬਹਾਨੇ? 134
34. ਨੀਤੀਗਤ ਗੜਬੜਾਂ ਦੀ ਚੀਰਫਾੜ ਕਿਉਂ ਜ਼ਰੂਰੀ? 137
35. ਕੀ ਹਨ ਸੀਰੀਆ ਨੂੰ ਘੇਰਨ 'ਚ ਅਮਰੀਕੀ ਸਾਮਰਾਜ ਦੇ ਮਨਸੂਬੇ? 139
36. ਕੀ ਗ਼ੈਰ ਸਿਆਸੀ ਵੀ ਇਕ ਸਿਆਸਤ ਹੈ? 141
37. ਗਦਾਫੀ ਦਾ ਕਤਲ ਬਨਾਮ ਸਾਮਰਾਜੀ ਜ਼ੁਲਮ 143
38. ਕੀ ਹੈ ਪਾਣੀ ਦੀ ਸਿਆਸਤ? 145
39. ਕਿਉਂ ਹੁੰਦੀ ਜਾ ਰਹੀ ਹੈ ਜ਼ਮੀਨ ਬੇਹੱਦ ਕੀਮਤੀ? ਜ਼ਮੀਨ ਦੀ ਲੁੱਟ ਮੁੱਖ ਏਜੰਡਾ ਕਿਉਂ? 149
40. ਫਿਰਕੂ ਤਾਕਤਾਂ ਤੇ ਪ੍ਰਸਾਸ਼ਕ ਪੁਲਸ ਦੰਗੇ ਕਿਵੇਂ ਭੜਕਾਉਂਦੇ ਹਨ? 153
41. ਫੁਕੂਸ਼ਿਮਾ ਹਾਦਸੇ ਤੋਂ ਸਬਕ ਸਿਖਣ ਦੀ ਲੋੜ ਕਿਉਂ? 157

# ਕੀ ਸੀ ਅਜਾਦ ਦੀ ਮੌਤ ਦਾ ਰਾਜ - ਹੱਤਿਆ ਜਾਂ ਮੁਠਭੇੜ?

ਮਾਓਵਾਦੀ ਨੇਤਾ ਆਜ਼ਾਦ ਦੇ ਕਤਲ ਦੀ ਜਾਂਚ ਲਈ ਸੀ. ਪੀ. ਆਰ. ਓ. ਦੀ ਅਗਵਾਈ 'ਚ ਇੱਕ ਤੱਥ ਖੋਜ ਕਮੇਟੀ ਨੇ ਅਗਸਤ 2011 'ਚ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਇਸ ਟੀਮ 'ਚ ਪ੍ਰੋ. ਅਮਿਤ ਭਾਦੁੜੀ, ਅਧਿਵਕਤਾ ਪ੍ਰਸ਼ਾਤ ਭੂਸ਼ਨ, ਮਾਨਵ ਅਧਿਕਾਰਵਾਦੀ ਕਵਿਤਾ ਸ਼੍ਰੀ ਵਾਸਤਵ, ਪਤ੍ਰਕਾਰ ਗੌਤਮ ਨੌ ਲੱਖਾ, ਆਂਧਰਾ ਦੇ ਮਾਨਵ ਅਧਿਕਾਰਵਾਦੀ ਕ੍ਰਾਂਤੀ ਚੇਤਨਿਆ, ਬੁਲਾਰਾ ਡੀ ਸੁਰੇਸ਼ ਕੁਮਾਰ, ਓਪੀਡੀਆਰ ਦੇ ਪ੍ਰਧਾਨ, ਸੁਧਾਕਰ ਗਏ ਅਤੇ ਡੀ ਵੈਂਕਟੇਸ਼ਵਰਲੂ ਸ਼ਾਮਲ ਸਨ। ਟੀਮ ਦੇ ਮੈਂਬਰਾਂ ਨੇ ਅਜ਼ਾਦ ਤੇ ਪੱਤਰਕਾਰ ਹੇਮ ਪਾਂਡੇ ਦੀ ਪੋਸਟ ਮਾਰਟਮ ਰੀਪੋਟ ਦਾ ਵੀ ਅਧਿਐਨ ਕੀਤਾ। ਪੇਸ਼ ਹੈ ਉਹਨਾਂ ਦੀ ਮੁਢਲੀ ਰੀਪੋਟ 20 ਤੇ 21 ਅਗਸਤ 2010 ਨੂੰ ਇਸ ਕਮੇਟੀ ਨੇ ਆਂਧਰਾ ਪ੍ਰਦੇਸ਼ ਦੇ ਆਦਿਲਾਬਾਦ ਦੀ ਵੇਕਾਂਡੀ ਤਹਿਸੀਲ 'ਚ ਘਟਨਾ ਵਾਲੀ ਥਾਂ ਵੇਖੀ ਕਮੇਟੀ ਸਥਾਨਕ ਪੇਂਡੂਆਂ, ਪੁਲਸ ਤੇ ਪਤ੍ਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਪੋਸਟ ਮਾਰਟਮ ਦੀ ਜਾਂਚ-ਪੜਤਾਲ ਕੀਤੀ। ਇਕ ਪਾਸੇ ਦੋ ਜੁਲਾਈ ਦੀ ਰਾਤ ਹੋਏ ਇਸ ਫਰਜੀ ਮੁਕਾਬਲੇ ਦੀ ਪਹਿਲੀ ਐਫ ਆਈ ਆਰ ਨੰ: 40/2010 ਵੰਕਾਫੀ ਪੁਲਸ ਥਾਣੇ 'ਚ ਦਰਜ ਹੈ। ਇਸ 'ਚ ਦੋ ਗੱਲਾਂ ਹਨ ਜੋ ਇਸ ਪ੍ਰਕਾਰ ਹਨ।

ਚੇਰੂਕਰੀ ਰਾਜ ਕੁਮਾਰ (ਆਜ਼ਾਦ) ਮੁਠਭੇੜ ਨਹੀਂ ਕਤਲ

1. ਸਪੈਸ਼ਲ ਇੰਟੇਲੀਜੈਂਸ ਪੁਲਸ ਨੇ ਇਹ ਸੂਚਨਾ ਦਿੱਤੀ ਕਿ 20 ਮਾਓਵਾਦੀਆਂ ਦਾ ਇਕ ਦਸਤਾ ਮਹਾਂਰਾਸ਼ਟਰ ਤੋਂ ਆਂਧਰਾ ਪ੍ਰਦੇਸ਼ 'ਚ ਦਾਖਲ ਹੋਇਆ ਹੈ ਅਤੇ ਇਹ ਜੰਗਲ ਵੱਲ ਵਧ ਰਿਹਾ ਹੈ।

2. ਇਸ ਸੂਚਨਾ ਕਾਰਨ ਪੁਲਸ ਫੋਰਸ ਦੇ ਨਾਲ ਆਦਿਲਾਬਾਦ ਪੁਲਿਸ ਰਾਤ ਨੂੰ ਦੇਖਣ ਵਾਲੇ ਉਪਕਰਨਾ ਦੇ ਨਾਲ ਇਹਨਾਂ ਮਾਓਵਾਦੀਆਂ ਦੀ ਭਾਲ 'ਚ ਨਿੱਕਲੀ। ਪੁਲਸ ਨੇ ਇਹਨਾਂ ਨੂੰ ਤਾਰਕੀ ਪਲੀ ਤੇ ਵੇਲਗੀ ਵਿਚਕਾਰ ਦੀ ਜੰਗਲੀ ਪਹਾੜੀ ਵਿਚਕਾਰ ਲੱਭ ਲਿਆ।

3. ਰੋਕੇ ਜਾਣ 'ਤੇ ਮਾਓਵਾਦੀਆਂ ਨੇ ਪੁਲਸ ਪਾਰਟੀ 'ਤੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਪੁਲਸ ਨੇ ਵੀ ਆਤਮ ਰੱਖਿਆ 'ਚ ਗੋਲੀ ਚਲਾਈ। ਇਹ ਗੋਲਾਬਾਰੀ ਕਰੀਬ 30 ਮਿੰਟ ਚਲੀ। ਗੋਲਾਬਾਰੀ ਰੁਕਣ ਪਿੱਛੋਂ ਪੁਲਸ ਨੂੰ ਦੋ ਅਣਪਛਾਤੀਆਂ ਲਾਸ਼ਾਂ ਮਿਲੀਆਂ। ਇਹਨਾਂ 'ਚ ਇਕ ਕਰੀਬ 50 ਸਾਲਾਂ ਦਾ ਸੀ ਜਿਸ ਕੋਲ ਏ. ਕੇ.-47 ਰਾਈਫਲ ਸੀ ਅਤੇ ਦੂਜਾ 30 ਸਾਲ ਦਾ ਸੀ ਜਿਸ ਨੇ ਸੈਂਡਲ ਪਾਏ ਹੋਏ ਸਨ। ਉਸ ਕੋਲ 9 ਐਮ ਅਮ ਦਾ ਪਿਸਤੌਲ ਸੀ। ਹੁਣ ਪੁਲਸ ਦੀ ਇਸ ਕਹਾਣੀ 'ਤੇ ਕਈ ਸੁਆਲ ਖੜ੍ਹੇ ਹੁੰਦੇ ਹਨ :-

1. ਮਹਾਂਰਾਸ਼ਟਰ ਤੇ ਆਂਧਰਾ ਦੀ ਸਰਹੱਦ 'ਤੇ ਫੈਲੇ ਸੈਂਕੜੇ ਕਿਲੋਮੀਟਰ ਦੇ ਜੰਗਲ 'ਚ ਪੁਲਸ ਨੇ ਕਿਵੇਂ ਮਾਓਵਾਦੀਆਂ ਦਾ ਪਤਾ ਲਾ ਲਿਆ।

2. ਪੁਲਸ ਨੇ ਇਸ ਥਾਂ ਦੀ ਯੋਜਨਾ ਹੀ ਕਿਉਂ ਬਣਾਈ ਜਦ ਕਿ ਕਈ ਪੇਂਡੂਆਂ ਨੇ ਸਾਨੂੰ ਸਾਫ਼-ਸਾਫ਼ ਦੱਸਿਆ ਕਿ ਇਸ ਇਲਾਕੇ 'ਚ ਪਿਛਲੇ ਕੁਝ ਸਾਲਾਂ ਤੋਂ ਕੋਈ ਮਾਓਵਾਦੀ ਸਰਗਰਮੀ ਨਹੀਂ ਹੋ ਰਹੀ ਸੀ।

3. ਰਾਤ ਦੇ 11 ਵਜੇ ਤੋਂ 11.30 ਵਜੇ ਤਕ ਗੋਲੀ ਚੱਲਣ ਪਿੱਛੋਂ ਵੀ ਕੋਈ ਪੁਲਸ ਵਾਲਾ ਜਖ਼ਮੀ ਨਹੀਂ ਹੋਇਆ ਅਤੇ ਕਿਉਂ ਸਿਰਫ਼ ਅਜ਼ਾਦ ਤੇ ਹੇਮ ਚੰਦ ਪਾਂਡੇ ਹੀ ਮਾਰੇ ਗਏ?

4. ਐਫ. ਆਈ. ਆਰ ’ਚ ਵੀਹ ਮਾਓਵਾਦੀਆਂ ਦਾ ਜ਼ਿਕਰ ਹੈ। ਜਦਕਿ ਪੁਲਸ ਮੁਕਾਬਲੇ ਵਾਲੀ ਥਾਂ ਤੋਂ ਸਿਰਫ਼ ਦੋ ਹੀ ਕਿੱਟ ਬੈਗ ਤੇ ਦੋ ਹੀ ਹਥਿਆਰ ਮਿਲੇ ਹਨ। ਕਿਧਰ ਗਏ ਬਾਕੀ ਦੇ ਮਾਓਵਾਦੀ?

5. ਜੇ ਆਜ਼ਾਦ ਵੀਹ ਮਾਓਵਾਦੀਆਂ ਦੀ ਇਕ ਟੁਕੜੀ ਨਾਲ ਚਲ ਰਹੇ ਸੀ ਤਾਂ ਨਿਸ਼ਚੈ ਹੀ ਉਹਨਾਂ ਨੂੰ ਵਰਦੀ ’ਚ ਹੋਣਾ ਚਾਹੀਦਾ ਸੀ ਨਾ ਕਿ ਸਿਵਲ ਕੱਪੜਿਆਂ ਵਿੱਚ।

6. ਜੇ ਪੁਲਸ ਸੁਭਾ ਸਾਢੇ ਨੌਂ ਵਜੇ ਐਫ. ਆਈ. ਆਰ ਦੇ ਦਰਜ ਹੋਣ ਤਕ ਮ੍ਰਿਤਕਾਂ ਦੀ ਪਹਿਚਾਣ ਤੋਂ ਅਣਜਾਣ ਸੀ ਤਾਂ ਇਲੈਕਟ੍ਰੋਨਿਕ ਮੀਡੀਆ ਨੇ ਦੋ ਜੁਲਾਈ ਦੀ ਸੁਬਾਹ ਛੇ ਵਜੇ ਹੀ ਇਹ ਕਿਵੇਂ ਪ੍ਰਸਾਰਿਤ ਕਰ ਦਿੱਤਾ ਕਿ ਅਜ਼ਾਦ ਇਕ ਪੁਲਸ ਮੁਕਾਬਲੇ ’ਚ ਮਾਰੇ ਗਏ? ਕੁਝ ਹੋਰ ਇਲੈਕਟ੍ਰਾਨਿਕ ਮੀਡੀਆ ਨੇ ਵੀ ਉਸ ਦੀ ਮੌਤ ਦਾ ਐਲਾਨ ਕਰ ਦਿੱਤਾ ਸੀ। ਇਸ ਤੋਂ ਇਹ ਸਾਫ਼ ਜਾਹਰ ਹੁੰਦਾ ਹੈ ਕਿ ਪੁਲਸ ਨੂੰ ਇਹ ਪਤਾ ਸੀ ਕਿ ਉਹਨਾਂ ਨੇ ਕਿਸ ਨੂੰ ਮਾਰਿਆ ਹੈ।

7. ਅਜ਼ਾਦ ਦੀ ਪੋਸਟ ਮਾਰਟਮ ਰੀਪੋਟ ਵੀ ਪੁਲਸ ਦੀ ਕਹਾਣੀ ’ਤੇ ਸੁਆਲ ਖੜ੍ਹੇ ਕਰਦੀ ਹੈ। ਰੀਪੋਟ ਤੋਂ ਪਤਾ ਲਗਦਾ ਹੈ ਕਿ ਗੋਲੀ ਉਸ ਦੀ ਛਾਤੀ ’ਤੇ ਦੂਜੀ ਪਸਲੀ ਕੋਲੋਂ ਘੁਸੀ ਸੀ। ਇਸ ਨਾਲ ਸੜਣ ਦਾ ਡੂੰਘਾ ਪੱਕਾ ਨਿਸ਼ਾਨ ਬਣ ਗਿਆ ਸੀ। ਇਸ ਤੋਂ ਇਹ ਇਸ਼ਾਰਾ ਹੁੰਦਾ ਹੈ ਕਿ ਗੋਲੀ ਬਹੁਤ ਨੇੜਿਉਂ ਮਾਰੀ ਗਈ (ਇਕ ਫੁਟ ਦੀ ਦੂਰੀ ਤੋਂ ਵੱਧ ਨਹੀਂ) ਗੋਲੀ ਨਿਕਲਣ ਦਾ ਜਖ਼ਮ 9 ਵੀ ਤੇ ਦਸਵੀ ਅੰਤਰ ਕੋਸ਼ਿਕਾ ਵਿਚਾਲੇ ਹੈ। ਇਸ ਦੀ ਡੂੰਘਾਈ 9 ਇੰਚ ਹੈ। ਇਸ ਦਾ ਮਤਲਬ ਹੈ ਗੋਲੀ ਛਾਤੀ ਦੇ ਉਪਰਲੇ ਹਿਸੇ ਤੋਂ ਘੁਸੀ ਅਤੇ ਹੇਠਲੇ ਹਿੱਸੇ ਤੋਂ ਹੁੰਦੀ ਹੋਈ ਨਿਕਲ ਗਈ। ਇਸ ਨਾਲ ਪੁਲਸ ਦੇ ਇਸ ਬਿਆਨ ’ਤੇ ਸ਼ੱਕ ਹੁੰਦਾ ਹੈ ਕਿ ਮਾਓਵਾਦੀ ਪਹਾੜੀਆਂ ਤੇ ਸਨ, ਤੇ ਪੁਲਸ ਹੇਠਾ। ਹੁਣ ਇਹ ਸਭ ਨੂੰ ਪਤਾ ਹੈ ਕਿ ਕੇਂਦਰੀ ਗ੍ਰਿਹ ਮੰਤਰਾਲਿਆ ਸੁਆਮੀ ਅਗਨੀ ਵੇਸ਼ ਦੇ ਰਾਹੀਂ ਸੀਪੀ ਆਈ (ਮਾਓਵਾਦੀ) ਨਾਲ ਗੱਲਬਾਤ ਦੀਆਂ ਸੰਭਾਵਨਾਵਾਂ ਲੱਭ ਰਿਹਾ ਸੀ। ਉਹ ਬੰਦਾ ਜਿਸ ਰਾਹੀਂ ਸਵਾਮੀ ਅਗਨੀਵੇਸ਼ ਵੀ ਸੀ ਪੀ ਆਈ (ਮਾਓਵਾਦੀ) ਨਾਲ ਗੱਲਬਾਤ ਕਰ ਰਹੇ ਸਨ। ਉਹ ਚੇਰੂਕਰੀ ਰਾਜਕੁਮਾਰ ਉਰਫ ਆਜ਼ਾਦ ਹੀ ਸੀ। ਇਹਨਾਂ ਹਾਲਤਾਂ ’ਚ ਹੋਇਆ ਫਰਜੀ ਮੁਕਾਬਲਾ, ਕਈ ਮਹੱਤਵਪੂਰਨ ਸੁਆਲ ਖੜ੍ਹੇ ਕਰਦਾ ਹੈ।

1. ਆਂਧਰਾ ਦੀ ਪੁਲਸ ਸਪੈਸ਼ਲ ਬ੍ਰਾਂਚ ਕੇਂਦਰੀ ਗ੍ਰਿਹ ਮੰਤਰਾਲੇ ਦੀ ਜਾਣਕਾਰੀ ਬਿਨਾ ਮਾਓਵਾਦੀਆਂ ਨਾਲ ਮੁਕਾਬਲਾ ਅਤੇ ਅਜਾਦ ਦੀ ਹੱਤਿਆ ਕਿਵੇਂ ਕਰ ਸਕਦੀ ਹੈ ਜਦਕਿ ਗ੍ਰਿਹ ਮੰਤਰਾਲੇ ਨੇ ਮਾਓਵਾਦੀਆਂ ਖਿਲਾਫ਼ ਸਾਂਝੀ ਮੁਹਿੰਮ ਦੀ ਅਗਵਾਈ ਕਰਨ ਬਾਰੇ ਕਹਿ ਰੱਖਿਆ ਹੈ।

2. ਕਈ ਵਾਰ ਮੰਗ ਕਰਨ ’ਤੇ ਵੀ ਗ੍ਰਿਹ ਮੰਤਰਾਲਾ ਇਸ ਮੁਕਾਬਲੇ ਦੀ ਨਿਰਪੱਖ ਜਾਂਚ ’ਚ ਦਿਲਚਸਪੀ ਕਿਉਂ ਨਹੀਂ ਲੈ ਰਿਹਾ ਹੈ?

3. ਕੇਂਦਰੀ ਗ੍ਰਿਹ ਮੰਤਰਾਲਾ ਗੱਲਬਾਤ ਲਈ ਗੰਭੀਰ ਹੈ ਤਾਂ ਕੇਂਦਰੀ ਗ੍ਰਿਹ

ਮੰਤਰੀ ਪੀ. ਚਿਦੰਬਰਮ ਨੂੰ ਸੀ. ਪੀ. ਆਈ. (ਮਾਓਵਾਦੀ) ਵਲੋਂ ਗੱਲਬਾਤ 'ਚ ਮੁਖ ਭੂਮਿਕਾ ਨਿਭਾਉਣ ਵਾਲੇ ਬੰਦੇ ਦੀ ਮੌਤ 'ਤੇ ਫ਼ਿਕਰ ਜਾਹਰ ਕਰਨਾ ਚਾਹੀਦਾ ਸੀ। ਸੰਸਦ 'ਚ ਦਿੱਤੀ ਉਹਨਾਂ ਦੀ ਇਹ ਸਫਾਈ ਦੀ ਜਾਂਚ ਕਰਨਾ ਰਾਜ ਸਰਕਾਰ ਦਾ ਮਾਮਲਾ ਹੈ, ਨੂੰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਆਂਧਰਾ 'ਚ ਕਾਂਗਰਸ ਪਾਰਟੀ ਦੀ ਸਰਕਾਰ ਹੈ ਤੇ ਕੇਂਦਰੀ ਗ੍ਰਹਿ ਮੰਤਰੀ ਵੀ ਇਸ ਮਾਮਲੇ ਦੀ ਜਾਂਚ ਦੀ ਮੰਗ ਨੂੰ ਉਹ ਨਾ ਮੰਨਜੂਰ ਨਹੀਂ ਕਰ ਸਕਦੀ ਹੈ। ਕੇਂਦਰ ਸਰਕਾਰ ਕੋਲ ਜਾਂਚ ਕਮਿਸ਼ਨ ਕਾਨੂੰਨ-1952 ਦੇ ਤਹਿਤ ਕਿਸੇ ਵੀ ਕੇਸ ਦੀ ਜਾਂਚ ਕਰਨ ਦਾ ਅਧਿਕਾਰ ਹੈ। ਪਤ੍ਰਕਾਰ ਹੇਮਚੰਦ ਦੇ ਗੁਨਾਹ ਬਾਰੇ ਉਸ ਦੀ ਪਤਨੀ ਬਬੀਤਾ ਪੁਛਦੀ ਹੈ, ਤੇ ਮੰਗ ਕਰਦੀ ਹੈ ਕਿ ਮਾਮਲੇ ਦੀ ਜਾਂਚ ਸੁਪਰੀਮ ਕੋਰਟ ਦਾ ਕੋਈ ਸੇਵਾ ਮੁਕਤ ਜੱਜ ਕਰੇ ਤੇ ਹੱਤਿਆ ਕਰਨ ਵਾਲਿਆਂ ਖਿਲਾਫ਼ ਮੁਕੱਦਮਾ ਦਰਜ ਹੋਵੇ ਤੇ ਕੋਈ ਮਨੁੱਖ ਅਧਿਕਾਰ ਕਮਿਸ਼ਨ ਦੀ ਨਿਗਰਾਨੀ 'ਚ ਹੀ ਜਾਂਚ ਹੋਵੇ।

# ਇਹ ਜੰਗ ਦੇਸ਼ ਦੇ ਲੋਕਾਂ ਵਿਰੁੱਧ ਕਿਵੇਂ?

23 ਦਸੰਬਰ ਨੂੰ 22 ਵੇਂ 'ਇੰਟੈਲੀਜੈਂਸ ਬਿਊਰੋ ਸੈਨੇਟਰੀ ਇੰਡਾਓਮੇਂਟ ਲੈਕਚਰ' 'ਚ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਇਕ ਮਹੱਤਵਪੂਰਨ ਗੱਲ ਆਖੀ। ਉਹਨਾਂ ਨੇ ਕਿਹਾ ਕਿ ਭਾਰਤ ਨੂੰ ਇਕ ਰਾਸ਼ਟਰ ਵਜੋਂ ਜਿਹਨਾਂ ਸੁਰੱਖਿਆ ਚਣੌਤੀਆਂ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ। ਉਸ ਦੇ ਮੱਦੇ ਨਜ਼ਰ ਗ੍ਰਹਿ ਮੰਤਰਾਲੇ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਜਾਣਾ ਚਾਹੀਦਾ ਹੈ। ਜਾਂ ਗ੍ਰਹਿ ਮੰਤਰਾਲੇ ਤੋਂ ਵੱਖਰਾ ਇਕ ਅੰਦਰੂਨੀ ਸੁਰੱਖਿਆ ਦਾ ਵਿਭਾਗ ਹੋਣਾ ਚਾਹੀਦਾ ਹੈ। ਜੋ ਦੇਸ਼ ਅੰਦਰਲੇ ਖ਼ਤਰਿਆਂ ਨਾਲ ਨਿਪਟੇ ਜਾਂ ਫਿਰ ਬਾਹਰੀ ਖ਼ਤਰਿਆਂ ਨਾਲ ਨਿਪਟਣ ਲਈ ਇਕ ਵੱਖਰਾ ਮੰਤਰਾਲੇ ਹੋਣਾ ਚਾਹੀਦਾ ਹੈ ਤਾਂ ਕਿ ਗ੍ਰਹਿ ਮੰਤਰਾਲੇ ਅੰਦਰੂਨੀ ਸੁਰੱਖਿਆ 'ਤੇ ਵਿਸ਼ੇਸ਼ ਧਿਆਨ ਦੇ ਸਕੇ। ਪਿਛਲੇ ਕੁਝ ਮਹੀਨਿਆਂ ਤੋਂ "ਖੱਬੇ ਅੱਤਵਾਦ" ਨਾਲ ਨਿਪਟਣ ਦੇ ਬਹਾਨੇ ਦੇਸ਼ ਅੰਦਰ ਆਪਣੇ ਹੀ ਲੋਕਾਂ ਵਿਰੁੱਧ ਜੋ ਯੁੱਧ ਭਾਰਤ ਦੀ ਸੱਤਾ ਨੇ ਛੇੜ ਰੱਖਿਆ ਹੈ। ਉਸ ਦੇ ਪ੍ਰਸੰਗ 'ਚ ਇਹ ਗੌਰ ਕਰਨ ਯੋਗ ਕਥਨ ਹੈ ਪਰ ਇਹ ਕੋਈ ਨਵੀਂ ਧਾਰਨਾ ਨਹੀਂ ਹੈ। ਜਿਸ ਦੇ ਜਨਮਦਾਤਾ ਚਿਦੰਬਰਮ ਹੋਣ। ਇਹ ਅਮਰੀਕਾ ਦੀ ਨਕਲ ਹੈ। ਅਮਰੀਕਾ 'ਚ 'ਡਿੰਪਾਰਟਮੈਂਟ ਆਫ ਹੋਮਲੈਂਡ ਸਕਿਉਰਟੀ' ਦੀ ਤਰਜ 'ਤੇ ਭਾਰਤੀ ਗ੍ਰਹਿ ਮੰਤਰਾਲੇ ਨੂੰ ਮੁੜ ਗਠਿਤ ਕਰਨ ਦੀ ਯੋਜਨਾ ਚਿਦੰਬਰਮ ਦੇ ਦਿਮਾਗ 'ਚ ਆਈ ਹੈ। ਜਿਸ ਦਾ ਕੰਮ ਕਹਿਣ ਨੂੰ ਹਰ ਤਰ੍ਹਾਂ ਦੇ ਅੱਤਵਾਦ ਦਾ ਸਫਾਇਆ ਹੋਵੇਗਾ ਪਰ ਅਸਲ 'ਚ ਜਿਸ ਦਾ ਮੁੱਖ ਕੰਮ ਭੂ ਮੰਡਲੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਨਾਲ ਤਬਾਹ, ਬਰਬਾਦ ਹੋਣ ਵਾਲੇ ਲੋਕਾਂ ਦੇ ਹਰ ਕਿਸਮ ਦੇ ਗੁਸੇ ਤੇ ਰੋਹ ਨੂੰ ਕੁਚਲਣਾ ਹੈ। ਇਸ ਮੁੜ ਜਥਬੰਦ ਗ੍ਰਹਿ ਮੰਤਰਾਲੇ ਦੇ ਤਹਿਤ ਇਕ ਕੌਮੀ ਅੱਤਵਾਦ ਵਿਰੋਧੀ ਕੇਂਦਰ (NCTC) ਦੀ ਸਥਾਪਨਾ ਕੀਤੀ ਜਾਵੇਗੀ। ਬਿਲਕੁਲ ਉਵੇਂ ਜਿਵੇਂ ਅਮਰੀਕਾ ਵਿੱਚ ਹੈ। ਅਸਲ 'ਚ ਅਮਰੀਕਾ 'ਚ 'ਡਿਪਾਰਮੈਂਟ ਆਫ ਹੋਮਲੈਂਡ ਸਕਿਉਰਟੀ ਦੇ ਤਹਿਤ' ਇਸ ਦਾ ਨਾਂ ਦਾ ਇਕ 'ਦਹਿਸ਼ਤਗਰਦੀ ਵਿਰੋਧੀ' ਕੇਂਦਰ ਹੈ ਪਰ ਇਹ ਕੋਈ ਇਤਫਾਕ ਨਹੀਂ ਹੈ ਤੇ ਨਾ ਹੀ ਇਸ 'ਤੇ ਹੈਰਾਨ ਹੋਣ ਦੀ ਲੋੜ ਹੈ। ਭਾਰਤ ਦੇ ਰੱਖਿਆ ਢਾਂਚੇ ਅਤੇ ਖਾਸ ਕਰਕੇ ਅੰਦਰੂਨੀ ਰੱਖਿਆ ਢਾਂਚੇ ਨੂੰ ਇਕ ਨਵੇਂ ਸਾਂਚੇ 'ਚ ਢਾਲਣ ਦਾ ਜੋ ਕੰਮ ਚਲ ਰਿਹਾ ਹੈ। ਉਸ ਦੇ ਲਈ ਭਾਰਤ ਦੇ ਹਾਕਮ ਅਮਰੀਕੀ ਖੁਫੀਆ ਏਜੰਸੀਆਂ ਤੋਂ ਸਲਾਹ ਤੇ ਸਿਖਲਾਈ ਲੈ ਰਹੀਆਂ ਹਨ। ਇਹ ਸਿਖਣ ਤੇ ਸਿਖਲਾਈ ਲੈਣ ਦਾ ਹੀ ਨਤੀਜਾ ਹੈ ਕਿ ਇਕ ਹੋਰ ਛਤੀਸਗੜ੍ਹ, ਉੜੀਸਾ, ਝਾਰਖੰਡ ਤੇ ਬਿਹਾਰ ਤੋਂ ਮਾਓਵਾਦੀਆਂ ਦੇ ਸਫਾਏ ਲਈ 'ਅਪਰੇਸ਼ਨ ਗ੍ਰੀਨ ਹੰਟ' ਸ਼ੁਰੂ ਕੀਤਾ ਗਿਆ ਹੈ ਤਾਂ ਦੂਜੇ ਪਾਸੇ, ਚਿਦੰਬਰਮ ਨੇ ਆਪਣੇ ਹਾਲੀਆ ਬਿਆਨ 'ਚ ਕਿਹਾ ਹੈ ਕਿ ਮਾਓਵਾਦੀ ਚੁਣੌਤੀ ਨਾਲ ਨਿਪਟਣ ਲਈ ਫ਼ੌਜ ਤੌਰ ਤਰੀਕਿਆਂ ਨਾਲੋਂ ਵੱਧ ਇੰਟੈਲੀਜੈਂਸ ਏਜੰਸੀਆਂ ਅਤੇ ਮਨੋਵਿਗਿਆਨ ਤੌਰ-ਤਰੀਕਿਆਂ ਦੀ ਵਰਤੋਂ ਕੀਤੀ ਜਾਵੇ। ਸਪਸ਼ਟ ਹੈ ਕਿ ਭਾਰਤੀ ਰਾਜ ਸੱਤਾ ਆਉਣ ਵਾਲੇ ਸਮੇਂ ਦੇ ਲੋਕ ਉਭਾਰਾਂ ਨਾਲ ਨਿਪਟਣ ਲਈ ਆਪਣੇ ਆਪ ਨੂੰ ਤਿਆਰ ਬਰ ਤਿਆਰ ਕਰਨ ਦੀ ਹਰ ਸੰਭਵ ਕੋਸ਼ਿਸ਼ 'ਚ ਲੱਗੀ ਹੋਈ ਹੈ। ਚਿਦੰਬਰਮ ਇਸ ਮਾਮਲੇ 'ਚ ਇਕ "ਥਿੰਕ ਟੈਂਕ" ਅਤੇ "ਮੈਨ ਆਫ ਐਕਸ਼ਨ" ਦੋਹਾਂ ਦੀ ਭੂਮਿਕਾ ਨੂੰ ਬਾਖੂਬੀ ਨਿਭਾ ਰਹੇ ਹਨ। ਚਿਦੰਬਰਮ ਵਲੋਂ ਅੰਦਰੂਨੀ ਸੁਰੱਖਿਆ

ਲਈ ਵੱਖ ਮੰਤਰਾਲੇ ਦਾ ਇਹ ਪ੍ਰਸਤਾਵ ਉਹਨਾਂ ਵਲੋਂ ਉਹਨਾਂ ਸਾਰੇ ਪ੍ਰਸਤਾਵਾਂ ਤੇ ਐਲਾਨਾ ਦੀ ਲੜੀ ਵਿੱਚ ਹੀ ਹੈ। ਜੋ ਉਹ 'ਅਪਰੇਸ਼ਨ ਗਰੀਨ ਹੰਟ' 'ਤੇ ਸ਼ੁਰੂ ਹੋਈ ਚਰਚਾ ਸਮੇਂ ਦੇ ਰਹੇ ਹਨ। ਉਸ ਤੋਂ ਪਹਿਲਾਂ ਉਹਨਾਂ ਨੇ ਸ੍ਰੀ ਨਗਰ 'ਚ ਇਕ ਸੰਮੇਲਨ 'ਚ ਕਿਹਾ ਸੀ ਕਿ 'ਸੁਰੱਖਿਆ ਫੋਰਸ ਵਿਸੇਸ਼ ਅਧਿਕਾਰ ਕਾਨੂੰਨ' 'ਚ ਜਲਦੀ ਹੀ ਸੋਧ ਕਰਕੇ ਉਸ ਨੂੰ ਮੰਤਰੀ ਮੰਡਲ ਸਾਹਮਣੇ ਪੇਸ਼ ਕੀਤਾ ਜਾਵੇਗਾ ਅਤੇ ਸੋਧਿਆ ਹੋਇਆ ਕਾਨੂੰਨ ਸਿਰਫ਼ ਉਤਰ ਭਾਰਤ ਦੇ ਰਾਜਾਂ ਅਤੇ ਜੰਮੂ ਕਸ਼ਮੀਰ ਵਿੱਚ ਹੀ ਲਾਗੂ ਨਹੀਂ ਹੋਣਾ ਬਲਕਿ ਪੂਰੇ ਦੇਸ਼ 'ਚ ਲਾਗੂ ਹੋਵੇਗਾ। ਕਹਿਣ ਲਈ ਅੰਦਰੂਨੀ ਸੁਰੱਖਿਆ ਮਸ਼ੀਨਰੀ ਨੂੰ ਚੁਸਤ-ਫੁਰਤ ਕਰਨ ਲਈ ਇਹ ਸਾਰੀ ਕਸਰਤ ਮਾਓਵਾਦੀ ਖ਼ਤਰੇ ਨਾਲ ਨਿਪਟਣ ਲਈ ਕੀਤੀ ਜਾ ਰਹੀ ਹੈ। ਪਰ ਜਿਵੇਂ ਕਿ ਅਰੁਣਪਾਤੀ ਰਾਏ ਨੇ ਪਿੱਛੇ ਜਿਹੇ ਹੀ 'ਗਾਰਡਿਅਨ' 'ਚ ਪ੍ਰਕਾਸ਼ਿਤ ਆਪਣੇ ਇਕ ਲੇਖ 'ਚ ਕਿਹਾ ਹੈ ਕਿ ਨਿਸ਼ਚੈ ਹੀ ਛਤੀਸ਼ਗੜ੍ਹ, ਝਾਰਖੰਡ, ਉੜੀਸਾ ਤੇ ਹੋਰ ਕਈ ਪ੍ਰਦੇਸ਼ਾਂ ਦੇ ਸਰਹੱਦੀ ਇਲਾਕਿਆਂ ਵਿੱਚ ਮਾਓਵਾਦੀਆਂ ਦੀ ਜੋ ਮੌਜੂਦਗੀ ਹੈ। ਉਸ ਨਾਲ ਨਿਪਟਣ ਲਈ ਜੋ ਅਰਧ ਸੈਨਿਕ ਫੋਰਸ ਤੇ ਸਾਰੀ ਕਿਸਮ ਦੀਆਂ ਵਿਸ਼ੇਸ਼ ਫੋਰਸਾਂ ਲਾਈਆਂ ਗਈਆਂ ਹਨ, ਉਹ ਕਾਫੀ ਹਨ। ਅਜਿਹੇ 'ਚ ਭਾਰਤ ਸਰਕਾਰ ਦੀਆਂ ਫ਼ੌਜੀ ਤੇ ਖੁਫੀਆਂ ਤਿਆਰੀਆਂ ਨੂੰ ਸਿਰਫ਼ ਮਾਓਵਾਦੀ ਚੁਣੌਤੀ ਦੇ ਜੁਆਬ ਵਜੋਂ ਨਹੀਂ ਵੇਖਿਆ ਜਾ ਸਕਦਾ। ਇਸ ਭਾਰੀ ਤੇ ਸੋਚੀ ਸਮਝ ਤਿਆਰੀ ਪਿਛੇ ਭਾਰਤੀ ਹਾਕਮ ਜਮਾਤਾਂ ਤੇ ਉਹਨਾਂ ਦੀ ਰਾਜਸਤਾ ਦੀ ਦੂਰਗਾਮੀ ਸੋਚ ਹੈ।

ਸਰਕਾਰ ਵਲੋਂ ਦਹਿਸ਼ਤਗਰਦੀ ਤੇ ਨਕਸਲਵਾਦ ਦੇ ਬਹਾਨੇ ਜੋ ਪੂਰੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਸ ਦੇ ਕਈ ਪਹਿਲੂ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਸਰਕਾਰ ਜਿਹਨਾਂ ਚੀਜ਼ਾਂ ਨੂੰ ਦਹਿਸ਼ਤ ਦੱਸ ਕੇ ਉਸ 'ਤੇ ਜਬਰ ਦੀ ਤਿਆਰੀ ਕਰ ਰਹੀ ਹੈ। ਉਸ ਨੂੰ ਕਿਸ ਨਜ਼ਰੀਏ ਤੋਂ ਵੇਖਿਆ ਜਾਵੇ? ਸਭ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਹਰ ਕਿਸਮ ਦੀ ਦਹਿਸ਼ਤ ਗਰਦੀ ਉਹ ਚਾਹੇ ਧਾਰਮਿਕ ਕੱਟੜ ਪੰਥੀ ਦਹਿਸ਼ਤ ਹੋਵੇ ਜਾਂ ਫਿਰ ਇਨਕਲਾਬੀ ਦਹਿਸ਼ਤ, ਰਾਜੀ ਦਹਿਸ਼ਤ ਦੇ ਮੋੜਵੇ ਰੂਪ ਵਜੋਂ ਹੀ ਪੈਦਾ ਹੁੰਦੀ ਹੈ। ਪੂਰੀ ਸਰਮਾਏਦਾਰੀ ਵਿਵਸਥਾ ਤੇ ਸੱਤਾ ਆਪਣੀ ਲੁੱਟ-ਘਸੁੱਟ ਤੇ ਜਬਰ ਦੀ ਆਰਥਿਕ ਨੀਤੀ ਤੇ ਸਿਆਸਤ ਨੂੰ ਚਲਾਉਣ ਲਈ ਆਪਣੀ ਪੁਲਸ, ਫ਼ੌਜ, ਨੌਕਰਸ਼ਾਹੀ ਤੇ ਨਿਆਂ ਪ੍ਰਬੰਧ ਰਾਹੀਂ ਸ਼ਕਤੀ ਦੀ ਵਰਤੋਂ ਕਰਦੀ ਹੈ। ਰਾਜ ਸੱਤਾ ਵਲੋਂ ਇਸ ਜਬਰ ਦੇ ਜੁਆਬੀ ਹੱਲੇ ਵਜੋਂ ਅਤੇ ਵਿਕਲਪ ਦੇ ਰੂਪ ਵਿੱਚ ਰੈਡੀਕਲ ਮੱਧਵਰਗ ਦਾ ਇਕ ਹਿੱਸਾ ਯੋਗ ਅਗਵਾਈ ਦੀ ਘਾਟ ਕਰਕੇ ਦਹਿਸ਼ਤਗਰਦੀ ਦਾ ਰਾਹ ਚੁਣ ਲੈਂਦਾ ਹੈ। ਜਿਸ ਨੂੰ ਲੋਕਾਂ ਦੇ ਬੁਰੀ ਤਰ੍ਹਾਂ ਨਿਰਾਸ਼ ਹਿੱਸੇ ਦੀ ਹਮਾਇਤ ਹਾਸਲ ਹੁੰਦੀ ਹੈ। ਰਾਜ ਸੱਤਾ ਵਲੋਂ ਜਬਰ ਕਿਧਰੇ ਆਮ ਗ਼ਰੀਬ ਲੋਕਾਂ ਦੀ ਸਿਧੀ ਆਰਥਿਕ ਲੁੱਟ ਦਾ ਰੂਪ ਲੈਂਦਾ ਹੈ ਤਾਂ ਕਿਤੇ ਕੌਮੀਅਤਾਂ ਤੇ ਦਲਿਤਾਂ ਦੀ ਲੁੱਟ ਘਸੁੱਟ ਦਾ। ਮੋੜਵੇਂ ਵਾਰ ਵਜੋਂ ਹੀ ਵੱਖ-ਵੱਖ ਤਰ੍ਹਾਂ ਦੀ ਦਹਿਸ਼ਤਗਰਦੀ ਜਨਮ ਲੈਂਦੀ ਹੈ। ਅਜਿਹੇ 'ਚ ਰਾਜ ਸੱਤਾ ਸ਼ਕਤੀ ਦੀ ਵਰਤੋਂ ਨਾਲ ਅਜੇ ਦਹਿਸ਼ਤਗਰਦੀ ਦੀ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੀ ਹੈ। ਕਸ਼ਮੀਰ ਅਤੇ ਉਤਰਪੂਰਬ ਦੇ ਰਾਜਾਂ ਦਾ ਪਿਛਲੇ ਚਾਰ ਦਹਾਕਿਆਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਲੋਕਾਂ ਦਾ ਇਸ ਕਿਸਮ ਦਾ ਮੋੜਵਾਂ ਵਿਰੋਧ ਜੇ ਜਿਤਦਾ ਨਹੀਂ ਤਾਂ ਖਤਮ ਵੀ ਨਹੀਂ ਹੁੰਦਾ। ਇਹ ਇਸ ਪ੍ਰਬੰਦ ਦੇ ਢਾਂਚਾਗਤ

ਸੰਕਟ ਵਜੋਂ ਲਗਾਤਾਰ ਮੌਜੂਦ ਰਹਿੰਦਾ ਹੈ ਅਤੇ ਸਰਕਾਰ ਚਾਹੇ ਜਿੰਨਾ ਮਰਜ਼ੀ ਪ੍ਰਖਤਾ ਇੰਤਜਾਮ ਕਰ ਲਵੇ। ਸਾਮਰਾਜੀ ਪ੍ਰਬੰਦ ਦੇ ਦਾਇਰੇ ਅੰਦਰ ਰਹਿੰਦੇ ਹੋਏ ਇਸ ਦਾ ਖਾਤਮਾ ਨਹੀਂ ਹੋ ਸਕਦਾ। ਅੱਤਵਾਦ ਜੇ ਕਿਤੇ ਵੀ ਖ਼ਤਮ ਹੋਇਆ ਹੈ ਤਾਂ ਪ੍ਰਬੰਧ ਦੀ ਮੁਢੋ ਤਬਦੀਲੀ ਨਾਲ ਜਾਂ ਆਪਣੀਆਂ ਹੀ ਅੰਦਰੂਨੀ ਅੰਤਰ ਵਿਰੋਧਤਾਈਆਂ ਕਰਕੇ। ਫ਼ੌਜੀ ਜਬਰ ਕਦੀ ਵੀ ਇਸ ਦਾ ਖਾਤਮਾ ਨਹੀਂ ਕਰ ਸਕਦਾ। ਨਿਸਚੈ ਹੀ ਕਿਸੇ ਵੀ ਕਿਸਮ ਦੀ ਅੱਤਵਾਦੀ ਰਾਜਨੀਤੀ (ਇਨਕਲਾਬੀ ਨੂੰ ਛੱਡਕੇ) ਦੀ ਹਮਾਇਤ ਦਾ ਸੁਆਲ ਹੀ ਨਹੀਂ ਪੈਦਾ ਹੁੰਦਾ। ਇਸ ਰੁਝਾਣ ਖਿਲਾਫ਼ ਵਿਚਾਰਧਾਰਕ-ਰਾਜਸੀ ਸੰਘਰਸ਼ ਦਾ ਰਾਹ ਹੀ ਅਖਤਿਆਰ ਕੀਤਾ ਜਾ ਸਕਦਾ ਹੈ। ਅਜਿਹੀ ਹਾਲਤ 'ਚ ਪ੍ਰਬੰਧ ਜੇ ਇਸ ਰਾਜਨੀਤੀ ਨੂੰ ਮੰਨਣ ਵਾਲਿਆਂ ਦੇ ਨਾਲ ਅਪਰਾਧੀਆਂ ਵਰਗਾ ਵਰਤਾਅ ਕਰਦੀ ਹੈ ਅਤੇ ਉਹਨਾਂ ਨੂੰ ਬੁਨਿਆਦੀ ਅਧਿਕਾਰਾਂ ਜਿਵੇਂ ਨਿਆਂ ਦਾ ਅਧਿਕਾਰ, ਰਾਜਸੀ ਕੈਦੀ ਦਾ ਦਰਜਾ ਦਿੱਤੇ ਜਾਣ ਦਾ ਅਧਿਕਾਰ ਆਦਿ ਤੋਂ ਵਾਂਝਿਆ ਕਰਦੀ ਹੈ ਤਾਂ ਨਿਰਸੰਦੇਹ ਇਸ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਕ ਹੋਰ ਮਹੱਤਵਪੂਰਨ ਪਹਿਲੂ ਇਹ ਹੈ ਕਿ ਜਦ ਵੀ ਵਿਵਸਥਾ ਅੱਤਵਾਦ ਦੇ ਜਬਰ ਦੇ ਨਾਲ ਹੇਠ ਕੋਈ ਅਜਿਹੀ ਵਿਸ਼ਾਲ ਫ਼ੌਜੀ ਮੁਹਿੰਮ ਸ਼ੁਰੂ ਕਰਦੀ ਹੈ ਤਾਂ ਇਸ ਦੇ ਨਿਸ਼ਾਨੇ 'ਤੇ ਆਪਣੇ ਆਪ ਹੀ ਕੋਈ ਚਾਹੇ ਜਾਂ ਨਾ ਚਾਹੇ ਆਮ ਲੋਕ ਤੇ ਸ਼ਹਿਰੀ ਆ ਜਾਂਦੇ ਹਨ।

ਬਸਤੀਵਾਦੀ ਕਾਲ ਤੋਂ ਹੀ ਸਾਡੇ ਦੇਸ਼ 'ਚ ਹਥਿਆਰਬੰਦ ਫੋਰਸਾਂ ਦੀ ਸਿਖਲਾਈ ਅਤੇ ਢਾਂਚਾ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਉਹ ਐਸੀ ਕਿਸੇ ਵੀ ਮੁਹਿੰਮ ਦੌਰਾਨ ਕਿ ਆਮ ਲੋਕਾਂ ਨੂੰ ਆਪਣੇ ਬੇਕਿਰਕ ਜਬਰ ਦਾ ਨਿਸ਼ਾਨਾ ਜ਼ਰੂਰ ਬਣਾਉਂਦੇ ਹਨ। ਜਿਹਨਾਂ ਸੂਬਿਆਂ 'ਚ ਅਜਿਹੀਆਂ ਮੁਹਿੰਮਾ ਚਲਾਈਆਂ ਗਈਆਂ ਹਨ ਜਾਂ ਜਾਰੀ ਹਨ। ਉਹ ਜਿੱਥੇ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ (ਹਥਿਆਰਬੰਦ ਫੋਰਸਾਂ ਵਿਸ਼ੇਸ਼ ਅਧਿਕਾਰ ਕਾਨੂੰਨ) ਲਾਗੂ ਹੈ। ਉਥੋਂ ਦਾ ਇਤਿਹਾਸ ਇਸ ਸਚਾਈ ਦੀ ਚੀਖ ਚੀਖ ਕੇ ਗਵਾਹੀ ਦਿੰਦਾ ਹੈ। ਚਾਹੇ ਉਹ ਕਸ਼ਮੀਰ ਹੋਵੇ, ਮਨੀਪੁਰ, ਨਾਗਾਲੈਂਡ, ਅਸਮ, ਮਿਜ਼ੋਰਮ ਹੋਵੇ ਜਾਂ ਪਿੱਛੇ ਜਿਹੇ ਹੀ ਲਾਲਗੜ੍ਹ, ਨੰਦੀਗ੍ਰਾਮ ਤੇ ਸਿੰਗੂਰ ਹੋਵੇ ਜਾਂ ਫਿਰ ਛਤੀਸ਼ਗੜ੍ਹ। ਹਰ ਥਾਂ ਅਸੀਂ ਵੇਖ ਚੁੱਕੇ ਹਾਂ ਕਿ ਅਜਿਹੀਆਂ ਫ਼ੌਜੀ ਮੁਹਿੰਮਾ ਦੌਰਾਨ ਅਰਧ ਸੈਨਿਕ ਫੋਰਸਾਂ ਤੇ ਹੋਰ ਹਥਿਆਰਬੰਦ ਫੋਰਸਾਂ ਦੇ ਜਬਰ ਦਾ ਸਾਹਮਣਾ ਆਮ ਬੇਕਸੂਰ ਲੋਕਾਂ ਨੂੰ ਵੀ ਕਰਨਾ ਪੈਂਦਾ ਹੈ। ਅਜਿਹੇ 'ਚ ਅਸੀਂ ਮੰਨ ਕੇ ਚਲ ਸਕਦੇ ਹਾਂ ਕਿ 'ਅਪ੍ਰੇਸ਼ਨ ਗ੍ਰੀਨ ਹੰਟ' ਜਾਂ 'ਅਪ੍ਰੇਸ਼ਨ ਰੈਡ ਬਲੱਡ' ਦੌਰਾਨ ਵੀ ਇਹ ਆਮ ਗਰੀਬ ਲੋਕ ਹੀ ਹੋਣਗੇ ਜਿਹਨਾਂ ਨੂੰ ਸਭ ਤੋਂ ਭਿਅੰਕਰ ਤੇ ਅਤਿਆਚਰੀ ਜਬਰ ਦਾ ਮੁਕਾਬਲਾ ਕਰਨਾ ਪਵੇਗਾ। 'ਅਪ੍ਰੇਸ਼ਨ ਗਰੀਨ ਹੰਟ' ਜਾ 'ਅਪ੍ਰੇਸ਼ਨ ਰੈਡ ਬਲੱਡ' ਦੌਰਾਨ ਸਰਕਾਰ ਨੇ ਹੈਲੀਕਾਪਟਰ ਲਾਉਣ ਦਾ ਵੀ ਫੈਸਲਾ ਲਿਆ ਹੈ ਅਤੇ ਉਹਨਾਂ ਨੂੰ "ਆਤਮ ਰੱਖਿਆ" ਲਈ ਗੋਲੀ ਚਲਾਉਣ ਦਾ ਵੀ ਅਧਿਕਾਰ ਦਿੱਤਾ ਹੈ। ਯਾਨੀ ਉਹ ਅਧਿਕਾਰ ਜੋ ਸਰਕਾਰ ਲੋਕਾਂ ਨੂੰ ਨਹੀਂ ਦਿੰਦੀ ਹੈ। ਸਮਝਿਆ ਜਾ ਸਕਦਾ ਹੈ ਕਿ ਇਹ ਕਿਹੋ ਜਿਹੀ "ਆਤਮ ਰੱਖਿਆ" ਹੋਵੇਗੀ। ਸਭ ਤੋਂ ਮਹੱਤਵਪੂਰਨ ਗੱਲ ਜੋ ਭਾਰਤੀ ਰਾਜਸੱਤਾ ਦੀ ਇਸ ਤਿਆਰੀ ਦੇ ਮੱਦੇ ਨਜ਼ਰ ਸਮਝਣ ਦੀ ਲੋੜ ਹੈ। ਉਹ ਇਹ ਹੈ ਕਿ ਜਿਹਨਾਂ ਇਲਾਕਿਆਂ ਵਿਚ ਇਹ ਫ਼ੌਜੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਹ ਕੁਦਰਤੀ ਸੋਮਿਆਂ ਨਾਲ ਭਰਪੂਰ ਇਲਾਕੇ ਹਨ। ਇਕੱਲੇ ਉੜੀਸਾ 'ਚ ਮੌਜੂਦ ਬਾਕਸਾਈਟ ਦੀ ਕੀਮਤ

ਕਰੀਬ 4 ਅਰਬ ਡਾਲਰ ਹੋ ਚੁੱਕੀ ਹੈ। ਅਸੀਂ ਅਜੇ ਹੋਰ ਧਾਤੂਆਂ ਤੇ ਖਣਿਜਾਂ ਦੀ ਗੱਲ ਨਹੀਂ ਕੀਤੀ ਹੈ। ਉੜੀਸਾ ਦੀ ਨਾਮਗਿਰੀ ਪਹਾੜੀ ਨੂੰ, ਜਿਸ ਦੇ ਹੇਠਾਂ ਇਹ ਬਾਕਸਾਈਟ ਤੇ ਹੋਰ ਕੁਦਰਤੀ ਜਖੀਰੇ ਦੱਬੇ ਹਨ। ਵੇਦਾਂਤਾ ਨਾਮਕ ਇਕ ਖੁਦਾਈ ਕੰਪਨੀ ਨੂੰ ਵੇਚ ਦਿੱਤਾ ਗਿਆ ਹੈ। ਗੌਰ ਕਰਨ ਲਾਇਕ ਹੈ ਕਿ 2004 ’ਚ ਵਿਤ ਮੰਤਰੀ ਬਣਨ ਤੋਂ ਪਹਿਲਾਂ ਤੱਕ ਪੀ-ਚਿਦੰਬਰਮ ਇਸ ਕੰਪਨੀ ਦੇ ਗ਼ੈਰ-ਕਾਰਜਕਾਰੀ ਨਿਰਦੇਸ਼ਕ ਸਨ। ਜੇ ਛਤੀਸ਼ਗੜ੍ਹ, ਬਿਹਾਰ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਆਦਿ ਦੇ ਉਹਨਾਂ ਸਾਰੇ ਇਲਾਕਿਆਂ ਦੇ ਕੁਦਰਤੀ ਜ਼ਖੀਰਿਆਂ ਦੀ ਕੀਮਤ ਨੂੰ ਜੋੜ ਲਿਆ ਜਾਵੇ ਤਾਂ ਇਹ ਵਿਗਿਆਨਕ ਕੈਲਕੁਲੇਟਰ ਦਾ ਸਾਫਟ ਵੇਅਰ ਵੀ ਫੇਹਲ ਹੋ ਸਕਦਾ ਹੈ। ਇਹਨਾਂ ਇਲਾਕਿਆਂ ’ਚ ਮੁਖ ਤੌਰ ’ਤੇ ਆਦੀਵਾਸੀ ਅਬਾਦੀ ਰਹਿੰਦੀ ਹੈ। ਜੋ 1947 ਦੀ ਸੱਤਾ ਬਦਲੀ ਦੇ 62 ਸਾਲਾਂ ਦੇ ਇਤਿਹਾਸ ’ਚ ਪਿਛੜਦੀ-ਪਿਛੜਦੀ ਦਾਇਰੇ ਤੋਂ ਵੀ ਬਾਹਰ ਹੋ ਚੁੱਕੀ ਹੈ। ਇਹ ਦੇਸ਼ ਦੇ ਲੋਕਾਂ ਦਾ ਸਭ ਤੋਂ ਗ਼ਰੀਬ ਹਿੱਸਾ ਹੈ। ਜਿਸ ਦੀ ਗ਼ਰੀਬੀ ਤੇ ਬਦਹਾਲੀ ਦੀ ਤੁਲਨਾ ਅਫਰੀਕਾ ਦੇ ਸਭ ਤੋਂ ਗ਼ਰੀਬ ਦੇਸ਼ਾਂ ਦੀ ਸਭ ਤੋਂ ਗ਼ਰੀਬ ਜਨਤਾ ਦੇ ਹਾਲਾਤ ਨਾਲ ਕੀਤੀ ਜਾ ਸਕਦੀ ਹੈ। ਪੂੰਜੀਵਾਦੀ ਵਿਕਾਸ ਦਾ ਕੋਈ ਕਤਰਾ ‘ਲੀਕ’ ਕਰਕੇ ਵੀ ਇਸ ਅਬਾਦੀ ਤਕ ਨਹੀਂ ਪਹੁੰਚਿਆ ਹੈ ਅਤੇ ਇਸ ਦੀ ਤੈਦਾਦ ਕਰੋੜਾਂ ਵਿੱਚ ਹੈ। ਦੇਸ਼ ਦਾ ਸੰਵਿਧਾਨ ਇਹਨਾਂ ਆਦੀਵਾਸੀਆਂ ਨੂੰ ਆਪਣੀ ਜਗਾਹ-ਜ਼ਮੀਨ ’ਤੇ ਅਧਿਕਾਰ ਦਿੰਦਾ ਹੈ ਪਰ ਇਹ ਸਿਰਫ਼ ਕਾਗਜ਼ੀ ਗੱਲ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਿਛੇ ਜਿਹੇ ਹੀ ਫ਼ੌਜ ਤੇ ਖੁਫੀਆ ਏਜੰਸੀਆਂ ਦੀ ਇਕ ਮੀਟਿੰਗ ’ਚ ਕਿਹਾ ਸੀ ਕਿ ਇਹਨਾਂ ਇਲਾਕਿਆਂ ’ਚ ਜ਼ਮੀਨ ਹੜੱਪਣ ਦੀ ਸਭ ਤੋਂ ਵੱਡਾ ਅੜਿਕਾ ਇਹਨਾਂ ਆਦੀਵਾਸੀਆਂ ਦਾ ਵਿਰੋਧ ਤੇ ਮਾਓਵਾਦੀ ਅੰਦੋਲਨ ਹਨ। ਇਸ ਨਾਲ ਭਾਰਤ ’ਚ ਸਿੱਧੇ ਵਿਦੇਸ਼ੀ ਨਿਵੇਸ ’ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ ਤੇ ਇਸ ਅੜਿੱਕੇ ਨੂੰ ਹਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

2006 ਵਿੱਚ ਹੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਨਕਸਲਵਾਦ ਦੇਸ਼ ਦੀ ਸੁਰੱਖਿਆ ਨੂੰ ਸਭ ਤੋਂ ਵੱਡਾ ਖ਼ਤਰਾ ਹੈ। ਹੁਣ ਇਹ ਸਮਝਿਆ ਜਾ ਸਕਦਾ ਹੈ ਕਿ ਉਹ ਕਿਸ ਦੇਸ਼ ਦੀ ਰਾਖੀ ਦੀ ਗੱਲ ਕਰ ਰਹੇ ਸਨ। ਉਹਨਾਂ ਦੇਸ਼ ਦੇ ਨਾਗਰਿਕਾਂ ’ਚ ਟਾਟਾ, ਬਿਰਲਾ, ਮਿੱਤਲ, ਜਿੰਦਲ, ਵੇਦਾਂਤਾ ਤੇ ਟ੍ਰਿਵਨ ਸਟਾਰ ਆਉਂਦੇ ਹਨ। ਇਸ ਦੇਸ਼ ਦੇ ਗ਼ਰੀਬ ਨਹੀਂ। ਇਹਨਾਂ ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਕੰਪਨੀਆਂ ਲਈ ਇਸ ਦੇਸ਼ ਦੇ ਅਮੀਰ ਕੁਦਰਤੀ ਜ਼ਖੀਰਿਆਂ ਨੂੰ ਲੁੱਟ ਦੀ ਖੁਲ੍ਹੀ ਚਰਾਂਦ ਬਣਾ ਦੇਣ ਲਈ ਸਰਕਾਰ ਨੇ ਆਦੀਵਾਸੀਆਂ ਦੀ ਲੁੱਟ ਘਸੁੱਟ ਕਰਨੀ ਹੀ ਹੈ। ਖੁਦ ਪੇਂਡੂ ਵਿਕਾਸ ਮੰਤਰਾਲੇ ਦੇ ਤਹਿਤ, ਗਠਿਤ ਇਕ ਕਮੇਟੀ ਨੇ ਆਪਣੀ ਰੀਪੋਟ ’ਚ ਕਿਹਾ ਹੈ ਕਿ ਭਾਰਤ ਦੇ ਇਹਨਾ ਆਦੀਵਾਸੀ ਇਲਾਕਿਆਂ ’ਚ ਸਰਕਾਰ ਵਲੋਂ ਹੜੱਪੀ ਜਾ ਰਹੀ ਜ਼ਮੀਨ ਕੋਲੰਬਸ ਵਲੋਂ ਜ਼ਮੀਨ ’ਤੇ ਕਬਜੇ ਪਿੱਛੋਂ ਅਧੁਨਿਕ ਵਿਸ਼ਵ ਇਤਿਹਾਸ ਦੀ ਸਭ ਤੋਂ ਵੱਡੀ ਜ਼ਮੀਨੀ ਲੁੱਟ (ਲੈਂਡ ਗ੍ਰੈਬ) ਹੈ। ਅਰੁਣ ਧਾਤੀ ਰਾਏ ਨੇ ਇਸ ਨੂੰ 21ਵੀਂ ਸਦੀ ਦਾ ‘ਗੋਲਡਰਸ਼’ ਕਿਹਾ ਹੈ। ਜ਼ਾਹਿਰ ਹੈ ਕਿ ਇਸ ਜ਼ਬਰ ਨੂੰ ਅੰਜਾਮ ਦੇਣ ਲਈ ਉਹਨਾਂ ਨੂੰ ਇਕ ਬਹਾਨਾ ਚਾਹੀਦਾ ਸੀ ਅਤੇ ਇਹ ਬਹਾਨਾ ਮਾਓਵਾਦ ਵਜੋਂ ਉਹਨਾਂ ਨੂੰ ਮਿਲ ਗਿਆ ਕਿਉਂਕਿ ਮਾਓਵਾਦੀ ਇਹਨਾਂ ਇਲਾਕਿਆਂ ’ਚ ਆਦੀਵਾਸੀਆਂ ਦੀ ਭੂਮੀ

ਹੜੱਪਣ ਖਿਲਾਫ਼ ਵਿਰੋਧੀ ਸੰਘਰਸ਼ ਦੀ ਅਗਵਾਈ ਕਰ ਰਹੇ ਹਨ। ਇਹੀ ਕਾਰਣ ਹੈ ਕਿ ਇਹਨਾਂ ਇਲਾਕਿਆਂ 'ਚ ਉਨਾ ਨੂੰ ਆਦੀਵਾਸੀ ਦੀ ਹਮਾਇਤ ਵੀ ਹਾਸਲ ਹੈ। ਅਜਿਹੀ ਹਾਲਤ 'ਚ ਉਹਨਾਂ ਨੂੰ ਬਹਾਨੇ ਵਜੋਂ ਪੇਸ਼ ਕੀਤਾ ਗਿਆ ਹੈ। ਅੱਜ ਇਹਨਾਂ ਰਾਜਾਂ ਕੁਦਰਤੀ ਤੇ ਮਨੁੱਖੀ ਵਸੀਲਿਆਂ ਦੀ ਲੁੱਟ ਲਈ ਸਰਕਾਰ ਜਨਤਾ ਦੇ ਵਿਰੋਧ ਨੂੰ ਕੁਚਲਣ ਵਾਸਤੇ ਫ਼ੌਜੀ ਮੁਹਿਮਾ ਚਲਾ ਰਹੀ ਹੈ। ਤਰ੍ਹਾਂ ਤਰ੍ਹਾਂ ਦੇ ਕਾਨੂੰਨ ਵੀ ਬਣਾ ਰਹੀ ਹੈ। ਤਰ੍ਹਾਂ ਤਰ੍ਹਾਂ ਦੇ ਵਿਸ਼ੇਸ਼ ਹਥਿਆਰਬੰਦ ਦਸਤੇ ਤਿਆਰ ਕਰ ਰਹੀ ਹੈ ਪਰ ਇਸ ਦਾ ਅਰਥ ਇਹ ਕਤਈ ਨਹੀਂ ਹੈ ਕਿ ਇਸ ਦਾ ਇਹ ਔਰੰਗਜੇਬੀ ਕਿਰਦਾਰ ਇਹਨਾਂ ਰਾਜਾਂ, ਇਸ ਵਿਸ਼ੇਸ਼ ਫ਼ੌਜੀ ਮੁਹਿੰਮ, ਆਦੀਵਾਸੀ ਜਨਤਾ ਤੇ ਨਕਸਲਵਾਦ ਤਕ ਹੀ ਸੀਮਤ ਰਹਿਣ ਵਾਲਾ ਹੈ। ਭਾਰਤ ਦੇ ਸਾਬਕਾ ਰਾਸ਼ਟਰਪਤੀ, ਵੈਨਕਟਰਮਨ ਨੇ ਅਹੁਦੇ ਤੋਂ ਹਟਣ ਪਿਛੋਂ ਕਿਹਾ ਸੀ ਕਿ ਭਾਰਤੀ ਸੱਤਾ ਜਿਹਨਾਂ ਜਿਹਨਾਂ ਨਵ-ਉਦਾਰਵਾਦੀ, ਭੂਮੰਡਲੀਕਰਨ ਤੇ ਨਿੱਜੀਕਰਨ (ਵਪਾਰੀਕਰਨ) ਦੀਆਂ ਨੀਤੀਆਂ ਨੂੰ ਲਾਗੂ ਕਰ ਰਹੀ ਹੈ। ਉਹਨਾਂ 'ਤੇ ਅਮਲ ਲਈ ਸੱਤਾ ਦਾ ਅਤਿਆਚਾਰੀ ਹੋਣਾ ਜ਼ਰੂਰੀ ਹੋਵੇਗਾ। ਇਹ ਘਿਣੀ ਬਹੁਤ ਹੀ ਮਾਅਰਕੇ ਦੀ ਗੱਲ ਕਰਦੀ ਹੈ। 1990 'ਚ ਨਰਸਿਮਾ ਰਾਓ ਸਰਕਾਰ ਵਲੋਂ ਵਿਸ਼ਵੀਕਰਨ ਦੀਆਂ ਨੀਤੀਆਂ ਦੀ ਭਾਰਤ 'ਚ ਖੁਲ੍ਹੇਆਮ ਸ਼ੁਰੂਆਤ ਦੇ ਪਿਛੇ ਤੋਂ ਹੁਣ ਤਕ ਦਾ ਵੀਹ ਸਾਲਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦਲਾਲ, ਭਾਰਤੀ ਦਲਾਲ, ਨੌਕਰਸ਼ਾਹ, ਸਰਮਾਏਦਾਰੀ ਸੱਤਾ ਵੱਧ ਤੋਂ ਵੱਧ ਗੈਰ ਜਮਹੂਰੀ ਤੇ ਤਾਨਾਸ਼ਾਹੀ, ਰੰਗ ਰੂਪ ਤਿਆਰ ਕਰਦੀ ਗਈ ਹੈ। ਇਹੀ ਇਹ ਪੂਰਾ ਸਮਾਂ ਸੀ ਜਿਸ ਵਿੱਚ, ਟਾਡਾ, ਪੋਟਾ, ਮਕੋਕਾ, ਛਤੀਸ਼ਗੜ੍ਹ ਵਿਸ਼ੇਸ਼ ਜਨ ਸੁਰੱਖਿਆ ਕਾਨੂੰਨ, ਅੱਤਵਾਦ ਰੋਕੂ ਕਾਨੂੰਨ ਆਦਿ ਵਰਗੇ ਸਾਰੇ ਕਾਲੇ ਕਾਨੂੰਨ ਹੋਂਦ ਵਿੱਚ ਆਏ ਹਨ। ਜਿਹਨਾਂ ਨੇ ਭਾਰਤੀ ਲੋਕਾਂ ਇਕ-ਇਕ ਕਰਕੇ ਸਾਰੇ ਬੁਨਿਆਦੀ ਜਮਹੂਰੀ ਅਧਿਕਾਰ ਖੋਹਣ ਦਾ ਕੰਮ ਕੀਤਾ ਹੈ ਅਤੇ ਸਰਕਾਰ ਨੂੰ ਅਜਿਹੇ ਸੰਦਾਂ ਨਾਲ ਲੈਸ ਕੀਤਾ ਹੈ ਤਾਂ ਜੋ ਉਸ ਦੇ ਜਬਰ ਦੇ ਰਾਹ 'ਚ ਆਉਣ ਵਾਲੇ ਕਿਸੇ ਵੀ ਅੜਿਕੇ ਦਾ ਕਾਨੂੰਨੀ ਫੋਹੜੇ ਨਾਲ ਖਾਤਮਾ ਕਰ ਦੇਣ।

ਸੱਤਾ ਬਦਲੀ ਦੇ 62 ਸਾਲ ਬੀਤ ਜਾਣ ਪਿਛੋਂ ਆਮ ਮੇਹਨਤਕਸ਼ ਲੋਕਾਂ ਨੂੰ ਇਹ ਗੱਲ ਸਾਫ ਹੋ ਚੁੱਕੀ ਹੈ ਕਿ ਇਹ ਪ੍ਰਬੰਦ ਉਹਨਾਂ ਨੂੰ ਕੁਝ ਨਹੀਂ ਦੇ ਸਕਦਾ। ਛੇ ਦਹਾਕਿਆਂ ਬਾਅਦ ਵੀ ਦੇਸ਼ ਦੀ 77 ਫੀਸਦੀ ਅਬਾਦੀ 20 ਰੁਪਏ ਰੋਜਾਨਾ ਤੋਂ ਘੱਟ ਦੀ ਆਮਦਨ 'ਤੇ ਗੁਜ਼ਾਰਾ ਕਰ ਰਹੀ ਹੈ। ਉਪਰ ਦੇ 10 ਫੀਸਦੀ ਹਿੱਸਾ ਹੈ। ਜਦਕਿ ਹੇਠਾਂ ਦੀ 60 ਫੀਸਦੀ ਜਨਤਾ ਕੋਲ ਸਿਰਫ਼ ਦੋ ਫੀਸਦੀ ਹਿੱਸਾ ਹੈ। ਅਬਾਦੀ ਦਾ ਉਪਰ ਦਾ 0.01 ਫੀਸਦੀ ਹਿੱਸਾ ਅਜਿਹਾ ਹੈ ਜਿਸ ਦੀ ਆਮਦਨੀ ਪੂਰੇ ਦੇਸ਼ ਦੀ ਔਸ ਆਮਦਨੀ ਤੋਂ 200 ਗੁਣਾ ਵੱਧ ਹੈ। ਸਪਸ਼ਟ ਹੈ ਕਿ ਧਨੀ ਤੇ ਗ਼ਰੀਬਾਂ ਵਿਚਕਾਰ ਦੀ ਖਾਈ ਲਗਾਤਾਰ ਵਧਦੀ ਜਾ ਰਹੀ ਹੈ। 1947 ਦੀ ਸੱਤਾ ਬਦਲੀ ਪਿਛੋਂ ਤੇ ਦੇਸ਼ ਦੇ ਉਪਰਲੇ 22 ਪੂੰਜੀਪਤੀ ਘਰਾਣਿਆਂ ਦੀ ਜਾਇਦਾਦ 'ਚ 500 ਗੁਣਾਂ ਤੋਂ ਵੀ ਵੱਧ ਦਾ ਵਾਧਾ ਹੋਇਆ ਹੈ। ਦੇਸ਼ ਦੇ ਭ੍ਰਿਸ਼ਟਾਚਾਰੀਆਂ ਦੇ 1456 ਅਰਬ ਡਾਲਰ ਸਵਿਸ ਬੈਂਕਾਂ 'ਚ ਜਮ੍ਹਾ ਹਨ। ਜੋ ਕਿ ਭਾਰਤ ਦੀ ਕੁਲ ਘਰੇਲੂ ਪੈਦਾਵਾਰ ਤੋਂ ਵੀ ਵੱਧ ਹੈ। ਦੂਜੇ ਪਾਸੇ ਦੇਸ਼ ਦੀ 18 ਕਰੋੜ ਗਰੀਬ ਅਬਾਦੀ ਕੋਲ ਰਹਿਣ ਲਈ ਘਰ ਵੀ ਨਹੀਂ ਹੈ ਅਤੇ ਹੋਰ 18 ਕਰੋੜ ਟੁੱਟੀਆਂ ਫੁੱਟੀਆਂ ਝੁਗੀਆਂ ਵਿਚ ਰਹਿੰਦੇ ਹਨ। 63 ਫੀਸਦੀ

ਬੱਚੇ ਅਕਸਰ ਭੁੱਖੇ ਸੌਂਦੇ ਹਨ ਅਤੇ 46 ਫੀਸਦੀ ਭਾਰਤੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਇਨਾਂ ਸਮਾਂ ਬੀਤ ਜਾਣ ਪਿੱਛੋਂ ਵੀ 42 ਫੀਸਦੀ ਘਰਾਂ 'ਚ ਬਿਜਲੀ ਨਹੀਂ ਹੈ ਅਤੇ 80 ਫੀਸਦੀ ਲੋਕਾਂ ਨੂੰ ਸੁਰੱਖਿਅਤ ਪੀਣ ਦਾ ਪਾਣੀ ਤਕ ਵੀ ਮੁਹੱਈਆ ਨਹੀਂ ਹੈ। ਅਜਿਹੇ ਹੋਰ ਅੰਕੜਿਆਂ ਨਾਲ ਬਹੁਤ ਸਾਰੇ ਸਫੇ ਲਿਖੇ ਜਾ ਸਕਦੇ ਹਨ। ਸਰਕਾਰ 'ਚ ਬੈਠੇ ਮੰਤਰੀ ਤੇ ਉਹਨਾਂ ਦੇ 'ਥਿੰਕ ਟੈਂਕ' ਵੀ ਅੱਛੀ ਤਰਾਂ ਨਾਲ ਜਾਣਦੇ ਹਨ ਕਿ ਜਿਹਨਾਂ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਲਈ ਉਹਨਾਂ ਨੇ ਤਿਆਰੀ ਕਰ ਰੱਖੀ ਹੈ ਉਹ ਇਸ ਦੁਰਦਸ਼ਾ ਨੂੰ ਹੋਰ ਭਿਅੰਕਰ ਰੂਪ ਦੇਵੇਗੀ। ਗਰੀਬਾਂ ਲਈ ਜੀਵਨ ਹੋਰ ਵੀ ਵੱਧ ਮੁਸ਼ਕਿਲ ਤੇ ਨਰਕੀ ਬਣਦਾ ਜਾਵੇਗਾ। ਧਨੀ ਤੇ ਗ਼ਰੀਬ ਵਿਚਲੀ ਖਾਈ ਲਗਾਤਾਰ ਵਧੇਗੀ। ਲੋਕ ਆਪਣੀ ਜਗਾਹ-ਜ਼ਮੀਨ ਤੋਂ ਹੋਰ ਵੱਧ ਤੇਜੀ ਨਾਲ ਉਜੜਣਗੇ, ਗ਼ਰੀਬ ਤੇ ਨਿਮਨ-ਮੱਧ ਕਿਸਾਨ ਖੇਤੀ 'ਚ ਸਾਮਰਾਜੀ ਪੂੰਜੀ ਦੇ ਦਖ਼ਲ ਦੇ ਹੋਰ ਵਧਣ ਨਾਲ ਤਬਾਹ ਬਰਬਾਦ ਹੋ ਕੇ ਕਿਰਤੀਆਂ ਦੀਆਂ ਕਤਾਰਾਂ 'ਚ ਸ਼ਾਮਲ ਹੋਣਗੇ। ਨਾਲ ਹੀ ਸਰਕਾਰ ਤਮਾਮ ਆਦੀਵਾਸੀਆਂ ਤੇ ਮੂਲ ਨਿਵਾਸੀਆਂ ਨੂੰ ਕਾਰਪੋਰੇਟ ਘਰਾਣਿਆਂ ਲਈ ਜ਼ਮੀਨ ਹੜੱਪ ਕੇ ਦੇਣ ਲਈ ਉਹਨਾਂ ਨੂੰ ਉਹਨਾਂ ਦੀ ਜ਼ਮੀਨ ਤੋਂ ਜਬਰੀ ਉਜਾੜੇਗੀ। 1997 ਤੋਂ ਹੁਣ ਤਕ ਜਿਹਨਾਂ ਦੋ ਲੱਖ ਕਿਸਾਨਾਂ ਨੇ ਆਤਮ ਹੱਤਿਆ ਕੀਤੀ। ਉਹ ਮੁਖ ਤੌਰ 'ਤੇ ਇਹਨਾਂ ਉਜੜੇ ਕਿਸਾਨਾ ਵਿੱਚੋਂ ਸਨ।

ਵਧਦੀ ਮਹਿੰਗਾਈ, ਗ਼ਰੀਬ ਤੇ ਬੇਰੁਜ਼ਗਾਰ ਸ਼ਹਿਰੀ ਸਨਅਤੀ ਮਜ਼ਦੂਰ ਜਮਾਤ ਲਈ ਜੀਵਨ ਨੂੰ ਹੋਰ ਔਖਾ ਬਣਾਉਂਦੀ ਜਾਵੇਗੀ। ਇਕ-ਇਕ ਕਰਕੇ ਸਰਕਾਰ ਬਚੇ-ਖੁਚੇ ਕਿਰਤ ਕਾਨੂੰਨਾ ਨੂੰ ਵੀ ਨੁਕਰੇ ਲਾ ਦੇਵੇਗੀ ਅਤੇ ਦਲਾਲ ਸਰਮਾਏਦਾਰਾਂ ਤੇ ਜਾਗੀਰਦਾਰਾਂ ਦੇ ਮੁਨਾਫੇ ਦੇ ਰਾਹ ਵਿੱਚ ਖੜ੍ਹੇ ਹਰ ਬੈਰੀਅਰ ਤੇ ਸਪੀਡ ਬ੍ਰੇਕਰ ਨੂੰ ਇਕ-ਇਕ ਕਰਕੇ ਹਟਾਉਂਦੀ ਜਾਵੇਗੀ। ਜੋ ਕਿਰਤ ਕਾਨੂੰਨ ਹਨ ਉਹ ਵੀ ਲਾਗੂ ਨਹੀਂ ਹੁੰਦੇ ਜਿਸ ਕਾਰਨ ਇਸ ਦੇਸ਼ ਦੇ ਮਜ਼ਦੂਰ ਦਾ 93 ਫੀਸਦੀ ਗੈਰ ਰਵਾਇਤੀ ਖੇਤਰ ਵਿੱਚ ਮਾੜੀਆਂ ਹਾਲਤਾਂ 'ਚ ਕੰਮ ਕਰ ਰਿਹਾ ਹੈ। ਇਹਨਾਂ ਕਾਨੂੰਨਾਂ ਦੇ ਖ਼ਤਮ ਹੋਣ ਪਿਛੋਂ ਹਾਲਾਤ ਕੀ ਹੋਣਗੇ। ਇਸ ਦਾ ਅੰਦਾਜਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਛਾਂਟੀ-ਬੇਰੁਜ਼ਗਾਰੀ, ਗ਼ਰੀਬੀ, ਸਮਾਜਿਕ ਤੇ ਆਰਥਿਕ ਅਸੁਰੱਖਿਆ ਦੇ ਦਬਾਅ ਹੇਠ ਮਜ਼ਦੂਰ ਅਬਾਦੀ ਵੀ ਤੇਜੀ ਨਾਲ ਬਗਾਵਤ ਵੱਲ ਵਧੇਗੀ। ਸਪਸ਼ਟ ਹੈ ਕਿ ਭਾਰਤ ਦੀ ਹਾਕਮ ਜਮਾਤ ਤੇ ਉਸ ਦੀ ਸਟੇਟ ਅੱਤਵਾਦ ਦੇ ਸਫਾਏ ਦੇ ਬਹਾਨੇ ਹੇਠ ਆਉਣ ਵਾਲੇ ਦਿਨਾਂ ਦੀ ਵਿਰੋਧ ਦੀ ਸੰਭਾਵਨਾ ਨਾਲ ਨਿਪਟਣ ਤੇ ਇਨਕਲਾਬੀ ਤਾਕਤਾਂ ਨੂੰ ਕੁਚਲਣ ਲਈ ਖੁਦ ਨੂੰ ਤਿਆਰ ਕਰ ਰਹੀ ਹੈ। ਲੋੜ ਪੈਣ 'ਤੇ ਅਣ ਐਲਾਨੀ ਐਮਰਜੰਸੀ ਵੀ ਲਾਈ ਜਾ ਸਕਦੀ ਹੈ। ਆਰਮਡ ਫੋਰਸਸ ਸਪੈਸ਼ਲ ਪਾਵਰ ਐਕਟ 'ਚ ਸੋਧ ਕਰਕੇ ਉਸ ਨੂੰ ਪੂਰੇ ਦੇਸ਼ 'ਚ ਲਾਗੂ ਕਰਨ ਤੇ ਅੰਦਰੂਨੀ ਸੁਰੱਖਿਆ ਲਈ ਵੱਖ ਮੰਤਰਾਲੇ ਬਣਾਉਣ ਦੇ ਚਿਦੰਬਰਮ ਦੇ ਬਿਆਨਾ ਤੋਂ ਇਹੀ ਜਾਹਰ ਹੁੰਦਾ ਹੈ।

# ਜ਼ਮੀਨ ਸਰਕਾਰ ਦੀ ਜਾਂ ਕਿਸਾਨਾਂ ਦੀ?

ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼ ਛਤੀਸ਼ਗੜ੍ਹ, ਉੜੀਸਾ ਇਹਨਾਂ ਸਾਰੇ ਰਾਜਾਂ ਤੋਂ ਇਹਨੀ ਦਿਨੀ ਕਿਸਾਨਾਂ/ਪੇਂਡੂਆਂ ਦੀਆਂ ਜ਼ਮੀਨਾਂ ਹੜੱਪਣ ਦੀਆਂ ਖ਼ਬਰਾਂ ਸਭ ਤੋਂ ਵੱਧ ਆ ਰਹੀਆਂ ਹਨ। ਇਕ ਪਾਸੇ ਆਮ ਗੱਲ ਇਹ ਹੈ ਕਿ ਬਹੁਤੇ ਸੂਬਿਆਂ 'ਚ ਬਿਜਲੀ ਜਾਂ ਲੋਹੇ ਦੇ ਕਾਰਖਾਨੇ ਲਈ ਜ਼ਮੀਨ 'ਤੇ ਕਬਜੇ ਕੀਤੇ ਜਾ ਰਹੇ ਹਨ ਅਤੇ ਪੇਂਡੂ/ਕਿਸਾਨ ਵਿਰੋਧ ਕਰ ਰਹੇ ਹਨ। ਪੰਜਾਬ 'ਚ ਗੋਬਿੰਦਪੁਰਾ ਇਸ ਦੀ ਇਕ ਮਿਸਾਲ ਬਣ ਚੁੱਕਿਆ ਹੈ। ਸੰਘਰਸ਼ ਦੌਰਾਨ ਇਕ ਕਿਸਾਨ ਦੀ ਮੌਤ ਵੀ ਹੋ ਗਈ ਹੈ ਪਰ ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਦਾ ਮਾਮਲਾ ਆਮ ਹੋ ਕੇ ਵੀ ਕੁਝ ਵੱਖਰਾ ਹੀ ਹੈ ਅਤੇ ਪ੍ਰਸਤਾਵਿਤ ਨਵੇਂ ਭੂਮੀ ਹੜੱਪਣ ਕਾਨੂੰਨ ਨੂੰ ਹੋਰ ਜਲਦੀ ਲਾਗੂ ਕਰਾਉਣ ਲਈ ਦਮਦਾਰ ਦਲੀਲ ਪੇਸ਼ ਕੀਤੀ ਜਾ ਰਹੀ ਹੈ। ਛਿੰਦਵਾੜਾ ਦੇ ਨੇੜੇ ਚੌਸਰਾ ਪਿੰਡ 'ਚ 1320 ਮੈਗਾਵਾਟ ਦਾ ਤਾਪ ਬਿਜਲੀ ਘਰ ਗੁਜਰਾਤ ਦਾ ਵੱਡਾ ਸਨਅਤੀ ਸਮੂਹ ਅਡਾਨੀ ਲਾਉਣ ਜਾ ਰਿਹਾ ਹੈ। ਪਲਾਂਟ ਲਈ ਪੇਂਚ ਨਦੀ 'ਤੇ ਦੋ ਬੰਨ ਬਣਾ ਬਿਜਲੀ ਘਰ ਨੂੰ ਪਾਣੀ ਦੇਣ ਦੀ ਯੋਜਨਾ ਹੈ। ਯੋਜਨਾ ਲਈ ਕਿਸਾਨਾਂ ਦੀ ਜ਼ਮੀਨ ਤੇ ਪਾਣੀ ਖੋਹੇ ਜਾਣ ਦਾ ਦੋਸ਼ ਸਥਾਨਕ ਕਿਸਾਨ ਸਮੂਹ ਲਾ ਰਹੇ ਹਨ ਪਰ ਮਾਮਲੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਜਿਸ ਜ਼ਮੀਨ 'ਤੇ ਕਿਸਾਨ ਖੇਤੀ ਕਰ ਰਹੇ ਹਨ ਉਹ ਮੱਧ ਪ੍ਰਦੇਸ਼ ਸਰਕਾਰ 1986-87 ਵਿਚ ਹੀ ਡੇਢ ਹਜ਼ਾਰ ਤੋਂ ਦਸ ਹਜ਼ਾਰ ਰੁਪਏ ਫੀ ਏਕੜ ਦੀ ਦਰ ਨਾਲ ਹੜੱਪ ਚੁਕੀ ਸੀ। ਉਥੋਂ ਹੜੱਪਣ ਦਾ ਕਾਰਨ ਇਹ ਦੱਸਿਆ ਗਿਆ ਸੀ ਕਿ ਇਥੇ ਮੱਧ ਪ੍ਰਦੇਸ਼ ਬਿਜਲੀ ਡਵੀਜ਼ਨ ਬਿਜਲੀ ਕਾਰਖਾਨਾ ਲਾਵੇਗਾ ਅਤੇ ਵਾਅਦਾ ਕੀਤਾ ਗਿਆ ਸੀ ਕਿ ਕਾਰਖਾਨੇ 'ਚ ਹਰ ਪ੍ਰੀਵਾਰ ਦੇ ਮੈਂਬਰ ਨੂੰ ਨੌਕਰੀ ਜ਼ਮੀਨ ਬਦਲੇ ਜ਼ਮੀਨ ਤੇ ਮੁਫਤ ਬਿਜਲੀ ਦਿੱਤੀ ਜਾਵੇਗੀ, ਕਿਉਂਕਿ ਕਾਰਖਾਨਾ ਨਹੀਂ ਲੱਗਿਆ ਅਤੇ ਕਿਸਾਨ ਇਸ ਜ਼ਮੀਨ 'ਤੇ ਉਦੋਂ ਤੋਂ ਹੀ ਖੇਤੀ ਕਰਦੇ ਆ ਰਹੇ ਹਨ। ਇਸ ਲਈ ਹੁਣ ਸਰਕਾਰ ਵਲੋਂ ਕਿਸੇ ਨਿੱਜੀ ਕੰਪਨੀ ਨੂੰ ਜ਼ਮੀਨ ਵੇਚੇ ਜਾਣ ਦਾ ਵਿਰੋਧ ਕਰ ਰਹੇ ਹਨ।

ਇਥੇ ਹੋਈ ਲੋਕ ਸੁਣਵਾਈ 'ਚ ਵੀ ਇਹ ਮਾਮਲਾ ਉਭਰਿਆ ਤੇ ਜਨਤਕ ਜਥੇਬੰਦੀਆਂ ਦੀ ਅਗਵਾਈ 'ਚ ਕਿਸਾਨਾਂ ਨੇ ਪੁਰਜੋਰ ਵਿਰੋਧ ਕੀਤਾ। ਮੱਧਪ੍ਰਦੇਸ਼ ਦੇ ਊਰਜਾ ਸਕੱਤਰ ਮੋ. ਸੁਲੇਮਾਨ ਚਰਚਾ 'ਚ ਕਹਿੰਦੇ ਹਨ ਕਿ ਜਦ ਇਕ ਵਾਰੀ ਸਰਕਾਰ ਨੇ ਜ਼ਮੀਨ ਲੈ ਕੇ ਮੁਆਵਜਾ ਦੇ ਦਿੱਤਾ ਤਾਂ ਹੁਣ ਕਿਸਾਨਾਂ ਦਾ ਵਿਰੋਧ ਇਕ ਦਮ ਨਜਾਇਜ ਹੈ। ਉਹ ਇਹ ਵੀ ਕਹਿੰਦੇ ਹਨ ਕਿ ਅਡਾਨੀ ਸਮੂਹ ਨੂੰ ਜ਼ਮੀਨ 5 ਲੱਖ ਰੁਪਏ ਏਕੜ ਦੀ ਦਰ ਨਾਲ ਵੇਚੀ ਗਈ ਸੀ ਜਦਕਿ ਛਿੰਦਵਾੜਾ ਦਾ ਜ਼ਿਲ੍ਹਾ ਪ੍ਰਸ਼ਾਸ਼ਨ ਕਹਿ ਰਿਹਾ ਹੈ ਕਿ ਜ਼ਮੀਨ 13.5 ਲੱਖ ਰੁਪਏ ਏਕੜ ਦੇ ਭਾਅ 'ਤੇ ਵੇਚੀ ਗਈ ਹੈ। ਸਮਾਜਵਾਦੀ ਪਾਰਟੀ ਦੇ ਨੇਤਾ ਡਾ. ਸੁਨੀਲਮ, ਜੋ ਇਸ ਅੰਦੋਲਨ ਦੀ ਅਗਵਾਈ ਕਰ ਰਹੇ ਹਨ, ਦੇ ਦੱਸਣ ਮੁਤਾਬਕ ਭੂਮੀ-ਅਰਜਨ ਕਾਨੂੰਨ ਸਾਫ਼ ਕਹਿੰਦਾ ਹੈ ਕਿ ਮਕਸਦ ਬਦਲਿਆ ਨਹੀਂ ਜਾ ਸਕਦਾ ਤੇ ਲਾਭ ਕਮਾਉਣ ਲਈ ਜ਼ਮੀਨ ਵੇਚੀ ਨਹੀਂ ਜਾ ਸਕਦੀ। ਸਪਸ਼ਟ ਹੈ ਕਿ ਜੇ 25 ਸਾਲ ਪਹਿਲਾਂ ਸਰਕਾਰ ਨੇ ਖੁਦ ਬਿਜਲੀ ਘਰ ਬਣਾਇਆ ਤਾਂ ਇਹ ਠੀਕ ਸੀ ਪਰ ਅੱਜ ਲੱਖਾਂ ਦਾ ਫਾਇਦਾ ਲੈ ਕੇ ਨਿੱਜੀ ਕੰਪਨੀ

ਨੂੰ ਜ਼ਮੀਨ ਵੇਚਣਾ ਗੈਰ ਕਾਨੂੰਨੀ ਹੈ। ਡਾ. ਸੁਨੀਲਮ ਕਹਿੰਦੇ ਹਨ ਕਿ ਇਹਨਾਂ ਅਧਾਰਾਂ ’ਤੇ ਮਹਾਂਰਾਸ਼ਟਰ ਤੇ ਉਤਰ ਪ੍ਰਦੇਸ਼ ਦੀ ਹਾਈਕੋਰਟ ਨੇ ਕਿਸਾਨਾ ਨੂੰ ਉਹਨਾਂ ਦੀ ਹੜੱਪੀ ਜ਼ਮੀਨ ਵਾਪਸ ਦਵਾਈ ਹੈ। 22 ਮਈ ਨੂੰ ਡਾ. ਸੁਨੀਲਮ ਤੇ ਸਮਾਜਿਕ ਵਰਕਰ ਅਰਾਧਨਾ ਭਾਰਗਵ ’ਤੇ ਇਕ ਜਾਨਲੇਵਾ ਹਮਲਾ ਵੀ ਹੋ ਚੁਕਿਆ ਹੈ। ਜਿਸ ਬਾਰੇ ਡਾ. ਸੁਨੀਲਮ ਦਾ ਦੋਸ਼ ਹੈ ਕਿ ਅਡਾਨੀ ਕੰਪਨੀ ਦੇ ਗੁੰਡਿਆਂ ਨੇ ਹਮਲਾ ਕੀਤਾ ਸੀ। ਏਧਰ ਸਾਊਥ ਏਸ਼ੀਆ ਨੈਟਵਰਕ ਆਨ ਡੈਮਸ ਰਿਵਰਸ ਐਂਡ ਪੀਪੁਲ (ਇਕ ਸਮਾਜ ਸੇਵੀ ਸੰਗਠਨ ਜੋ ਵੱਡੀ ਬੰਨਾ, ਨਦੀਆਂ ਤੇ ਪ੍ਰਸਤਾਵਿਤ ਲੋਕਾਂ ’ਤੇ ਕੰਮ ਕਰਦਾ ਹੈ) ਨਾਲ ਜੁੜੇ ਹਿਮਾਸ਼ੂ ਠੱਕਰ ਦਾ ਕਹਿਣਾ ਹੈ ਕਿ 1986 ’ਚ ਦਿੱਤੀ ਗਈ ਵਾਤਾਵਰਣ ਮੰਜੂਰੀ ਅੱਜ ਗੈਰ ਪ੍ਰਸੰਗਿਕ ਹੋ ਚੁੱਕੀ ਹੈ ਅਤੇ ਅਜੇ ਨਵੀਂ ਮੰਨਜੂਰੀ ਮਿਲਣ ਤੋਂ ਪਹਿਲਾਂ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਨਾ ਇਕਦਮ ਗ਼ੈਰ ਕਾਨੂੰਨੀ ਹੈ। ਉਹ ਇਹ ਵੀ ਦਸਦੇ ਹਨ ਕਿ ਅਡਾਨੀ ਨੇ ਜੋ ਵਾਤਾਵਰਣ ਨੂੰ ਪ੍ਰਭਾਵਿਤ ਕਰਨ ਵਾਲੀ ਮੁਲਅੰਕਣ ਰੀਪੋਟ ਬਣਾਈ ਹੈ ਉਸ ’ਚ ਵੀ ਵੱਡੀਆਂ-ਵੱਡੀਆਂ ਖਾਮੀਆਂ ਹਨ। ਹਿਮਾਂਸ਼ੂ ਠੱਕਰ ਦਸਦੇ ਹਨ ਕਿ ਕਿਸੇ ਵੀ ਪ੍ਰੋਜੈਕਟ ਲਈ ਜਲ, ਆਵਾਜਾਈ ਤੇ ਫਿਊਲ ਮਿਲਣ ਸਬੰਧੀ ਯਕੀਨ ਹੋਣਾ ਚਾਹੀਦਾ ਹੈ। ਸਪੱਸ਼ਟਤਾ ਹੋਣੀ ਚਾਹੀਦੀ ਹੈ। ਜੋ ਇਸ ਰੀਪੋਟ ’ਚ ਨਹੀਂ ਹੈ। ਉਹ ਇਹ ਦਸਦੇ ਹਨ ਕਿ ਜ਼ਮੀਨ ਲੈਣ ਦਾ ਜੋ ਪ੍ਰਸਤਾਵਿਤ ਕਾਨੂੰਨ ਆ ਰਿਹਾ ਹੈ ਉਸ ’ਚ ਸਾਫ਼ ਹੈ ਕਿ ਜੇ ਪ੍ਰਸਤਾਵਿਤ ਉਦੇਸ਼ ਨੂੰ ਪੰਜਾਹ ਸਾਲਾਂ ’ਚ ਪੂਰਾ ਨਾ ਕੀਤਾ ਗਿਆ ਤਾਂ ਜ਼ਮੀਨ ਵਾਪਸ ਕਰਨੀ ਪਵੇਗੀ ਜਦ ਕਿ ਇੱਥੇ ਜ਼ਮੀਨ ਲਈ ਨੂੰ 25 ਸਾਲ ਹੋ ਗਏ ਹਨ। ਵਰਨਣਯੋਗ ਗੱਲ ਇਹ ਹੈ ਕਿ ਇਸ ਪ੍ਰੋਜੈਕਟ ਲਈ ਕੁਲ 33 ਪਿੰਡ ਉਜੜੇ ਹੋਣਗੇ ਤੇ ਲਗਭਗ 50 ਹਜ਼ਾਰ ਦੀ ਅਬਾਦੀ ਸਿਧੀ ਪ੍ਰਭਾਵਿਤ ਹੋਵੇਗੀ। ਹੌਲੀ-ਹੌਲੀ ਇਹਨਾਂ ਸਾਰੇ ਪਿੰਡਾਂ ਦੇ ਲੋਕ ਵੀ ਹੁਣ ਇਕੱਠੇ ਹੋਣ ਲੱਗੇ ਹਨ ਅਤੇ ਅਜੇ ਇਕ ਗੱਲ ’ਤੇ ਹੀ ਸਹਿਮਤ ਹਨ। ਇੱਕ ਇੰਚ ਜਮੀਨ ਵੀ ਲੈਣ ਨਹੀਂ ਦਿਆਂਗੇ। ਅੰਦੋਲਨ ਨਾਲ ਜੁੜੀ ਅਰਾਧਨਾ ਭਾਰਗਵ ਦਸਦੀ ਹੈ ਕਿ ਤਾਪ ਬਿਜਲੀ ਘਰ ਤੋਂ ਜੋ ਸੁਆਹ ਹਵਾ ’ਚ ਉਡੇਗੀ ਉਸ ਨਾਲ ਕੋਈ 150 ਪਿੰਡਾਂ ਦੀ ਖੇਤੀ ’ਤੇ ਅਸਰ ਪਵੇਗਾ। ਇਸ ਤਰ੍ਹਾਂ 15 ਕਿਲੋਮੀਟਰ ਦੀ ਦੂਰੀ ’ਤੇ ਇਕ ਹੋਰ ਪਾਵਰ ਪਲਾਟ ਲਾਉਣ ਦੀ ਮੰਜੂਰੀ ਦਿੱਤੀ ਗਈ ਹੈ ਤੇ ਉਹ ਵੀ ਆਦੀਵਾਸੀਆਂ ਦੀ ਜ਼ਮੀਨ ਖੋਹੀ ਜਾ ਰਹੀ ਹੈ।

# ਕੀ ਹੈ ਹਥਿਆਰਬੰਦ ਤਾਕਤ ਸਪੈਸ਼ਲ ਅਧਿਕਾਰ ਕਾਨੂੰਨ ਦਾ ਪਿਛੋਕੜ

11 ਸਤੰਬਰ 1958 ਨੂੰ ਪਾਰਲੀਮੈਂਟ ਨੇ ਇਸ ਨੂੰ ਕਾਨੂੰਨ ਦਾ ਰੂਪ ਦਿੱਤਾ ਸੀ। ਇਸ ਦਾ ਮਕਸਦ 'ਅਸ਼ਾਂਤ ਖੇਤਰਾਂ 'ਚ ਬਗਾਵਤ ਨਾਲ ਨਿਪਟਣ ਲਈ ਫ਼ੌਜੀ ਟੁਕੜੀਆਂ ਨੂੰ ਪ੍ਰੋਐਕਟਿਵ ਅਪ੍ਰੇਸ਼ਨ ਲਈ ਜ਼ਰੂਰੀ ਅਧਿਕਾਰ ਤੇ ਕਾਨੂੰਨੀ ਹਮਾਇਤ ਦੇਣਾ ਸੀ' ਉਤਰ ਪੂਰਬ ਦੇ ਸੂਬਿਆਂ 'ਚ ਬਗਾਵਤ ਦੀ ਹਾਲਤ ਨੂੰ ਵੇਖਦਿਆਂ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ-1958 ਨੂੰ ਅਸਮ, ਮਣੀਪੁਰ, ਮੇਘਾਲਿਆ, ਮੀਜ਼ੋਰਮ ਨਾਗਾਲੈਂਡ, ਤ੍ਰਿਪੁਰਾ ਤੇ ਅਰਣਾਂਚਲ ਪ੍ਰਦੇਸ਼ 'ਚ ਲਾਗੂ ਕੀਤਾ ਗਿਆ। 1990 'ਚ ਪਾਰਲੀਮੈਂਟ ਨੇ ਆਰਮਡ ਫੋਰਸਿਜ (ਜੰਮੂ ਕਸ਼ਮੀਰ) ਸਪੈਸ਼ਲ ਪਾਵਰਜ ਐਕਟ-1990 ਬਣਾਇਆ ਅਤੇ ਇਸ ਨੂੰ 5 ਜੁਲਾਈ 1990 ਤੋਂ ਜੰਮੂ-ਕਸ਼ਮੀਰ ਦੇ ਕੁਝ ਇਲਾਕਿਆਂ 'ਚ ਲਾਗੂ ਕੀਤਾ ਗਿਆ। ਸ਼ੁਰੂ ਵਿੱਚ ਸਰਕਾਰ ਨੇ ਰਿਜੌਰੀ ਤੇ ਪੁੰਛ ਜ਼ਿਲੇ 'ਚ ਕੰਟਰੋਲ ਰੇਖਾ ਤੋਂ 20 ਕਿਲੋ ਮੀਟਰ ਦੇ ਦਾਇਰੇ ਅੰਦਰ ਅਤੇ ਅਨੰਤਨਾਗ, ਬਾਰਾਮੂਲਾ, ਬੜਗਾਂਵ, ਕੁਪਵਾੜਾ, ਪੁਲਵਾਮਾ ਤੇ ਸ੍ਰੀ ਨਗਰ ਜ਼ਿਲ੍ਹਿਆਂ ਨੂੰ ਅਸ਼ਾਂਤ ਦੱਸਦਿਆਂ ਇੱਥੇ ਲਾਗੂ ਕੀਤਾ। ਅਗਸਤ 2001 'ਚ ਇਸ ਕਾਨੂੰਨ ਨੂੰ ਜੰਮੂ ਉਦਸਪੁਰ ਪੁੰਛ, ਰਾਜੌਰੀ ਤੇ ਡੋਡਾ ਜ਼ਿਲ੍ਹਿਆਂ ਪੂਰੀ ਤਰ੍ਹਾਂ ਲਾਗੂ ਕੀਤਾ ਗਿਆ।

ਅਤੀਤ 'ਚ ਵੇਖਿਆ ਗਿਆ ਹੈ ਕਿ ਪ੍ਰਸਾਸ਼ਨਿਕ ਅਸਫਲਤਾ ਦੇ ਕਾਰਨ ਵਿਦਰੋਹਾਂ ਦਾ ਜਨਮ ਹੁੰਦਾ ਹੈ (ਇਹ ਨਜ਼ਰੀਆ ਸੁਰੱਖਿਆ ਫੋਰਸਾਂ ਦਾ ਹੈ) ਸਿੱਟੇ ਵਜੋਂ ਅਰਧ ਫ਼ੌਜੀ ਤੇ ਫ਼ੌਜੀ ਟੁਕੜੀਆਂ ਦੀ ਮਦਦ ਲਈ ਜਾਂਦੀ ਹੈ ਤਾਂ ਕਿ ਜਾਨਮਾਲ ਦੀ ਰਾਖੀ ਕੀਤੀ ਜਾ ਸਕੇ। ਦੂਜੀ ਗੱਲ ਸੁਰੱਖਿਆ ਬਲਾਂ ਦੇ ਮੱਤ ਅਨੁਸਾਰ ਬਗਾਵਤਾਂ ਖਿਲਾਫ਼ ਲਗਾਤਾਰ ਕਾਰਵਾਈ ਨਾਲ ਜੋ ਸਾਂਤੀ ਸਥਾਪਤ ਹੁੰਦੀ ਹੈ ਉਸਦਾ ਫਾਇਦਾ ਸਰਕਾਰਾਂ ਨਹੀਂ ਲੈ ਸਕਦੀਆਂ। ਜਿਸ ਨੂੰ ਫ਼ੌਜ ਤਾਕਤਾਂ ਦੀ ਮੌਜੂਦਗੀ ਦੇ ਅਰਸੇ ਨੂੰ ਵਧਾਉਣਾ ਪੈਂਦਾ ਹੈ। ਉਹਨਾਂ ਅਨੁਸਾਰ ਫ਼ੌਜ ਤਾਇਨਾਤ ਉਦੋਂ ਹੀ ਕੀਤੀ ਜਾਂਦੀ ਹੈ ਜਦ ਸਾਰੇ ਰਾਹ ਫੇਲ੍ਹ ਹੋ ਜਾਣ। ਇਕ ਪੁਲਸੀਏ ਨੂੰ ਤਾਕਤ ਦੀ ਵਰਤੋਂ ਦਾ ਕਾਨੂੰਨੀ ਅਧਿਕਾਰ ਤਾਂ ਹੈ ਪਰ ਦੂਰ ਦੁਰਾਂਡੇ ਦੇ ਇਲਾਕਿਆਂ 'ਚ ਤੈਨਾਤ ਫ਼ੌਜੀ ਲਈ ਇਹ ਸੰਭਵ ਨਹੀਂ ਹੈ ਕਿ ਉਹ ਐਮਰਜੈਂਸੀ ਦੀ ਹਾਲਤ 'ਚ ਗੋਲੀ ਮਾਰਨ ਲਈ ਮੈਜਿਸਟ੍ਰੇਟ ਦੀ ਇਜ਼ਾਜ਼ਤ ਲਵੇ। ਸੁਰੱਖਿਆ ਬਲਾ ਦਾ ਇਹ ਵੀ ਮੰਨਣਾ ਹੈ ਕਿ ਜੇ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਦੇ ਅਧਿਕਾਰਾਂ 'ਚ ਕਮੀ ਕਰ ਦਿੱਤੀ ਗਈ ਤਾਂ ਇਸ ਨਾਲ ਸੁਰੱਖਿਆ ਸਬੰਧੀ ਚੁਣੌਤੀਆਂ ਨਾਲ ਨਿਪਟਣ 'ਚ ਸੱਤਾ ਦੇ ਤਹਿਤ ਮਹੱਤਵਪੂਰਨ ਅੰਗ ਜਾਣੀ ਫ਼ੌਜ ਦੀ ਸਮਰੱਥਾ ਘਟ ਜਾਵੇਗੀ। ਇਸ ਨਾਲ ਬਾਗੀਆਂ ਦੀ ਲੀਡਰਸ਼ਿਪ ਦਾ ਮਨੋਬਲ ਵਧੇਗਾ ਤੇ ਖੁਲ੍ਹੇ ਸੰਗਠਨਾ 'ਚ ਕੰਮ ਕਰ ਰਹੇ ਉਹਨਾਂ ਦੇ ਹਮਾਇਤੀ ਜਾਨਮਾਲ ਨੂੰ ਹਰਜਾ ਪਹੁੰਚਾਉਣ 'ਚ ਲੱਗ ਜਾਣਗੇ। ਇਸ ਨਾਲ ਰਾਜਸੀ ਲੀਡਰਸ਼ਿਪ ਨੂੰ ਕੁਝ ਨਜਾਇਜ਼ ਸਮਝੌਤੇ ਕਰਨੇ ਪੈ ਸਕਦੇ ਹਨ। ਇਸ ਨਾਲ ਸੁਰੱਖਿਆ ਦਸਤਿਆ ਦਾ ਹੌਸਲਾ ਡਿੱਗੇਗਾ ਅਤੇ ਮੁਕਦਮੇ ਦੇ ਡਰੋਂ ਕੋਈ ਵੀ ਕਾਰਵਾਈ ਕਰਨ 'ਚ ਉਹ ਗੁਰੇਜ ਕਰਨਗੇ। ਪਰ ਮਨੁੱਖੀ ਅਧਿਕਾਰ ਸੰਗਠਨਾ ਦੇ ਇਸ ਕਾਨੂੰਨ ਬਾਰੇ ਗੰਭੀਰ ਇਤਰਾਜ ਹਨ। ਇਸ ਐਕਟ ਦੀਆਂ ਕੁਝ ਧਾਰਾਵਾਂ ਸਬੰਧੀ ਇਤਰਾਜ ਜਾਹਰ ਕੀਤੇ

ਜਾ ਰਹੇ ਹਨ। ਮੁਖ ਤੌਰ ’ਤੇ ਧਾਰਾ 4 (ਏ), 4 (ਬੀ), 4 (ਸੀ) ਅਤੇ 4 (ਡੀ) ’ਤੇ ਇਤਰਾਜ ਹੈ। ਧਾਰਾ 4 (ਏ) ਦੇ ਤਹਿਤ ਫ਼ੌਜ ਦੇ ਕਮਿਸ਼ਨਡ ਜਾਂ ਨਾਨਕਮਿਸ਼ਨਡ ਅਫਸਰ ਨੂੰ ਇਹ ਹੱਕ ਹਾਸਲ ਹੈ ਕਿ ਉਹ ਵਿਵਸਥਾ ਬਣਾਈ ਰੱਖਣ ਲਈ ਤਾਕਤ ਦੀ ਵਰਤੋਂ ਕਰੇ। 4 (ਬੀ) ਦੇ ਤਹਿਤ ਫ਼ੌਜ ਨੂੰ ਅਧਿਕਾਰ ਹੈ ਕਿ ਉਹ ਬਾਗੀਆਂ ਦੇ ਠਿਕਾਨੇ ਜਾਂ ਉਹਨਾਂ ਦੇ ਹਥਿਆਰਾਂ ਜਾਂ ਜ਼ਖੀਰੇ ਨਸ਼ਟ ਕਰੇ। ਧਾਰਾ 4 (ਸੀ) ਦੇ ਅੰਤਰਗਤ ਫ਼ੌਜ ਕਿਸੇ ਵੀ ਬੰਦੇ ਨੂੰ ਜੋ ਕਿਸੇ ਅਪਰਾਧ ’ਚ ਸ਼ਾਮਲ ਹੈ ਬਿਨਾਂ ਵਰੰਟ ਦੇ ਗ੍ਰਿਫ਼ਤਾਰ ਕਰ ਸਕਦੀ ਹੈ, ਪਰ ਉਸ ਨੂੰ ਜਿਨੀ ਜਲਦੀ ਹੋ ਸਕੇ ਸਥਾਨਕ ਪੁਲਸ ਦੇ ਹਵਾਲੇ ਕਰਨਾ ਹੋਵੇਗਾ। ਧਾਰਾ 4 (ਡੀ) ਦੇ ਤਹਿਤ ਫ਼ੌਜ ਨੂੰ ਇਹ ਹੱਕ ਹੈ ਕਿ ਉਹ ਕਿਸੇ ਵੀ ਘਰ ਜਾਂ ਠਿਕਾਨੇ ਦੀ, ਜਿਸ ਬਾਰੇ ਉਸ ਨੂੰ ਸ਼ਕ ਹੈ ਕਿਸੇ ਵੀ ਵੇਲੇ ਬਿਨਾਂ ਵਰੰਟ ਤਲਾਸ਼ੀ ਲੈ ਸਕਦੀ ਹੈ। ਉਤਰ ਪੂਰਬੀ ਰਾਜਾਂ ਤੇ ਜੰਮੂ ਕਸ਼ਮੀਰ ’ਚ ਪਿਛਲੇ ਅਨੇਕਾਂ ਸਾਲਾਂ ਦੌਰਾਨ ਮਨੁੱਖ ਅਧਿਕਾਰ ਦੀ ਉਲੰਘਣਾ ਦੀਆਂ ਅਤੇ ਮੁਕਾਬਲੇ ਦੇ ਪਰਦੇ ਹੇਠ ਮੌਤਾਂ ਦਾ ਜੋ ਸਿਲਸਲਾ ਚਲਿਆ। ਉਸ ਕਾਰਨ ਇਸ ਐਕਟ ਖਿਲਾਫ਼ ਭਾਰੀ ਲੋਕਰਾਇ ਦੇਖੀ ਜਾ ਰਹੀ ਹੈ। ਫ਼ੌਜ ਦਾ ਕਹਿਣਾ ਹੈ ਕਿ ਜੇ ਇਹਨਾਂ ਧਾਰਾਵਾਂ ’ਚ ਸੋਧ ਕਰ ਦਿੱਤੀ ਗਈ ਤਾਂ ਕਿਸੇ ਸ਼ਕੀ ਦਹਿਸ਼ਤਗਰਦ ਦੇ ਖਿਲਾਫ਼ ਕਾਰਵਾਈ ਕਰਨ ’ਚ ਫ਼ੌਜ ਦੇ ਹੱਥ ਬੱਝ ਜਾਣਗੇ।

ਅੱਜ ਦੀ ਹਾਲਤ ਕੀ ਹੈ? – ਜੰਮੂ ਕਸ਼ਮੀਰ ਦੇ ਮੁਖ ਮੰਤਰੀ ਅਮਰ ਅਬਦੁਲਾ ਨੇ ਇਸ ਸਾਲ 30 ਜੂਨ ਨੂੰ ਇਕ ਇੰਟਰਵਿਊ ’ਚ ਕਿਹਾ, “ਰਾਜ ਦੇ ਆਮ ਸ਼ਹਿਰੀ ਦਾ ਇਹ ਸੱਚ ਹੈ ਕਿ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਦੀ ਨਿਰੰਤਰ ਦੁਰਵਰਤੋਂ ਹੋ ਰਹੀ ਹੈ ਜਦਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਸੁਰੱਖਿਆ ਦਸਤਿਆਂ ਲਈ ਇਸ ਦਾ ਹੋਣਾ ਜ਼ਰੂਰੀ ਹੈ। ਅੱਜ ਇਹਨਾਂ ਦੋਹਾਂ ਪੱਖਾਂ ’ਤੇ ਬਹਿਸ ਦੀ ਲੋੜ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਵੀ ਇਸ ਐਕਟ ਨੂੰ ਮੁੜ ਜਾਂਚਣ ਦੀ ਲੋੜ ਦੱਸੀ ਹੈ। ਫ਼ੌਜ ਮੁਖੀ ਜਨਰਲ ਵੀ. ਕੇ ਸਿੰਘ ਦਾ ਕਹਿਣਾ ਹੈ ਕਿ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਦੇ ਅਧਿਕਾਰਾਂ ’ਚ ਕਮੀ ਲਿਆਉਣ ਦੀ ਗੱਲ ਜੋ ਲੋਕ ਕਰ ਰਹੇ ਹਨ। ਉਹ ਆਪਣੇ ‘ਸੌੜੇ ਸਿਆਸੀ ਲਾਭ’ ਲਈ ਅਜਿਹਾ ਕਰ ਰਹੇ ਹਨ। ਪੱਤ੍ਰਕਾਰ ਸਿਧਾਰਥ ਵਰਦਾਰੰਜਨ ਨੇ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਦੇ ਸੈਕਸ਼ਨ 6 ਦੀ ਅਲੋਚਨਾ ਕਰਦਿਆਂ ਕਿਹਾ ਹੈ ਕਿ ਇਸ ’ਚ ਇਸ ਤਰ੍ਹਾਂ ਦੀ ਸੋਧ ਕਰ ਦਿੱਤੀ ਜਾਵੇ ਕਿ ਜੇ ਕੇਂਦਰ ਸਰਕਾਰ ਲਿਖਤੀ ਤੌਰ ’ਤੇ ਇਸ ਕਾਰਵਾਈ ਦਾ ਕਾਰਨ ਦਸਦੀ ਹੈ ਅਤੇ ਅਦਾਲਤ ਉਹਨਾਂ ਕਾਰਨਾਂ ਕਾਨੂੰਨੀ ਵਾਜਬੀਅਤ ਮੁਹੱਈਆ ਕਰਦੀ ਹੈ ਤਾਂ ਸਬੰਧਤ ਅਫਸਰ ਖਿਲਾਫ਼ ਮੁਕੱਦਮਾ ਦਾਇਰ ਨਹੀਂ ਕੀਤਾ ਜਾ ਸਕਦਾ। ਮਨੁੱਖ ਅਧਿਕਾਰਾਂ ਦੀ ਉਲੰਘਣਾ ਦੇ ਮੱਦੇ ਨਜ਼ਰ ਅਨੇਕਾਂ ਸ਼ਹਿਰੀ ਅਜ਼ਾਦੀਆਂ ਦੀ ਰਾਖੀ ਕਰਨ ਵਾਲੀਆਂ ਜਥੇਬੰਦੀਆਂ ਨੇ ਇਸ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਹੈ।

# ਲੋਕ ਸੰਘਰਸ਼ ਦੇ ਪ੍ਰਸੰਗ ਵਿੱਚ

ਅੰਨਾ ਹਜ਼ਾਰੇ ਐਂਡ ਕੰਪਨੀ ਦੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਦੀ ਕਈ ਕਾਰਨਾਂ ਕਰਕੇ ਆਲੋਚਨਾ ਹੋਈ ਹੈ। ਇਸ ਲੜੀ 'ਚ ਕੁਝ ਲੋਕਾਂ ਨੇ ਨਿਸ਼ਾਨਦੇਹੀ ਕੀਤੀ ਹੈ ਕਿ ਇਸ ਅੰਦੋਲਨ 'ਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ ਦੀ ਕੋਈ ਸਮਝ ਨਹੀਂ ਹੈਗੀ। ਉਹਨਾਂ ਨੇ ਸਰਕਾਰੀ ਲੋਕਪਾਲ ਬਿੱਲ ਤੇ ਜਨ ਅੰਦੋਲਨ ਬਿੱਲ ਵਿਚਕਾਰ ਫਰਕ ਦੇ ਬਾਰੇ ਕੁਝ ਪਤਾ ਨਹੀਂ ਸੀ। ਉਹ ਸਿਰਫ਼ ਆਮ ਤੌਰ 'ਤੇ ਭ੍ਰਿਸ਼ਟਾਚਾਰ ਦੇ ਖਿਲਾਫ਼ ਮਰਨ ਵਰਤ ਕਰ ਰਹੇ ਅੰਨਾ ਹਜ਼ਾਰੇ ਦੀ ਹਮਾਇਤ 'ਚ ਇਕਜੁਟ ਹੋ ਰਹੇ ਹਨ। ਉਹ ਸਿਰਫ਼ ਆਮ ਤੌਰ 'ਤੇ ਭ੍ਰਿਸ਼ਟਾਚਾਰ ਖਿਲਾਫ਼ ਉਹਨਾਂ ਲਈ ਕੋਈ ਦੋ ਹੀ ਚੀਜ਼ਾਂ ਮਾਅਨੇ ਰੱਖਦੀਆਂ ਸਨ। ਭ੍ਰਿਸ਼ਟਾਚਾਰ ਦਾ ਵਿਰੋਧ ਅਤੇ ਇਸ ਦੇ ਲਈ ਅੰਨਾ ਹਜ਼ਾਰੇ ਦੀ ਹਮਾਇਤ। ਪਰ ਅੰਨਾ ਹਜ਼ਾਰੇ ਤੇ ਕੰਪਨੀ ਦੇ ਅੰਦੋਲਨ ਦੀ ਅਲੋਚਨਾ ਇਕਾਂਗੀ ਹੈ ਅਤੇ ਜਨ ਅੰਦੋਲਨਾ 'ਚ ਲੋਕਾਂ ਦੀ ਸਮੂਲੀਅਤ ਦੇ ਸੁਆਲ ਨੂੰ ਸਹੀ ਤਰ੍ਹਾਂ ਨਾਲ ਨਹੀਂ ਉਭਾਰਦੀ। ਇਸ ਨਾਲ ਸਿਰਫ਼ ਅੰਨਾ ਹਜ਼ਾਰੇ ਐਂਡ ਕੰਪਨੀ ਵਰਗੇ ਲੋਕਾਂ ਨੂੰ ਹੀ ਫਾਇਦਾ ਹੋਵੇਗਾ। ਕਿਸੇ ਵੀ ਲੋਕ ਸੰਘਰਸ਼ ਦੀ ਵਿਸੇਸ਼ਤਾ ਹੁੰਦੀ ਹੈ ਕਿ ਮੁਖ ਮੁੱਦਿਆਂ ਦੀ ਕੋਈ ਵਿਆਪਕ ਤੇ ਵਿਸਲੇਸ ਆਤਮਕ ਸਮਝ ਨਾ ਰੱਖਣ ਵਾਲੇ ਲੋਕਾਂ ਨੂੰ ਵੀ ਆਪਣੇ ਵੱਲ ਖਿੱਚ ਲੈਂਦਾ ਹੈ। ਜਿੱਥੇ ਮੁੱਦਿਆਂ ਦੀ ਉਸ ਦੀ ਇਕਾਮਰਤਾ ਤੇ ਗਹਿਰਾਈ 'ਚ ਅੰਦੋਲਨ ਦੇ ਨੇਤਾ ਤੇ ਵਿਕਸਤ ਕਾਰਕੁੰਨ ਸਮਝ ਰਹੇ ਹੁੰਦੇ ਹਨ। ਉਥੇ ਆਮ ਲੋਕ ਕੁਝ ਬੁਨਿਆਦੀ ਚੀਜ਼ਾਂ ਨਾਲ ਅੰਦੋਲਨ ਤੇ ਉਸ ਨੂੰ ਹਾਸਲ ਕਰਨ ਦੀ ਸਰਲਤਾ ਨਾਲ ਸਮਝ 'ਚ ਆਉਣ ਵਾਲੇ ਤਰੀਕੇ। ਅਕਸਰ ਉਹਨਾਂ ਨੂੰ ਕੁਝ ਨਾਹਰਿਆਂ ਨਾਲ ਸਮਝਾਇਆ ਜਾਂਦਾ ਹੈ। ਅੰਨਾ ਹਜ਼ਾਰੇ ਐਂਡ ਕੰਪਨੀ ਦੇ ਅੰਦੋਲਨ ਨੇ ਜਿਸ ਹੱਦ ਤਕ ਵਿਸ਼ੇਸ਼ਤਾਵਾਂ ਦਿਸੀਆਂ ਉਹਨਾਂ ਨੇ ਆਪਣਾ ਉਦੇਸ਼ ਰੱਖਿਆ–ਭ੍ਰਿਸ਼ਟਾਚਾਰ ਦਾ ਖਾਤਮਾ ਇਸ ਲਈ ਤਰੀਕਾ ਦਸਿਆ। ਜਨ ਲੋਕਪਾਲ ਬਿੱਲ ਤੇ ਉਸ ਬਿਲ ਨੂੰ ਪਾਸ ਕਰਾਉਣ ਲਈ ਅੰਨਾ ਹਜ਼ਾਰੇ ਦੀ ਭੁੱਖ ਹੜਤਾਲ ਨੂੰ ਹਥਿਆਰ ਦਾ ਸਾਧਨ ਬਣਾਇਆ। ਅੰਨਾ ਹਜ਼ਾਰੇ ਦੀ ਹਮਾਇਤ 'ਚ ਇਕ ਜੁਟ ਹੋਣਾ 'ਅੰਨਾ ਤੁਸੀਂ ਸੰਘਰਸ਼ ਕਰੋ ਅਸੀਂ ਤੁਹਾਡੇ ਨਾਲ ਹਾਂ"। ਇਹ ਸ਼ਬਦੀ ਅਰਥਾਂ 'ਚ ਲਾਗੂ ਹੋ ਰਿਹਾ ਸੀ। ਭ੍ਰਿਸ਼ਟਾਚਾਰ ਤੋਂ ਬੁਰੀ ਤਰ੍ਹਾਂ ਤੰਗ ਆ ਚੁਕੇ ਲੋਕਾਂ ਲਈ ਭ੍ਰਿਸ਼ਟਾਚਾਰ ਦੇ ਖਾਤਮੇ ਦਾ ਇਹ ਸੌਖਾ ਜਿਹਾ ਤਰੀਕਾ ਤੇ ਉਸ ਨੂੰ ਹਾਸਲ ਕਰਨਾ ਹੋਰ ਵੀ ਸੌਖਾ ਤਰੀਕਾ ਲੋਕਾਂ ਨੂੰ ਦਿਲੀ ਦੇ ਰਾਮਲੀਲਾ ਮੈਦਾਨ, ਇੰਡੀਆ ਗੇਟ ਜਾਂ ਇਸ ਦੇ ਆਸ–ਪਾਸ ਆਪਣੇ ਮੁਹੱਲੇ 'ਚ ਜਲੂਸ ਕੱਢਣ ਤਕ ਲੈ ਗਿਆ। ਇਸ ਪੱਧਰ 'ਤੇ ਆ ਕੇ ਇਹ ਅਸਲ 'ਚ ਅਨੇਕਾਂ ਲੋਕਾਂ ਨੂੰ ਸੰਭਵ ਤੇ ਸਾਰਥਕ ਲੱਗਣ ਲੱਗਿਆ। ਇਸ ਅੰਦੋਲਨ 'ਚ ਆ ਰਹੇ ਲੋਕਾਂ ਦਾ ਸਿਰਫ਼ ਭ੍ਰਿਸ਼ਟਾਚਾਰ ਦੇ ਵਿਰੋਧ ਦੀ ਭਾਵਨਾ ਨਾਲ ਵਧਣਾ ਤੇ ਉਹਨਾਂ ਨੂੰ ਮੁਦੇ ਦੀ ਡੂੰਘਾਈ ਨਾਲ ਸਮਝਦਾਰੀ ਨਾ ਹੋਣਾ ਕੋਈ ਪ੍ਰੇਸ਼ਾਨੀ ਦੀ ਗੱਲ ਨਹੀਂ ਸੀ। ਅਸਲ 'ਚ ਕੋਈ ਵੀ ਅੰਦੋਲਨ ਤਦ ਤਕ ਜਨ ਅੰਦੋਲਨ ਦਾ ਰੂਪ ਧਾਰਨ ਕਰੇਗਾ ਤਾਂ ਸ਼ੁਰੂ 'ਚ ਇਹੀ ਹੋਵੇਗਾ। ਅੰਨਾ ਹਜ਼ਾਰੇ ਐਂਡ ਕੰਪਨੀ ਦੀ ਚਲਾਕੀ ਦੀ ਅਹਿਮੀਅਤ ਇਸ ਗੱਲ 'ਚ ਹੀ ਹੈ ਕਿ ਅੰਦੋਲਨ 'ਚ ਖਿੱਚੇ ਆ ਰਹੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਕੋਈ ਕੋਸ਼ਿਸ਼ ਹੀ ਨਹੀਂ ਕੀਤੀ ਗਈ। ਏਨਾ ਹੀ ਨਹੀਂ, ਇਸ ਦੇ ਠੀਕ ਉਲਟ ਉਹਨਾਂ ਦਾ ਹਿੱਤ ਇਸ ਗੱਲ ਵਿੱਚ ਸੀ ਕਿ ਅੰਦੋਲਨ 'ਚ ਇਕ

ਜੁਟ ਹੋ ਰਹੇ ਲੋਕਾਂ ਦੀ ਚੇਤੰਨਤਾ 'ਚ ਕੋਈ ਵਿਕਾਸ ਨਾ ਹੋਵੇ। ਇਹ ਕਈ ਕਾਰਨਾ ਕਰਕੇ ਜ਼ਰੂਰੀ ਸੀ। ਇਸ ਭ੍ਰਿਸ਼ਟਾਚਾਰ ਦੇ ਮੁੱਦੇ ਤੇ ਪ੍ਰਸਤਾਵਿਤ ਲੋਕ ਪਾਲ ਬਿੱਲ 'ਤੇ ਸਿੱਖਿਆ ਤੇ ਵਿਚਾਰ ਵਟਾਂਦਰੇ ਦਾ ਦੌਰ ਚਲਦਾ ਤਾਂ ਇਹ ਬਹੁਤ ਜਲਦੀ ਹੀ ਅੰਨਾ ਹਜ਼ਾਰੇ ਐਂਡ ਕੰਪਨੀ ਵਲੋਂ ਖਿਚੀਆਂ ਰੇਖਾਵਾਂ ਦੀ ਸੀਮਾਵਾਂ ਤੋਂ ਪੂਰਾ ਚਲਾ ਜਾਂਦਾ। ਜਦ ਬਹੁਤ ਜਲਦੀ ਹੀ ਅੰਦੋਲਨ 'ਚ ਸਰਗਰਮ ਅੰਨਾ ਸ਼ਕਤੀਆਂ ਬਹਿਸ ਕਿਧਰੇ ਹੋਰ ਪਹੁੰਚਾ ਦਿੰਦੀਆਂ। ਇਹੀ ਨਹੀਂ ਸਿੱਖਿਅਤ ਹੋ ਰਹੀ ਜਨਤਾ ਦੇ ਅੰਦਰੋਂ ਹੀ ਅਲੋਚਨਾਤਮਕ ਸੁਆਲ ਵਿਚ ਉਠ ਖੜ੍ਹੇ ਹੁੰਦੇ। ਤਦ ਅੰਨਾ ਹਜ਼ਾਰੇ ਐਂਡ ਕੰਪਨੀ ਦੀ ਇਹ ਯੋਜਨਾ ਅਸਫਲ ਹੋ ਜਾਂਦੀ ਜਿਸ ਦੇ ਤਹਿਤ ਅੰਦੋਲਨ ਦੀਆਂ ਨਿਸ਼ਚਿਤ ਸੀਮਾਵਾਂ 'ਚ (ਮਕਸਦ ਨਾਹਰਿਆਂ, ਸੰਘਰਸ਼ ਦੇ ਤਰੀਕੇ ਆਦਿ) ਕੈਂਦ ਰੱਖਣਾ ਸੀ ਤੇ ਜਿਸ 'ਚ ਉਹ ਸਫਲ ਰਹੇ ਸਨ। ਦੂਸਰੇ ਤਦ ਉਹ ਅੰਦੋਲਨ ਦੇ ਨੇਤਾਵਾਂ ਪ੍ਰਤੀ ਭਗਤੀ ਭਾਵ ਤੇ ਗੈਰ ਆਲੋਚਨਾਤਮਕ ਸੁਆਲ ਉਠ ਖੜ੍ਹੇ ਹੁੰਦੇ। ਤਦ ਅੰਨਾ ਹਜ਼ਾਰੇ ਕੰਪਨੀ ਦੀ ਇਹ ਯੋਜਨਾ ਅਸਫਲ ਹੋ ਜਾਂਦੀ। ਦੂਸਰੇ ਤਦ ਉਹ ਅੰਦੋਲਨ ਦੇ ਨੇਤਾਵਾਂ ਪ੍ਰਤੀ ਭਗਤੀ ਭਾਵ ਤੇ ਗੈਰ ਆਲੋਚਨਾਤਮਕ ਰੁਖ ਦਾ ਇਹ ਮਹੌਲ ਨਹੀਂ ਕਾਇਮ ਰੱਖ ਸਕਦੇ। ਜਿਸ ਦੇ ਚਲਦਿਆਂ ਉਹਨਾਂ ਦੀ ਲਗਭਗ ਕੋਈ ਗੱਲ ਨਾ ਮੰਨੇ ਜਾਣ 'ਤੇ ਵੀ ਉਹਨਾਂ ਨੇ 'ਜਿੱਤ' ਦਾ ਐਲਾਨ ਕਰ ਦਿੱਤਾ ਤਦ ਉਹਨਾਂ ਦੇ ਹਮਾਇਤੀ ਏਨੀ ਅਸਾਨੀ ਨਾਲ ਜਿੱਤ ਦੇ ਝਾਂਸੇ 'ਚ ਨਾ ਆਉਂਦੇ। ਅਸਲ 'ਚ ਪੂੰਜੀਪਤੀ ਜਮਾਤ ਦੇਲੋਕਾਂ ਵਲੋਂ ਪੂੰਜੀਵਾਦੀ ਪ੍ਰਬੰਦ 'ਚ ਸੁਧਾਰ ਲਈ ਚਲਾਏ ਜਾਣ ਵਾਲੇ ਅੰਦੋਲਨ ਦੇ ਨੇਤਾਵਾਂ ਵਲੋਂ ਇਸ ਤਰ੍ਹਾਂ ਦਾ ਵਰਤਾਅ ਇਕ ਦਮ ਲਾਜਮੀ ਹੈ। ਉਹਨਾਂ ਨੂੰ ਅਜਿਹਾ ਹੀ ਕਰਨਾ ਚਾਹੀਦਾ ਸੀ ਨਹੀਂ ਤਾਂ ਅੰਦੋਲਨ 'ਚ ਖਿਚੀ ਗਈ ਜਨਤਾ ਉਹਨਾਂ ਦੀਆਂ ਹੱਦਾਂ ਤੋੜ ਕੇ ਅੱਗੇ ਨਿਕਲ ਜਾਵੇਗੀ। ਇਸ ਕੇਸ 'ਚ ਅੰਨਾ ਹਜ਼ਾਰੇ ਐਂਡ ਕੰਪਨੀ ਨੇ ਨਿਸ਼ਚੈ ਹੀ ਗਾਂਧੀ ਦੀ ਨਕਲ ਕੀਤੀ। ਗਾਂਧੀ ਨੇ 1921 'ਚ ਅਸਹਿਯੋਗ ਅੰਦੋਲਨ ਸਮੇਂ 1942 ਦੇ ਭਾਰਤ ਛੱਡੋ ਅੰਦੋਲਨ' ਤਕ ਸਵਰਾਜ ਦੇ ਨਾਹਰੇ ਤਹਿਤ ਆਪਣੀਆਂ ਸਰਗਰਮੀਆਂ ਚਲਾਈਆਂ ਪਰ ਉਹਨਾਂ ਨੇ ਸਵਰਾਜ ਨੂੰ ਕਦੀ ਪ੍ਰਭਾਸ਼ਿਤ ਨਹੀਂ ਕੀਤਾ। ਇਸ ਕਾਰਨ ਸਵਰਾਜ ਦੇ ਵੀਹ ਅਰਥ ਨਿਕਲ ਸਕਦੇ ਸਨ ਤੇ ਅੰਦੋਲਨ 'ਚ ਸ਼ਾਮਲ ਜਨਤਾ ਵੱਖ-ਵੱਖ ਅਰਥ ਕੱਢਦੀ ਸੀ। ਗਾਂਧੀ ਵੱਖ-ਵੱਖ ਸਮੇਂ ਵੱਖ-ਵੱਖ ਵਿਆਖਿਆ ਕਰ ਦਿੰਦੇ ਸੀ। 1930 ਦੀਆਂ ਗਾਂਧੀ ਦੀਆਂ ਮੰਗਾਂ ਦਾ ਅੰਗਰੇਜੀ ਰਾਜ ਦੇ ਖਾਤਮੇ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਸਵਰਾਜ ਦੀ ਅਸਪਸ਼ਟ ਧਾਰਨਾ ਤੇ ਅੰਦੋਲਨ ਨੂੰ ਹੱਦਾਂ 'ਚ ਕਾਇਮ ਰੱਖਦਿਆਂ ਲੋਕਾਂ ਨੇ ਨਿਸ਼ਚਿਤ ਕੀਤਾ ਕਿ ਅੰਦੋਲਨ 'ਚ ਟੁੱਟਦੀਆਂ ਤਾਂ ਉਹ ਅੰਦੋਲਨ ਵਾਪਸ ਲੈ ਲੈਂਦੇ ਜਿਵੇਂ 1922 ਦੇ ਚੋਰਾ ਚੋਰੀ ਕਾਂਡ ਪਿੱਛੋਂ ਹੋਇਆ, ਪਰ ਮਜ਼ਦੂਰ ਜਮਾਤ ਦੇ ਇਨਕਲਾਬੀ ਅੰਦੋਲਨ ਸਬੰਧੀ ਇਹ ਰੁਖ ਨਹੀਂ ਅਪਣਾ ਸਕਦੇ। ਲੋਕ ਸੰਘਰਸ਼ ਵਿਕਸਤ ਕਰਨ ਲਈ ਉਹਨਾਂ ਨੇ ਮੁੱਦਿਆਂ ਨੂੰ ਤੀਖਣਤਾ ਨਾਲ ਟਿਕ ਕੇ ਉਹਨਾਂ ਨੂੰ ਠੋਸ ਨਾਹਰਿਆਂ ਤੇ ਠੋਸ ਤਰੀਕਿਆਂ 'ਚ ਢਾਲਣਾ ਪੈਣਾ ਹੈ। ਲੋਕਾਂ ਨੂੰ ਸਿੱਖਿਅਤ ਕਰਨਾ ਪਵੇਗਾ। ਇਹ ਅੰਨੇ ਭਗਤਾ ਰਾਹੀਂ ਆਪਣਾ ਮਕਸਦ ਹਲ ਨਹੀਂ ਕਰ ਸਕਦੇ। ਜ਼ਰੂਰੀ ਹੈ ਕਿ ਮਜ਼ਦੂਰ ਆਪਣੀ ਹੋਣੀ ਦੇ ਮਾਲਕ ਆਪ ਬਣਨ। ਉਹਨਾਂ ਵਖਰੇ ਕੋਣ ਤੋਂ ਕੀਤੀ ਜਾਵੇ। ਇਸ 'ਚ ਇਨਾਂ ਵਰਗੇ ਪੂੰਜੀਵਾਦ ਪ੍ਰਬੰਦ ਦੇ ਪਾਲਣਹਾਰਿਆਂ ਤੇ ਮਜ਼ਦੂਰ ਜਮਾਤ ਦੇ ਕਾਰਕੁੰਨ 'ਚ ਮੂਲ ਫਰਕ ਹੈ।

# ਮਣੀਪੁਰ ’ਚ ਆਰਥਿਕ ਨਾਕਾਬੰਦੀ ਕਦੋਂ ਤੱਕ?

ਮਣੀਪੁਰ ’ਚ ਕਈ ਮਹੀਨਿਆਂ ਤੋਂ ਜਾਰੀ ਆਰਥਿਕ ਨਾਕਾਬੰਦੀ ਨੇ ਇੰਫਾਲ ਘਾਟੀ ਦੇ ਸਮੇਤ ਪੂਰੀ ਮਣੀਪੁਰ ਦੇ ਜੀਵਨ ਨੂੰ ਬੁਰੀ ਤਰ੍ਹਾਂ ਨਾਲ ਤਹਿਸ-ਨਹਿਸ ਕਰ ਦਿੱਤਾ ਹੈ। ਮਣੀਪੁਰ ਫਿਰ ਇਕ ਅਜਿਹੇ ਮੋੜ ’ਤੇ ਖੜ੍ਹਾ ਹੈ ਕਿ ਜਿਥੇ ਕਿਸੇ ਵੀ ਸਮੇਂ ਵਿਆਪਕ ਹਿੰਸਾ ਫੈਲ ਸਕਦੀ ਹੈ। ਇੰਫਾਲ ਘਾਟੀ ਸਮੇਤ ਪੂਰੇ ਰਾਜ ’ਚ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਆਕਾਸ਼ ਛੂਹ ਰਹੀਆਂ ਹਨ। ਮਜ਼ਦੂਰਾਂ, ਕਿਸਾਨਾਂ ਤੇ ਹੋਰ ਮੇਹਨਤਕਸ਼ਾਂ ਦਾ ਜਿਉਣਾ ਦੂਭਰ ਹੋ ਚੁੱਕਿਆ ਹੈ। ਦਵਾਈਆਂ ਦੀ ਕਿੱਲਤ ਹੋ ਚੁੱਕੀ ਹੈ ਅਤੇ ਚਾਰ ਸੌ ਰੁਪਏ ਦਾ ਸਿਲੰਡਰ 2000 ਰੁਪਏ ’ਚ ਵਿੱਕ ਰਿਹਾ ਹੈ, ਤਾਂ ਆਲੂ 50 ਰੁਪਏ ਕਿਲੋ। ਪੈਟਰੋਲ ਪੰਪ ਘੰਟੇ ਦੋ ਘੰਟਿਆਂ ਲਈ ਹੀ ਖੁਲ੍ਹਦੇ ਹਨ ਤੇ ਰੇਟ 150-200 ਰੁਪਏ ਪ੍ਰਤੀ ਲਿਟਰ ਹੁੰਦਾ ਹੈ। ਦੋਨੋ ਕੌਮੀ ਰਾਜ ਮਾਰਗਾਂ ’ਤੇ ਸੈਂਕੜੇ ਮੀਲ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਕੇਂਦਰ ਤੇ ਰਾਜ ਸਰਕਾਰਾਂ ਬੜੀ ਢੀਠਤਾਈ ਨਾਲ ਇਸ ਨਾਕਾਬੰਦੀ ਬਾਰੇ ਚੁਪ ਧਾਰੀ ਬੈਠੀਆਂ ਹਨ ਅਤੇ ‘ਰੋਮਜਲ ਰਿਹਾ ਹੈ। ਨੀਰੋ ਬੰਸਰੀ ਵਜਾ ਰਿਹਾ ਹੈ’, ਦੀ ਤਰਜ ’ਤੇ ਕੰਮ ਕਰ ਰਹੀਆਂ ਹਨ। ਮਣੀਪੁਰ ਦੇ ਮੌਜੂਦਾ ਹਾਲਾਤ ਦਾ ਫੌਰੀ ਕਾਰਨ ਇਹ ਹੈ ਕਿ ਲਗਭਗ $2^1/_2$ ਮਹੀਨੇ ਪਹਿਲਾਂ 31 ਜਲਾਈ ਨੂੰ ਦੂਜੀ ਜਨਜਾਤੀ ਦੇ ਲੋਕਾਂ ਨੇ ਕੂਕੀ ਬਹੁਗਿਣਤੀ ਇਲਾਕੇ ਸਦਰ ਹਿਦਸ ਨੂੰ ਇਕ ਵੱਖਰਾ ਜ਼ਿਲ੍ਹਾ ਬਣਾਉਣ ਦੀ ਮੰਗ ਸਬੰਧੀ ਕੌਮੀ ਰਾਜ ਮਾਰਗ 39 ਨੂੰ ਬੰਦ ਕਰ ਦਿੱਤਾ ਸੀ। ਕੂਕੀ ਜਾਤੀ ਦੀ ਵੱਖਰਾ ਜ਼ਿਲ੍ਹਾ ਬਣਾਉਣ ਦੀ ਇਹ ਮੰਗ ਬਹੁਤ ਪੁਰਾਣੀ ਹੈ। ਇਸ ਮੰਗ ਦਾ ਇਸ ਇਲਾਕੇ ’ਚ ਰਹਿਣ ਵਾਲੀ ਨਗਾ ਜਨਜਾਤੀ ਨੇ ਬੇਹੱਦ ਵਿਰੋਧ ਕੀਤਾ ਅਤੇ ਉਹਨਾਂ ਨੇ ਦੂਜੇ ਕੌਮੀ ਰਾਜ ਮਾਰਗ 53 ਨੂੰ 21 ਦਿਨ ਲਈ ਬੰਦ ਕਰ ਦਿੱਤਾ। ਇਸ ਤਰ੍ਹਾਂ ਇੰਫਾਲ ਘਾਟੀ ਨੂੰ ਭਾਰਤ ਨਾਲ ਜੋੜਨ ਵਾਲੇ ਰਾਜ ਮਾਰਗਾਂ ਦੇ ਬੰਦ ਹੁੰਦੇ ਹੀ ਜ਼ਰੂਰੀ ਚੀਜ਼ਾਂ ਸਮੇਤ ਸਾਰੀਆਂ ਵਸਤੂਆਂ ਦੀ ਆਵਾਜਾਈ ਬੰਦ ਹੋ ਗਈ। ਮਣੀਪੁਰ ਨੇ ‘ਇਤਜ਼ਾਰ ਕਰੋ ਤੇ ਵੇਖੋ’ ਦੀ ਚੁਪ ਰਾਜਨੀਤੀ ਅਪਣਾ ਕੇ ਹਾਲਤ ਨੂੰ ਬਦ ਤੋਂ ਬਦਤਰ ਹੋਣ ਵੱਲ ਧੱਕ ਦਿੱਤਾ ਹੈ। ਨਗਾ ਜਨਜਾਤੀ ਸਦਰ ਹਿਤਸ ਨੂੰ ਵਖਰਾ ਜ਼ਿਲ੍ਹਾ ਬਣਾਉਣ ਦਾ ਵਿਰੋਧ ਇਸ ਅਧਾਰ ’ਤੇ ਕਰ ਰਹੀ ਹੈ ਕਿ ਉਸ ਨੂੰ ਇਹ ਨਗਾ ਲੋਕਾਂ ਨੂੰ ਅਲੱਗ ਥਲੱਗ ਕਰਨ ਤੇ ਮਹਾਂਨਗਾ ਲੈਂਡ (ਗ੍ਰੇਟਰ ਨਗਾਲਿੰਮ) ਦੀ ਮੰਗ ਖਿਲਾਫ਼ ਲਗਦਾ ਹੈ। ਧਿਆਨ ਰਹੇ ਨਗਾ ਜਨ ਜਾਤੀ ਦੇ ਲੋਕਾਂ ਦੇ ਸੰਘਰਸ਼ ਦੀ ਧਾਰ ਨੂੰ ਖੁੰਢਾ ਕਰਨ ਲਈ ਭਾਰਤ ਦੇ ਹਾਕਮਾ ਨੇ ਉਹਨਾਂ ਨੂੰ ਕਈ ਸੂਬਿਆਂ ’ਚ ਵੰਡ ਦਿੱਤਾ ਸੀ। ਪ੍ਰਦੇਸ਼ ਸਮੇਤ ਗੁਆਂਢੀ ਦੇਸ਼ ਮਿਆਂਮਰ ’ਚ ਫੈਲੇ ਹੋਏ ਹਨ। ਉਹ ਇਹਨਾਂ ਸਭ ਖੇਤਰਾਂ ਨੂੰ ਇਕ ਕਰਕੇ ਆਤਮ ਨਿਰਣੇ ਦੇ ਅਧਿਕਾਰ ਦੀ ਮੰਗ ਵਾਂਗੂੰ ਇਕ ਵਖਰੇ ਦੇਸ਼ ਦੀ ਮੰਗ ਕਰ ਰਹੇ ਹਨ। ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਗਾਲੈਂਡ (ਐਨ ਐਸ ਸੀ ਐਨ) ਦੇ ਵੱਖ-ਵੱਖ ਵੱਡੇ ਦਹਾਕਿਆਂ ਤਕ ਇਸ ਲਈ ਹਥਿਆਰਬੰਦ ਸੰਘਰਸ਼ ਕਰਦੇ ਰਹੇ ਹਨ। ਮਣੀਪੁਰ ਦੇ ਸਦਰ ਹਿਤਸ ਨੂੰ ਵੱਖਰਾ ਜ਼ਿਲ੍ਹਾ ਬਣਾਉਣ ਦੀ ਕੂਕੀ ਜਨਜਾਤੀ ਦੇ ਲੋਕਾਂ ਦੀ ਮੰਗ ਨੂੰ ਉਹ ਆਪਣੀ ਮਾਤਭੂਮੀ ਨੂੰ ਵੰਡਣ ਵਜੋਂ ਵੇਖਦੇ ਹਨ। ਭਾਰਤੀ ਹਾਕਮ ਜਮਾਤ ਦੀਆਂ ਚਾਲਾਂ ਤੇ ਦਮਨ ਕਾਰਨ ਇਸ ਨਾਲ ਮਣੀਪੁਰ ’ਚ ਵੱਖ ਵੱਖ ਜਨਜਾਤੀ ਸਮੂਹਾਂ ਵਿਚਕਾਰ ਬੇਵਿਸਵਾਸ਼ੀ ਤੇ ਤਣਾਅ ਲਗਾਤਾਰ ਡੂੰਘਾ ਹੁੰਦਾ ਗਿਆ

ਹੈ।

ਮਣੀਪੁਰ ਦੇ ਪ੍ਰਮੁਖ ਤਾਕਤਵਰ ਮੈਤਈ ਫਿਰਕੇ ਜੋ ਕਿ ਇੰਫਾਲ ਘਾਟੀ ’ਚ ਵਸੇ ਹੋਏ ਹਨ ਦੇ ਨਾਲ ਵੀ ਕੂਕੀ ਤੇ ਨਗਾ ਜਨਜਾਤੀਆਂ ਦੀਆਂ ਤਿੱਖੀਆਂ ਅੰਤਰ ਵਿਰੋਧ ਤਾਈਆਂ ਬਣੀਆਂ ਹੋਈਆਂ ਹਨ। ਦਹਾਕਿਆਂ ਤੋਂ ਭਾਰਤੀ ਹਾਕਮ ਜਮਾਤ ਨੇ ਆਰਮਡ ਫੋਰਸਿਸ ਸਪੈਸ਼ਲ ਪਾਵਰ ਐਕਟ ਤੇ ਡਿਸਟਰਬਡ ਏਰੀਆ ਐਕਟ ਵਰਗੇ ਕਾਲੇ ਕਾਨੂੰਨਾ ਤੇ ਫ਼ੌਜ ਦੇ ਦਮ ’ਤੇ ਹੀ ਆਪਣੀ ਅਜ਼ਾਰੇਦਾਰੀ ਕਾਇਮ ਕੀਤੀ ਹੋਈ ਹੈ। ਢਾਈ ਮਹੀਨਿਆਂ ਤੋਂ ਜਾਰੀ ਇਸ ਆਰਥਿਕ ਨਾਕਾਬੰਦੀ ਤੋਂ ਪਹਿਲਾਂ ਵੀ ਮਣੀਪੁਰ ’ਚ ਲੰਮੇ ਸਮੇਂ ਲਈ ਨੈਸ਼ਨਲ ਹਾਈਵੇ ਨੂੰ ਬੰਦ ਕੀਤਾ ਜਾ ਚੁੱਕਿਆ ਹੈ। 18 ਮਾਰਚ 2005 ਨੂੰ ਜਦ ਮਣੀਪੁਰ ਦੀ ਸਰਕਾਰ ਨੇ ‘ਏਕਤਾ ਦਿਵਸ’ ਮਨਾਉਣ ਦਾ ਸੱਦਾ ਦਿੱਤਾ ਤਕ ਕੁੱਲ ਹਿੰਦ ਨਗਾ ਵਿਦਿਆਰਥੀ ਯੂਨੀਅਨ ਦੇ ਸੱਦੇ ’ਤੇ 52 ਦਿਨਾਂ ਤਕ ਆਰਥਿਕ ਨਾਕਾਬੰਦੀ ਹੋਈ ਸੀ। ਇਸ ਤਰ੍ਹਾਂ 2010 ’ਚ ਵੀ ਨਗਾ ਜਥੇਬੰਦੀਆਂ ਨੇ ਐਨ ਐਸ ਸੀ ਐਨ ਦੇ ਜਨਰਲ ਸਕੱਤਰ ਦੀ ਮੁਸ਼ਵਾ ਦੇ ਮਣੀਪੁਰ ’ਚ ਸੂਬੇ ਦੀ ਪਾਬੰਦੀ ਖਿਲਾਫ਼ ਵੀ 68 ਦਿਨਾਂ ਤਕ ਆਰਥਿਕ ਨਾਕਾਬੰਦੀ ਕੀਤੀ ਗਈ ਸੀ। ਮਣੀਪੁਰ ’ਚ 2012 ਦੇ ਫਰਵਰੀ ਮਹੀਨੇ ’ਚ ਵਿਧਾਨ ਸਭਾ ਚੋਣਾ ਹਨ ਤੇ ਉਸ ਵਕਤ ਇਥੇ ਲੋਕਰਾਮ ਈ. ਓ. ਬੀ. ਸਿੰਘ ਦੀ ਅਗਵਾਈ ’ਚ ਕਾਂਗਰਸ ਦੀ ਅਗਵਾਈ ਵਾਲੀ ਗੱਠਜੋੜ ਦੀ ਸਰਕਾਰ ਹੈ। ਆਉਣ ਵਾਲੀਆਂ ਚੋਣਾਂ ਨੂੰ ਵੇਖਦਿਆਂ ਕੇਂਦਰ ਤੇ ਰਾਜ ਸਰਕਾਰ ਕਿਸੇ ਵੀ ਸਖ਼ਤ ਕਦਮ ਚੁੱਕਣ ਤੋਂ ਬਚ ਰਹੀ ਹੈ। ਉਥੇ ਲੋੜ ਜਦ ਕਿ ਰਾਜਸੀ ਕਦਮ ਤੇ ਪਹਿਲ ਕਦਮੀ ਦੀ ਹੈ। ਉਥੇ ਕੇਂਦਰ ਤੇ ਸੂਬਾਈ ਸਰਕਾਰ ਮਣੀਪੁਰ ਨੂੰ ਲਗਾਤਾਰ ਇਕ ਅਜਿਹੀ ਦਿਸ਼ਾ ’ਚ ਧੱਕ ਰਹੀ ਹੈ ਜਿਥੇ ਆਮ ਲੋਕ ਆਪਸ ’ਚ ਲੜਣ ਲੱਗਣ। ਮਣੀਪੁਰ ਦੀ ਸਮੱਸਿਆ ਅਸਲ ਵਿੱਚ ਉਮਰ ਪੂਰਬ ਭਾਰਤ ਸਮੇਤ ਪੂਰੇ ਦੇਸ਼ ਦੀ ਸਮੱਸਿਆ ਹੈ। ਜਿਸ ਦੀ ਜੜ੍ਹ ’ਚ ਭਾਰਤ ਦੀ ਹਾਕਮ ਜਮਾਤ ਵਲੋਂ ਕੌਮੀਅਤ ਦੇ ਆਤਮ ਨਿਰਣੇ ਦੇ ਅਧਿਕਾਰ ਨੂੰ ਮਾਨਤਾ ਦੇਣ ਦੀ ਥਾਂ ਜੋਰ ਜ਼ਬਰਦਸਤੀ ਸਾਜਿਸ਼ ਤੇ ਅਤਿਆਚਾਰ ਰਾਹੀਂ ਕਿਸੇ ਤਰ੍ਹਾਂ ਨਾਲ ਆਪਣਾ ਕਬਜਾ ਬਰਕਰਾਰ ਰੱਖਣ ਦੀ ਹੈ। ਜਿਸ ਕਾਰਣ ਦੱਬੀਆਂ ਤੇ ਪਿਛੜੀਆਂ ਕੌਮੀਅਤਾਂ ਦੀ ਲੁਟ ਘਸੁੱਟ ਵਧਦੀ ਹੀ ਗਈ ਹੈ।

# ਪੁਲਸੀ ਤਸੀਹਿਆਂ ਦਾ ਸੱਚ ਏਨਾ ਕੌੜਾ ਕਿਉਂ?

ਛਤੀਸ਼ਗੜ੍ਹ ਤਾਂ ਕੀ, ਪੂਰੇ ਦੇਸ਼ ਦੀ ਪੁਲਸ ਸਾਥੋਂ ਇਹ ਮੰਨਣ ਦੀ ਆਸ ਰੱਖਦੀ ਹੈ ਕਿ ਲੋਕ ਜਾਣ ਬੁਝ ਕੇ ਆਪਣਾ ਸਿਰ ਤੇ ਲੱਕ ਤੋੜਣ ਲਈ ਥਾਣੇ ਦੇ ਗੁਸਲਖਾਨੇ 'ਚ ਡਿੱਗ ਪੈਂਦੇ ਹਨ ਤਾਂ ਕਿ ਪੁਲਸ ਉਪਰ ਹਿਰਾਸਤ 'ਚ ਤਸ਼ਦਦ ਦਾ ਦੋਸ਼ ਲਾਇਆ ਜਾ ਸਕੇ। ਛਤੀਸ਼ਗੜ੍ਹ ਪੁਲਸ ਕਹਿੰਦੀ ਹੈ ਕਿ ਮਾਓਵਾਦੀ ਪ੍ਰਭਾਵਿਤ ਦਾਂਤੇਵਾੜਾ ਜ਼ਿਲ੍ਹੇ ਦੇ ਜਬੇਲੀ ਪਿੰਡ ਦੀ ਸਰਕਾਰੀ ਧਰਮਸ਼ਾਲਾ 'ਚ ਅਧਿਆਪਕਾ ਸੋਨੀ ਸੋਰੀ ਨੂੰ ਲੱਕ ਤੇ ਸਿਰ ਦੀ ਸੱਟ ਥਾਣੇ ਦੇ ਗੁਸਲਖਾਨੇ ਵਿੱਚ ਆਪਣੇ ਆਪ ਡਿੱਗਣ ਨਾਲ ਆਈ ਹੈ। ਜਿਸ ਵਿੱਚ ਪੁਲਸ ਦਾ ਕੋਈ ਹੱਥ ਨਹੀਂ। ਦਰਦ ਨਾਲ ਵਿਲਕਦੀ, ਬੇਹੋਸ਼ੀ 'ਚ ਡੁਬਦੀ-ਉਤਰਦੀ ਜੀਪ ਅੰਦਰ ਪੁਲਸ ਦੇ ਘੇਰੇ 'ਚ ਜਖ਼ਮੀ ਪਸਰੀ ਸੋਨੀ ਹੀ ਕਿਉਂ ਕੋਈ ਵੀ ਵਿਚਾਰੀ ਔਰਤ ਕਿਸੇ ਮੈਜਿਸਟਰੇਟ ਦੇ ਬਾਬੂ ਅਤੇ ਆਪਣੇ ਵਕੀਲ ਦੇ ਸਾਹਮਣੇ ਪੁਲਸ ਦੇ ਰਟੇ ਰਟਾਏ ਸ਼ਬਦ ਕਿਉਂ ਨਹੀਂ ਦੁਹਰਾਏਗੀ ਤਾਂ ਹੋਰ ਕੀ ਕਰੂ? ਹਾਲਾਂਕਿ ਉਥੇ ਮੌਜੂਦ ਸੋਨੀਆ ਦੇ ਭਾਈ ਅਨੁਸਾਰ ਉਸ ਦੀ ਭੈਣ ਨੇ ਉਸ ਨੂੰ ਗੱਡੀ 'ਚ ਦੱਸਿਆ ਸੀ ਕਿ ਥਾਣੇ 'ਚ ਉਸ ਦੇ ਨਹੁੰਆਂ 'ਚ ਬਿਜਲੀ ਦਾ ਕਰੰਟ ਮਾਰਿਆ ਗਿਆ ਸੀ ਜਿਸ ਨਾਲ ਉਹ ਬੇਹੋਸ਼ ਹੋ ਗਈ ਸੀ। ਦਿਲੀ 'ਚ ਗ੍ਰਿਫ਼ਤਾਰ ਸੋਨੀ ਨੂੰ ਕਾਨੂੰਨ ਕੁਝ ਦਿਨ ਹੀ ਹਿਰਾਸਤ ਪਿੱਛੋਂ ਦਾਂਤੇਵਾੜਾ 'ਚ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ ਜਾਣਾ ਸੀ। ਹਿਰਾਸਤ ਦੌਰਾਨ ਸਿਰ ਤੇ ਰੀੜ ਦੀ ਬੁਰੀ ਸੱਟ ਦੇ ਨਾਲ ਜਖ਼ਮੀ ਸੋਨੀ ਕਿਉਂਕਿ ਉਸ ਦਿਨ ਅਦਾਲਤ ਅੰਦਰ ਪੈਦਲ ਜਾਣ ਦੀ ਹਾਲਤ 'ਚ ਨਹੀਂ ਸੀ। ਇਸ ਲਈ ਮੈਜਿਸਟਰੇਟ ਨਾਲ ਬਾਹਰ ਆ ਕੇ ਉਸ ਦਾ ਬਿਆਨ ਲੈਣਾ ਚਾਹੀਦਾ ਸੀ ਪਰ ਇਹ ਮਹੱਤਵਪੂਰਨ ਅਮਲ ਪਤਾ ਨਹੀਂ ਕਿਉਂ ਮੈਜਿਸਟਰੇਟ ਦੇ ਰੀਡਰ ਨੂੰ ਸੌਂਪੀ ਗਈ। ਹੁਣ ਜਰਾ ਦਿੱਲੀ ਚਲੀਏ ਜਿੱਥੇ 4 ਅਕਤੂਬਰ ਨੂੰ ਛਤੀਸ਼ਗੜ੍ਹ ਤੇ ਦਿਲੀ ਦੇ ਇੱਕ ਸਾਂਝੇ ਅਪਰੇਸਨ 'ਚ ਸੋਨੀ ਗ੍ਰਿਫ਼ਤਾਰ ਕੀਤੀ ਗਈ ਸੀ। ਛਤੀਸ਼ਗੜ੍ਹ ਪੁਲਸ ਦੇ ਇਸ ਦੋਸ਼ 'ਚ ਕਿ ਉਹ ਮਾਓਵਾਦੀਆਂ ਨੂੰ ਇਸ ਵਾਰ ਸਨਅਤੀ ਸਮੂਹ ਤੋਂ ਮਿਲਿਆ ਪੈਸਾ ਪਹੁੰਚਾਉਂਦੀ ਸੀ। ਕੌਮੀ ਰਾਜਧਾਨੀ 'ਚ ਹੇਠਲੀ ਅਦਾਲਤ ਤੇ ਉਚ ਅਦਾਲਤ ਨੇ ਸੋਨੀ ਨੂੰ ਅੰਤਰਿਮ ਜਮਾਨਤ ਨਾ ਦੇ ਕੇ ਛਤੀਸ਼ਗੜ੍ਹ ਪੁਲਸ ਨੂੰ ਤਿੰਨ ਦਿਨ ਦਾ ਰਿਮਾਂਡ ਦੇ ਦਿੱਤਾ ਸੀ। ਹਾਲਾਂਕਿ ਉਸ ਨੂੰ ਡਰ ਸੀ ਕਿ ਇਹ ਛਤੀਸ਼ਗੜ੍ਹ ਵਿੱਚ ਤਸੀਹਿਆਂ ਦਾ ਸ਼ਿਕਾਰ ਹੋ ਸਕਦੀ ਹੈ। ਤੇ ਉਸ ਦੀ ਜਾਨ ਤਕ ਲਈ ਜਾ ਸਕਦੀ ਹੈ। ਅਦਾਲਤਾਂ ਨੇ ਕਿਹਾ ਸੀ ਕਿ ਤਤਕਲੀਨ ਪੜਾਅ 'ਚ ਉਹ 'ਕਾਨੂੰਨੀ ਅਮਲ' 'ਚ ਦਖਲ ਅੰਦਾਜ਼ੀ ਨਹੀਂ ਕਰੇਗੀ ਹਾਲਾਂਕਿ ਉਹ ਅਦਾਲਤ ਨੇ ਇਹ ਨਿਰਦੇਸ਼ ਜ਼ਰੂਰ ਦਿੱਤਾ ਛਤੀਸ਼ਗੜ੍ਹ ਪੁਲਸ ਅਦਾਲਤ ਨੂੰ ਕੁਝ ਦਿਨ 'ਚ ਦੱਸੇ ਕਿ ਸੋਨੀਆ ਦੀ ਹਾਲਤ ਕੀ ਹੈ ਤੇ ਉਸ ਦੀ ਰਾਖੀ ਯਕੀਨੀ ਬਣਾਵੇ, ਪਰ ਆਪਣੇ ਕਪਤਾਨ ਅੰਕਿਤ ਗਰਗ ਦੇ ਅਧੀਨ ਦਾਂਤੇਵਾੜਾ ਪੁਲਸ ਨੇ ਇਹ ਫਰਜ ਨਹੀਂ ਨਿਭਾਇਆ। ਰਾਜ ਤੇ ਮਾਓਵਾਦੀਆਂ ਦੇ ਜੰਗਲ ਯੁੱਧ ਵਿੱਚ ਫਸੀ ਸੋਨੀ ਤੇ ਉਸ ਵਰਗੇ ਸੈਂਕੜੇ ਆਦੀਵਾਸੀਆਂ ਲਈ 'ਕਾਨੂੰਨੀ ਅਮਲ' ਦਾ ਮਤਲਬ ਸਰੀਰਕ ਤੇ ਮਾਨਸਿਕ ਤਸੀਹੇ ਹੈ। ਚਾਹੇ ਉਹ ਪੁਲਸ ਹਿਰਾਸਤ 'ਚ ਦਿੱਤੇ ਜਾਣ ਜਾਂ ਥਕਾਊ ਅਰਜੀਆਂ ਤੇ ਪਟੀਸ਼ਨਾਂ ਰਾਹੀਂ ਮਿਲਣ। ਸੋਨੀ 11 ਅਕਤੂਬਰ ਨੂੰ ਆਪਣੇ ਚੋਟੀ ਦੇ ਇਲਾਜ ਲਈ ਬਸਤਰ ਦੇ ਇਕ ਹਸਪਤਾਲ

'ਚ ਦਾਖਲ ਕੀਤੀ ਗਈ। ਉਥੇ ਉਸ ਨੇ ਭੁਖ ਹੜਤਾਲ ਸ਼ੁਰੂ ਕੀਤੀ ਕਿਉਂਕਿ ਵਿਰੋਧ ਦਾ ਮੁੱਦਾ ਉਸ 'ਚ ਅਜੇ ਜਿਉਂਦਾ ਸੀ। ਸੋਨੀ 'ਤੇ ਮਾਓਵਾਦੀ ਹਿੰਸਾ ਦੇ ਪੰਜ ਮੁਕਦਮੇ ਮੜ ਦਿੱਤੇ ਗਏ। ਮਾਓਵਾਦੀ ਹੋਣ ਦੇ ਦੋਸ਼ 'ਚ ਉਸ ਦਾ ਪਤੀ ਗ੍ਰਿਫ਼ਤਾਰ ਹੈ ਅਤੇ ਭਤੀਜੇ ਲਿੰਗਰਾਮ ਕੋਡੋਪੀ ਨੂੰ ਵੀ ਮਾਓਵਾਦੀ ਵਸੂਲੀ ਕਰਤਾ ਦੱਸ ਕੇ ਜ਼ੇਲ੍ਹ 'ਚ ਸੁੱਟ ਦਿੱਤਾ ਗਿਆ ਹੈ। ਪੁਲਸ ਅਨੁਸਾਰ ਸੋਨੀ ਜਾਂ ਤਾਂ ਮਾਓਵਾਦੀਆਂ ਦੀ ਹਮਦਰਦ ਹਾਲਾਂਕਿ ਮਾਓਵਾਦੀਆਂ ਨੇ ਕੁਝ ਦਿਨ ਪਹਿਲਾਂ ਪੁਲਸ ਦਾ ਮੁਖਬਰ ਹੋਣ ਦੇ ਦੋਸ਼ 'ਚ ਉਸ ਦੇ ਪਿਤਾ ਦੇ ਪੈਰ 'ਚ ਗੋਲੀ ਮਾਰ ਦਿੱਤੀ ਸੀ। ਖੁਦ ਸੋਨੀ ਨੂੰ ਵੀ ਇਸ ਲਈ ਧਮਕਾਇਆ ਗਿਆ ਸੀ ਕਿ ਉਸ ਨੇ ਆਪਣੇ ਆਸ਼ਰਮ 'ਚ ਭਾਰਤੀ ਤਿਰੰਗਾ ਲਾਹ ਕੇ ਮਾਓਵਾਦੀਆਂ ਦਾ ਲਾਲ ਝੰਡਾ ਲਹਿਰਾਉਣ ਤੋਂ ਇਨਕਾਰ ਕਰ ਦਿੱਤਾ ਸੀ। ਸੋਨੀ ਕਹਿੰਦੀ ਹੈ ਕਿ ਪੁਲਸ ਉਸ ਦੇ ਅਤੇ ਲਿੰਗਰਾਮ ਦੇ ਪਿੱਛੇ ਹੱਥ ਧੋ ਕੇ ਇਸ ਲਈ ਪੈ ਗਈ ਹੈ ਕਿ ਦੋਨੋਂ ਪੁਲਸ ਦੇ ਮੁਖਬਰ ਤੇ ਟੱਟੂ ਬਣਨ ਲਈ ਨਹੀਂ ਮੰਨੇ। ਜਦ ਲਿੰਗਾਰਮ ਨੂੰ ਪਿਛਲੀ ਵਾਰੀ ਪੁਲਸ ਨੇ ਦੋ ਮਹੀਨਿਆਂ ਤਕ ਗੈਰ ਕਾਨੂੰਨੀ ਹਿਰਾਸਤ 'ਚ ਰੱਖਿਆ ਤਦ ਹਿੰਮਤਵਾਰ ਸੋਨੀ ਨੇ ਹੀ ਸੁਪਰੀਮ ਕੋਰਟ ਰਾਹੀਂ ਉਸ ਨੂੰ ਛੁਡਵਾਇਆ ਸੀ। ਪਿਛੋਂ ਪਤ੍ਰਕਾਰ ਵਜੋਂ ਸਿੱਖਿਅਤ ਲਿਗਾਰਾਮ ਨੇ ਦਾਂਤੇਵਾੜਾ ਦੇ ਪਿੰਡਾਂ 'ਚ ਪੁਲਸ ਅਤਿਆਚਾਰਾਂ ਦੀ ਵੀਡੀਓ ਗ੍ਰਾਫੀ ਕਰਕੇ ਸੀ. ਬੀ. ਆਈ. ਨੂੰ ਸਬੂਤ ਮੁਹੱਈਆ ਕਰਾਉਣ ਦੀ ਪੇਸਕਸ਼ ਦੀ ਹਿੰਮਤ ਕੀਤੀ। ਇਸ ਲਈ ਸੋਨੀ ਅਨੁਸਾਰ ਪੁਲਸ ਨੇ ਦੋਨਾ ਨੂੰ ਨਜਿੱਠਣ ਤੇ ਤੰਗ ਪ੍ਰੇਸ਼ਾਨ ਕਰਨ ਦਾ ਫੈਸਲਾ ਲਿਆ। ਨੈਤਿਕ ਹਿੰਮਤ ਦੇ ਜੁਆਬ 'ਚ ਆਪਣੇ ਦੇਸ਼ ਦੀ ਪੁਲਸ ਅਕਸਰ ਕਾਨੂੰਨ ਅਮਲ ਦਾ ਡੰਡਾ ਫੇਰਦੀ ਹੈ।

ਸੋਨੀ ਖਿਲਾਫ਼ ਕੁਝ ਮੁਕਦਮੇ ਦਰਜ ਕਰਕੇ ਛੱਡ ਦਿੱਤੇ ਗਏ ਫਿਰ ਉਸ ਨੂੰ ਅਚਾਨਕ ਭਗੌੜਾ ਕਰਾਰ ਦਿੱਤਾ ਗਿਆ ਹਾਲਾਂਕਿ ਉਹ ਆਸ਼ਰਮ ਦੀ ਪ੍ਰਧਾਨ ਅਧਿਆਪਕਾ ਵਜੋਂ ਰੈਗੂਲਰ ਆਪਣੀ ਡਿਊਟੀ ਨਿਭਾ ਰਹੀ ਸੀ ਅਤੇ ਨਿਯਮਤ ਤਨਖਾਹ ਵੀ ਲੈ ਰਹੀ ਸੀ। ਪਿੱਛੇ ਜਿਹੇ ਦਰਜ ਮੁਕਦਮੇ 'ਚ ਦੋਸ਼ ਲਾਇਆ ਗਿਆ ਹੈ ਕਿ ਸੋਨੀ ਅਤੇ ਭਤੀਜੇ ਲਿੰਗਾਇਸਾਰ ਸਮੂਹ ਦੇ ਇਕ ਠੇਕੇਦਾਰ ਤੋਂ ਮਾਓਵਾਦੀਆਂ ਲਈ ਫਿਰੌਤੀ ਵਸੂਲਦੇ ਸਨ। ਪੁਲਸ ਅਨੁਸਾਰ ਉਹਨਾਂ ਕੋਲ ਸੋਨੀ ਤੇ ਠੇਕੇਦਾਰ ਵਿਚਕਾਰ ਮੋਬਾਇਲ ਫੋਨ ਦੀ ਗੱਲਬਾਤ ਦਾ ਰਿਕਾਰਡ ਮੌਜੂਦ ਹੈ। ਜਦਕਿ ਸੋਨੀ ਅਨੁਸਾਰ ਉਸ ਤੋਂ ਮੋਬਾਇਲ ਖੋਹ ਕੇ ਠੇਕੇਦਾਰ ਨਾਲ ਗੱਲਬਾਤ ਦਾ ਫਰਜੀ ਸਬੂਤ ਘੜਿਆ ਹੈ। ਸਾਡੇ ਪ੍ਰੈਸ 'ਚ ਜਾਂਦੇ-ਜਾਂਦੇ ਸੁਪਰੀਮ ਕੋਰਟ ਨੇ ਛਤੀਸ਼ਗੜ੍ਹ ਦੇ ਬਾਹਰ ਕੋਲਕਾਤਾ 'ਚ ਸੋਨੀ ਦੀਆਂ ਸੱਟਾਂ ਦਾ ਮੈਡੀਕਲ ਜਾਂਚ ਤੇ ਇਲਾਜ ਦਾ ਹੁਕਮ ਦਿੱਤਾ ਹੈ। ਅਦਾਲਤਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਸਰਕਾਰ ਕਿਵੇਂ ਉਹਨਾਂ ਲੋਕਾਂ ਪਿਛੇ ਹੱਥ ਧੋ ਕੇ ਪੈ ਜਾਂਦੀ ਹੈ। ਜੋ ਸੋਨੀ ਵਾਂਗੂ ਪੁਲਸੀ ਅਤਿਆਚਾਰਾਂ ਦਾ ਵਿਰੋਧ ਕਰਦੇ ਹਨ। ਬਲਕਿ ਸਰਕਾਰ ਉਹਨਾਂ ਜਮਹੂਰੀ ਅਧਿਕਾਰ ਕਾਰਕੁੰਨਾਂ ਪਿਛੇ ਵੀ ਪੈਂਦੀ ਹੈ ਤੇ ਉਹਨਾਂ ਨੂੰ ਦਾਗੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਜੋ ਸੋਨੀ ਵਾਂਗੂ ਹਿੰਮਤੀ ਹਨ ਤੇ ਆਮ ਲੋਕਾਂ ਦੇ ਜਮਹੂਰੀ ਅਧਿਕਾਰਾਂ ਦਾ ਕੇਸ ਉਭਾਰਦੇ ਹਨ। ਸੋਨੀ ਵਰਗੇ ਲੋਕਾਂ ਨੂੰ ਮਾਓਵਾਦੀ ਕਹਿ ਦਿਉ ਤੇ ਉਹਨਾਂ ਨਾਲ ਵਾਹ ਵਾਸਤਾ ਰੱਖਣ ਵਾਲੇ ਮਨੁੱਖੀ ਅਧਿਕਾਰ ਵਰਕਰਾਂ ਨੂੰ ਉਸੇ ਤਰ੍ਹਾਂ ਦਾਗ ਲਾਉਣ ਦੀ ਕੋਸ਼ਿਸ਼ ਕਰੋ। ਹੈਰਾਨੀ ਨਹੀਂ ਕਿ ਛਤੀਸ਼ਗੜ੍ਹ ਪੁਲਸ ਨੇ ਤਿੰਨ ਅਕਤੂਬਰ ਨੂੰ ਜੈਪੁਰ 'ਚ ਇਕ ਮੁਖ ਜਮਹੂਰੀ

ਅਧਿਕਾਰ ਵਰਕਰ ਦੇ ਘਰ ਤੇ ਦਫ਼ਤਰ 'ਤੇ ਛਾਪਾ ਮਾਰ ਕੇ ਦਰਾਜਾਂ ਤੇ ਅਲਮਾਰੀਆਂ ਅੰਦਰ ਸੋਨੀ ਨੂੰ ਲੱਭਿਆ ਜੋ ਮਿਲੀ ਦਿੱਲੀ 'ਚ ਜਿੱਥੇ ਉਹ ਆਪਣੇ ਉੱਤੇ ਲੱਦੇ ਜਾਹਲੀ ਮੁਕੱਦਮਿਆਂ ਖਿਲਾਫ਼ ਸੁਪਰੀਮ ਕੋਰਟ ਦੀ ਸ਼ਰਨ ਲੈਣ ਗਈ ਸੀ। ਛਤੀਸ਼ਗੜ੍ਹ ਦੀ ਭਾਜਪਾ ਸਰਕਾਰ ਨੇ ਇਸਾਰ ਕੰਪਨੀ ਦੇ ਬੇਸ਼ੁਮਾਰ ਦੌਲਤਮੰਦ, ਰਹੀਸਾਂ ਨੂੰ ਤਾਂ ਹੋਇਆ ਕੱਖ ਨਹੀਂ ਜਦ ਕਿ ਉਹਨਾਂ ਦੇ ਮਤਾਹਿਤ ਮੁਲਾਜਮਾ ਤੇ ਉਹਨਾਂ ਤੋਂ ਵੀ ਛੋਟੇ ਸੋਨੀ ਸੋਰੀ ਤੇ ਲਿੰਗਾ ਰਾਮ ਵਰਗੇ ਆਦੀਵਾਸੀਆਂ ਤੇ ਬਰਬਾਦੀ ਦਾ ਕਹਿਰ ਢਾਹ ਦਿੱਤਾ ਹੈ ਕਿਉਂਕਿ ਇਹਨਾਂ ਕੋਲ ਰੁਪਿਆ ਖਾਨਦਾਨੀ ਬੇਸ਼ੁਮਾਰ ਦੌਲਤ ਨਹੀਂ ਹੈ। ਬਸ ਇਹ ਤਾਂ ਸਿਰਫ਼ ਆਪਣਾ ਨੈਤਿਕ ਜੁਆਰਤ ਦਾ ਹੀ ਖਜਾਨਾ ਹੈ ਜੋ ਸਾਡੇ ਹਾਕਮ ਤੇ ਪੁਲਸ ਕੋਲ ਨਹੀਂ ਹੈ?

# ਅਰਥਚਾਰੇ ਦੀ ਦਿਸ਼ਾ ਤੇ ਵਧਦੀ ਗਰੀਬੀ

ਸ਼ਾਇਦ ਅੱਜ ਦੇ ਭਾਰਤ ਦੇ ਕੁਝ ਚੋਣਵੇਂ ਚਿੱਤਰ ਸੰਕੇਤ ਵਜੋਂ ਸਾਡੀ ਸਥਿਤੀ ਤੇ ਸਾਹਮਣੇ ਖੜ੍ਹੇ ਕੰਮਾਂ ਦਾ ਜਾਇਜ਼ਾ ਦੇ ਸਕਣ। ਸਰਕਾਰੀ ਪੱਧਰ ਦੇ ਤਿੰਨ ਅੰਦਾਜੇ ਜੋ ਇਹ ਦਸਦੇ ਹਨ ਕਿ ਕਰੋੜਾਂ ਭਾਰਤੀਆਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪਹਿਲਾਂ ਅਰਜਨ ਸੇਨਗੁਪਤਾ ਕਮਿਸ਼ਨ ਅਨੁਸਾਰ, ਦੇਸ਼ ਵਿਆਪੀ ਸਰਕਾਰੀ ਸਰਵਿਆਂ ਦੇ ਨਤੀਜਿਆਂ ਤੋਂ ਪਤਾ ਲਗਦਾ ਹੈ ਕਿ 83 ਕਰੋੜ ਤੋਂ ਵੱਧ ਭਾਰਤੀ 20 ਰੋਜ਼ਾਨਾ ਤੋਂ ਘੱਟ ਖਰਚ ਕਰਕੇ ਜਿੰਦਾ ਰਹਿਣ ਲਈ ਮਜ਼ਬੂਰ ਹਨ। ਦੂਜਾ ਸੁਪਰੀਮ ਕੋਰਟ ਵਲੋਂ ਨਿਯੁਕਤ ਇਕ ਸੰਮਤੀ ਅਨੁਸਾਰ ਘਟੋ ਘੱਟ 50 ਫੀਸਦੀ ਲੋਕ ਗਰੀਬ ਹਨ। ਇਹ ਗਰੀਬ ਵੀ ਆਮ ਮਨੁੱਖੀ ਸਮਾਜਿਕ ਪੈਮਾਨਿਆਂ ਤੋਂ ਘੱਟ 'ਤੇ ਤਹਿ ਕੀਤੀ ਗਈ ਹੈ ਅਤੇ ਤੀਜਾ ਹੁਣੇ ਯੋਜਨਾ ਕਮਿਸ਼ਨ ਦੀ ਇਕ ਮਾਹਰਾਂ ਦੀ ਸੰਮਤੀ ਨੇ ਸਰਕਾਰੀ ਗਰੀਬੀ ਦੇ ਅੰਕੜਿਆਂ ਨਾਲੋਂ ਬਹੁਤ ਹੀ ਜ਼ਿਆਦਾ ਉਚੇ ਪੱਧਰ 'ਤੇ (41 ਤੋਂ ਵੱਧ) ਗਰੀਬਾਂ ਦੀ ਗਿਣਤੀ ਤਹਿ ਕੀਤੀ ਹੈ। ਇਹਨਾਂ ਅੰਕੜਿਆਂ ਤੋਂ ਹਟ ਕੇ ਵੀ ਵੇਖੀਏ ਤਾਂ ਇਸ ਬੁਰੀ ਹਾਲਤ ਦੇ ਪੁਖਤਾ ਸਬੂਤ ਮਿਲਦੇ ਹਨ। ਮਿਸਾਲ ਵਜੋਂ ਖੇਤੀਬਾੜੀ ਨਾਲ ਸਿੱਧੇ ਤੌਰ 'ਤੇ ਜੁੜੇ ਲੋਕਾਂ ਦੀ ਗਿਣਤੀ ਸਾਰੀ ਅਬਾਦੀ ਦੀ 56 ਫੀਸਦੀ ਹੈ। ਪਰ ਖੇਤੀ ਦਾ ਕੁਲ ਕੌਮੀ ਆਮਦਨ 'ਚ ਹਿੱਸਾ ਸਿਰਫ਼ 17 ਫੀਸਦੀ ਹੈ। ਪੱਕੀ ਨੌਕਰੀ 'ਚ ਸਾਡੀ 45 ਕਰੋੜ ਜਨ ਸ਼ਕਤੀ ਦਾ ਸਿਰਫ਼ 6-7 ਫੀਸਦੀ ਹੀ ਲੱਗਿਆ ਹੋਇਆ ਹੈ। ਬਾਕੀ ਕਿਵੇਂ ਨਾ ਕਿਵੇਂ ਜਿਉਂਦੇ ਰਹਿਣ ਦਾ ਜੁਗਾੜ ਕਰਦੇ ਹਨ। ਇਸ ਦੇ ਠੀਕ ਉਲਟ ਦੇਸ਼ 'ਚ 8 ਲੱਖ ਦੇ ਕਰੀਬ ਰਜਿਸਟਰਡ ਕੰਪਨੀਆਂ ਹਨ। ਇਹਨਾਂ 'ਚੋਂ ਕਈ ਤਾਂ ਸਿਰਫ਼ ਕਾਗਜੀ ਹਨ ਅਤੇ ਦੂਜੇ ਪਾਸੇ ਕੁਝ ਪਰਿਵਾਰਾਂ ਨੇ ਦਰਜਨਾਂ ਕੰਪਨੀਆਂ ਖੋਲ੍ਹ ਰੱਖੀਆਂ ਹਨ। ਆਮ ਆਦਮੀ ਦੀ ਬੱਚਤ ਦਾ ਵੱਡਾ ਹਿੱਸਾ ਚਾਰ-ਪੰਜ ਲੱਖ ਪਰਿਵਾਰਾਂ ਦੇ ਕੰਟਰੋਲ 'ਚ ਆ ਜਾਂਦਾ ਹੈ। ਇਹ ਕਰੋੜਪਤੀ ਅਰਬਪਤੀ ਆਪਣੀ ਬੱਚਤ ਦਾ ਵੱਡਾ ਹਿੱਸਾ ਵਿਦੇਸ਼ੀ ਬੈਂਕਾਂ, ਗਹਿਣਿਆਂ, ਇਮਾਰਤਾਂ, ਜ਼ਮੀਨ ਜਾਇਦਾਦ ਤੋਂ ਮੱਧਯੁਗੀ ਮਹਾਂਰਾਜਿਆਂ ਤੇ ਬਾਦਸ਼ਾਹਾਂ ਵਰਗੇ ਠਾਠ-ਬਾਠ ਤੇ ਵਰਤੋਂ 'ਚ ਲਗਦਾ ਹੈ ਅਤੇ ਸੱਟੇਬਾਜ਼ੀ ਰਾਹੀਂ ਮੋਟੀ ਆਮਦਨ ਬਟੋਰਦੇ ਹਨ। ਕਿਸੇ ਮਧੂ ਕੌੜਾ ਕੋਲ ਹਜ਼ਾਰਾਂ ਕਰੋੜ ਰੁਪਏ ਫੜੇ ਜਾਂਦੇ ਹਨ, ਤਾਂ ਕੋਈ ਨਹੀਂ ਪੁਛਦਾ ਕਿ ਇਹ ਪੈਸੇ ਕੌਣ ਦਿੰਦਾ ਹੈ। ਲੋਕਾਂ ਦੇ ਧਨ ਨਾਲ ਬਣੀਆਂ ਜਨਤਕ ਕੰਪਨੀਆਂ ਨੂੰ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਦ ਦੇ ਨਾਲ ਇਹ ਸਨਅਤੀ ਘਰਾਣਿਆਂ ਨੂੰ ਇਸ ਲਈ ਸੌਂਪ ਦਿੱਤਾ ਜਾਂਦਾ ਹੈ ਕਿ ਉਹ ਇਹਨਾਂ ਵਿੱਚ ਕੁਸ਼ਲਤਾ ਤੇ ਪ੍ਰਬੰਦ ਸਥਾਪਤ ਕਰਕੇ ਪੈਦਾਵਾਰ ਤੇ ਰੁਜ਼ਗਾਰ ਵਧਾਉਣਗੀਆਂ ਪਰ ਇਸ ਵਿਸਵਾਸ਼ ਦਾ ਵਿਸ਼ਵਾਸਘਾਤ ਕਰਕੇ, ਗ਼ਲਤ ਹਿਸਾਬ ਲਿਖ ਕੇ ਇਹਨਾਂ ਕੰਪਨੀਆਂ ਦਾ ਪੈਸਾ ਨਿੱਜੀ ਕੰਟਰੋਲ ਤੇ ਵਰਤੋਂ 'ਚ ਲਿਆਂਦਾ ਜਾਂਦਾ ਹੈ। ਇਹਨਾਂ ਕੰਪਨੀਆਂ ਦੇ ਮਾਲਕ ਚਾਰ-ਪੰਜ ਲੱਖ ਪਰਿਵਾਰਾਂ ਨੇ, ਜੋ ਸਾਡੀ ਅਬਾਦੀ ਦੇ ਅੱਧੇ ਫੀਸਦੀ ਤੋਂ ਵੀ ਘੱਟ ਹੈ। ਕੁਲ ਕੌਮੀ ਆਮਦਨ ਦੇ ਪੰਜਵੇਂ ਹਿੱਸੇ 'ਤੇ ਪਕੜ ਬਣਾ ਲਈ ਹੈ। ਰਿਸ਼ਵਤ, ਕਾਲਾ ਬਾਜ਼ਾਰੀ, ਸੌਦੇ-ਸੱਟੇ, ਰਾਜਸੀ ਲੋਕਾਂ ਦੀ ਖ਼ਰੀਦ-ਫਰੋਖਤ, ਵਿਦੇਸ਼ੀ ਜਮਾ ਤੇ ਐਸੋ ਇਸ਼ਰਤ ਪੂਰਨ ਵਰਤੋਂ ਕਰਨ ਵਾਲੇ ਇਹਨਾਂ ਤਬਕਿਆਂ ਨੂੰ ਸਰਕਾਰ ਨਾ ਸਿਰਫ਼ ਅਰਥਚਾਰੇ ਦਾ ਨੇਤਾ ਮੰਨ ਰਹੀ ਹੈ ਬਲਕਿ ਪਿਛਲੇ ਸਾਲਾਂ

ਵਿੱਚ ਇਹਨਾਂ ’ਤੇ ਲਗਭਗ ਚਾਰ ਲੱਖ ਕਰੋੜ ਰੁਪਏ ਦੀ ਰਾਸ਼ੀ ਦੀ ਟੈਕਸ ਛੋਟ ਵੀ ਦੇ ਚੁੱਕੀ ਹੈ। ਅੱਜ ਬਹੁਤੇ ਮੈਂਬਰ ਪਾਰਲੀਮੈਂਟ ਕਰੋੜਪਤੀ ਹਨ। ਇਸ ਪ੍ਰੀਘਟਨਾ ਨੂੰ ਉਹਨਾਂ ਦੇ ਕਾਲੇ ਧਨ ਦੇ ਚੋਟੀ ਦੇ ਤਬਕਿਆਂ ਨਾਲ ਉਹਨਾਂ ਦੀ ਮਿਲੀ ਭੁਗਤ ਨੂੰ ਪਹਿਚਾਨੇ ਬਿਨਾਂ ਨਹੀਂ ਸਮਝਿਆ ਜਾ ਸਕਦਾ। ਸਪਸ਼ਟ ਹੈ ਮਹਿੰਗਾਈ, ਬੇਰੁਜ਼ਗਾਰੀ ਨਾ-ਬਰਾਬਰੀ, ਗ਼ਰੀਬੀ, ਵਾਤਾਵਰਣ ਦਾ ਵਿਨਾਸ਼ ਤੇ ਪ੍ਰਦੂਸ਼ਣ ਆਦਿ ਨੂੰ ਛੋਟੀ ਜਿਹੀ ਕੰਪਨੀ ਖੇਤਰ ਦੀ ਵਿਸ਼ਾਲ ਮਾਲਕੀਅਤ ਤੇ ਆਰਥਿਕ-ਸਮਾਜਿਕ ਤਾਕਤ ਦੀ ਨਿੱਜੀ ਸੁਆਰਥਾਂ ਲਈ ਦੁਰਵਰਤੋਂ, ਕਾਨੂੰਨ ਦੀ ਉਲੰਘਣਾ ਤੇ ਸਮਾਜਿਕ ਹਿੱਤਾਂ, ਦਿਨ-ਦਹਾੜੇ ਕਤਲ ਕਰਨ ਦੀ ਆਮ ਪ੍ਰਚਲਤ ਰੁਝਾਣ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਪੈਦਾਵਾਰ, ਜਾਇਦਾਦ, ਬੁਨਿਆਦੀ ਸਹੂਲਤਾਂ, ਕੁਦਰਤੀ ਸਾਧਨਾ, ਸਮਾਜਿਕ-ਰਾਜਸੀ ਪ੍ਰਭਾਵ ਤੇ ਤਾਕਤ ’ਤੇ ਇਕ ਛੋਟੇ ਜਿਹੇ ਤਬਕੇ ਦੇ ਅਨੁਪਾਤ ਤੋਂ ਕਈ ਗੁਣਾ ਵੱਧ ਦਾ ਅਰਥ ਦੇਸ਼ ਦੀ ਬਹੁ-ਗਿਣਤੀ ਕਰੋੜਾਂ ਲੋਕਾਂ ਦਾ ਉਹਨਾਂ ਤੋਂ ਗ਼ੈਰ-ਅਨੁਪਾਤੀ ਵਾਂਝਿਆਂ ਹੋਣਾ ਹੈ। ਇਸ ਹਾਲਾਤ ਨੂੰ ਅੱਜ-ਕੱਲ੍ਹ ‘ਸਮਾਜਿਕ ਅਸਮਾਵੇਸ਼ਨ’ ਕਹਿੰਦੇ ਹਨ। ਇਸ ਸਥਿਤੀ ਵਿੱਚ ਕੌਮੀ ਸਾਧਨ, ਜਾਇਦਾਦ ਤੇ ਵਧੀਏ ਮੌਕੇ ਜੋ ਤੇਜੀ ਨਾਲ ਵਧ ਤਾਂ ਰਹੇ ਹਨ ਪਰ ਸਿੱਧੇ ਮੁਠੀ ਭਰ ਲੋਕਾਂ ਦੀ ਨਿੱਜੀ ਜਾਗੀਰ ਬਣਦੇ ਜਾ ਰਹੇ ਹਨ। ਉਹ ਕਿਸ ਤਰ੍ਹਾਂ ਸੱਚੇ ਅਰਥਾਂ ਵਿੱਚ ਕੌਮੀ ਮੰਨੇ ਜਾ ਸਕਦੇ ਹਨ?

ਲਗਦਾ ਹੈ, ਭਾਰਤ ਕੌਮ ਇਕ ਜਿਉਂਦੀ ਜਾਗਦੀ, ਸਾਂਝੀ, ਸਮੂਹਕ ਸਰਵ ਹਿਤਕਾਰੀ ਇਕਾਈ ਨਾ ਰਹਿ ਕੇ, ਇਕ ਕਲਪਨਿਕ ਕਾਨੂੰਨੀ, ਰਵਾਇਤੀ, ਧਾਰਨਾ ਹੀ ਰਹਿ ਗਈ ਹੈ। ਸਿੱਟੇ ਵਜੋਂ ਵਿਦੇਸ਼ੀ ਹਮਲੇ ਤੇ ਦਖਲਅੰਦਾਜ਼ੀ ਖਿਲਾਫ਼ ਜਾਂ ਵਿਦੇਸ਼ੀ ਖਿਡਾਰੀਆਂ ਦੀ ਹਾਰ ’ਤੇ ਕੌਮੀ ਏਕਤਾ ਦਾ ਉਭਾਰ ਵੀ ਉਠਦਾ ਹੈ, ਪਰ ਇਸ ਦੇ ਉਲਟ, ਰੋਜ਼ਾਨਾ ਜ਼ਿੰਦਗੀ ’ਚ ਸਿੱਧੇ ਕਾਨੂੰਨ ਤੋੜ ਕੇ, ਸੜਕਾਂ ’ਤੇ ਹਿੰਸਾ ਦਾ ਛੋਟਾ-ਵੱਡਾ ਤਾਂਡਵ ਹਰ ਆਮ ਤੇ ਗੈਰ ਆਮ, ਗ਼ਲਮ ਤੇ ਸਹੀ ਮਸਲੇ ਸਬੰਧੀ ਆਏ ਦਿਨ ਹੁੰਦਾ ਰਹਿੰਦਾ ਹੈ। ਇਹਨਾਂ ਹਾਲਤਾਂ ਨੂੰ ਸਮਝ ਕੇ ਹੀ ਆਉਣ ਵਾਲੇ ਸਮੇਂ ਦੀ ਸਾਡੀ ਕਾਰਜ ਸੂਚੀ ਤਹਿ ਕੀਤੀ ਜਾ ਸਕਦੀ ਹੈ। ਸੰਖੇਪ ’ਚ ਅੱਜ ਉਹਨਾਂ ਕੁਝ ਮੁੱਦਿਆਂ ਨੂੰ ਹੀ ਏਜੰਡਾ ਬਣਾਉਣਾ ਹੋਵੇਗਾ, ਮਹਿੰਗਾਈ ਕੰਟਰੋਲ ਦੇ ਦੋ ਤਰਫਾ ਉਪਾਅ, ਨਿੱਜੀ ਵਪਾਰ ਦੀ ਕੀਮਤ ਨਿਰਧਾਰਨ ਸ਼ਕਤੀ ਤੇ ਰੋਕ, ਖਾਣ-ਪੀਣ ਦੀਆਂ ਵਸਤਾਂ ਦੇ ਵਾਅਦਾ ਬਾਜ਼ਾਰ ਦੀ ਖਾਤਮਾ ਇਸ ਸਿਲਸਿਲੇ ’ਚ ਸਭ ਤੋਂ ਜ਼ਰੂਰੀ ਕਦਮ ਹੈ। ਕਿਸਾਨ ਨੂੰ ਦਿੱਤੇ ਮੁੱਲ ਤੋਂ ਇਕ ਹੱਦ ਤੋਂ ਵੱਧ ਉਪਰ ਜਾਣ ’ਤੇ ਸਰਕਾਰ ਵਲੋਂ ਜਾਂ ਤਾਂ ਇਹਨਾ ਜ਼ਖੀਰਿਆਂ ਦੀ ਵਾਜਬ ਭਾਵਾਂ ’ਤੇ ਖਪਤਾਂ ਵਿਚਕਾਰ ਸਿਧੀ ਵਿਕਰੀ ਜਾਂ ਵਾਧੂ ਕੀਮਤ ਤੋਂ ਹਾਸਲ ਨਿੱਜੀ ਵਪਾਰਕ ਮੁਨਾਫੇ ਨੂੰ ਟੈਕਸ ਰਾਹੀਂ ਵਸੂਲ ਕੇ ਇਸ ਰੈਵਨਿਊ ਨਾਲ ਗਰੀਬ ਤੇ ਮੰਹਿਗਾਈ ਭੱਤੇ ਨਾਲ ਹਾਸਲ ਕਰਨ ਵਾਲੇ ਪ੍ਰੀਵਾਰਾਂ ਨੂੰ ਖਰੀਦ ’ਤੇ ਸਬਸਿਡੀ ਵੀ ਦਿੱਤੀ ਜਾਣੀ ਚਾਹੀਦੀ ਹੈ। ਜਨਤਕ ਵੰਡ ਪ੍ਰਣਾਲੀ ਦੀਆਂ ਖਾਮੀਆਂ ਮਿਟਾਉਣ ਦੇ ਜੱਗ ਜਾਹਰ ਉਪਾਵਾਂ ਦੀ ਤੁਰੰਤ ਪਾਲਣਾ ਕਰਨੀ ਹੋਵੇਗੀ। ਸੱਚ ਹੈ ਕਿ ਇਹ ਦੂਰਗਾਮੀ ਤੇ ਹੌਲੀ-ਹੌਲੀ ਲਾਗੂ ਹੋਣ ਵਾਲਾ ਕੰਮ ਹੈ ਪਰ ਇਸ ਨੂੰ ਸ਼ੁਰੂ ਕੀਤੇ ਬਿਨਾ ਨਾਗਰੀ ਸਮਾਜ ਤੇ ਵਿਕੇਂਦ੍ਰਿਤ ਲਘੂ ਫਿਰਕਿਆਂ ਦੀ ਮਜ਼ਬੂਤੀ ਦਾ ਕੰਮ ਕਦੀ ਵੀ ਨਹੀਂ ਹੋ ਸਕੇਗਾ।

ਕੌਮੀ, ਰੁਜ਼ਗਾਰ ਪ੍ਰੋਗਰਾਮ ਨੂੰ ਸਾਰੇ ਦੇਸ਼ ’ਚ ਲਾਗੂ ਕਰਨਾ, ਪਰਵਿਾਰ ਦੀ

ਥਾਂ ਹਰ ਬਾਲਗ ਨੂੰ ਇਸ ਦਾ ਅਧਿਕਾਰ ਦੇਣਾ ਅਤੇ ਸੌ ਦਿਨ ਦੇ ਕੰਮ ਦੇ ਦਿਨਾਂ ਨੂੰ ਹੌਲੀ-ਹੌਲੀ ਵਧਾਉਣਾ ਜ਼ਰੂਰੀ ਹੈ। ਇਸ ਪ੍ਰੋਗਰਾਮ ਲਈ ਸਥਾਨਕ ਪੱਧਰ 'ਤੇ ਪੁਖਤਾ ਤੇ ਸਮਾਜਿਕ ਲਾਭਦਾਇਕ ਯੋਜਨਾਵਾਂ ਮਾਹਰਾਂ ਤੇ ਸਥਾਨਕ ਫਿਰਕਿਆਂ ਵਲੋਂ ਮਿਲ ਜੁਲ ਕੇ ਬਣਾਈਆਂ ਜਾਣ। ਗ੍ਰਾਮ ਸਭਾ ਤੇ ਪੰਚਾਇਤ ਵਲੋਂ ਦਿੱਤੀ ਮਜ਼ਦੂਰੀ ਦਾ ਸਹੀ ਸਮੇਂ 'ਤੇ ਭੁਗਤਾਨ ਨਾ ਕਰਨ 'ਤੇ ਨਿੱਜੀ ਜ਼ਿੰਮੇਵਾਰੀ ਤਹਿ ਕਰਕੇ ਜੁਰਮਾਨਾ ਲਾਇਆ ਜਾਵੇ ਅਤੇ ਫ਼ੌਜਦਾਰੀ ਕੇਸਾ ਵਾਂਗੂੰ ਸਜਾ ਦਿੱਤੀ ਜਾਵੇ।

ਕੰਪਨੀ ਕਾਨੂੰਨ (ਜੋ ਅਜੇ ਪਾਸ ਹੋਣਾ ਰਹਿੰਦਾ ਹੈ) 'ਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾਣ ਕਿ ਉਹਨਾਂ ਦੀ ਸਾਂਝੀ ਜਾਇਦਾਦ ਤੇ ਅਦਾਰਿਆਂ ਦੀ ਪਹਿਚਾਣ ਅਮਲੀ ਤੌਰ 'ਤੇ ਵੀ ਦਿਸੇ। ਸੰਖੇਪ 'ਚ ਇਕ ਪਰਿਵਾਰ ਵਲੋਂ ਸਥਾਪਤ ਕੰਪਨੀਆਂ ਦੀ ਗਿਣਤੀ ਤਹਿ ਹੋਵੇ। ਕੰਪਨੀਆਂ ਦਾ ਆਪਸੀ ਤਾਲਮੇਲ ਪਾਰਦਰਸ਼ੀ ਤੇ ਸੀਮਤ ਹੋਵੇ। ਅਜ਼ਾਦ ਨਿਦੇਸ਼ਕ ਕਿਸੇ ਪਾਏਦਾਰ ਸੰਸਥਾ ਤੋਂ ਸੀਮਤ ਸਮੇਂ ਲਈ ਯੋਗਤਾ ਤੇ ਇਮਾਨਦਾਰੀ ਦੇ ਆਧਾਰ 'ਤੇ ਨਿਯੁਕਤ ਕੀਤੇ ਜਾਣ ਤੇ ਸਪਲਾਈ ਕਰਤਾ ਇਕੋ ਵੇਲੇ ਸਰਕਾਰ, ਮੀਡੀਆ ਤੇ ਜਨਤਾ ਨੂੰ ਆਪਣੀ ਰੀਪੋਟ ਦੇਣ। ਬੋਰਡ 'ਚ ਕਰਮਚਾਰੀਆਂ, ਸਪਲਾਈ ਕਰਤਾਵਾਂ ਤੇ ਸਥਾਨਕ ਲੋਕਾਂ ਨੂੰ ਨੁਮਾਇੰਦਗੀ ਮਿਲੇ। ਸੀਮਤ ਜ਼ਿੰਮੇਵਾਰੀ ਦੀ ਵਿਵਸਥਾ ਦੀ ਹੱਦ ਪੂੰਜੀਗਤ ਮੁਹੱਈਆ ਦੇ ਸਿਧਾਂਤ 'ਤੇ ਤਹਿ ਹੋਵੇ। ਇਕ ਹੱਦ ਪਿੱਛੋਂ ਪ੍ਰਮੋਟ ਜਾਂ ਤਬਦੀਲੀ ਕਰਨ ਵਾਲਿਆਂ ਦੀ ਨਿੱਜੀ ਜ਼ਿੰਮੇਵਾਰੀ ਤਹਿ ਹੋਵੇ। ਵਪਾਰਕ ਸੀਕਰੇਸੀ ਤੋਂ ਇਲਾਵਾ ਕੰਪਨੀਆਂ ਦੀ ਜਾਣਕਾਰੀ ਜਾਹਰ ਕੀਤੀ ਜਾਵੇ। ਕੰਪਨੀਆਂ ਇਕ ਸੀਮਤ ਤੇ ਖਾਸ ਅਰਥ ਵਾਲੀ ਸਾਂਝੀ ਮਾਲਕੀ ਹੁੰਦੀ ਹੈ। ਉਹਨਾਂ ਨੂੰ ਪੂਰੀ ਤਰ੍ਹਾਂ ਨਿੱਜੀ ਪੂੰਜੀ ਵਾਲੀ ਸੰਸਥਾ ਨਾ ਮੰਨਿਆ ਜਾਵੇ।

ਦੇਸ਼ 'ਚ ਇੱਕ ਸੁੱਚਾ ਤੇ ਪਾਰਦਰਸ਼ੀ ਕਮਿਸ਼ਨ ਬਣਾਇਆ ਜਾਵੇ। ਜੋ ਸਭ ਵਿਸ਼ਾਲ ਜਾਇਦਾਦ ਵਾਲਿਆਂ ਲੋਕਾਂ ਦੀ ਆਰਥਿਕ-ਵਿਤੀ ਸਥਿਤੀ ਅਤੇ ਸਰਗਰਮੀਆਂ ਦੀ ਜਾਂਚ ਕਰੇ। ਬਿਨਾ ਸਮੂਹਿਕ ਅਧਾਰਵਾਲੀਆ ਬੇਨਾਮੀ ਜਾਇਦਾਦਾਂ ਜਬਤ ਕੀਤੀਆਂ ਜਾਣ। ਲਘੂ, ਵਿਕੇਂਦ੍ਰਿਤ ਸਥਾਨਕ ਤੇ ਰਵਾਇਤੀ ਕੰਮਾਂ ਧੰਦਿਆਂ ਨੂੰ ਅਤੇ ਉਹਨਾਂ ਦੇ ਉਦਮੀਆਂ ਦੇ ਆਰਥਿਕ ਵਿਕਾਸ ਤੇ ਅਗਵਾਈ ਦੀ ਜ਼ਿੰਮੇਵਾਰੀ ਦੇ ਕੇ ਉਹਨਾਂ ਦੇ ਰਾਹ ਦੀਆਂ ਰੁਕਾਵਟਾਂ ਮਿਟਾਈਆਂ ਜਾਣ। ਬਰਾਬਰ ਸੌਖੀ ਮੁਹੱਈਆ ਸਿੱਖਿਆ, ਸਿਹਤ, ਸ਼ਹਿਰੀ ਸਹੂਲਤਾਂ ਆਦਿ ਵੱਲ ਵਧਣ ਲਈ ਮੌਜੂਦਾ ਜਨਤਕ ਖਰਚ ਦਾ ਢਾਂਚਾ ਬਦਲਿਆ ਜਾਵੇ। ਪ੍ਰਗਤੀਸ਼ੀਲ ਜਨਤਕ (ਸਰਕਾਰੀ) ਖਰਚ ਨੀਤੀ ਅਪਣਾਈ ਜਾਵੇ। ਮਨੁੱਖੀ ਅਧਿਕਾਰਾਂ ਦਾ ਪੂਰਾ ਆਦਰ ਹੋਵੇ। ਰਾਜਸੀ ਪਾਰਟੀਆਂ ਦਾ ਪੂਰਾ ਲੋਕਤੰਤਰੀਕਰਣ ਹੋਵੇ ਤਾਂ ਕਿ ਨਾਂ ਤਾਂ ਉਹ ਅਜ਼ਾਰੇਦਾਰਾ ਸੰਸਥਾਵਾਂ ਬਣ ਸਕਣ ਅਤੇ ਨਾ ਹੀ ਰਾਜਨੀਤੀ, ਕਾਰੋਬਾਰ, ਅਪਰਾਧ, ਕਾਲੇ ਧਨ, ਪ੍ਰਸਿੱਧ ਤੇ ਧਨੀ ਪ੍ਰੀਵਾਰਾਂ ਆਦਿ ਦੀ ਮਿਲੀ ਜੁਲੀ ਜਾਗੀਰ। ਉਹਨਾਂ ਦੇ ਹਿਸਾਬ ਨੂੰ ਜਨਤਕ ਕੀਤਾ ਜਾਵੇ। ਸਭ ਤੋਂ ਮੁੱਖ ਗੱਲ ਇਹ ਹੈ ਕਿ ਨੀਤੀਗਤ ਤੇ ਸੰਸਥਾਗਤ ਤਬਦੀਲੀਆਂ 'ਤੇ ਖੁਲੀ ਬਹਿਸ ਹੋਵੇ ਅਤੇ ਉਹਨਾਂ ਨੂੰ ਵਿਦੇਸ਼ੀ, ਅਖੌਤੀ ਕੌਮਾਂਤਰੀ ਸੰਸਥਾਵਾਂ, ਜੀ-8 ਤੇ ਭਾਰਤ ਦੀ ਵਪਾਰੀ ਜਮਾਤ ਦੀ ਲਾਬੀ ਵਾਲੀਆਂ ਸੰਸਥਾਵਾਂ ਦੇ ਨਾਗਵਲ ਤੋਂ ਮੁਕਤ ਕਰਾਉਣ ਲਈ ਪੂਰਨ ਬੁਨਿਆਦੀ, ਸਵੇਦਸ਼ੀ ਅਮਲਾਂ ਨੂੰ ਸਥਾਪਤ ਕਰਕੇ ਅਸਲੀ ਇਨਕਲਾਬ ਦੀ ਦਿਸ਼ਾ 'ਚ ਵਿਆਪਕ ਲੋਕ ਸੰਘਰਸ਼ ਚੱਲੇ। ਵਿਸ਼ਵ ਵਿਆਪੀ

ਆਰਥਿਕ ਸੰਕਟ ਨੇ ਦੁਨੀਆਂ ਭਰ ਦੀਆਂ ਚੋਟੀ ਦੀਆਂ ਸਾਮਰਾਜੀ ਕੰਪਨੀਆਂ ਨੂੰ ਝੰਜੋੜ ਦਿੱਤਾ ਹੈ। ਅਨੇਕਾਂ ਤਾਂ ਤਹਿਸ ਨਹਿਸ ਹੀ ਹੋ ਗਈਆਂ ਹਨ। ਭਾਰਤੀ ਨੀਤੀਕਾਰ ਵਿਸ਼ਵ ਮੰਚ ਤੇ, ਬਾਜ਼ਾਰ 'ਤੇ ਨਿਰਭਰ ਨੀਤੀ ਦੀ ਅਸਫਲਤਾ ਦੇ ਬਾਵਜੂਦ ਦੇਸ਼ ਅੰਦਰ ਉਹਨਾਂ ਨਾਲ ਚਿਪਕੇ ਹੋਏ ਹਨ। ਆਰਥਿਕ ਵਾਧੇ ਦਾ ਉਦਾਰੀਕ੍ਰਿਤ (ਸਾਮਰਾਜੀ) ਢਾਂਚਾ ਅਸਲ 'ਚ ਪੂੰਜੀ ਦੀ ਵਧਦੀ ਅਜ਼ਾਰੇਦਾਰੀ 'ਤੇ ਲੋਕਰਾਜ ਦੀ ਮੋਹਰ ਲਾਉਣ ਦੀ ਕੋਸ਼ਿਸ਼ ਹੈ। ਜਿਸ 'ਚ ਨਰੇਗਾ ਵਰਗੀਆਂ ਸਕੀਮਾਂ ਦੀ ਮਦਦ ਲਈ ਜਾ ਰਹੀ ਹੈ। ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹੈ। ਬਹੁਪੱਖੀ ਗਿਰਾਵਟ ਤੇ ਬਦਨੁਮਾ ਬਦਲਾਅ ਦਾ ਦੌਰ ਅਜੇ ਰੁਕਣ ਵਾਲਾ ਨਹੀਂ ਹੈ।

# ਵੱਧ ਕਿਉਂ ਹੋ ਰਹੀਆਂ ਹਨ ਕਿਸਾਨੀ ਆਤਮ-ਹੱਤਿਆਵਾਂ?

ਆਰਥਿਕ ਸੁਧਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਕਾਰਨ ਖੇਤੀ ਦੀ ਅਣਦੇਖੀ ਤੇ ਉਸ ਕਾਰਨ ਪੈਦਾ ਹੋਏ ਖੇਤੀ ਸੰਕਟ ਕਾਰਨ ਬਹੁਤੇ ਲੋਕ ਖੇਤੀ ਤੋਂ ਬੇਮੁੱਖ ਹੋ ਰਹੇ ਹਨ। ਸਾਰੇ ਪੇਂਡੂ ਅਰਥਚਾਰੇ 'ਚ ਸੰਕਟ ਹੈ। ਪਿੰਡਾਂ ਦੇ ਆਪਸੀ ਧੰਦੇ ਖ਼ਤਮ ਹੋਈ ਜਾ ਰਹੇ ਹਨ। ਪਿੰਡਾਂ 'ਚ ਕੰਮਾਂ ਦੀ ਘਾਟ ਕਾਰਨ ਲੋਕ ਸ਼ਹਿਰਾਂ ਤੇ ਦੂਜੇ ਸੂਬਿਆਂ ਵੱਲ ਪਲਾਇਨ ਕਰ ਰਹੇ ਹਨ। ਪਿੰਡਾਂ ਤੋਂ ਇਸ ਹਿਜਰਤ ਕਰਕੇ ਸ਼ਹਿਰਾਂ ਦੀ ਅਬਾਦੀ ਵਧ ਰਹੀ ਹੈ। ਸ਼ਹਿਰਾਂ 'ਚ ਝੁੱਗੀਆਂ-ਝੌਂਪੜੀਆਂ, ਸਲਮ ਬਸਤੀਆਂ, ਸੜਕਾਂ 'ਤੇ ਗੰਦੇ ਨਾਲਿਆਂ 'ਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਧੀ ਜਾ ਰਹੀ ਹੈ। ਪਿੰਡਾਂ 'ਚੋਂ ਆਪਣੇ ਜੱਦੀ ਪੁਸ਼ਤੀ ਠਿਕਾਨਿਆਂ ਤੇ ਘਰ-ਬਾਰਾਂ ਨੂੰ ਛੱਡ ਕੇ ਸ਼ਹਿਰਾਂ 'ਚ ਆਏ ਲੋਕ ਆਪਣੇ ਪਿੰਡਾਂ ਨਾਲੋਂ ਵੀ ਮਾੜੀ ਹਾਲਤ 'ਚ ਜੀਵਨ ਬਸਰ ਕਰਨ ਲਈ ਮਜ਼ਬੂਰ ਹਨ।

2011 ਦੀ ਮਰਦਮਸ਼ੁਮਾਰੀ ਮੁਤਾਬਕ 2001 ਤੋਂ 2011 ਵਿਚਕਾਰ ਪਿੰਡਾਂ ਦੀ ਅਬਾਦੀ 11.22 ਫੀਸਦੀ ਵੱਧੀ ਹੈ ਤਾਂ ਸ਼ਹਿਰਾਂ ਦੀ ਅਬਾਦੀ 13.18 ਫੀਸਦੀ ਵਧੀ ਹੈ। ਦੇਸ਼ ਦੀ ਕੁਲ ਅਬਾਦੀ 121.02 ਕਰੋੜ ਹੈ ਜਿਸ ਵਿੱਚੋਂ 83.31 ਕਰੋੜ ਭਾਵ 68.83 ਫੀਸਦੀ ਅਬਾਦੀ ਪਿੰਡਾਂ 'ਚ ਤੇ 37.71 ਫੀ ਕਰੋੜ ਭਾਵ 31.16 ਫੀਸਦੀ ਅਬਾਦੀ ਸ਼ਹਿਰਾਂ 'ਚ ਰਹਿੰਦੀ ਹੈ ਅੱਜ ਕੁੱਲ ਸ਼ਹਿਰਾਂ ਦੀ ਅਬਾਦੀ ਪਿੰਡਾਂ ਦੀ ਅਬਾਦੀ ਦੀ ਅੱਧ ਤੋਂ ਵੀ ਘੱਟ ਹੈ, ਤਾਂ ਵੀ ਪਿਛਲੇ ਦਸ ਸਾਲਾਂ 'ਚ ਸ਼ਹਿਰਾਂ ਦੀ ਅਬਾਦੀ 9.10 ਕਰੋੜ ਅਤੇ ਪਿੰਡਾਂ ਦੀ ਅਬਾਦੀ 'ਚ ਉਸ ਤੋਂ ਕੁਝ ਘੱਟ 9.06 ਕਰੋੜ ਦਾ ਵਾਧਾ ਹੋਇਆ ਹੈ। ਪੇਂਡੂ ਅਰਥਚਾਰੇ ਦੇ ਸੰਕਟ ਕਾਰਨ ਵੱਡੀ ਪੱਧਰ 'ਤੇ ਸ਼ਹਿਰਾਂ ਵੱਲ ਹਿਜਰਤ ਹੋਈ ਹੈ। ਨਵੀਆਂ ਵਿਸ਼ਵੀਕਰਨ ਦੀਆਂ ਆਰਥਿਕ ਨੀਤੀਆਂ ਨੇ ਖੇਤੀ ਅਰਥਚਾਰੇ ਨੂੰ ਕਿਵੇਂ ਤਬਾਹ ਕੀਤਾ ਹੈ। ਉਸ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1990-91 'ਚ ਖੇਤੀ ਅਰਥਚਾਰੇ ਦਾ ਦੇਸ਼ ਦੀ ਕੁਲ ਘਰੇਲੂ ਪੈਦਾਵਾਰ (GDP) 'ਚ 34.0 ਫੀਸਦੀ ਹਿੱਸਾ ਸੀ ਜੋ 2009-10 'ਚ ਘੱਟਕੇ ਸਿਰਫ਼ 14.6 ਫੀਸਦੀ ਰਹਿ ਗਿਆ ਹੈ। ਆਰਥਿਕ ਨਵੀਆਂ ਵਿਸ਼ਵ ਵਿਆਪੀ ਸਾਮਰਾਜੀ ਨੀਤੀਆਂ ਕਾਰਨ ਖੇਤੀ ਛੋਟੇ ਕਿਸਾਨਾਂ ਲਈ ਘਾਟੇ ਦਾ ਸੌਦਾ ਬਣ ਗਈ ਹੈ। ਇਸ ਕਾਰਨ ਪਿੰਡਾਂ ਦੇ ਪਿੰਡ ਕਰਜਾਈ ਹੋਏ ਹਨ। ਇਹਨਾਂ ਸਾਲਾਂ 'ਚ ਦੇਸ਼ ਦੇ ਬੀਜ ਬਾਜ਼ਾਰ ਤੇ ਖਾਦ ਬਜ਼ਾਰ 'ਤੇ ਬਹੁ ਕੌਮੀ ਨਿਗਮਾ ਨੇ ਕਬਜਾ ਕਰ ਲਿਆ ਹੈ। ਬੀਜ ਖਾਦ ਤੇ ਕੀਟ ਨਾਸ਼ਕ ਮਹਿੰਗੇ ਹੋ ਗਏ ਹਨ। ਏਨਾ ਹੀ ਨਹੀਂ ਨਕਲੀ ਬੀਜ ਨਕਲੀ ਖਾਦ ਤੇ ਨਕਲੀ ਕੀਟਨਾਸ਼ਕਾਂ ਦਾ ਰਿਵਾਜ ਵਧਿਆ ਹੈ। ਜਿਸ ਦੀ ਸਰਕਾਰ ਨੂੰ ਕੋਈ ਪ੍ਰਵਾਹ ਨਹੀਂ ਕਿਉਂਕਿ ਨਕਲੀ ਬੀਜ, ਖਾਦ ਤੇ ਕੀਟ ਨਾਸ਼ਕਾਂ ਦੇ ਕਾਰੋਬਾਰੀਆਂ, ਨੌਕਰਸ਼ਾਹਾਂ ਤੇ ਰਾਜਸੀ ਆਗੂਆਂ 'ਚ ਇਕ ਗਠਜੋੜ ਬਣ ਗਿਆ ਹੈ ਤੇ ਤਿੰਨੋ ਮਿਲ ਕੇ ਕਿਸਾਨਾਂ ਨੂੰ ਲੁੱਟ ਰਹੇ ਹਨ। ਸਰਕਾਰ ਵੀ ਉਹਨਾਂ ਦੀ ਹੈ। ਕਰਜੇ ਤੇ ਲੁੱਟ ਕਾਰਨ ਕਿਸਾਨਾਂ ਦੇ ਦੁੱਖ ਵਧੇ ਹਨ। ਉਹਨਾਂ 'ਚ ਖੁਦਕੁਸ਼ੀਆਂ ਦਾ ਰੁਝਾਣ ਵਧਿਆ ਹੈ।

ਨੈਸ਼ਨਲ ਕਰਾਇਮ ਬਿਊਰੋ ਦੇ ਅੰਕੜੇ ਦਸਦੇ ਹਨ ਕਿ 1995 ਤੋਂ ਲੈ ਕੇ 2010 ਤਕ ਪਿਛਲੇ 16 ਸਾਲਾਂ ਦੌਰਾਨ ਖੇਤੀਬਾੜੀ ਨਾਲ ਜੁੜੇ 256, 913 ਲੋਕਾਂ ਨੇ ਆਤਮ ਹੱਤਿਆ ਕੀਤੀ ਹੈ। ਇਹ ਗਿਣਤੀ ਉਦਾਰਵਾਦ, ਵਿਸ਼ਵੀਕਰਨ ਤੇ

ਵਪਾਰੀਕਰਨ ਦੀਆਂ ਆਰਥਿਕ ਨੀਤੀਆਂ ਦੇ ਹਮਾਇਤੀਆਂ ਲਈ ਲਾਹਨਤ ਦੀ ਗੱਲ ਹੈ। ਖੁਦਕਸ਼ੀਆਂ ਸਭ ਤੋਂ ਵੱਧ ਮਹਾਂਰਾਸ਼ਟਰ ਰਾਜ 'ਚ ਹੋ ਰਹੀਆਂ ਹਨ। ਜਿਸ ਨੂੰ ਦੇਸ਼ ਦੀ ਸਭ ਤੋਂ ਵੱਧ ਮੋਹਰੀ ਸੂਬਾ ਮੰਨਿਆ ਜਾਂਦਾ ਹੈ। ਇਹਨਾਂ 16 ਸਾਲਾਂ 'ਚ ਖੁਦਕਸ਼ੀਆਂ ਦੇ ਕੁਲ 2, 56, 913 ਕੇਸਾਂ ਵਿੱਚੋਂ 50, 481 ਕੇਸ ਯਾਨੀ 20 ਫੀਸਦੀ ਇਕੱਲੇ ਮਹਾਂਰਾਸ਼ਟਰ ਦੇ ਹਨ। ਜਦ ਕਿ ਆਂਧਰਾ 'ਚ 31, 120, ਕਰਨਾਟਕ 'ਚ 35053, ਤੇ ਮੱਧ ਪ੍ਰਦੇਸ਼ (ਛਤੀਸ਼ਗੜ੍ਹ ਸਮੇਤ) 41, 062 ਲੋਕਾਂ ਨੇ ਖੁਦਕਸ਼ੀ ਕੀਤੀ। ਇਹਨਾਂ 16 ਸਾਲਾਂ 'ਚ ਕੁਲ ਖੁਦਕਸ਼ੀਆਂ 'ਚੋਂ 56.13 ਫੀਸਦੀ ਖੁਦਕਸ਼ੀਆਂ ਇਹਨਾਂ ਪੰਜ ਰਾਜਾਂ 'ਚ ਹੋਈਆਂ। ਹੁਣ ਇਹਨਾਂ ਪੰਜ ਰਾਜਾਂ 'ਚ ਖੁਦਕਸ਼ੀਆਂ ਦੀ ਫੀਸਦੀ ਵਧਦੀ ਹੀ ਜਾ ਰਹੀ ਹੈ। 2010 'ਚ ਹੋਣ ਵਾਲੀਆਂ ਕੁਲ 15, 984 ਖੁਦਕਸ਼ੀਆਂ ਵਿੱਚੋਂ 10614 ਖੁਦਕਸ਼ੀਆਂ ਯਾਨੀ 66.49 ਫੀਸਦੀ ਖੁਦਕਸ਼ੀਆਂ ਇਹਨਾਂ ਪੰਜਾਂ ਰਾਜਾਂ 'ਚ ਹੋਈਆਂ ਹਨ। ਇਹ ਮਨੁੱਖ ਇਤਿਹਾਸ 'ਚ ਖੁਦਕਸ਼ੀਆਂ ਦਾ ਬਦਤਰੀਨ ਰਿਕਾਰਡ ਹੈ। ਇਹ ਹੈ ਪੇਂਡੂ ਜੀਵਨ 'ਤੇ ਨਵੀਆਂ ਆਰਥਿਕ ਨੀਤੀਆਂ ਦਾ ਅਸਰ। 1947 ਪਿਛੋਂ ਪਹਿਲੀ ਵਾਰੀ ਖੇਤੀ ਪੈਦਾਵਾਰ ਸੂਚਕਾਂਕ 'ਚ ਵਾਧਾ ਦਰ ਆਬਾਦੀ 'ਚ ਵਾਧੇ ਦਰ ਤੋਂ ਘਟ ਹੋ ਗਈ।

# ਕਿਸਾਨਾਂ ਨੂੰ ਹਰ ਕੋਈ ਲੁੱਟ ਰਿਹੈ

ਕੇਂਦਰ ਤੇ ਰਾਜ ਸਰਕਾਰ ਨੇ ਮਹਾਂਰਾਸ਼ਟਰ ’ਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਨੂੰ ਵੇਖਦਿਆਂ ਪੈਕੇਜ ਐਲਾਨੇ। ਰਾਜ ਸਰਕਾਰ ਹਰ ਸਾਲ ਕਿਸਾਨਾਂ ਨੂੰ ਖੇਤੀ ਲਈ ਕਰਜੇ ਮੁਹੱਈਆ ਕਰਕੇ ਕਿਸਾਨਾਂ ਨੂੰ ਕਰਜੇ ਦਿਵਾਉਂਦੀ ਹੈ ਪਰ ਇਸ ਅਮਲ ’ਚ ਭ੍ਰਿਸ਼ਟਾਚਾਰ ਦੀਆਂ ਅਜੀਬ ਅਜੀਬ ਕਿਸਮਾਂ ਸਾਹਮਣੇ ਆ ਰਹੀਆਂ ਹਨ। ਸੂਬੇ ਦੇ ਵੈਣਗੰਗਾ ਖੇਤਰੀ ਗ੍ਰਾਮੀਣ ਬੈਂਕ ਅਤੇ ਸਟੇਟ ਬੈਂਕ ਆਫ ਇੰਡੀਆ ਨੇ ਕਿਸਾਨਾਂ ਨੂੰ ਕਰਜਾ ਦਿੰਦੇ ਸਮੇਂ 850 ਰੁਪਏ ਇਕ ਅਜਿਹੀ ਯੋਜਨਾ ਤਹਿਤ ਕਰਜੇ ਦੇ ਪੈਸਿਆਂ ’ਚੋਂ ਕੱਟ ਲਏ ਜਿਸ ਦੀ ਵਾਕਿਆ ਹੀ ਕਿਸਾਨਾਂ ਨੂੰ ਲੋੜ ਨਹੀਂ ਹੈ। ਬੈਂਕਾਂ ਦੇ ਕਰਜੇ ਲੈਣ ਵਾਲੇ ਹਰ ਕਿਸਾਨ ਨੂੰ ਰਾਈਟਰਜ ਮਾਰਕਿਟ ਲਾਈਫ ‘ਆਰ. ਐਲ’ ਦੀ ਐਸ. ਐਮ. ਐਸ. ਸੇਵਾ ਦਾ ਗਾਹਕ ਬਣਾਇਆ। ਆਰ. ਐਮ. ਐਲ. ਕਿਸਾਨਾਂ ਨੂੰ ਰੋਜ ਤਿੰਨ ਐਸ. ਐਮ. ਐਸ. ਭੇਜ ਕੇ ਮੌਸਮ ਦਾ ਹਾਲ ਦੱਸਣ ਦਾ ਵਾਅਦਾ ਕਰਦੀ ਹੈ। ਆਰ. ਐਮ. ਐਲ. ਜਦ ਆਮ ਆਦਮੀ ਨੂੰ 650 ਰੁਪਏ ਸਲਾਨਾ ਦੇ ਟੈਕਸ ’ਤੇ ਇਹ ਸੇਵਾ ਮੁਹੱਈਆ ਕਰਵਾਉਂਦੀ ਹੈ ਤਾਂ ਕਿਸਾਨਾਂ ਪਾਸੋਂ 850 ਰੁਪਏ ਕਿਉਂ? ਇਸ ਸੁਆਲ ਦਾ ਜੁਆਬ ਕਿਸੇ ਪਾਸ ਨਹੀਂ ਹੈ ਤਾਅਜੁਬ ਇਸ ਗੱਲ ਦਾ ਹੈ ਕਿ ਜਿਹਨਾਂ ਕਿਸਾਨਾਂ ਕੋਲ ਆਪਣੇ ਮੋਬਾਇਲ ਨਹੀਂ ਹਨ, ਉਹਨਾਂ ਤੋਂ ਉਹਨਾਂ ਦੇ ਮਿੱਤਰ ਦੇ ਨੰਬਰ ’ਤੇ ਇਹ ਸੇਵਾ ਦਿੱਤੀ ਗਈ ਹੈ। ਇਸ ਸਾਲ ਸਾਉਣੀ ਦੇ ਮੌਸਮ ’ਚ ਵੈਣਗੰਗਾ ਬੈਂਕ ਨੇ 450 ਰੁਪਏ ਦਾ ਕਰਜਾ ਵੰਡਿਆ ਹੈ। ਇਸ ਨਾਲ ਆਰ. ਐਮ. ਐਲ. ਨੂੰ ਕਿੰਨਾ ਕਾਰੋਬਾਰ ਬੈਂਕ ਨੇ ਦਵਾਇਆ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਆਰ. ਐਮ. ਐਲ. ਤਿੰਨ ਐਸ. ਐਮ. ਐਸ. ਰੋਜਾਨਾਂ ਦੇ ਹਿਸਾਬ ਨਾਲ ਸਾਲ ’ਚ 1000 ਐਸ. ਐਮ. ਐਸ. ਭੇਜੇਗਾ। ਜੇ ਬਲਕ ਐਸ. ਐਮ. ਐਸ. ਦਾ ਰੇਟ (ਜੋ ਪੰਜ ਪੈਸੇ ਫੀ ਐਸ. ਐਮ. ਐਸ. ਹੈ) ਜੋੜਿਆ ਜਾਵੇ ਤਾਂ ਕੰਪਨੀ ਨੂੰ ਪ੍ਰਤੀ ਕਿਸਾਨ 50 ਰੁਪਏ ਦਾ ਖਰਚਾ ਕਰਨਾ ਪਵੇਗਾ। ਜਿਸ ਲਈ ਇਹ ਕਿਸਾਨਾਂ ਤੋਂ 850 ਰੁਪਏ ਵਸੂਲ ਰਹੀ ਹੈ। ਵੈਸੇ ਕੇਂਦਰ ਸਰਕਾਰ ਦੇ ਖੇਤੀ ਮੰਤਰਾਲੇ ਦਾ ਇਕ ਮੁਫਤ ਨੰਬਰ ਵੀ ਹੈ। ਜਿਸ ’ਤੇ ਕੋਈ ਵੀ ਮੌਸਮ ਦਾ ਹਾਲ ਮੁਫਤ ਵਿੱਚ ਜਾਣ ਸਕਦਾ ਹੈ। ਇੰਟਰਨੈੱਟ ’ਤੇ ਵੀ ਮੁਫਤ ਮੌਸਮ ਦਾ ਹਾਲ ਪਤਾ ਕੀਤਾ ਜਾ ਸਕਦਾ ਹੈ। ਇਹ ਸਭ ਹੋਣ ਦੇ ਬਾਵਜੂਦ ਬੈਂਕਾਂ ਨੇ ਕਿਸ ਅਧਾਰ ’ਤੇ ਆਰ. ਐਮ. ਐਲ. ਨਾਲ ਸਮਝੌਤਾ ਕਰਕੇ ਕਿਸਾਨਾਂ ਨੂੰ ਲੁੱਟਿਆ ਹੈ? ਕਿਸਾਨ ਜੋ ਕਰਜਾ ਲੈਣ ਲਈ ਦਰ ਦਰ ਠੋਕਰਾਂ ਖਾਂਦਾ ਹੈ। ਉਹ ਇਸ ਸਥਿਤੀ ’ਚ ਨਹੀਂ ਹੁੰਦਾ ਹੈ ਕਿ ਉਹ ਬੈਂਕ ਦੇ ਅਧਿਕਾਰੀਆਂ ਨੂੰ ਕਿਸੇ ਵੀ ਚੀਜ਼ ਲਈ ਮਨਾ ਕਰੇ। ਸੁਆਲ ਪੈਦਾ ਹੁੰਦਾ ਹੈ ਕਿ ਬੈਂਕ ਅਫਸਰ ਕਿਸਾਨਾਂ ਦੇ ਸਿਰ ਇਹ ਸਕੀਮ ਕਿਉਂ ਮੜ੍ਹ ਰਿਹਾ ਹੈ? ਪਤਾ ਲੱਗਿਆ ਹੈ ਕਿ ਆਰ. ਐਮ. ਐਲ. ਨੇ ਬੈਂਕ ਅਫਸਰਾਂ ਲਈ ਤੋਹਫਾ ਯੋਜਨਾ ਬਣਾਈ ਹੈ। ਜੋ ਵੱਧ ਗਾਹਕ ਬਣਾਏਗਾ, ਉਸ ਨੂੰ ਮੋਬਾਇਲ ਫੋਨ, ਕੈਮਰੇ, ਐਲ. ਸੀ. ਡੀ. ਸੋਨਾ ਆਦਿ ਦਿਲਕਸ਼ ਇਨਾਮ ਦਿੱਤੇ ਜਾਣਗੇ। ਜੋ ਵੱਡੇ ਅਧਿਕਾਰੀ ਹਨ, ਉਹਨਾਂ ਲਈ ਵਿਦੇਸ਼ੀ ਸਫ਼ਰ ਦੀ ਸਕੀਮ ਹੈ। ਅਜਿਹੇ ਕਈ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਹੈ ਕਿ ਜਿਹਨਾਂ ਕਾਰਨ ਕਰਕੇ ਹਜ਼ਾਰਾਂ, ਕਰੋੜਾਂ ਰੁਪਇਆਂ ਦੇ ਪੈਕਜ ਦੇਣ ਦੇ ਬਾਵਜੂਦ ਆਤਮ ਹੱਤਿਆਵਾਂ ’ਚ ਅਜੇ ਕੋਈ ਕਮੀ ਨਹੀਂ ਆਈ ਹੈ। ਮੀਡੀਆ ’ਚ ਇਸ ਕਾਂਡ

ਦਾ ਪਰਦਾਫਾਸ਼ ਹੋਣ ਪਿਛੋਂ ਵੀ ਰਾਜ ਸਰਕਾਰ ਨੇ ਦੋਸ਼ੀਆਂ ਵਿਰੁੱਧ ਕੋਈ ਕਦਮ ਨਹੀਂ ਚੁੱਕਿਆ ਹੈ। ਸੂਬੇ 'ਚ ਪਿਆਜ ਦੀ ਖੇਤੀ ਕਰਨ ਵਾਲੇ ਕਿਸਾਨ ਇਕ ਵੱਖਰੀ ਮੁਸੀਬਤ ਦਾ ਸਾਹਮਣਾ ਕਰ ਰਹੇ ਹਨ। ਪਿਆਜ ਦਾ ਭਵਿੱਖ ਰੱਬ ਆਸਰੇ ਹੋ ਗਿਆ ਹੈ। ਸਰਕਾਰ ਨੇ ਬਰਾਮਦ ਤੇ ਪਾਬੰਦੀ ਲਾ ਕੇ ਪਿਆਜ ਦੇ ਭਾਅ 'ਤੇ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਸੰਘਰਸ਼ਸ਼ੀਲ ਕਿਸਾਨਾਂ ਦੀਆਂ ਭਾਵਨਾਵਾਂ ਨੂੰ ਵੇਖਦਿਆਂ ਸਰਕਾਰ ਨੇ ਬਰਾਮਦ ਤੋਂ ਪਾਬੰਦੀ ਚੁੱਕ ਲਈ ਹੈ, ਹਾਲਾਂਕਿ ਇਸ ਦੇ ਨਾਲ ਹੀ ਜੋ 457 ਡਾਲਰ ਪ੍ਰਤੀਟਨ ਦੀ ਸ਼ਰਤ ਰੱਖੀ ਗਈ ਹੈ। ਉਸ ਦੇ ਨਾਲ ਕਿਸੇ ਦਾ ਵੀ ਭਲਾ ਨਹੀਂ ਹੋ ਰਿਹਾ ਹੈ। ਬਰਾਮਦ ਕਾਰ ਇਸ ਨੂੰ ਸਰਕਾਰ ਦੀ ਅਣ-ਐਲਾਨੀ ਪਾਬੰਦੀ ਮੰਨ ਰਹੇ ਹਨ। ਵੈਸੇ ਵੀ ਬਰਾਮਦ ਹੋਵੇ ਨਾ ਹੋਵੇ ਕਿਸਾਨਾਂ ਨੂੰ ਉਹੀ ਭਾਅ ਮਿਲਦਾ ਹੈ। ਜੋ ਵਪਾਰੀ ਉਹਨਾਂ ਨੂੰ ਦਿੰਦੇ ਹਨ।

ਜਾਹਿਰ ਹੈ ਇਹ ਪੈਸਾ ਬਹੁਤ ਘੱਟ ਹੋਵੇਗਾ ਜਦ ਕਿ ਸਹੀ ਮੁਨਾਫਾ ਵਪਾਰੀ ਤੇ ਬਰਾਮਦਕਾਰ ਕਮਾਉਂਦੇ ਹਨ। ਜਦ ਸਰਕਾਰ ਤੋਂ ਨੀਤੀ ਬਦਲਾਉਣੀ ਹੁੰਦੀ ਹੈ ਤਾਂ ਉਹ ਕਿਸਾਨਾਂ ਨੂੰ ਮੂਹਰੇ ਕਰਕੇ ਸੰਘਰਸ਼ ਖੜ੍ਹਾ ਕਰਵਾਉਂਦੇ ਹਨ ਅਤੇ ਸਰਕਾਰ ਨੂੰ ਡਰਾ ਧਮਕਾ ਕੇ ਆਪਣੀਆਂ ਗੱਲਾਂ ਮੰਨਵਾ ਲੈਂਦੇ ਹਨ। ਕਿਸਾਨਾਂ ਦੀ ਆੜ 'ਚ ਨੇਤਾਗਿਰੀ ਕਰਨ ਵਾਲੇ ਨੇਤਾ ਵੀ ਉਹਨਾਂ ਵਪਾਰੀਆਂ ਦੀ ਨਿਰਦੇਸ਼ਨਾ 'ਚ ਕੰਮ ਕਰਦੇ ਹਨ। ਅੱਜ ਤੱਕ ਕਿਸੇ ਵੀ ਨੇਤਾ ਜਾਂ ਸਰਕਾਰ ਨੇ ਇਸ ਨੀਤੀ 'ਤੇ ਕੰਮ ਨਹੀਂ ਕੀਤਾ ਕਿ ਪਿਆਜ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਹਨਾਂ ਦੇ ਪਿਆਰ ਦੀ ਸਹੀ ਕੀਮਤ ਦਵਾਉਣੀ। ਰਾਜ 'ਚ ਠੋਸ ਪਿਆਜ ਨੀਤੀ ਬਣਾਉਣ ਦੀ ਲੋੜ ਹੈ ਪਰ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਦੂਜੇ ਪਾਸੇ ਸਰਕਾਰ ਗੰਨਾ ਕਿਸਾਨਾਂ ਦੇ ਨਾਂ ਹੇਠ ਚੀਨੀ ਮਿਲਾਂ ਨੂੰ ਰਿਆਇਤਾਂ ਦੇ ਰਹੀ ਹੈ। ਰਾਜ ਸਹਿਕਾਰੀ ਬੈਂਕ ਨੂੰ ਸਰਕਾਰ ਨੇ ਚੀਨੀ ਮਿਲਾਂ ਅਤੇ ਸੂਤ ਮਿਲਾਂ ਲਈ 1800 ਕਰੋੜ ਰੁਪਏ ਦੀ ਗਾਰੰਟੀ ਦਿੱਤੀ ਸੀ, ਜਿਸ ਭਰੋਸੇ ਬੈਂਕ ਨੇ ਅੱਗੇ ਕਰਜੇ ਦਿੱਤੇ। ਉਹ ਸਾਰੇ ਕਰਜੇ ਡੁੱਬਣ ਕਾਰਨ ਬੈਂਕ ਦੀ ਹਾਲਤ ਪਤਲੀ ਹੋ ਗਈ। ਕੇਂਦਰ ਸਰਕਾਰ ਨੇ ਬੈਂਕ ਦੇ ਸੰਚਾਲਕ ਮੰਡਲ ਨੂੰ ਬਰਖਾਸਤ ਕਰਕੇ ਬੈਂਕ ਰਸੀਵਰ ਦੇ ਹਵਾਲੇ ਕਰ ਦਿੱਤਾ। ਬੈਂਕ ਨੇ ਰਾਜ ਸਰਕਾਰ ਤੋਂ 1800 ਕਰੋੜ ਰੁਪਏ ਵਸੂਲਣ ਲਈ ਅਦਾਲਤ ਦੀ ਸ਼ਰਨ ਲਈ। ਇਸ ਮੁਕਦਮੇਬਾਜੀ ਦੌਰਾਨ ਫਿਰ ਤੋਂ ਸੂਬਾ ਸਰਕਾਰ ਕੋਲ 23 ਖੰਡ ਮਿਲਾਂ ਨੇ ਕਰਜੇ ਲਈ ਬੇਨਤੀ ਕੀਤੀ। ਇਹਨਾਂ 'ਚੋਂ 146 ਕਰੋੜ ਰੁਪੈ ਦਾ ਕਰਜਾ ਉਹਨਾਂ 18 ਖੰਡ ਮਿਲਾਂ ਨੂੰ ਦਵਾਇਆ ਗਿਆ। ਜੋ ਰਾਜ ਦੇ ਵੱਡੇ ਨੇਤਾਵਾਂ ਦੀਆਂ ਹਨ। ਇਸ ਕਰਜੇ ਲਈ ਰਾਜ ਸਰਕਾਰ ਨੇ ਫਿਰ ਗਾਰੰਟੀ ਲਈ ਹੈ। ਹੁਣ ਜਿਹੜੀਆਂ ਪੰਜ ਖੰਡ ਮਿਲਾਂ ਨੂੰ ਛੱਡਿਆ ਹੈ ਉਹਨਾਂ ਦੇ ਮਾਲਕਾਂ ਨੇ ਵੀ ਸਰਕਾਰ 'ਤੇ ਦਬਾਅ ਪਾ ਕੇ 37 ਕਰੋੜ ਰੁਪਏ ਦਾ ਕਰਜਾ ਲੈ ਲਿਆ ਹੈ। ਇਸ ਤਰ੍ਹਾਂ ਚੀਨੀ ਮਿਲਾਂ ਤੇ ਮੇਹਰ ਹੋ ਰਹੀ ਹੈ। ਕਿਸਾਨਾਂ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਆਪਣੇ ਪਸੀਨੇ ਨਾਲ ਖੇਤ ਨੂੰ ਸਿੰਝਣ ਵਾਲੇ ਕਿਸਾਨ ਆਤਮ ਹੱਤਿਆ ਕਰਨ ਵਾਲੇ ਪਾਗਲ ਆਖੇ ਜਾਂਦੇ ਹਨ।

# ਜ਼ਮੀਨ ਹਾਸਲ ਕਰਨ ਦਾ ਕਾਨੂੰਨ 1894 ਬਨਾਮ ਖੇਤੀ ਸੰਕਟ

ਐਮ. ਐਸ. ਸੁਆਮੀ ਨਾਥਨ ਨੇ ਬਤੌਰ ਖੇਤੀ ਵਿਗਿਆਨਕ ਸਾਲ 1974 ’ਚ ਕਿਹਾ ਸੀ ਕਿ ਖੇਤੀ ਜ਼ਮੀਨ ਦਾ ਇਕ ਇੰਚ ਵੀ ਗ਼ੈਰ-ਖੇਤੀ ਕੰਮਾਂ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਪਿਛੋਂ ਕਿਸਾਨ ਕਮਿਸ਼ਨ ਜਿਸ ਦੇ ਉਹ ਪ੍ਰਧਾਨ ਬਣਾਏ ਗਏ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਕੌਮੀ ਜਨਰਲ ਸਕੱਤਰ ਮੈਂਬਰ ਬਣੇ ਨੇ ਆਪਣੀ ਰੀਪੋਟ ’ਚ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਖੇਤੀ ਜ਼ਮੀਨ ਦੀ ਗ਼ੈਰ ਖੇਤੀ ਕੰਮਾਂ ਲਈ ਵਰਤੋਂ ਦੇ ਗੰਭੀਰ ਸਿੱਟੇ ਹੋਣਗੇ। ਜਿਸ ਦੇਸ਼ ਦੀ ਅਨਾਜ ਸੁਰੱਖਿਆ ਨੂੰ ਖ਼ਤਰਾ ਹੋਵੇਗਾ। ਅੱਗੇ ਚਲ ਕੇ ਸਾਡੀ ਕੌਮੀ ਸੁਰੱਖਿਆ ਨੀਤੀ ਨੂੰ ਪ੍ਰਭਾਵਿਤ ਕਰੇਗਾ। ਉਜਾੜੇ ਤੇ ਮੁੜ ਵਸੇਬੇ ਦੀ ਸਮੱਸਿਆ ਵਿਰਾਟ ਰੂਪ ਧਾਰਨ ਕਰੇਗੀ ਨਾਲ ਹੀ ਰੋਟੀ ਰੋਜੀ ਗੁਆਉਣ ਵਾਲੇ ਕਿਸਾਨਾਂ, ਖੇਤ ਮਜ਼ਦੂਰ, ਪੇਂਡੂ ਦਸਤਕਾਰਾਂ ਭਰਪੂਰ ਬੇਰੁਜ਼ਗਾਰਾਂ ਤੇ ਭੁੱਖਿਆ ਦੀ ਵੱਡੀ ਫ਼ੌਜ ਖੜ੍ਹੀ ਹੋ ਜਾਵੇਗੀ। ਅਫਸੋਸ ਦੀ ਗੱਲ ਹੈ ਕਿ ਅਜ਼ਾਦੀ ਪਿੱਛੋਂ ਜਥੇਬੰਦ ਖੇਤਰ ਲਈ ਤਨਖਾਹ ਕਮਿਸ਼ਨ ਬਣੇ। ਉਹਨਾਂ ਦੀਆਂ ਸਿਫਾਰਸ਼ਾਂ ਲਾਗੂ ਹੋ ਗਈਆਂ ਤੇ ਉਸ ਦੇ ਨਾਲ ਸੱਤਵਾਂ ਤਨਖਾਹ ਕਮਿਸ਼ਨ ਗਠਿਤ ਹੋ ਗਿਆ ਪਰ 1947 ਦੀ ਸੱਤਾ ਬਦਲੀ ਦੇ 64 ਸਾਲਾਂ ’ਚ ਸਿਰਫ਼ ਇਕ ਕਿਸਾਨ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਖ ਤੌਰ ’ਤੇ ਖੇਤੀਯੋਗ ਭੂਮੀ ’ਤੇ ਕਬਜਾ ਕਰਨਾ ਬੰਦ ਕਰੋ ਅਤੇ ਖੇਤੀ ਨੂੰ ਘੱਟੋ ਘੱਟ ਸਹਾਇਕ ਮੁੱਲ ’ਚੋਂ ਕੱਢਕੇ ਲਾਭਕਾਰੀ ਬਣਾਓ। ਸਾਡੀ ਪਾਰਲੀਮੈਂਟ ’ਚ ਧਰੀਆਂ ਧਰਾਈਆਂ ਪਈਆਂ ਹਨ ਪਰ ਐਮ. ਪੀ. ਲੋਕਾਂ ਦੀਆਂ ਗਰਾਟਾਂ ਤੇ ਭੱਤੇ 2 ਕਰੋੜ ਤੋਂ ਵੱਧ ਕੇ 5 ਕਰੋੜ ਕਰਨ ’ਚ ਕੋਈ ਸਮਾਂ ਨਹੀਂ ਲਗਦਾ। ਜਦ ਕਾਰਖਾਨਿਆਂ, ਆਲੀਸ਼ਾਨ ਕਲੋਨੀਆ ਲਈ ਚਾਹੇ ਨੋਇਡਾ ਦੇ ਘੋੜੀ ਬਛੇੜਾ, ਭੱਠਾ ਪਾਰਸੌਲ ਹੋਵੇ, ਅਲੀਗੜ ਦਾ ਟਪਲ ਹੋਵੇ, ਛਤੀਸ਼ਗੜ੍ਹ, ਉੜੀਸਾ, ਪੰਜਾਬ, ਪੱਛਮੀ ਬੰਗਾਲ ’ਚ ਖੇਤੀ ਜ਼ਮੀਨ ਹੜੱਪੀ ਜਾਂਦੀ ਹੈ ਤਾਂ ਰੋਹ ਭੜਕਦਾ ਹੈ ਤੇ ਗੋਲੀਬਾਰੀ ’ਚ ਲੋਕ ਮਾਰੇ ਵੀ ਜਾਂਦੇ ਹਨ ਪਰ ਕੀ ਖੇਤਾਂ ਨੂੰ ਉਜਾੜਨਾ ਲਾਜਮੀ ਹੈ? ਕੀ ਕੋਈ ਹੋਰ ਬਦਲ ਨਹੀਂ ਹੈ? ਕੀ ਸਨਅਤੀ ਵਿਕਾਸ ਤੇ ਵਿਸ਼ਾਲਤਾਪੂਰਣ ਰਹਿਣ ਸਹਿਣ ਲਈ ਬੁਨਿਆਦੀ ਆਰਥਿਕ ਢਾਂਚੇ ਖੇਤੀ ਜਿਸ ਨੇ ਸੰਸਾਰਕ ਮੰਦੇ ਦੇ ਦੌਰ ਵਿੱਚ ਵੀ ਦੇਸ਼ ਦੀ ਆਰਥਿਕਤਾ ਨੂੰ ਡਾਵਾਂਡੋਲ ਹੋਣ ਤੋਂ ਬਚਾਇਆ ਅਤੇ ਅਨਾਜ ਸੁਰੱਖਿਆ ਲਈ ਲਾਜ਼ਮੀ ਹੈ, ਨੂੰ ਬਲੀ ਦਾ ਬਕਰਾ ਬਣਾਇਆ ਜਾਣਾ ਜ਼ਰੂਰੀ ਹੈ? ਧਿਆਨ ਦੇਣ ਯੋਗ ਤੱਥ ਹੈ ਕਿ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੇ ਅੰਦਾਜ਼ੇ ਅਨੁਸਾਰ ਜਿੱਥੇ ਦੇਸ਼ ’ਚ ਸਾਲ 1992 ’ਚ 12.5 ਕਰੋੜ ਹੇਕਟੇਅਰ ਖੇਤੀ ਜ਼ਮੀਨ ਤੇ ਕਾਸ਼ਤ ਹੁੰਦੀ ਸੀ। ਉਥੇ 2011 ’ਚ ਘਟ ਕੇ 10 ਕਰੋੜ ਹੇਕਟੇਅਰ ਖੇਤੀਯੋਗ ਜ਼ਮੀਨ ਹੀ ਰਹਿ ਗਈ ਹੈ। ਹਾਲਾਤ ਇਹ ਹਨ ਕਿ 32 ਕਰੋੜ 90 ਲੱਖ ਹੇਕਟੇਅਰ ਜ਼ਮੀਨ ਵਿੱਚੋਂ 12 ਕਰੋੜ 95 ਲੱਖ 70 ਹਜ਼ਾਰ ਹੇਕਟੇਅਰ ਜ਼ਮੀਨ ਬੰਜਰ ਹੈ। ਦੂਜੀ ਥਾਂ ’ਤੇ ਰਾਜਸਥਾਨ ਹੈ ਜਿੱਥੇ ਇਕ ਕਰੋੜ 44 ਲੱਖ ਇਕ ਹਜ਼ਾਰ ਹੇਕਟੇਅਰ ਬੰਜਰ ਹੈ। ਇਸ ਤਰ੍ਹਾਂ ਆਂਧਰਾ ਪ੍ਰਦੇਸ਼ ’ਚ ਇਕ ਕਰੋੜ 14 ਲੱਖ 16 ਹਜ਼ਾਰ ਹੇਕਟੇਅਰ, ਕਰਨਾਟਕਾ ’ਚ 91 ਲੱਖ 65 ਹਜ਼ਾਰ, ਉਤਰ ਪ੍ਰਦੇਸ਼ ’ਚ 80 ਲੱਖ 61 ਹਜ਼ਾਰ, ਗੁਜਰਾਤ ’ਚ 98 ਲੱਖ 36 ਹਜ਼ਾਰ, ਉੜੀਸਾ ’ਚ 63 ਲੱਖ 84 ਹਜ਼ਾਰ, ਬਿਹਾਰ ’ਚ 54 ਲੱਖ 58 ਹਜ਼ਾਰ ਹੇਕਟੇਅਰ, ਪੱਛਮੀ ਬੰਗਾਲ 25

ਲੱਖ 36 ਹਜ਼ਾਰ, ਹਰਿਆਣਾ ’ਚ 24 ਲੱਖ 78 ਹਜ਼ਾਰ, ਜੰਮੂ ਕਸ਼ਮੀਰ ’ਚ 15 ਲੱਖ 65 ਹਜ਼ਾਰ, ਕੇਰਲਾਂ ’ਚ 12 ਲੱਖ 79 ਹਜ਼ਾਰ ਹੇਕਟੇਅਰ ਜ਼ਮੀਨ ਬੰਜਰ ਹੈ। ਕੀ ਸਨਅਤੀ ਵਿਕਾਸ ਲਈ ਇਸ ਬੰਜਰ ਜ਼ਮੀਨ ਨਹੀਂ ਵਰਤੀ ਜਾ ਸਕਦੀ? ਜੇ ਇਹਨਾਂ ਨੂੰ ਅਸੀਂ ਵਿਕਸਤ ਕਰਨ ਦੀ ਕੋਈ ਸਾਰਥਕ ਪਹਿਲੀ ਕਰੀਏ ਤਾਂ ਖੇਤੀਯੋਗ ਜ਼ਮੀਨ ਦੇ ਹੜੱਪਣ ਤੋਂ ਬਚਿਆ ਨਹੀਂ ਜਾ ਸਕਦਾ? ਤੇ ਧਰਤੀ ਹਰੀ ਭਰੀ ਬਣੀ ਰਹਿ ਸਕਦੀ ਹੈ।

ਸੁਪਰੀਮ ਕੋਰਟ ਦੇ ਦਖਲ ਨੂੰ ਕੁਝ ਰਾਹਤ ਦਾ ਅਹਿਸਾਸ ਤਾਂ ਹੋਇਆ। ਜ਼ਮੀਨ ਹੜੱਪਣ ਸਬੰਧੀ ਕਾਨੂੰਨ 1894 ਦੀ ਕਿਸ ਹੱਦ ਤੱਕ ਸੁਬਾਈ ਸਰਕਾਰਾਂ ਨੇ ਦੁਰਵਰਤੋਂ ਕੀਤੀ। ਇਸ ਦੀ ਇਕ ਝਲਕ ਸਾਹਮਣੇ ਆਈ। ਇਹ ਜ਼ਰੂਰੀ ਹੈ ਕਿ ਸੱਤਾ ਬਦਲੀ ਦੇ 64 ਸਾਲਾਂ ’ਚ ਦੇਸ਼ ਦੇ ਸੰਵਿਧਾਨ ’ਚ ਅਨੇਕਾਂ ਸੋਧਾਂ ਕੀਤੀਆਂ ਗਈਆਂ। ਬਹੁਤ ਸਾਰੇ ਨਵੇਂ ਕਾਨੂੰਨ ਵੀ ਬਣੇ ਜਿਹਨਾਂ ਨੇ ਸਨਅਤੀ ਜਗਤ ਦੀ ਖੁਸ਼ਹਾਲੀ ਦੇ ਦਰਵਾਜੇ ਖੋਹਲੇ। ਉਦਾਹਰਣ ਵਜੋਂ ਸਾਲ 2009-10 ’ਚ ਮੁਕੇਸ਼ ਅੰਬਾਨੀ ਦੇ ਰਿਲਾਇਸ ਫ੍ਰੇਸ਼ਰ ਨੇ ਪਿਆਜ ਦੀ ਖਰੀਦ 1-2 ਰੁਪਏ ਕਿਲੋ ’ਚ ਖਰੀਦੀ। ਪਿਆਜ ਦਾ ਭੰਡਾਰ ਵਧਿਆ ਤਾਂ ਸਰਕਾਰ ਨੇ ਬਰਾਮਦ ਦਾ ਲਾਇਸੰਸ ਜਾਰੀ ਕਰ ਦਿੱਤਾ ਅਤੇ ਪਿਆਜ ਦੀ ਬਰਾਮਦ 24 ਰੁਪਏ ਦੇ ਭਾਅ ਹੋਈ ਫਿਰ ਜਦ ਦੇਸ਼ ’ਚ ਪਿਆਜ ਦਾ ਘਾਟਾ ਪੈ ਗਿਆ ਤਾਂ ਸਰਕਾਰ ਤੋਂ ਬਰਾਮਦ ਉਪਰ ਪਾਬੰਦੀ ਲਵਾ ਕੇ 20 ਲੱਖ ਟਨ ਪਿਆਜ 70 ਰੁਪਏ ਦੇ ਭਾਅ ਵੇਚਕੇ ਲਗਭਗ 8000 ਕਰੋੜ ਰੁਪਿਆ ਮੁਨਾਫਾ ਕਮਾਇਆ। ਇਸ ਤਰ੍ਹਾਂ ਗੰਨਾ ਉਤਪਾਦਕ ਕਿਸਾਨ ਦੀ ਲੁੱਟ ਦਾ ਕਾਨੂੰਨ ਹੈ। ਕਿਸਾਨ ਨੂੰ ਚੀਨੀ ਪਰਤਾਂ ’ਤੇ ਧੋਖੇ ’ਚ ਰੱਖਿਆ ਜਾਂਦਾ ਹੈ। ਗੰਨੇ ਤੋਂ ਪੈਦਾ ਹੋਣ ਵਾਲੀ ਸ਼ਰਾਬ, ਇਥਨਾਲ ਕਾਗਜ਼, ਬਿਜਲੀ ਆਦਿ ਦੇ ਲਾਭ ਤੋਂ ਵਾਂਝਿਆ ਰੱਖਿਆ ਜਾਂਦਾ ਹੈ ਪਰ ਅੰਗ੍ਰੇਜ਼ਾਂ ਦੇ ਬਣਾਏ ਭੂਮੀ ਲੈਣ ਦੇ 1894 ਦੇ ਕਾਨੂੰਨ ਨੂੰ ਬਦਲਣ ਦੀ ਲੋੜ ਹੀ ਨਹੀਂ ਸਮਝੀ ਗਈ। ਇਸ ਕਾਨੂੰਨ ਦੇ ਤਹਿਤ ਧਾਰਾ 4 ’ਚ ਨੋਟੀਫੀਕੇਸ਼ਨ ਧਾਰਾ 5 ’ਚ ਇਤਰਾਜਾਂ ਦੀ ਸੁਣਵਾਈ। ਧਾਰਾ 9 ’ਚ ਜਿਲਾਧਿਕਾਰੀ ਵਲੋਂ ਅਵਾਰਡ ਐਲਾਨਣਾ ਫਿਰ ਧਾਰਾ 17 ’ਚ ਐਮਰਜੰਸੀ ਲਾਗੂ ਕਰਕੇ ਜ਼ਮੀਨ ਦੀ ਲੁੱਟ ਦੀ ਦੁਰਵਰਤੋਂ ਦੀਆਂ ਵਿਵਸਥਾਵਾਂ ਹਨ। ਸੁਪਰੀਮ ਕੋਰਟ ਨੇ ਇਕ ਫੈਸਲੇ ’ਚ ਇਸ ਪਾਗਲ ਮਾਨਸਿਕਤਾ ਵਾਲੇ ਲੋਕਾਂ ਵਲੋਂ ਬਣਾਇਆ ਕਾਨੂੰਨ ਦੱਸਿਆ ਜੋ ਆਮ ਆਦਮੀ ਪ੍ਰਤੀ ਸੰਵੇਦਨਹੀਣ ਹੈ। ਸੁਪਰੀਮ ਕੋਰਟ ਨੇ ਤਾਂ ਅੱਗੇ ਹੋਰ ਵੀ ਕਿਹਾ ਕਿ ਇਸ ਕਾਨੂੰਨ ਨੂੰ ਰੱਦੀ ਦੀ ਟੋਕਰੀ ’ਚ ਸੁੱਟ ਦੇਣਾ ਚਾਹੀਦਾ ਹੈ। ਹਾਲ ਦੀ ਘੜੀ ਜ਼ਮੀਨ ਇਕਵਾਇਰ ਕਰਨ ’ਤੇ ਪੇਂਡੂ ਵਿਕਾਸ ਮੰਤਰਾਲੇ ਵਲੋਂ ਨਵਾਂ ਡਰਾਫਟ ਜਾਰੀ ਕੀਤਾ ਗਿਆ ਹੈ। ਜੋ ਗੱਲ ਸਭ ਤੋਂ ਵੱਧ ਚੁਬਦੀ ਹੈ ਕਿ ਇਸ ਨੂੰ ਇੰਟਰਨੈੱਟ ’ਤੇ ਜਾਰੀ ਕੀਤਾ ਗਿਆ ਹੈ। ਜਦਕਿ ਸਾਧਾਰਨ ਤੋਂ ਸਾਧਾਰਨ ਕੇਸਾਂ ਨੂੰ ਵੱਡੇ-ਵੱਡੇ ਇਸ਼ਤਿਹਾਰਾਂ ਦੇ ਜ਼ਰੀਏ ਪ੍ਰਚਾਰਿਆ ਜਾਂਦਾ ਹੈ। ਦੂਜੀ ਗੱਲ ਇਸ ਵਿੱਚ ਇਨਫਰਾਸ ਟਰਕਚਰ ਦੇ ਵਿਕਾਸ ਹਿੱਤ ਜਿਸ ’ਚ ਨਿੱਜੀ ਕੰਪਨੀਆਂ ਤੇ ਜਨਤਕ-ਨਿੱਜੀ ਭਾਗੀਦਾਰੀ (ਪੀ ਪੀ ਪੀ) ਲਈ ਵੀ ਖੇਤੀ ਭੂਮੀ ਹੜੱਪਣ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ ਹੈ। ਨਾਲ ਹੀ ਐਮਰਜੰਸੀ ਵਿਵਸਥਾ ਨੂੰ ਵੀ ਤਰਜੀਹ ਜਾਂ ਵਾਜਬੀਅਤ ਦਿੱਤੀ ਗਈ ਹੈ। ਇਸ ਤਰ੍ਹਾਂ ਸਨਅਤਕਾਰ 70 ਫੀਸਦੀ ਜ਼ਮੀਨ ਦੀ ਵਿਵਸਥਾ ਸਿੱਧੀ ਖਰੀਦ ਸਕਣ ਤਾਂ ਬਾਕੀ ਲਈ ਸਰਕਾਰ ਜ਼ਮੀਨ ਇਕੱਠੀ

ਕਰੇਗੀ। ਅਜਿਹੀ ਹਾਲਤ 'ਚ ਆਰਥਿਕ ਸਰਵੇਖਣ 2005 'ਤੇ ਧਿਆਨ ਦੇਣਾ ਜ਼ਰੂਰੀ ਹੈ ਜਿਸ ਅਨੁਸਾਰ 40 ਫੀਸਦੀ ਲੋਕ ਖੇਤੀ ਨਹੀਂ ਕਰਨਾ ਚਾਹੁੰਦੇ 42 ਫੀਸਦੀ ਖੇਤੀ ਨਹੀਂ ਛੱਡਣਾ ਚਾਹੁੰਦੇ। 40 ਫੀਸਦੀ ਤੇ 42 ਫੀਸਦੀ ਨੂੰ ਵੱਖ-ਵੱਖ ਕਰਕੇ ਪਤਾ ਲੱਗਦਾ ਹੈ ਕਿ 42 ਫੀਸਦੀ ਉਹ ਹਨ ਜੋ ਦਰਮਿਆਨੇ ਜਾਂ ਛੋਟੇ ਕਿਸਾਨ ਹਨ। ਉਹਨਾਂ ਦਾ ਪੂਰਾ ਪਰਿਵਾਰ ਖੇਤੀ 'ਚ ਮੇਹਨਤ ਲਾਉਂਦਾ ਹੈ ਅਤੇ ਇਹ ਮੰਨ ਕੇ ਚਲਦਾ ਹੈ ਕਿ ਖੇਤੀ 'ਚ ਰੋਟੀ ਦੀ ਗਰੰਟੀ ਤਾਂ ਹੈ ਪਰ ਉਹ ਲੋਕ ਜੋ ਖੇਤੀ 'ਚ ਕਿਰਤ ਆਦਿ ਖਰੀਦਦੇ ਹਨ। ਉਹ ਖੇਤੀ ਦੇ ਅੱਛੇ ਭਾਅ ਹਾਸਲ ਕਰਨ 'ਤੇ ਖੇਤੀ ਛਡਣ ਨੂੰ ਮਜ਼ਬੂਰ ਹਨ। ਦੇਸ਼ ਦੀ ਅਬਾਦੀ 121 ਕਰੋੜ ਹੋ ਗਈ। ਇਸ ਲਈ ਸੁਰੱਖਿਅਤ ਵਾਸਤੇ ਖੇਤੀ ਭੂਮੀ ਇਕਵਾਇਰ ਨਾ ਕੀਤੀ ਜਾਵੇ।

# ਖੇਤੀ ਸੰਕਟ ਬਨਾਮ ਹਕੂਮਤੀ ਜਬਰ

ਪਿਛਲੇ ਦਿਨੀ ਅਸਮ ਦੇ ਬੇਸੀਮਾਰੀ ਜ਼ਿਲ੍ਹੇ 'ਚ ਪਟਸਨ ਦੀ ਵਾਜਿਬ ਕੀਮਤ ਮੰਗ ਰਹੇ ਕਿਸਾਨਾ 'ਤੇ ਪੁਲਸ ਗੋਲੀਆਂ ਵਰ੍ਹਾ ਕੇ ਚਾਰ ਕਿਸਾਨਾਂ ਨੂੰ ਮੌਤ ਦੀ ਨੀਂਦ ਸੁਲਾ ਦਿੱਤਾ। ਪੂਰੇ ਦੇਸ਼ ਦੀ ਖੇਤੀ ਖੇਤਰ ਇਸ ਸਮੇਂ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਮਹਾਂਰਾਸ਼ਟਰ ਤੇ ਰਾਜਸਥਾਨ 'ਚ ਕਿਸਾਨ ਪਿਆਜ ਦੇ ਸਹੀ ਭਾਅ ਹਾਸਲ ਕਰਨ ਲਈ ਸੜਕਾਂ 'ਤੇ ਹਨ। ਉਥੇ ਤਾਮਿਲਨਾਡੂ ਤੇ ਗੁਜਰਾਤ ਦੇ ਕਿਸਾਨ ਕਪਾਹ ਬਰਾਮਦ ਦਾ ਕੋਟਾ ਵਧਾਉਣ ਲਈ ਲੜ ਰਹੇ ਹਨ। ਪੰਜਾਬੀ ਹਰਿਆਣਾ ਪੱਛਮੀ ਉਤਰ ਪ੍ਰਦੇਸ਼ 'ਚ ਕਿਸਾਨ ਕਣਕ ਦੇ ਢੇਰਾਂ 'ਤੇ ਬੈਠੇ ਰੋ ਰਹੇ ਹਨ ਅਤੇ ਦੱਖਣੀ ਭਾਰਤ 'ਚ ਚਾਵਲ ਤੇ ਰਬੜ ਦੇ ਕਿਸਾਨਾ ਨੂੰ ਬੇਹਾਲ ਕਰ ਰੱਖਿਆ ਹੈ। ਬੰਪਰ ਪੈਦਾਵਾਰ ਦੇ ਬਾਵਜੂਦ ਪਿਛਲੇ ਦੋ ਸਾਲਾਂ ਤੋਂ ਖਾਦ ਮੁਦਰਾ ਸਫਿਤੀ ਦੋਹਰੇ ਅੰਕਾਂ ਦੇ ਕਰੀਬ ਘੁੰਮ ਰਹੀ ਹੈ ਅਤੇ ਸਰਕਾਰੀ ਗੋਦਾਮਾ 'ਚ ਅਨਾਜ ਸੜ ਰਿਹਾ ਹੈ। ਕਿਸਾਨਾਂ ਦੇ ਖੇਤਾਂ ਤੋਂ ਚੱਲਣ ਵਾਲੀ ਉਪਜ ਖਪਤਕਾਰ ਤਕ ਪਹੁੰਚਦਿਆਂ-ਪਹੁੰਚਦਿਆਂ ਪੰਜਾਹ ਤੋਂ ਅੱਸੀ ਫੀਸਦੀ ਮਹਿੰਗੀ ਹੋ ਜਾਂਦੀ ਹੈ। ਸੁਆਲ ਪੈਦਾ ਹੁੰਦਾ ਹੈ ਕਿ ਕਿਸਾਨ ਤੇ ਖਪਤਕਾਰ ਦੋਨਾ ਦੇ ਲੁੱਟਣ 'ਤੇ ਵੀ ਨੀਤੀਆਂ 'ਚ ਤਬਦੀਲੀ ਕਿਉਂ ਨਹੀਂ ਕੀਤੀ ਜਾਂਦੀ ਤੇ ਮਲਾਈ ਖਾਣ ਵਾਲਾ ਤੀਜਾ ਗਰੁੱਪ ਕਿਹੜਾ ਹੈ? ਕਿਸਾਨਾ ਦੀ ਬਰਬਾਦੀ ਤਹਿ ਕਰਨ ਵਾਲਿਆਂ ਦੀ ਸ਼ਨਾਖਤ ਕਰਨ ਲਈ ਸਭ ਤੋਂ ਪਹਿਲਾਂ ਪਿਆਜ ਨੂੰ ਲਿਆ ਜਾ ਸਕਦਾ ਹੈ। ਸਾਡੇ ਦੇਸ਼ 'ਚ ਪਿਆਜ ਦੀ ਸਲਾਨਾ ਖਪਤ ਲਗਭਗ ਇਕ ਕਰੋੜ ਟਨ ਹੈ। ਪਿਛਲੇ 30 ਸਾਲਾਂ ਤੋਂ ਪਿਆਜ ਦੀ ਬੰਪਰ ਪੈਦਾਵਾਰ ਹੋਣੀ ਹੈ। ਸਾਡੇ ਦੇਸ਼ 'ਚ 60 ਫੀਸਦੀ ਪਿਆਜ ਦੀ ਸਫਲ ਸਾਉਣੀ ਦੇ ਮੌਸਮ 'ਚ ਅਤੇ ਬਾਕੀ ਖਰੀਦ ਦੇ ਮੌਸਮ 'ਚ ਬੀਜੀ ਜਾਂਦੀ ਹੈ। ਖਰੀਦ ਜਾਂ ਮੌਨਸੂਨੀ ਪਿਆਜ ਮਈ 'ਚ ਬੀਜਿਆ ਜਾਂਦਾ ਹੈ ਤੇ ਸਤੰਬਰ-ਅਕਤੂਬਰ ਤਕ ਇਹ ਫਸਲ ਬਜ਼ਾਰ 'ਚ ਆ ਜਾਂਦੀ ਹੈ। ਮੁਖ ਤੌਰ 'ਤੇ ਮੀਂਹ ਦੇ ਪਾਣੀ 'ਚ ਤਿਆਰ ਹੋਣ ਕਰਕੇ ਮੌਨਸੂਨੀ ਪਿਆਜ ਨੂੰ ਲੰਮੇ ਸਮੇਂ ਤੱਕ ਸਟੋਰ ਨਹੀਂ ਕੀਤਾ ਜਾ ਸਕਦਾ ਅਤੇ ਇਹ ਫਸਲ ਅਨਾਜ ਪ੍ਰੋਸੈਸਿੰਗ ਦੀਆਂ ਸਹੂਲਤਾਂ ਦੀ ਘਾਟ ਕਾਰਨ ਜਲਦੀ ਹੀ ਸੜਨ ਲੱਗਦੀ ਹੈ। ਇਹੀ ਉਹ ਕਮਜ਼ੋਰੀ ਹੈ ਜਿਸ ਦਾ ਫਾਇਦਾ ਉਠਾਕੇ ਕਾਰੋਬਾਰੀਆਂ ਤੇ ਰਾਜਸੀ ਨੇਤਾਵਾਂ ਦਾ ਗਠਜੋੜ ਕਿਸਾਨ ਤੇ ਖਪਤਕਾਰਾਂ ਦੀ ਜੇਬ 'ਤੇ ਡਾਕਾ ਮਾਰਦਾ ਹੈ। 1998 ਦੇ ਦਿਲੀ ਦੇ ਪਿਆਜ ਸੰਕਟ ਤੋਂ ਲੈ ਕੇ ਹੁਣ ਤਕ ਦਾ ਇਤਿਹਾਸ ਗਵਾਹ ਹੈ ਕਿ ਦੇਸ਼ 'ਚ ਹਮੇਸ਼ਾ ਸਤੰਬਰ ਤੇ ਦਸੰਬਰ ਵਿਚਕਾਰ ਹੀ ਪਿਆਜ ਦੀਆਂ ਕੀਮਤਾਂ ਜਨਤਾ ਨੂੰ ਰੋਲਦੀਆਂ ਹਨ ਕਿਉਂਕਿ ਕੁਝ ਰਾਜਾਂ ਦਾ ਕਿਸਾਨ ਅਗਸਤ 'ਚ ਫਸਲ ਕੱਟਣ ਪਿੱਛੋਂ ਪਿਆਜ ਬੀਜਦੇ ਹਨ ਤੇ ਜੋ ਜਨਵਰੀ ਤੱਕ ਬਜ਼ਾਰ 'ਚ ਆ ਜਾਂਦਾ ਹੈ। ਨਵੀਂ ਫਸਲ ਦੇ ਬਜ਼ਾਰ 'ਚ ਆਉਂਦਿਆਂ ਹੀ ਪਿਆਜ ਦੀਆਂ ਕੀਮਤਾਂ 'ਚ ਬਣਾਉਣ ਤੇਜੀ ਜਨਵਰੀ ਦੇ ਪਹਿਲੇ ਹਫਤੇ 'ਚ ਗਾਇਬ ਹੋ ਜਾਂਦੀ ਹੈ। ਪਿਆਜ 'ਚ ਤੇਜੀ ਲਿਆਉਣ ਦੀ ਇਹ ਖੇਡ ਕਾਰੋਬਾਰੀ ਤੇ ਨੇਤਾ ਬੜੀ ਚਲਾਕੀ ਨਾਲ ਹਰ ਸਾਲ ਖੇਡਦੇ ਰਹੇ ਹਨ। ਤੇ ਪਿਛਲੇ ਸਾਲ ਵਾਂਗੂੰ ਇਸ ਸਾਲ ਵੀ ਅਗਸਤ ਦੀ ਸ਼ੁਰੂਆਤ 'ਚ ਹੀ ਇਹ ਲਾਬੀ ਸਰਗਰਮ ਹੋ ਜਾਂਦੀ ਹੈ। ਮਹਾਂਰਾਸ਼ਟਰ, ਕਰਨਾਟਕ, ਗੁਜਰਾਤ ਤੇ ਰਾਜਸਥਾਨ ਸਮੇਤ ਸਾਰੇ ਪਿਆਜ ਉਤਪਾਦਕ ਰਾਜਾਂ 'ਚ ਮਾਨਸੂਨ ਦੀ

ਮੇਹਰਬਾਨੀ ਕਾਰਨ ਇਸ ਬਾਰੇ ਪਿਆਜ ਦੀ ਬੇਹਤਰ ਪੈਦਾਵਾਰ ਹੋਈ ਹੈ। ਦੂਸਰੇ ਦੇਸ਼ਾਂ 'ਚ ਪਿਆਜ ਦੀ ਪੈਦਾਵਾਰ ਪ੍ਰਭਾਵਿਤ ਹੋਣ ਤੇ ਉਚ ਗੁਣਵੰਣਤਾ ਦੇ ਚਲਦਿਆਂ ਕੌਮਾਂਤਰੀ ਬਜ਼ਾਰ 'ਚ ਭਾਰਤੀ ਪਿਆਜ ਦੀ ਖਾਸੀ ਮੰਗ ਹੈ। ਕਾਰੋਬਾਰੀਆਂ ਨੇ ਘੱਟ ਭਾਅ 'ਤੇ ਪਿਆਜ ਦਾ ਸਟੋਰ ਕਰਨ ਲਈ ਨੇਤਾਵਾਂ 'ਤੇ ਦਬਾਅ ਬਣਾਇਆ ਤੇ ਸਰਕਾਰ ਨੇ ਪਿਆਜ ਦੀਆਂ ਕੀਮਤਾਂ 'ਤੇ ਲਗਾਮ ਕਸਣ ਦਾ ਬਹਾਨਾ ਬਣਾ ਕੇ ਪਿਆਜ ਦੀ ਬਰਾਮਦ 'ਤੇ ਰੋਕ ਲਾ ਦਿੱਤੀ। ਹੈਰਾਨੀ ਦੀ ਗੱਲ ਹੈ ਕਿ ਬਰਾਮਦ 'ਤੇ ਪਾਬੰਦੀ ਸਮੇਂ ਪਿਆਜ ਦੀਆਂ ਕੀਮਤਾਂ ਦਸ ਰੁਪਏ ਕਿਲੋ ਦੇ ਕਰੀਬ ਚਲ ਰਹੀ ਸੀ। ਬਰਾਮਦ 'ਤੇ ਪਾਬੰਦੀ ਲਗਦਿਆਂ ਹੀ ਕਾਰੋਬਾਰੀਆਂ ਨੇ ਆਪਣੀ ਅਨਾਜ ਪ੍ਰੋਸੈਸਿੰਗ ਇਕਾਈਆਂ 'ਚ ਪਿਆਜ ਸਟੋਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਜ਼ਾਰ 'ਚ ਪਿਆਜ ਦੀ ਸਪਲਾਈ ਰੋਕ ਦਿੱਤੀ। ਇਸ ਤਰ੍ਹਾਂ ਬਣਾਉਟੀ ਕਿੱਲਤ ਪੈਦਾ ਕਰਨੀ ਸ਼ੁਰੂ ਕਰ ਦਿੱਤੀ। ਖਪਤ ਤੋਂ ਵੱਧ ਪੈਦਾਵਾਰ ਹੋਣ ਦੇ ਬਾਵਜੂਦ ਬਰਾਮਦ 'ਤੇ ਰੋਕ ਲਾਉਣ ਕਾਰਨ ਛੋਟੇ ਵਪਾਰੀਆਂ 'ਚ ਹਫੜਾ ਦਫੜੀ ਮਚ ਗਈ ਤੇ ਛੋਟੇ ਪੱਧਰ ਉਪਰ ਹੀ ਪਿਆਜ ਦੀ ਜਮ੍ਹਾਖੋਰੀ ਹੋਣ ਲੱਗੀ। ਵਿਡੰਬਨਾ ਦੇਖੋ, ਪਿਆਜ ਸਸਤੀਆਂ ਦਰਾਂ ਤੇ ਮੁਹੱਈਆ ਕਰਾਉਣ ਦਾ ਤਰਕ ਦੇਖ ਕੇ ਬਰਾਮਦ 'ਤੇ ਰੋਕ ਲਾਈ ਸੀ ਪਰ ਦੋ ਹਫਤਿਆਂ 'ਚ ਹੀ ਪਿਆਜ ਦੀ ਪ੍ਰਚੂਨ ਕੀਮਤਾਂ ਚਾਲੀ ਰੁਪਏ ਫੀ ਕਿਲੋ ਦਾ ਅੰਕੜਾ ਪਾਰ ਕਰ ਗਈਆਂ। ਕੀਮਤਾਂ ਡਿੱਗਣ ਕਰਕੇ ਪਹਿਲਾਂ ਦੇਸ਼ ਭਰ 'ਚ ਕਿਸਾਨਾ ਨੇ ਪਿਆਜ ਦੇ ਬੋਰੇ ਸੜਕਾਂ 'ਤੇ ਸੁਟਣੇ ਸ਼ੁਰੂ ਕਰ ਦਿੱਤੇ ਅਤੇ ਵਧਦੇ ਭਾਅ ਪਿੱਛੋਂ ਸਰਕਾਰ ਨੇ ਪਿਆਜ ਦੀ ਬਰਾਮਦ 'ਤੇ ਲਾਈ ਪਾਬੰਦੀ ਹਟਾ ਲਈ। ਭਾਵੇਂ ਕਿਸਾਨਾਂ ਨੂੰ ਇਸ ਫੈਸਲੇ ਨਾਲ ਵਧ ਫਾਇਦਾ ਨਹੀਂ ਹੋਣਾ।

ਛੋਟੇ ਕਿਸਾਨਾ ਕੋਲ ਫਸਲ ਨੂੰ ਵਧ ਸਮਾਂ ਰੋਕੀ ਰੱਖਣ ਜਾਂ ਸਟੋਰ ਕਰਨ ਦੀ ਸਹੂਲਤ ਹੈ ਹੀ ਨਹੀਂ। ਇਹੀ ਕਾਰਨ ਹੈ ਕਿ ਏਸ਼ੀਆ ਦੀ ਸਭ ਤੋਂ ਵੱਡੀ ਪਿਆਜ ਮੰਡੀ ਮਹਾਰਾਸ਼ਟਰ ਦੇ ਨਾਸਕ ਜ਼ਿਲੇ ਦੀ ਲਾਸਲਗਾਂਵ ਵਿੱਚ ਵਿਲਕਦੇ ਕਿਸਾਨਾਂ ਨੇ ਪਿਆਜ ਦੋ ਰੁਪਏ ਕਿਲੋ ਦੇ ਹਿਸਾਬ ਨਾਲ ਵਪਾਰੀਆਂ ਨੂੰ ਵੇਚ ਦਿੱਤਾ ਹੈ। ਤਿਉਹਾਰਾਂ ਤੇ ਵਿਆਹ-ਸ਼ਾਦੀਆਂ ਸਮੇਂ ਕਾਰੋਬਾਰੀ ਇਸ ਪਿਆਜ ਨੂੰ 50-60 ਫੀ ਕਿਲੋ ਦੀ ਦਰ ਨਾਲ ਵੇਚ ਕੇ ਮੁਨਾਫਾ ਕਮਾਉਣਗੇ। ਬਰਾਮਦ 'ਤੇ ਪਾਬੰਦੀ ਭਾਵੇਂ ਹਟਾ ਲਈ ਗਈ ਹੈ ਪਰ ਬਰਾਮਦ ਨੂੰ ਨਿਰਉਤਸਾਹਿਤ ਕਰਨ ਲਈ ਘੱਟੋ ਘੱਟ ਬਰਾਮਦ ਮੁਲ ਯਾਨੀ 170 ਰੁਪਏ ਫੀ ਟਨ ਤਹਿ ਕੀਤਾ ਗਿਆ ਹੈ। ਇਸ ਸਾਲ ਅਪ੍ਰੈਲ 'ਚ ਹਾੜੀ ਦਾ ਪਿਆਜ ਬਜ਼ਾਰ 'ਚ ਆਉਣ ਸਮੇਂ ਘੱਟੋ ਘੱਟ ਬਰਾਮਦ ਮੁੱਲ 170 ਡਾਲਰ ਪ੍ਰਤੀ ਟਨ ਤਹਿ ਕੀਤਾ ਗਿਆ ਹੈ ਪਰ ਮਾਨਸੂਨੀ ਪਿਆਜ ਦੇ ਬਜ਼ਾਰ 'ਚ ਆਉਂਦਿਆਂ ਹੀ ਐਮ. ਈ. ਪੀ. ਨੂੰ ਵਧਾ ਕੇ 475 ਡਾਲਰ ਪ੍ਰਤੀ ਟਨ ਕਰ ਦਿੱਤਾ ਗਿਆ। ਐਮ. ਈ. ਪੀ. 'ਚ ਢਾਈ ਤੋਂ ਵੱਧ ਇਸ ਵਾਧੇ ਨੇ ਬਰਾਮਦ 'ਤੇ ਪਾਬੰਦੀ ਹਟਾਉਣ ਦੇ ਫੈਸਲੇ ਦੀ ਪ੍ਰਸੰਗਿਕਤਾ ਹੀ ਖ਼ਤਮ ਕਰ ਦਿੱਤੀ ਹੈ ਅਤੇ ਛੋਟੇ-ਛੋਟੇ ਸਾਰੇ ਕਿਸਾਨ ਇਸ ਦੀ ਮਾਰ 'ਚ ਆ ਕੇ ਬਰਬਾਦ ਹੋ ਗਏ ਹਨ। ਕੀ ਨੀਤੀ ਘਾੜਿਆਂ ਕੋਲ ਇਸ ਦਾ ਜੁਆਬ ਹੈ ਕਿ ਕਿਨਾ ਕਾਰਨਾਂ ਕਰਕੇ ਐਮ. ਈ ਪੀ. 'ਚ ਅਚਾਨਕ ਵਾਧਾ ਕਰ ਦਿੱਤਾ ਗਿਆ? ਦਰਾਮਦ-ਬਰਾਮਦ ਦੀਆਂ ਦੋਹਰੀਆਂ ਨੀਤੀਆਂ ਦੇ ਆਸਰੇ ਇਕ ਪਾਸੇ ਕਿਸਾਨਾਂ ਨੂੰ ਉਪਜ ਦੀ ਵਾਜਬ ਕੀਮਤ ਤੋਂ ਵਾਞਿਆਂ ਰੱਖਣ ਤੇ ਦੂਜੇ ਪਾਸੇ ਖਪਤਕਾਰਾਂ ਨੂੰ ਵੀ

ਠੱਗਣ ਦਾ ਇਹ ਤਰੀਕਾ ਹਰ ਜਿਣਸ ਸਬੰਧੀ ਅਪਣਾਇਆ ਜਾਂਦੈ। 2010-11 'ਚ ਕਪਾਹ ਦੀਆਂ 340 ਲੱਖ ਗੱਠਾਂ (ਇੱਕ ਗੱਠ 140 ਕਿਲੋ) ਦੀ ਪੈਦਾਵਾਰ ਹੋਈ। ਸਾਡੀ ਘਰੇਲੂ ਖਪਤ 250 ਲੱਖ ਗੱਠਾਂ ਦੀ ਹੈ। ਪੈਦਾਵਾਰ ਤੇ ਖਪਤ ਦੇ ਅੰਕੜਿਆਂ ਦੀ ਦੇਖ ਰੇਖ ਕਰਕੇ ਸਾਧਾਰਨ ਬੰਦਾ ਵੀ ਦਸ ਸਕਦਾ ਹੈ ਕਿ ਸੌਖ ਨਾਲ ਹੀ 90 ਲੱਖ ਗੱਠਾਂ ਦੀ ਬਰਾਮਦ ਕੀਤੀ ਜਾ ਸਕਦੀ ਸੀ ਪਰ ਸਰਕਾਰ ਨੇ ਸਿਰਫ਼ 55 ਲੱਖ ਗੱਠਾਂ ਦੀ ਬਰਾਮਦ ਦੀ ਹੀ ਇਜਾਜ਼ਤ ਦਿੱਤੀ। ਸਿੱਟੇ ਵਜੋਂ ਕਿਸਾਨਾਂ ਨੂੰ ਉਪਜ ਦਾ ਸਹੀ ਮੁੱਲ ਨਹੀਂ ਮਿਲਿਆ ਤੇ ਕਪਾਹ ਸਟੋਰ ਕਰਨ ਵਾਲੇ ਜਮ੍ਹਾਖੋਰਾਂ ਨੇ ਉਚੇ ਭਾਵਾਂ 'ਤੇ ਛੋਟੀਆਂ ਕਤਾਈ ਤੇ ਕਤਾਈ-ਬੁਨਾਈ ਮਿਲਾਂ ਨੂੰ ਕਪਾਹ ਵੇਚਣੀ ਸ਼ੁਰੂ ਕਰ ਦਿੱਤੀ। ਸੰਕਟ ਏਨਾ ਵੱਧ ਗਿਆ ਕਿ ਦੇਸ਼ ਦੇ ਕਈ ਇਲਾਕਿਆਂ 'ਚ ਕਤਾਈ ਬੁਨਾਈ ਮਿੱਲਾਂ ਬੰਦ ਹੋ ਗਈਆਂ ਅਤੇ ਕਰਜੇ 'ਚ ਡੁੱਬ ਕੇ ਤ੍ਰਿਪਰੀ ਵਰਗੇ ਇਲਾਕਿਆਂ ਦੇ ਛੋਟੇ ਵਪਾਰੀ ਖੁਦਕੁਸ਼ੀ ਕਰਨ ਲੱਗੇ। ਮਾਮਲਾ ਗਰਮ ਹੋਣ ਪਿੱਛੋਂ ਕਪਾਹ ਦੀਆਂ ਵਾਧੂ ਗੰਢਾਂ ਦੀ ਬਰਾਮਦ ਦੀ ਇਜਾਜ਼ਤ ਦਿੱਤੀ ਗਈ ਪਰ ਉਦੋਂ ਤਕ ਬਹੁਤ ਦੇਰ ਹੋ ਚੁੱਕੀ ਸੀ। ਕੌਮਾਂਤਰੀ ਬਜ਼ਾਰ 'ਚ ਅਮਰੀਕੀ ਕਪਾਹ ਦੀ ਆਮਦ ਸ਼ੁਰੂ ਹੁੰਦਿਆਂ ਹੀ ਕੀਮਤਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਦੂਜੇ ਪਾਸੇ ਕਿਸਾਨ ਆਪਣੀ ਪੈਦਾਵਾਰ ਵੇਚ ਚੁੱਕੇ ਸਨ। ਇਸ ਕਾਰਨ ਸਟੋਰ ਦੀ ਸਮਰੱਥਾ ਵਾਲੇ ਵੱਡੇ ਵਪਾਰੀਆਂ ਨੇ ਹੀ ਬਰਾਮਦ ਦਾ ਥੋੜ੍ਹਾ ਬਹੁਤਾ ਫਾਇਦਾ ਉਠਾਇਆ। ਯਾਦ ਰਹੇ ਖੇਤੀ ਮੰਤਰੀ ਸ਼ਰਦ ਯਾਦਵ ਦੇ ਗ੍ਰਹਿ ਰਾਜ ਮਹਾਂਰਾਸ਼ਟਰ ਦੇ ਵਿਦਰਭ 'ਚ 16 ਲੱਖ ਤੋਂ ਵੱਧ ਕਿਸਾਨ ਕਪਾਹ ਦੀ ਖੇਤੀ ਕਰਦੇ ਹਨ ਅਤੇ ਪਿਛਲੇ ਕੁਝ ਸਾਲਾਂ ਤੋਂ ਉਪਜ ਦਾ ਸਹੀ ਭਾਅ ਨਾ ਮਿਲਣ ਕਰਕੇ ਖੁਦਕੁਸ਼ੀਆਂ ਕਰ ਰਹੇ ਹਨ। ਚਾਵਲ, ਕਣਕ ਜਾਂ ਚੀਨੀ ਕੋਈ ਵੀ ਅਜਿਹੀ ਫਸਲ ਨਹੀਂ ਜਿਸ ਦੀ ਵੱਧ ਪੈਦਾਵਾਰ ਹੋਣ ਕਰਕੇ ਕਿਸਾਨਾ ਨੂੰ ਮੇਹਨਤ ਦਾ ਸਹੀ ਭਾਅ ਮਿਲਿਆ ਹੋਵੇ। ਜਦ ਪੈਦਾਵਾਰ ਵੱਧ ਹੁੰਦੀ ਹੈ ਤਾਂ ਬਰਾਮਦ ਤੇ ਰੋਕ ਲਾ ਦਿੱਤੀ ਜਾਂਦੀ ਹੈ ਅਤੇ ਖਪਤ ਤੋਂ ਭੋਰਾ ਵੀ ਘੱਟ ਉਪਜ ਹੋਣ 'ਤੇ ਦਰਾਮਦ ਕਰਕੇ ਘਰੇਲੂ ਬਾਜ਼ਾਰ 'ਚ ਕੀਮਤਾਂ ਡੇਗ ਦਿੱਤੀਆਂ ਜਾਂਦੀਆਂ ਹਨ। ਦੱਸਣ ਦੀ ਲੋੜ ਨਹੀਂ ਕਿ ਅਜਿਹੇ ਫੈਸਲੇ ਕਿੰਨਾ ਲੋਕਾਂ ਦੇ ਇਸ਼ਾਰਿਆਂ 'ਤੇ ਕੀਤੇ ਜਾਂਦੇ ਹਨ ਤੇ ਕਿਸਾਨ ਕਿਉਂ ਆਪਣੀ ਜਾਨ ਦੇ ਰਹੇ ਹਨ। ਕਾਰੋਬਾਰੀਆਂ ਤੇ ਰਾਜਸੀ ਆਗੂਆਂ ਦੀ ਲਾਬੀ ਦੇ ਇਹਨਾਂ ਫੈਸਲਿਆਂ ਦਾ ਮਾੜਾ ਅਸਰ ਕਿਸਾਨਾ ਤਕ ਸੀਮਤ ਨਹੀਂ ਰਹਿੰਦਾ। ਖਪਤਕਾਰਾਂ ਤੇ ਆਖਰਕਾਰ ਅਰਥਚਾਰੇ ਨੂੰ ਵੀ ਇਸਦੀ ਕੀਮਤ ਅਦਾ ਕਰਨੀ ਪੈਂਦੀ ਹੈ। ਨੱਬੇ ਦੇ ਦਹਾਕੇ 'ਚ ਸਾਡਾ ਦੇਸ਼ ਖਾਦ ਤੇਲਾਂ 'ਚ ਆਤਮ ਨਿਰਭਰ ਸੀ ਪਰ ਅਰਥਚਾਰਾ ਖੋਹਲਣ ਦੀ ਮੁਹਿੰਮ 'ਚ ਸਾਲ ਦਰ ਸਾਲ ਤਿਲ ਹਨ, ਤੇ ਦਰਾਮਦ ਟੈਕਸ ਘੱਟ ਕਰ ਦਿੱਤਾ ਜਾਂਦਾ ਰਿਹਾ। ਸਿੱਟਾ ਇਹ ਹੋਇਆ ਕਿ ਘਰੇਲੂ ਬਾਜ਼ਾਰ, ਮਲੇਸ਼ੀਆ, ਤੇ ਹੁਣ ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਤੇਲ ਦਰਾਮਦ ਕਾਰ ਦੇਸ਼ ਬਣ ਗਿਆ ਹੈ। ਇਹ ਨੀਤੀ ਹੁਣ ਵੀ ਜਾਰੀ ਹੈ। ਯੂ. ਪੀ. ਏ. ਸਰਕਾਰ ਪਿਛਲੇ ਇਕ ਹਫਤੇ ਤੋਂ ਇੰਡੋਨੇਸ਼ੀਆ ਸਰਕਾਰ ਤੋਂ ਸਸਤੇ ਪਾਮ ਤੇਲ ਦੀ ਬੇਨਤੀ ਕਰ ਰਹੀ ਹੈ ਕਿਉਂਕਿ ਦੇਸ਼ ਦੀ ਖਪਤ ਦਾ ਅੱਧੇ ਤੋਂ ਵੱਧ ਖਾਣ ਵਾਲਾ ਤੇਲ ਦਰਾਮਦ ਕੀਤਾ ਜਾਣ ਲੱਗਿਆ ਹੈ। ਪੰਜ ਸਾਲ ਪਹਿਲਾਂ ਕਾਰੋਬਾਰੀਆਂ ਦੇ ਦਬਾਅ ਕਾਰਨ ਰਬੜ ਸਬੰਧੀ ਕੀਤੇ ਗਏ ਇਕ ਦੂਰ ਅੰਦੇਸ਼ੀ ਫੈਸਲੇ ਦੀ ਸਜ਼ਾ ਦੇਸ਼ ਦੇ ਲੋਕਾਂ ਨੂੰ ਅੱਜ ਤੱਕ ਮਿਲ ਰਹੀ ਹੈ।

2006-07 'ਚ 8.5 ਲੱਖ ਟਨ ਰਬੜ ਦੀ ਪੈਦਾਵਾਰ ਹੋਈ ਸੀ ਅਤੇ 93 ਹਜ਼ਾਰ ਟਨ ਰਬੜ ਪਹਿਲਾਂ ਬਚੀ ਹੋਈ ਸੀ ਪਰ ਇਸ ਵਾਰੀ ਫਿਰ ਕਾਰੋਬਾਰੀ (ਵਪਾਰਕ) ਲਾਬੀ ਦੇ ਦਬਾਅ ਹੇਠ ਪਹਿਲਾਂ 56 ਟਨ ਰਬੜ ਦੀ ਦਰਾਮਦ ਤੇ ਕੁਝ ਸਮੇਂ ਪਿੱਛੋਂ 90 ਹਜ਼ਾਰਟਨ ਰਬੜ ਦਰਾਮਦ ਕੀਤੀ ਗਈ। ਕਹਿਣ ਦੀ ਲੋੜ ਨਹੀਂ ਬਰਾਮਦ ਸਮੇਂ ਘਰੇਲੂ ਬਜ਼ਾਰ 'ਚ ਰਬੜ ਦੇ ਭਾਅ ਘਟਣੇ ਤੇ ਦਰਾਮਦ ਸਮੇਂ ਕੀਮਤਾਂ ਵਧਣੀਆਂ ਹੀ ਮਕਸਦ ਸੀ। ਕਿਸਾਨਾ ਨੇ ਉਸ ਝਟਕੇ ਪਿੱਛੋਂ ਰਬੜ ਦੀ ਖੇਤੀ ਤੋਂ ਤੋਬਾ ਕਰ ਲਈ ਪਰ ਵਾਹਨ ਉਦਯੋਗ ਤੇ ਜੁੱਤਾ ਸਨਅਤ ਸਮੇਤ ਦੂਜੇ ਖੇਤਰਾਂ 'ਚ ਰਬੜ ਦੀ ਮੰਗ ਬੇਹੱਦ ਵੱਧ ਗਈ। ਬੀਤੇ 5 ਸਾਲਾਂ ਤੋਂ ਹੀ ਭਾਰਤ ਰਬੜ ਦਰਾਮਦ ਕਰਨ ਵਾਲੇ ਦੇਸ਼ ਦੀ ਕਤਾਰ 'ਚ ਲਗਾਤਾਰ ਉਪਰ ਜਾ ਰਿਹਾ ਹੈ। ਯੂ. ਪੀ. ਏ. ਸਰਕਾਰ ਪਿਛਲੇ 7 ਸਾਲਾਂ ਤੋਂ ਫਸਲਾਂ ਦੀ ਸਹਾਇਕ ਕੀਮਤ 'ਚ ਵਾਧਾ ਕਰਕੇ ਕਿਸਾਨਾ ਦੀ ਭਲਾਈ ਕਰਨ ਦਾ ਦਾਅਵਾ ਕਰਦੀ ਹੈ। ਪਹਿਲੀ ਗੱਲ ਤਾਂ ਸਹਾਇਕ ਮੁੱਲ ਫਸਲ ਦੀ ਕੀਮਤ ਤੋਂ 60 ਫੀਸਦੀ ਘੱਟ ਹੁੰਦਾ ਹੈ ਤੇ ਉਸ ਦਾ ਵੀ ਮੰਡੀਆਂ 'ਚ ਉਪਜ ਵੇਚਣ ਵਾਲੇ 40 ਫੀਸਦੀ ਕਿਸਾਨਾ ਹੀ ਫਾਇਦਾ ਉਠਾ ਸਕਦੇ ਹਨ। ਸਟੋਰ ਕਰਨ ਦੀ ਸਮਰੱਥਾ ਨਾ ਹੋਣ ਕਰਕੇ ਕਿਸਾਨਾ ਫਸਲ ਕੱਟਦਿਆਂ ਹੀ ਵੇਚ ਦਿੰਦੇ ਹਨ ਪਰ ਇਥੇ ਵੀ ਸਰਕਾਰ ਦੇ ਦਰਾਮਦ-ਬਰਾਮਦ ਫੈਸਲੇ ਸੱਟ ਮਾਰਦੇ ਹਨ। ਭਾਰਤੀ ਜੂਟ ਬੋਰਡ ਨੇ ਚਾਲੂ ਸਾਲ ਲਈ ਫਸਲ ਦਾ ਘਟੋ ਘੱਟ ਸਹਾਇਕ ਮੁੱਲ 1515 ਰੁਪਏ ਫੀ ਕੁਇੰਟਲ ਤਹਿ ਕੀਤਾ ਸੀ। ਅਸਾਮ ਦੇ ਕਿਸਾਨ ਪਟਸਨ ਦੀ ਸਭ ਤੋਂ ਵਧੀਆ ਕਿਸਮ ਤੋਸਾ ਲਈ ਸਿਰਫ਼ 800 ਰੁਪਏ ਕੁਇੰਟਲ ਮਨੰਦੇ ਹਨ। ਜਦਕਿ ਵਿਚੋਲੇ 300 ਰੁਪਏ ਤੋਂ ਵੱਧ ਦੇਣ ਲਈ ਤਿਆਰ ਨਹੀਂ। ਪਤ੍ਰਕਾਰਾਂ ਨੂੰ ਲੈਪਟਾਪ ਵੰਡਣ ਵਾਲੇ ਮੁਖ ਮੰਤਰੀ ਤਰੁਣ ਔਗਾਈ ਪਟਸਨ ਦਾ ਭਾਅ ਵਧਾਉਣ ਦੀ ਬਜਾਏ ਕਿਸਾਨਾਂ 'ਤੇ ਗੋਲੀਆਂ ਦਾਗਦੇ ਹਨ। ਸਰਕਾਰੀ ਅਰਥ ਸਾਸ਼ਤਰੀ ਵੀ ਇਸ ਗੱਲ ਨੂੰ ਮੰਨਦੇ ਹਾਂ। ਕਿਸਾਨਾਂ ਦੀ ਵਰਤੋਂ ਤਕ ਪੁਜਦੇ ਪੁਜਦੇ ਭਾਅ ਚਾਰ ਗੁਣਾ ਹੋ ਜਾਂਦਾ ਹੈ। ਮਹਿੰਗਾਈ ਰੋਕਣ ਦੀ ਥਾਂ ਕਦੇ ਵਿਸ਼ਵੀ ਕਾਰਨਾਂ ਦਾ ਬਹਾਨਾ ਮਾਰਿਆ ਜਾਂਦਾ ਹੈ ਤੇ ਕਦੀ ਬਹੁਬ੍ਰਾਂਡ ਰਿਟੇਲ ਦੀ ਤਾਰ ਛੇੜੀ ਜਾਂਦੀ ਹੈ। ਬੀਤੇ ਦੋ ਸਾਲਾਂ ਤੋਂ ਵੱਧ ਉਪਜ ਦੇ ਬਾਵਜੂਦ ਕਿਸਾਨੀ ਸੰਕਟ 'ਚ ਹੈ। ਜੇ ਕਿਸਾਨਾ ਨੂੰ ਸਹੀ ਕੀਮਤ ਨਹੀਂ ਦਿੱਤੀ ਜਾਂਦੀ ਤਾਂ ਖਾਦ ਤੇਲ ਦਾ ਮਾਫਿਕ ਦੇਸ਼ ਅਨਾਜ ਦਾ ਬਰਾਮਦਕਾਰ ਵੀ ਬਣ ਸਕਦਾ ਹੈ। ਮਰਦੇ ਕਿਸਾਨਾਂ ਦੀ ਪ੍ਰਵਾਹ ਸਰਕਾਰ ਵੀ ਨਾ ਕਰੇ ਪਰ ਖਾਣ ਵਾਲੀਆਂ ਚੀਜ਼ਾਂ ਦੀ ਮਹਿੰਗਾਈ ਯੂ. ਪੀ. ਏ. ਸਰਕਾਰ ਦੀ ਚੂਲ੍ਹਾਂ ਹਿਲਾ ਸਕਦੀ ਹੈ। ਸਰਕਾਰ ਜੇ ਮਹਿੰਗਾਈ ਤੋਂ ਰਾਹਤ ਦਿਵਾਉਣਾ ਚਾਹੁੰਦੀ ਹੈ ਤਾਂ ਦਰਾਮਦ-ਬਰਾਮਦ ਦੀ ਇਹ ਖੇਡ ਬੰਦ ਕਰਕੇ ਕਿਸਾਨਾਂ ਨੂੰ ਖੇਤੀ ਸੰਦ, ਬੀਜ ਖਾਦ ਘੱਟ ਦਰਾਂ 'ਤੇ ਮੁਹੱਈਆ ਕਰਵਾਉਣੇ ਹੋਣਗੇ।

# ਮਣੀ ਪੁਰੀ ਦੇ ਲੋਕਾਂ ਦੀ ਬਦਹਾਲੀ ਲਈ ਜ਼ਿੰਮੇਵਾਰ ਕੌਣ?

ਮਣੀਪੁਰ ਦੇ ਲੋਕਾਂ ਦੀ ਜ਼ਿੰਦਗੀ ਇਕ ਵਾਰੀ ਫਿਰ ਤੋਂ ਤਕਲੀਫਾਂ ਨਾਲ ਘਿਰ ਗਈ ਹੈ। ਸੂਬੇ 'ਚ ਪਿਛਲੇ ਕਈ ਦਿਨਾਂ ਤੋਂ 'ਆਰਥਿਕ ਨਾਕੇਬੰਦੀ' ਜਾਰੀ ਹੈ। ਇਹ 'ਨਾਕੇਬੰਦੀ' ਸਦਰ ਹਿਲਸ ਡਿਸਟਕ ਡੀਮਾਂਡ ਕਮੇਟੀ' ਵਲੋਂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਨਾਗਾ ਜਥੇਬੰਦੀਆਂ ਨੇ ਆਰਥਿਕ ਨਾਕਾਬੰਦੀ ਕੀਤੀ ਸੀ। ਜਿਸ ਕਾਰਨ ਲੋਕਾਂ ਦਾ ਜੀਵਨ ਕਸ਼ਟਦਾਇਕ ਹੋ ਗਿਆ ਸੀ। ਲੋਕ ਇਸ ਤੋਂ ਉਭਰ ਹੀ ਨਹੀਂ ਸਕੇ ਸਨ ਕਿ ਇਕ ਵਾਰੀ ਫਿਰ ਆਰਥਿਕ ਨਾਕਾਬੰਦੀ ਦੀ ਮਾਰ ਝੱਲਣ ਲਈ ਮਜ਼ਬੂਰ ਹੋ ਗਏ ਹਨ। ਸਭ ਜੀਵਨ ਲਈ ਲੋੜੀਂਦੀਆਂ ਚੀਜ਼ਾਂ ਦੇ ਭਾਅ ਵਧ ਗਏ ਹਨ। ਰਸੋਈ ਗੈਸ ਲਗਭਗ 2000 ਰੁਪਏ 'ਚ ਮਿਲ ਰਹੀ ਹੈ ਤਾਂ ਪੈਟਰੋਲ ਦਾ ਰੇਟ 100 ਰੁਪਏ ਪ੍ਰਤੀ ਲਿਟਰ ਹੈ? ਉਤਰ ਪੂਰਬ 'ਚ ਅਨੇਕਾਂ ਸੂਬਿਆਂ ਦੇ ਮੁਕਾਬਲੇ ਇਥੇ ਸਭ ਚੀਜ਼ਾਂ ਦੀ ਕੀਮਤ ਦੁਗਣੀ ਤੋਂ ਵੱਧ ਹੈ। ਰਾਜਧਾਨੀ ਇੰਫਾਲ ਭੂਚਾਲ ਪੀੜਤ ਖੇਤਰ ਨਜ਼ਰ ਆਉਂਦਾ ਹੈ। ਸੜਕਾਂ ਟੁੱਟੀਆਂ ਫੁੱਟੀਆਂ ਹਨ, ਬਿਜਲੀ ਗੁਲ ਰਹਿੰਦੀ ਹੈ ਤੇ ਸ਼ਹਿਰੀ ਸਹੂਲਤਾਂ ਗਾਇਬ ਹਨ। ਪਿੰਡਾਂ ਦੀ ਹਾਲਤ ਤਾਂ ਹੋਰ ਵੀ ਬਦਤਰ ਹੈ। ਮਣੀਪੁਰ ਸਿਰਫ਼ ਕੌਂਗੀ ਰਾਜ ਮਾਰਗ ਰਾਹੀਂ ਭਾਰਤ ਨਾਲ ਜੁੜਿਆ ਹੈ। ਰੇਲਵੇ ਲਾਈਨ ਨਹੀਂ ਹੈ। ਅਜਿਹੀ ਹਾਲਤ 'ਚ ਪਿਛਲੇ ਕਈ ਹਫ਼ਤਿਆਂ ਤੋਂ ਜੋ ਨਾਕਾਬੰਦੀ ਜਾਰੀ ਹੈ। ਕੇਂਦਰ ਤੇ ਰਾਜ ਸਰਕਾਰਾਂ ਨੇ ਚੱਪੇ ਚੱਪੇ 'ਤੇ ਫ਼ੌਜ ਅਤੇ ਨੀਮ-ਫ਼ੌਜੀ ਫੋਰਸਾਂ ਨੂੰ ਤੈਨਾਤ ਕਰ ਰੱਖਿਆ ਹੈ ਪਰ ਨਾਕਾਬੰਦੀ ਨੂੰ ਹਟਾਉਣ ਲਈ ਉਹ ਕੋਈ ਇਮਾਨਦਾਰੀ ਨਾਲ ਗੱਲਬਾਤ ਕਰਨ ਵਾਸਤੇ ਤਿਆਰ ਨਹੀਂ ਹਨ ਤੇ ਨਾ ਹੀ ਜੀ. ਟੀ. ਰੋਡ ਨੂੰ ਖੋਹਲਣ ਲਈ ਕੋਈ ਗੰਭੀਰ ਪਹਿਲ ਕਦਮੀ ਹੋ ਰਹੀ ਹੈ। ਰਾਜ ਸਰਕਾਰ ਸੁੱਤੀ ਹੋਈ ਹੈ ਅਤੇ ਮਣੀਪੁਰ 'ਚ ਭਾਰਤ ਦੇ ਰੇਲਵੇਂ ਸਮੇਂ ਦਿਵਾਏ ਗਏ ਵਿਸ਼ਵਾਸ ਦੀ ਉਲੰਘਣਾ ਕਰਦਿਆਂ ਭਾਰਤ ਸਰਕਾਰ ਕੋਈ ਕਦਮ ਚੁਕਣੋ ਨਾਂਹ ਕਰ ਰਹੀ ਹੈ। ਇਸ ਹਾਲਤ ਲਈ ਭਾਰਤ ਸਰਕਾਰ ਪੂਰੀ ਤਰ੍ਹਾਂ ਜ਼ੁੰਮੇਵਾਰ ਹੈ। ਬ੍ਰਿਟਿਸ ਸਾਮਰਾਜ ਨੇ ਜਿਸ 'ਫੁਟ ਪਾਓ ਤੇ ਰਾਜ ਕਰੋ' ਦੀ ਨੀਤੀ ਅਪਣਾਈ ਸੀ। ਭਾਰਤ ਸਰਕਾਰ ਵਲੋਂ ਪੂਰੇ ਉਤਰਪੂਰਬੀ ਰਾਜਾਂ 'ਚ ਉਸ ਨੂੰ ਹੋਰ ਵੀ ਕੁਦੱਰਤਾ ਨਾਲ ਲਾਗੂ ਕੀਤਾ ਜਾ ਰਿਹਾ ਹੈ। ਨਸਲ, ਆਦੀਵਾਸੀ ਸਮੂਹਾਂ ਉਪ-ਕੌਮੀਅਤਾਂ, ਧਰਮ ਆਦਿ ਦੇ ਅਧਾਰ 'ਤੇ ਲੋਕਾਂ 'ਚ ਫੁਟ ਪਾਈ ਜਾਂ ਰਹੀ ਹੈ। ਸਰਕਾਰ ਪਹਿਲਾਂ ਤੋਂ ਮੌਜੂਦ ਸਮੱਸਿਆਵਾਂ ਨੂੰ ਰਾਜਸੀ ਤੌਰ 'ਤੇ ਹੱਲ ਕਰਨ ਤੇ ਆਤਮ-ਨਿਰਣੇ ਦੇ ਅਧਿਕਾਰ 'ਤੇ ਅਧਾਰਤ ਲੋਕਾਂ 'ਚ ਏਕਾ ਕਾਇਮ ਕਰਨ ਲਈ ਉਹ ਤਿਆਰ ਨਹੀਂ ਹਨ। ਉਲਟਾ ਉਸ ਦੀਆਂ ਨੀਤੀਆਂ ਦੀ ਵਜਾਹ ਕਰਕੇ ਨਵੀਆਂ-ਨਵੀਆਂ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਹਨ। ਸਰਕਾਰ ਵੱਲੋਂ ਫ਼ੌਜ ਤਾਇਨਾਤ ਕਰਕੇ ਸ਼ੁਰੂ ਤੋਂ ਹੀ ਲੋਕਾਂ ਤੇ ਆਪਣੀ ਮਰਜ਼ੀ ਠੋਸਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਨਾਲ ਹਾਲਾਤ ਹੋਰ ਵੀ ਖ਼ਰਾਬ ਹੋਏ ਹਨ। ਫ਼ੌਜ ਅਤੇ ਨੀਮ-ਫ਼ੌਜੀ ਦਸਤਿਆਂ ਦੀ ਵੱਡੀ ਗਿਣਤੀ 'ਚ ਤੈਨਾਤੀ, ਹਥਿਆਰਬੰਦ ਤਾਕਤਾਂ ਵਿਸ਼ੇਸ਼ ਅਧਿਕਾਰ ਕਾਨੂੰਨ (ਆਫਸਪਾ) ਵਰਗੇ ਕਾਲੇ ਕਾਨੂੰਨਾ ਨੂੰ ਠੋਸ ਦੇਣ ਅਤੇ ਰਾ ਦੀਆਂ ਫੁਟ ਪਾਊ ਸਰਗਰਮੀਆਂ ਕਰਕੇ ਸਮੱਸਿਆਵਾਂ ਵੱਧ ਗੰਭੀਰ ਹੋ ਗਈਆਂ ਹਨ। ਇਸ ਦੌਰਾਨ ਰਾਜ ਸਰਕਾਰ, ਨੌਕਰਸ਼ਾਹੀ ਤੇ ਹਕੂਮਤੀ ਧਿਰ ਤੇ ਵਿਰੋਧੀ ਧਿਰ ਦੀਆਂ ਰਾਜਸੀ ਪਾਰਟੀਆਂ ਵੱਧ ਭ੍ਰਿਸ਼ਟ ਹੁੰਦੀਆਂ ਗਈਆਂ ਹਨ

ਅਤੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਵੱਧ ਢੀਠ ਹੋ ਗਈਆਂ ਹਨ। ਫ਼ੌਜ ਦੇ ਅਤਿਆਚਾਰਾਂ ਨਾਲ ਬਾਗੀਆਂ 'ਤੇ ਲਗਾਮ ਲੱਗਣ ਦੀ ਥਾਂ ਇਹ ਵੱਧ ਫੈਲ ਗਈ ਹੈ। ਇਸ ਹਾਲਤ 'ਚ ਫ਼ੌਜ ਦੇ ਅਤਿਆਚਾਰਾਂ ਤੋਂ ਦੁੱਖੀ ਹੋ ਕੇ ਅਸਮ ਰਾਈਫਲਸ ਦੇ ਜਵਾਨਾ ਵਲੋਂ ਇੰਮਫਲ ਦੀ ਸੜਕਾ 'ਤੇ ਗਿਆਰਾਂ ਨਿਰਦੋਸ਼ ਲੋਕਾਂ ਦੀ ਹੱਤਿਆ ਪਿਛੋਂ, ਇਰੋਮ ਸ਼ਰਮੀਲਾ ਵਲੋਂ ਆਫਸਪਾ ਨੂੰ ਹਟਾਉਣ ਦੀ ਮੰਗ ਕਰਦਿਆਂ 2 ਨਵੰਬਰ 2000 ਤੋਂ ਮਰਨ ਵਰਤ ਰੱਖਿਆ ਹੋਇਆ ਹੈ ਜੋ ਇਸ ਸਾਲ 2 ਨਵੰਬਰ ਨੂੰ 12ਵੇਂ ਸਾਲ 'ਚ ਦਾਖਲ ਹੋ ਚੁੱਕਿਆ ਹੈ। ਪਿਛਲੇ ਇਕ ਦਹਾਕੇ 'ਚ ਰਾਜ ਤੋਂ AFSPA ਅਤੇ ਫ਼ੌਜ ਹਟਾਉਣ ਦੀ ਮੰਗ ਤੇਜ ਹੋਈ ਹੈ ਅਤੇ ਦੇਸ਼ ਦੇ ਹੋਰਾਂ ਹਿੱਸਿਆਂ ਵਿੱਚ ਵੀ ਇਸ ਨੂੰ ਹਮਾਇਤ ਮਿਲ ਰਹੀ ਹੈ। ਇਸ ਲਈ ਕੇਂਦਰ ਸਰਕਾਰ ਨੂੰ ਕਈ ਡਰਾਮੇ ਕਰਨੇ ਪੈ ਰਹੇ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇੱਥੋਂ ਦਾ ਦੌਰਾ ਕੀਤਾ।

ਜਸਟਿਸ ਜੀਵਨ ਰੈਡੀ ਕਮਿਸ਼ਨ ਦਾ ਗਠਨ ਕੀਤਾ ਗਿਆ ਜਿਸ ਨੇ AFSPA ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ ਪਰ ਇਸ ਉਪਰ ਅਮਲ ਨਹੀਂ ਕੀਤਾ ਗਿਆ। ਕੁਲ ਮਿਲਾ ਕੇ ਸਮੱਸਿਆਵਾਂ ਜਿਉਂ ਦੀਆਂ ਤਿਉਂ ਕਾਇਮ ਹਨ ਅਤੇ ਹਾਲਾਤ ਵੱਧ ਬਦਤਰ ਹੋਏ ਹਨ। ਇਰੋਮ ਸ਼ਰਮੀਲਾ ਨੂੰ ਮਿਲਣ ਦੀ ਇਜਾਜ਼ਤ ਨਹੀਂ ਹੈ। ਸਰਕਾਰ ਤੇ ਮੀਡੀਆ ਦੇ ਇਕ ਹਿੱਸੇ ਵਲੋਂ ਇਰੋਮ ਸ਼ਰਮੀਲਾ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੈਤੇਈ, ਨਾਗਾ ਤੇ ਕੂਕੀ ਫਿਰਕੇ ਦੇ ਲੋਕਾਂ ਨੂੰ ਸ਼ਾਮਲ ਕਰਦਿਆਂ ਮਣੀਪੁਰ ਦੀਆਂ ਸਮੱਸਿਆਵਾਂ ਦਾ ਫੌਰੀ ਰਾਜਸੀ ਹੱਲ ਹੋਣਾ ਚਾਹੀਦਾ ਹੈ ਅਤੇ ਆਤਮ ਨਿਰਣੇ ਦੇ ਅਧਿਕਾਰ ਨੂੰ ਮਾਨਤਾ ਦਿੰਦਿਆਂ ਉਹਨਾਂ ਵਿਚਕਾਰ ਏਕਤਾ ਕਾਇਮ ਕੀਤੀ ਜਾਵੇ ਕਿਉਂਕਿ ਇਸ ਨਾਲ ਮਣੀਪੁਰੀ ਲੋਕਾਂ ਦੀ ਏਕਤਾ ਨੂੰ ਠੇਸ ਪੁਜਦੀ ਹੈ ਤੇ ਪਹਾੜੀ ਆਂਚਲ 'ਚ ਰਹਿਣ ਵਾਲੇ ਲੋਕਾਂ ਨੂੰ ਭੂਮੀ ਦੇ ਅਧਿਕਾਰ ਤੋਂ ਵਾਂਝਿਆ ਕਰਨ ਵਾਲੇ ਕਾਨੂੰਨ (ਮਣੀਪੁਰ ਮਾਲੀਆ ਤੇ ਭੂਮੀ ਸੁਧਾਰ ਕਾਨੂੰਨ 1960) ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਕੇਂਦਰ ਤੇ ਰਾਜ ਸਰਕਾਰ ਵੱਲੋਂ ਕੌਮੀ ਰਾਜਮਾਰਗ ਖੋਹਲਣ ਲਈ ਫੌਰੀ ਪਹਿਲ ਕੀਤੀ ਜਾਵੇ ਤੇ ਜੀਵਨ ਲਈ ਲੋੜੀਦੀਆਂ ਚੀਜ਼ਾਂ ਦੀ ਸਪਲਾਈ ਯਕੀਨੀ ਬਣਾਈ ਜਾਵੇ। ਇਰੋਮਾ ਸ਼ਰਮੀਲਾ ਦੇ ਸੰਘਰਸ਼ ਨਾਲ ਵੀ ਇਕਜੁੱਟਤਾ ਪ੍ਰਗਟਾਈ ਜਾਣੀ ਚਾਹੀਦੀ ਹੈ। ਬ੍ਰਿਟਿਸ਼ ਸਾਮਰਾਜ ਵਿਰੋਧੀ ਤੇ ਜਾਗੀਰਦਾਰੀ ਵਿਰੋਧੀ ਸੰਘਰਸ਼ ਖਿਲਾਫ਼ ਲੋਕ ਸੰਘਰਸ਼ ਤੇਜ ਕਰਨ ਤੇ ਮਣੀਪੁਰ ਜਨਤਾ ਦੇ ਅਧਿਕਾਰਾਂ ਨੂੰ ਹਾਸਲ ਕਰਨ ਲਈ ਸਭ ਅਗਾਂਹਵਧੂ, ਲੋਕ ਰਾਜੀ ਤੇ ਜਮਹੂਰੀ ਅਤੇ ਧਰਮ ਨਿਰਪੱਖ ਤਾਕਤਾਂ ਨੂੰ ਇੱਕਜੁੱਟ ਹੋਣ ਦੀ ਵੀ ਫੌਰੀ ਲੋੜ ਹੈ।

# ਕਿਸਾਨਾਂ ਨੂੰ ਖੇਤੀ ਤੋਂ ਬਾਹਰ ਕਰਨ ਦੀ ਨੀਅਤ ਕਿਉਂ?

ਪੰਜਾਬ ਦੇ ਕਿਸਾਨ ਨੂੰ ਸਭ ਤੋਂ ਵੱਧ ਖੁਸ਼ਹਾਲ ਮੰਨਿਆ ਜਾਂਦਾ ਹੈ। ਉਹਨਾਂ ਕੋਲ ਟਰੈਕਟਰ ਹਨ ਤੇ ਉਹ ਖੇਤੀ 'ਚ ਮਸ਼ੀਨਾਂ ਦੀ ਖੂਬ ਵਰਤੋਂ ਕਰਦੇ ਹਨ। ਸਭ ਤੋਂ ਵੱਧ ਖਾਦ ਤੇ ਕੀਟਨਾਸ਼ਕਾਂ ਦੀ ਵਰਤੋਂ ਵੀ ਉਹੀ ਕਰਦੇ ਹਨ ਅਤੇ ਦੇਸ਼ ਦੇ ਅਨਾਜ ਦਾ 50 ਫੀਸਦੀ ਹਿੱਸਾ ਉਹੀ ਪੈਦਾ ਕਰਦੇ ਹਨ। ਇਸ ਲਈ ਦੇਸ਼ ਪੰਜਾਬ ਦੇ ਕਿਸਾਨਾਂ ਦੀ ਤਾਰੀਫ਼ ਕਰਦਾ ਹੈ। ਖੇਤੀ ਨਾਲ ਕਿਸਾਨਾਂ 'ਚ ਆਈ ਖੁਸ਼ਹਾਲੀ ਨੂੰ ਮੀਡੀਆ ਨੇ ਕਈ ਸਾਲਾਂ ਤਕ ਰਿਪੋਟ ਕੀਤਾ ਹੈ। ਉਥੇ ਕਿਸਾਨਾਂ ਦੀ ਅਤੀ ਖੁਸ਼ਹਾਲ ਜੀਵਨ ਸ਼ੈਲੀ ਬਾਰੇ ਕਾਫ਼ੀ ਕੁੱਝ ਲਿਖਿਆ ਗਿਆ। ਆਪਣੇ ਫਾਰਮ ਹਾਊਸ 'ਚ ਸਵਿਮਿੰਗ ਪੂਲ ਦੇ ਕਿਨਾਰੇ ਮਾਰੂਤੀ (ਉਦੋਂ ਵਿਦੇਸ਼ੀ ਕਾਰਾਂ ਨਹੀਂ ਆਈਆਂ ਸਨ) 'ਤੇ ਬੈਠੇ ਕਿਸਾਨ ਦੀ ਤਸਵੀਰ ਬਹੁਤ ਛਪਦੀ ਹੁੰਦੀ ਸੀ। ਚੰਡੀਗੜ੍ਹ ਦੇ ਇੰਸਟੀਚੂਟ ਆਫ਼ ਕਮਿਊਨੀਕੇਸ਼ਨ ਐਂਡ ਡਿਵੈਲਪਮੈਂਟ ਨੇ ਆਪਣੇ ਤਾਜੇ ਅਧਿਐਨ 'ਚ ਅੰਦਾਜ਼ਾ ਲਾਇਆ ਹੈ ਕਿ ਜੂਨ-ਅਗਸਤ 2009 'ਚ ਪੰਜਾਬ ਦੇ ਕਿਸਾਨਾਂ ਸਿਰ 30 ਹਜ਼ਾਰ ਤਿੰਨ ਸੌ ਚੌਰਾਨਵੇ ਕਰੋੜ ਰੁਪਏ ਦਾ ਕਰਜ਼ਾ ਸੀ। ਦੂਜੇ ਸ਼ਬਦਾਂ 'ਚ ਪੰਜਾਬ ਦੇ ਹਰ ਕਿਸਾਨ 'ਤੇ ਤਿੰਨ ਲੱਖ ਪੰਜਾਹ ਹਜ਼ਾਰ ਦਾ ਕਰਜ਼ਾ ਹੈ। ਹਰ ਸਾਲ ਇਹ ਕਿਸਾਨ ਸਿਰਫ਼ ਵਿਆਜ ਵਜੋਂ ਪੰਜਾਹ ਹਜ਼ਾਰ ਦੋ ਸੌ ਇੱਕੀ ਰੁਪਏ ਕਮਾਉਂਦੇ ਹਨ। ਨਿਸ਼ਚੇ ਹੀ ਕਿਸਾਨਾਂ 'ਚ ਆਈ ਖੁਸ਼ਹਾਲੀ ਗਾਇਬ ਹੋ ਗਈ ਹੈ। ਹਾਲ ਦੇ ਸਾਲਾਂ 'ਚ ਪੰਜਾਬ ਦੇ ਕਿਸਾਨਾਂ ਦੀ ਦੇਣਦਾਰੀ ਅਸਾਧਾਰਨ ਪੱਧਰ ਤੱਕ ਪਹੁੰਚ ਚੁੱਕੀ ਹੈ। ਇਸ ਤੋਂ ਪਹਿਲਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਆਪਣੇ ਇਕ ਅਧਿਐਨ 'ਚ ਪਾਇਆ ਕਿ ਖੇਤੀ ਤੇ ਨਿਰਭਰ 89 ਫੀਸਦੀ ਲੋਕ ਕਰਜ਼ੇ 'ਚ ਡੁੱਬੇ ਹੋਏ ਹਨ। ਅੱਜ ਅਜਿਹੇ ਹਰ ਪ੍ਰੀਵਾਰ 'ਤੇ ਇਕ ਲੱਖ ਅਠੱਤਰ ਹਜ਼ਾਰ ਰੁਪਏ ਦਾ ਕਰਜ਼ਾ ਹੈ। ਦੂਜੇ ਸ਼ਬਦਾਂ 'ਚ, ਪ੍ਰਤੀ ਹੇਕਟੇਅਰ ਜ਼ਮੀਨ 'ਤੇ ਪੰਜਾਹ ਹਜ਼ਾਰ ਇਕ ਸੌ ਚਾਲੀ ਰੁਪਏ ਦਾ ਕਰਜਾ ਹੈ। ਖੇਤ ਮਜ਼ਦੂਰਾਂ ਦੀ ਵੀ ਹਾਲਤ ਅੱਛੀ ਨਹੀਂ ਹੈ। ਪੰਜਾਬ ਦੇ ਪਿੰਡਾਂ 'ਚ ਹੋਣ ਵਾਲੀਆਂ ਲਗਾਤਾਰ ਮੌਤਾਂ ਤੋਂ ਵੀ ਇਹ ਜ਼ਾਹਿਰ ਹੁੰਦਾ ਹੈ। ਇੰਸਟੀਚੂਟ ਆਫ਼ ਕਮਿਊਨੀਕੇਸ਼ਨ ਐਂਡ ਡੀਵੈਲਪਮੈਂਟ ਦਾ ਅਧਿਐਨ ਸਾਫ਼ ਤੌਰ 'ਤੇ ਖੇਤੀ ਦੀ ਵਿਗੜਦੀ ਹਾਲਤ ਦਾ ਸਬੂਤ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦਸਦਾ ਹੈ ਕਿ 1997 'ਚ ਹੁਣ ਤੱਕ ਭਾਰਤ 'ਚ ਇੱਕ ਲੱਖ ਬਿਆਸੀ ਹਜ਼ਾਰ ਤੋਂ ਵੀ ਵੱਧ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਜਾਨ ਦੇਣ ਵਾਲਿਆਂ 'ਚ ਖੁਸ਼ਹਾਲ ਮੰਨੇ ਜਾਂਦੇ ਪੰਜਾਬ ਦੇ ਕਿਸਾਨ ਵੀ ਸਨ। ਜਿਸ ਨੂੰ ਭਾਰਤ ਦਾ ਅੰਨ ਭੰਡਾਰ ਮੰਨਿਆ ਜਾਂਦਾ ਹੈ। ਪਿਛਲੇ ਨੌ ਸਾਲਾਂ 'ਚ ਪੰਜਾਬ ਦੇ ਸਿਰਫ਼ ਦੋ ਜ਼ਿਲ੍ਹਿਆਂ ਬਠਿੰਡਾ ਤੇ ਸੰਗਰੂਰ ਦੇ ਦੋ ਹਜ਼ਾਰ ਨੌ ਸੌ ਨੱਬੇ ਕਿਸਾਨ ਖੁਦਕਸ਼ੀ ਕਰ ਚੁੱਕੇ ਹਨ। ਧਿਆਨ ਰਹੇ ਪੰਜਾਬ 'ਚ ਵੀਹ ਜ਼ਿਲ੍ਹੇ ਹਨ। ਉਤਰ ਪ੍ਰਦੇਸ਼ 'ਚ ਵੀ ਗੰਨਾ ਬੀਜਣ ਵਾਲੇ ਅਤੇ ਮਹਾਂਰਾਸ਼ਟਰ 'ਚ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਨੇ ਖੁਦਕਸ਼ੀ ਕੀਤੀ ਹੈ। ਕੇਰਲਾ, ਪੱਛਮੀ ਬੰਗਾਲ, ਕਰਨਾਟਕ, ਮੱਧ ਪ੍ਰਦੇਸ਼, ਛਤੀਸ਼ਗੜ੍ਹ, ਉੜੀਸਾ ਤੇ ਤਾਮਿਲਨਾਡੂ ਤੋਂ ਵੀ ਕਿਸਾਨਾਂ ਦੇ ਆਤਮ ਹੱਤਿਆ ਕਰਨ ਦੀਆਂ ਖ਼ਬਰਾਂ ਹਨ। ਸੰਨ 2004 ਦੀਆਂ ਆਮ ਚੋਣਾ ਸਮੇਂ ਆਂਧਰਾ ਦੇ ਮੁੱਖ ਮੰਤਰੀ ਚੰਦਰ ਬਾਬੂ ਨੂੰ ਇਕ ਮੀਟਿੰਗ ਸਮੇਂ ਅਜੀਬ ਸਥਿਤੀ ਦਾ ਮੁਕਾਬਲਾ ਕਰਨਾ ਪਿਆ ਜਦ ਉਹਨਾਂ ਨੂੰ ਸੁਣਨ

ਆਏ ਲੋਕਾਂ 'ਚ ਸ਼ਾਮਲ ਇਕ ਕਿਸਾਨ ਭਾਸ਼ਣ ਦੌਰਾਨ ਖੜ੍ਹਾ ਹੋ ਗਿਆ ਅਤੇ ਉਸ ਨੇ ਕੀਟ ਨਾਸ਼ਕ ਪੀ ਲਈ। ਆਂਧਰਾ ਹੀ ਨਹੀਂ ਦੇਸ਼ ਭਰ ਦੇ ਕਿਸਾਨਾਂ ਨੇ ਖੁਦ ਦੀ ਜਾਨ ਲੈ ਕੇ ਇਕ ਸਖ਼ਤ ਰਾਜਸੀ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਦ ਖੁਦ ਵੱਲ ਧਿਆਨ ਕੇਂਦਰਿਤ ਕਰਨ ਦੇ ਲੋਕਰਾਜੀ ਤਰੀਕੇ ਕੰਮ ਨਾ ਆਏ ਤਾਂ ਉਹਨਾਂ ਨੇ ਆਪਣੀ ਜਾਨ ਦੇ ਦਿੱਤੀ। ਤਦ ਵੀ ਦੁਨੀਆਂ 'ਚ ਸਭ ਤੋਂ ਵੱਡੇ ਲੋਕਰਾਜ ਨੇ ਕਿਸਾਨਾਂ ਦੀ ਆਤਮ ਹੱਤਿਆ 'ਤੇ ਧਿਆਨ ਨਹੀਂ ਦਿੱਤਾ। ਪਿੱਛੇ ਜਿਹੇ ਹੀ ਖਾਦ ਤੇ ਸਪਲਾਈ ਮੰਤਰੀ ਸ਼ਰਦ ਪਵਾਰ ਨੇ ਅਨਾਜ ਤੇ ਖਾਣ ਵਾਲੀਆਂ ਚੀਜ਼ਾਂ ਦੀਆਂ ਆਕਾਸ਼ ਛੂੰਹਦੀਆਂ ਕੀਮਤਾਂ ਨਾਲ ਨਿਪਟਣ ਦਾ ਇਕ ਸੌਖਾ ਤਰੀਕਾ ਸੁਝਾਇਆ। ਉਹਨਾਂ ਨੇ ਕਿਹਾ ਕਿ ਸੂਬਾਈ ਸਰਕਾਰਾਂ ਖਾਣ ਵਾਲੀਆਂ ਚੀਜ਼ਾਂ ਦੀ ਸਿੱਧੀ ਦਰਾਮਦ ਕਰ ਸਕਦੀਆਂ ਹਨ ਅਤੇ ਕੇਂਦਰ ਉਸ ਤੇ ਸਬਸਿਡੀ ਵੀ ਦੇਵੇਗਾ। ਪਵਾਰ ਦੀ ਇਸ ਰਾਇ ਦੀ ਹਮਾਇਤ ਕੌਮਾਂਤਰੀ ਅਨਾਜ ਨੀਤੀ ਖੋਜ ਸੰਸਥਾ (Ifpri– ਆਈ. ਐਫ. ਪੀ. ਆਰ. ਆਈ.) ਨੇ ਕੀਤੀ। ਇਸ ਸੰਸਥਾ ਦਾ ਦੱਖਣੀ ਏਸ਼ੀਆਈ ਦਫ਼ਤਰ ਨਵੀਂ ਦਿੱਲੀ ਵਿੱਚ ਹੈ। ਜੋ ਖਾਣ ਵਾਲੀ ਚੀਜ਼ਾਂ ਦੀ ਦਰਾਮਦ ਲਈ ਭਾਰਤੀ ਬਜ਼ਾਰ ਨੂੰ ਖੋਹਲਣ ਦੀ ਲਗਾਤਾਰ ਵਕਾਲਤ ਕਰਦਾ ਰਿਹਾ ਹੈ। ਉਸ ਦਾ ਤਰਕ ਹੈ ਕਿ ਅਨਾਜ ਤੋਂ ਲੈ ਕੇ ਸਬਜ਼ੀਆਂ ਤੇ ਫ਼ਲਾਂ ਵਰਗੀਆਂ ਵਸਤੂਆਂ ਦੀ ਦਰਾਮਦ 'ਤੇ ਦਰਾਮਦ ਟੈਕਸ ਘਟਾ ਦਿੱਤਾ ਜਾਵੇ ਅਤੇ ਇਹਨਾਂ ਚੀਜ਼ਾਂ ਦੀ ਦਰਾਮਦ ਤੇ ਭੰਡਾਰਣ ਸਮੇਤ ਨਿੱਜੀ ਵਪਾਰ 'ਚ ਸਾਰੇ ਅੜਿੱਕੇ ਹਟਾ ਲਏ ਜਾਣ। ਦੇਸ਼ 'ਚ ਖੇਤੀ ਵਸਤਾਂ ਦੀ ਸਪਲਾਈ ਨੂੰ ਵਧਾਉਣ ਲਈ ਇਹ ਜ਼ਰੂਰੀ ਹੈ। ਇਸ ਖਾਤਰ ਦੇਸ਼ ਪਾਸ ਵੱਡੀ ਮਾਤਰਾ 'ਚ ਵਿਦੇਸ਼ੀ ਮੁਦਰਾ ਮੌਜੂਦ ਹੈ। ਕਿਸਾਨਾਂ ਨੂੰ ਸਿੱਧੀ ਸਹਾਇਤਾ ਦੇ ਕੇ ਉਹਨਾਂ ਦੇ ਨੁਕਸਾਨ ਦੀ ਪੂਰਤੀ ਕੀਤੀ ਜਾ ਸਕਦੀ ਹੈ। ਖ਼ਾਸ ਕਰਕੇ ਉਹਨਾਂ ਇਲਾਕਿਆਂ 'ਚ ਜਿੱਥੇ ਸੋਕੇ ਜਾਂ ਹੜ੍ਹ ਕਾਰਨ ਉਹਨਾਂ ਦੀਆਂ ਫਸਲਾਂ ਨੂੰ ਨੁਕਸਾਨ ਹੋਇਆ ਹੈ।

ਇਹ ਤਰਕ ਖ਼ਤਰਨਾਕ ਹੈ। ਭਾਰਤ 'ਚ ਖਾਣ ਵਾਲੀ ਵਸਤਾ ਦੀ ਦਰਾਮਦ ਦਾ ਮਤਲਬ ਹੈ ਬੇਰੁਜ਼ਗਾਰੀ ਦੀ ਦਰਾਮਦ। ਜਦੋਂ ਤੋਂ ਵਿਸ਼ਵ ਵਪਾਰ ਸੰਗਠਨ (Wto) ਨੇ ਖੇਤੀ 'ਚ ਦਖ਼ਲ ਦੇਣਾ ਸ਼ੁਰੂ ਕੀਤਾ ਹੈ। ਬਹੁਤ ਸਾਰੇ ਵਿਕਾਸਸ਼ੀਲ ਦੇਸ਼ ਖਾਣ ਵਾਲੀ ਵਸਤਾਂ ਦੇ ਦਰਾਮਦ-ਕਾਰ ਦੇਸ਼ ਬਣ ਚੁੱਕੇ ਹਨ। ਅੰਕੜਿਆਂ ਮੁਤਾਬਕ ਬੀਤੇ ਤੀਹ ਸਾਲ (Wto ਦੇ ਚੌਦਾਂ ਸਾਲਾਂ ਸਮੇਤ) 'ਚ ਤੀਜੀ ਦੁਨੀਆਂ ਦੇ 149 ਵਿੱਚੋਂ 105 ਦੇਸ਼ ਖਾਣ ਵਾਲੀਆਂ ਵਸਤਾਂ ਦੇ ਦਰਾਮਦਕਾਰ ਦੇਸ਼ ਬਣ ਚੁੱਕੇ ਹਨ। ਜੇ ਦੋਹਾਂ ਵਿਕਾਸ ਗੱਲਬਾਤ ਸਫਲ ਰਹਿੰਦੀ ਤਾਂ ਬਾਕੀ ਵਿਕਾਸਸ਼ੀਲ ਦੇਸ਼ ਵੀ ਅਨਾਜ ਦਰਾਮਦ ਕਾਰ ਦੇਸ਼ ਬਣ ਜਾਣਗੇ। ਤਦ ਖੇਤੀ ਤੋਂ ਧੂ ਕੇ ਕਿਸਾਨਾਂ ਨੂੰ ਬਾਹਰ ਕੱਢ ਦਿੱਤਾ ਜਾਵੇਗਾ। ਤੀਜੀ ਦੁਨੀਆਂ ਦੀ ਖੇਤੀ ਵੱਡੇ ਵਪਾਰੀਆਂ ਤੇ ਨਿਗਮਾ ਦੇ ਕਬਜ਼ੇ ਵਿੱਚ ਹੋਵੇਗੀ। ਜੇ Wto ਸਮਝੌਤੇ ਤਹਿਤ ਜਨਵਰੀ 1995 ਤੋਂ ਖੁੱਲ੍ਹੇ ਵਪਾਰ ਦੀ ਛੋਟ ਕਾਰਨ ਵਿਕਾਸਸ਼ੀਲ ਦੇਸ਼ਾਂ 'ਤੇ ਪੈਣ ਵਾਲਾ ਪ੍ਰਭਾਵ ਕੋਈ ਸੂਚਕ ਹੈ ਤਾਂ ਧਨੀ ਦੇਸ਼ਾਂ ਦੇ ਸਬਸਿਡੀ ਤੇ ਸੁਰੱਖਿਆਤਮਕ ਉਪਾਵਾਂ ਕਾਰਨ ਵਿਕਾਸਸ਼ੀਲ ਦੇਸ਼ ਦੇ ਕਿਸਾਨਾਂ ਨੂੰ ਸਲਾਨਾ ਚੌਵੀ ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ। ਸਸਤੀ ਦਰਾਮਦ ਕਾਰਣ ਲੱਖਾਂ ਕਿਸਾਨਾਂ ਦੀ ਰੋਟੀ ਰੋਜੀ ਖੋਹੀ ਗਈ। ਅੱਜ ਵਿਕਸਤ ਦੇਸ਼ ਖੇਤੀ ਵਸਤਾਂ 'ਤੇ 374 ਬਿਲੀਅਨ ਡਾਲਰ ਦੀ ਸਹਾਇਤਾ ਦੇ ਰਹੇ ਹਨ। ਯਾਨੀ ਇਕ ਬਿਲੀਅਨ ਡਾਲਰ

ਰੋਜਾਨਾ ਤੋਂ ਵੱਧ ਅਤੇ ਕਰੋੜਾਂ ਡਾਲਰ ਦੀ ਇਸ ਸਲਾਨਾ ਸਹਾਇਤਾ ਦਾ ਫਾਇਦਾ ਉਠਾਉਂਦੇ ਹਨ। ਵੱਡੇ ਕਿਸਾਨ, ਖੇਤੀ ਕਾਰੋਬਾਰ 'ਚ ਲੱਗੇ ਨਿਗਮ ਤੇ ਵੱਡੇ ਜਿੰਮੀਦਾਰ। ਰਾਜ ਸਰਕਾਰ ਵੱਲੋਂ ਅਨਾਜ ਤੇ ਖੇਤੀ ਵਸਤਾਂ ਦੀ ਸਿੱਧੀ ਦਰਾਮਦ ਦੀ ਛੋਟ ਦੇਣ ਨਾਲ ਅਜ਼ਾਦ ਦਰਾਮਦ ਦਾ ਰਾਹ ਖੁੱਲ੍ਹ ਜਾਵੇਗਾ। ਜਿਸ ਨੂੰ ਸੰਭਾਲਣਾ ਮੁਸ਼ਕਲ ਹੋ ਜਾਵੇਗਾ। ਇਕ ਦਰਾਮਦ ਸਮਰਥਕ ਲਾਬੀ ਹੈ ਜੋ ਦਰਾਮਦ ਦੇ ਨਿਯਮ ਨੂੰ ਮੋਕਲਾ ਬਣਾਉਣ ਦੀ ਕੋਸ਼ਿਸ਼ 'ਚ ਲੱਗੀ ਹੋਈ ਹੈ। ਉਹ ਚਾਹੁੰਦੀ ਹੈ ਕਿ ਦਰਾਮਦ 'ਤੇ ਸਾਰੀਆਂ ਰੋਕਾਂ ਹਟਾ ਲਈਆਂ ਜਾਣ। ਸੁਆਲ ਹੈ ਭਾਰਤੀ ਕਿਸਾਨਾਂ ਦਾ ਕੀ ਹੋਵੇਗਾ। ਕੀ ਉਹ ਸਸਤੀ ਦਰਾਮਦ ਦਾ ਮੁਕਾਬਲਾ ਕਰ ਸਕਣਗੇ? ਜਾਹਿਰ ਹੈ ਭਾਰਤੀ ਕਿਸਾਨਾਂ ਨੂੰ ਖੇਤੀ ਤੋਂ ਉਜਾੜ ਦਿੱਤਾ ਜਾਵੇਗਾ। ਕੁੱਝ ਸਾਲ ਪਹਿਲਾਂ ਖਾਣ ਵਾਲੀਆਂ ਚੀਜ਼ਾਂ ਦੇ ਪ੍ਰਚੂਣ ਵਪਾਰ ਨੂੰ ਲੱਗੀਆਂ ਵੱਡੀਆਂ ਕੰਪਨੀਆਂ ਨੂੰ ਦੇਸ਼ 'ਚ ਦੁਕਾਨਾਂ ਖੋਹਲਣ ਦੀ ਇਜਾਜ਼ਤ ਦਿੱਤੀ ਗਈ। ਉਸ ਸਮੇਂ ਪ੍ਰਚੂਨ ਵਪਾਰ 'ਚ ਸਿੱਧਾ ਵਿਦੇਸ਼ੀ ਨਿਵੇਸ਼ ਸਬੰਧੀ ਖ਼ੂਬ ਹੱਲਾ-ਗੁੱਲਾ ਮਚਿਆ ਸੀ। ਜੱਥੇਬੰਦ ਪ੍ਰਚੂਨ ਵਿਕਰੇਤਾਵਾਂ ਨੂੰ ਇਸ ਖੇਤਰ 'ਚ ਆਉਣ ਦੀ ਇਜਾਜ਼ਤ ਇਸ ਮਕਸਦ ਨਾਲ ਦਿੱਤੀ ਗਈ ਸੀ ਕਿ ਉਹ ਕਿਸਾਨਾਂ ਤੇ ਵਿਕਰੇਤਾਵਾਂ ਵਿਚਕਾਰੋਂ ਵਿਚੋਲਿਆਂ ਨੂੰ ਹਟਾਉਣ ਦਾ ਕੰਮ ਕਰੇਗੀ। ਇਹ ਕਿਹਾ ਗਿਆ ਕਿ ਇਸ ਨਾਲ ਨਾ ਸਿਰਫ਼ ਕਿਸਾਨਾਂ ਨੂੰ ਆਪਣੀ ਵਸਤ ਦੀ ਬੇਹਤਰ ਕੀਮਤ ਮਿਲੇਗੀ। ਬਲਕਿ ਖਪਤਕਾਰਾਂ ਨੂੰ ਵੀ ਸਮਾਨ ਸਸਤਾ ਮਿਲੇਗਾ। ਪਿਛਲੇ ਗਿਆਰ੍ਹਾਂ ਮਹੀਨਿਆਂ ਤੋਂ ਖਾਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਚ ਤੇਜੀ ਵੇਖਣ ਨੂੰ ਮਿਲੀ ਹੈ। ਚੌਲ ਤੇ ਕਣਕ ਦਾ ਲੋੜੀਂਦਾ ਭੰਡਾਰ ਦੇਸ਼ ਵਿੱਚ ਹੈ। ਫਿਰ ਉਹਨਾਂ ਦੀਆਂ ਕੀਮਤਾਂ ਅਕਾਸ਼ ਛੂ ਰਹੀਆਂ ਹਨ, ਜੋ ਸਮਝੋ ਬਾਹਰ ਹੈ। ਨਿਸ਼ਚਿਤ ਤੌਰ 'ਤੇ ਕਿਸਾਨਾਂ ਨੂੰ ਤਾਂ ਕੋਈ ਫਾਇਦਾ ਨਹੀਂ ਹੋਇਆ ਪਰ ਰੀਪੋਟ ਦਸਦੀ ਹੈ ਕਿ ਪ੍ਰਚੂਨ ਵਿਕਰੇਤਾਵਾਂ ਨੇ ਔਸਤਨ ਚਾਰ ਸੌ ਫੀਸਦੀ ਮੁਨਾਫਾ ਕਮਾਇਆ। ਖਾਣ ਵਾਲੀ ਵਸਤਾਂ ਦੇ ਪ੍ਰਚੂਨ ਵਪਾਰ 'ਚ ਲੱਗੀਆਂ ਕੰਪਨੀਆਂ ਲਈ ਇਹ ਇਮਤਿਹਾਨ ਦੀ ਘੜੀ ਸੀ ਕਿਉਂਕਿ ਉਹਨਾਂ ਨੇ ਇਹ ਦਾਅਵਾ ਕੀਤਾ ਸੀ ਕਿ ਵਿਚੋਲਿਆਂ ਨੂੰ ਹਟਾ ਦਿੱਤਾ ਗਿਆ ਹੈ, ਤਾਂ ਇਸ ਦਾ ਫਾਇਦਾ ਖਪਤਕਾਰਾਂ ਨੂੰ ਮਿਲਣਾ ਚਾਹੀਦਾ ਸੀ ਪਰ ਸਚਾਈ ਇਹ ਹੈ ਕਿ ਦੇਸ਼ 'ਚ ਪ੍ਰਚੂਨ ਦੀ ਦੁਕਾਨ ਖੋਲ੍ਹੀ ਬੈਠੀ ਕਿਸੇ ਵੀ ਕੰਪਨੀ ਨੇ ਕੀਮਤਾਂ ਨਹੀਂ ਘਟਾਈਆਂ। ਉਹ ਉਨੀਆਂ ਹੀ ਕੀਮਤਾਂ ਲੈ ਰਹੇ ਹਨ ਜਿੰਨੀਆਂ ਕਿ ਛੋਟੇ ਦੁਕਾਨਦਾਰ ਜਾਂ ਪ੍ਰਚੂਨ ਵੇਚਣ ਵਾਲਾ। ਮਤਲਬ ਕਿ ਅਨਾਜ ਲੜੀ ਚਲਾਉਣ ਵਾਲੀਆਂ ਵੱਡੀਆਂ ਕੰਪਨੀਆਂ ਲੋਕਾਂ ਨੂੰ ਲੁੱਟ ਰਹੀਆਂ ਹਨ। ਉਹਨਾਂ ਨੇ ਉਸ ਛੋਟ ਦਾ ਫਾਇਦਾ ਉਠਾਇਆ ਹੈ ਜੋ ਉਹਨਾਂ ਨੂੰ ਇਸ ਖੇਤਰ ਵਿੱਚ ਆਉਣ ਸਮੇਂ ਸਰਕਾਰ ਨੇ ਦਿੱਤੀ ਸੀ। ਇਹਨਾਂ ਕੰਪਨੀਆਂ ਨੇ ਖਪਤਕਾਰਾਂ ਦੀ ਖ਼ੂਬ ਲੁੱਟ ਕੀਤੀ ਹੈ। ਖੇਤ ਵਸਤਾਂ ਦੀ ਮਾਰਕਿਟਿੰਗ 'ਚ ਹੁਣ ਹੋਰ ਠੋਸ ਸੁਧਾਰਾਂ ਲਈ ਦਬਾਅ ਬਣਾਇਆ ਜਾ ਰਿਹਾ ਹੈ। ਆਈ. ਐਫ. ਪੀ. ਆਰ. ਆਈ. (IFPRI) ਮੁਤਾਬਕ 'ਭਾਰਤੀ ਟੈਲੀਕਾਮ ਨਾਲ ਗਠਜੋੜ ਕਾਰਨ ਵਾਲ ਮਾਰਟ ਇਕ ਕੈਸ਼-ਐਂਡ-ਕੈਰੀ ਆਊਟਲੈੱਟ ਖੋਹਲਣ ਵਿੱਚ ਕਾਮਯਾਬ ਰਹੀ। ਟੈਸਕੋ ਨੇ ਟਾਟਾ ਟ੍ਰੈਂਟ ਦੇ ਨਾਲ ਸਮਝੌਤਾ ਕੀਤਾ ਹੈ ਪਰ ਕੈਰੇਫੋਰ ਹੁਣ ਵੀ ਇਕ ਸਹੀ ਸਾਂਝੀਦਾਰ ਦੀ ਭਾਲ 'ਚ ਭਟਕ ਰਿਹਾ ਹੈ। ਇਸ ਦੌਰਾਨ ਮੰਡੀਆਂ 'ਚ ਕਿਸਾਨਾਂ ਨੂੰ ਲੁੱਟਿਆ ਜਾ ਰਿਹਾ ਹੈ ਜਦਕਿ ਖਪਤਕਾਰਾਂ ਨੂੰ ਪ੍ਰਚੂਨ ਵਿਕਰੇਤਾਵਾਂ ਨੂੰ ਮਨਮਾਨੀ ਕੀਮਤ ਦੇਣੀ ਪੈ ਰਹੀ ਹੈ।' ਇਹ

ਇਕ ਹੋਰ ਗਲਤ ਦਲੀਲ ਹੈ। ਪੁਰਾਣੇ ਅਨੁਭਵ ਦਸਦੇ ਹਨ ਕਿ ਵੱਡੇ ਅਨਾਜ (ਖਾਣ ਵਾਲੀਆਂ ਵਸਤਾਂ) ਰਿਟੇਲਾਂ ਤੋਂ ਨਾ ਤਾਂ ਕਿਸਾਨਾਂ ਨੂੰ ਫਾਇਦਾ ਪਹੁੰਚਿਆ ਅਤੇ ਨਾ ਹੀ ਖਪਤਕਾਰਾਂ ਨੂੰ।

ਸਾਫ਼ ਹੈ ਕਿ ਚਾਹੇ ਖਾਣ ਵਾਲੀ ਵਸਤਾਂ ਦਰਾਮਦ ਹੋਣ ਜਾਂ ਵੱਡੇ ਅਨਾਜ ਰਿਟੇਲ ਦਾ ਦੇਸ਼ 'ਚ ਦਾਖਲਾ ਜਾਂ ਫਿਰ ਖੇਤੀ ਤੋਂ ਘਟਦੀ ਆਮਦਨ, ਇਹ ਸਾਰੇ ਉਪਾਅ ਭਾਰਤ ਦੇ 60 ਕਰੋੜ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਧੱਕਣ ਲਈ ਹਨ। ਅਰਥ ਸਾਸ਼ਤਰੀ ਦਸਦੇ ਹਨ ਕਿ ਅੱਗੇ ਵਧਣ ਦਾ ਹੋਰ ਕੋਈ ਰਾਹ ਨਹੀਂ ਹੈ ਪਰ ਇਹ ਕੋਈ ਨਹੀਂ ਦੱਸਦਾ ਕਿ ਇਹ ਕਿਸਾਨ ਕਿੱਥੇ ਜਾਣਗੇ? ਅਮਰੀਕਾ ਸਮੇਤ ਕਿਹੜਾ ਅਜਿਹਾ ਦੇਸ਼ ਹੈ ਜੋ ਇੱਕ ਕਰੋੜ ਲੋਕਾਂ ਨੂੰ ਕੰਮ ਦੇ ਸਕਦਾ ਹੈ? ਦੁਨੀਆਂ ਦੀ ਕਿਹੜੀ ਕੰਪਨੀ ਜਾਂ ਸਨਅਤ ਹੈ ਜੋ ਦਸ ਲੱਖ ਲੋਕਾਂ ਨੂੰ ਹੀ ਕੰਮ ਦੇ ਦੇਵੇ? ਅਤੇ ਇਕ ਅਸੀਂ ਭਾਰਤੀ ਹਾਂ ਜੋ ਆਉਣ ਵਾਲੇ ਦਸ-ਪੰਦਰ੍ਹਾਂ ਸਾਲਾਂ 'ਚ ਖੇਤੀ 'ਤੇ ਨਿਰਭਰ 50 ਫੀਸਦੀ ਲੋਕਾਂ ਨੂੰ ਖੇਤੀ ਤੋਂ ਬਾਹਰ ਕਰਨ ਦੀ ਸੋਚ ਰਹੇ ਹਾਂ।

# ਕੌਣ ਸੀ ਸਮਾਜਿਕ-ਇਨਕਲਾਬੀ ਬਿਰਸਾ ਮੁੰਡਾ?

ਸਾਰੇ ਮਹਾਨ ਵਿਅਕਤੀ ਹਾਲਤਾਂ ਦੀ ਹੀ ਉਪਜ ਹੁੰਦੇ ਹਨ। ਇਸ ਲਈ ਛੋਟਾ ਨਾਗਪੁਰ ਦੀਆਂ ਤਤਕਲੀਨ ਪ੍ਰਸਥਿਤੀਆਂ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ। ਮੁੰਡਾ ਜਿੱਥੋਂ ਵੀ ਆਏ ਉਹਨਾਂ ਦੇ ਆਉਣ ਪਿੱਛੋਂ ਲਗਭਗ 2000 ਸਾਲ ਤੋਂ ਰਾਂਚੀ ਤੇ ਪੂਰਾ ਛੋਟਾ ਨਾਗਪੁਰ ਖੇਤਰ 'ਚ ਇੱਕ ਖਾਸ ਤਰ੍ਹਾਂ ਦੀ ਸੱਭਿਆਚਾਰਕ ਧਾਰਮਿਕ, ਆਰਥਿਕ ਤੇ ਰਾਜਸੀ ਵਿਵਸਥਾ ਕਾਇਮ ਹੋ ਗਈ ਸੀ। ਸਭ ਵਿਰੋਧਾਂ ਦੇ ਬਾਵਜੂਦ ਇਸ ਦੀ ਆਪਣੀ ਪਹਿਚਾਣ ਸੀ। ਖੇਤੀ ਪ੍ਰਧਾਨ ਪ੍ਰਣਾਲੀ ਜਦ ਮੁੰਡਾ ਲੋਕ ਛੋਟਾ ਨਾਗਪੁਰ 'ਚ ਆਏ ਤਾਂ ਉਹਨਾਂ ਨੂੰ ਜਿੱਥੇ ਸਹੂਲਤ ਤੇ ਜ਼ਮੀਨ ਮਿਲੀ। ਉਸ ਨੂੰ ਉਹਨਾਂ ਸਾਫ਼ ਕੀਤਾ ਡੇਰਾ ਪਾਇਆ ਤੇ ਉਥੇ ਹੀ ਵਸ ਗਏ। ਇਸ ਨੂੰ ਖੁੰਟਕਟੀ ਕਿਹਾ ਗਿਆ ਇਸ ਦੇ ਤਹਿਤ ਹਲਵਾਹਕ ਹੀ ਜ਼ਮੀਨ ਦਾ ਮਾਲਕ ਹੁੰਦਾ ਸੀ। ਉਸ ਤੋਂ ਉਪਜ ਲੈਣ ਲਈ ਕਿਸੇ ਨੂੰ ਲਗਾਨ ਜਾਂ ਬੈਗਾਰ ਨਹੀਂ ਦੇਣੀ ਪੈਂਦੀ ਸੀ। ਉਸ ਪਿੱਛੋਂ ਬਾਹਰੀ ਲੋਕ ਆ ਪਹੁੰਚੇ। ਇਹਨਾਂ ਨੂੰ ਨਾਗਪੁਰ ਦੇ ਮਹਾਰਾਜਾ ਦੀ ਸੇਵਾ ਬਦਲੇ ਜ਼ਮੀਨ ਮਿਲੀ ਸੀ। ਕੁੱਝ ਸਿੱਖ ਤੇ ਮੁਸਲਮਾਨ ਵਪਾਰੀ ਵੀ ਆਏ, ਮੋਹਕ ਤੇ ਆਕ੍ਰਿਸ਼ਤ ਚੀਜ਼ਾਂ ਲੈਕੇ। ਮਹਾਰਾਜਾ ਨੇ ਪਟੇ 'ਤੇ ਪਿੰਡ ਉਹਨਾਂ ਨੂੰ ਦੇ ਦਿੱਤੇ। ਜਦ ਮਰਾਠਿਆਂ ਦੇ ਚੌਥ ਲਈ ਵਾਰ-ਵਾਰ ਹਮਲੇ ਹੋਣ ਲੱਗੇ ਤਾਂ ਸਿੱਖ ਸਿਪਾਹੀ ਭਾਰਤੀ ਕੀਤੇ ਤੇ ਉਹਨਾਂ ਨੂੰ ਪਟੇ ਦਿੱਤੇ ਗਏ। ਇਸ ਪਿੱਛੋਂ ਘਾਟਾ ਦੀ ਰਾਖੀ ਲਈ ਅੰਗ੍ਰੇਜ਼ਾਂ ਨੇ ਘਟਵਾਲੀ ਨਾਮਕ ਕਾਸ਼ਤਕਾਰੀ ਵਿਵਸਥਾ ਕਾਇਮ ਕੀਤੀ ਬਹੁਤ ਸਾਰੇ ਬਾਹਰੀ ਲੋਕ-ਪੁਲਸ ਦਰੋਗਾ, ਕੋਰਟ ਅਮਲਾ ਤੇ ਅਬਕਾਰੀ ਕਾਸ਼ਤਕਾਰ ਆਏ ਜੋ ਸਿੱਧੇ ਸਾਧੇ ਮਜ਼ਦੂਰ ਕਿਸਾਨਾਂ ਨੂੰ ਲੁੱਟਦੇ ਸਨ। ਇਸ ਲੁੱਟ-ਘਸੁੱਟ ਨੇ ਲੋਕਾਂ ਦੇ ਮਨਾਂ 'ਚ ਬਗਾਵਤ ਦੀ ਭਾਵਨਾ ਪੈਦਾ ਕਰ ਦਿੱਤੀ। ਇਸ ਖੇਤਰ 'ਚ ਸੰਨ 1795, 1870, 1832, 1858 ਤੇ ਸੰਨ 1859 'ਚ ਭਿਅਕਰ ਵਿਰੋਧ ਉਠ ਖੜ੍ਹੇ ਹੋਏ। ਮੁੰਡਾ ਲੋਕ ਲਗਾਨ ਦੇਣ ਦੇ ਆਦੀ ਨਹੀਂ ਸਨ। ਮਹਾਰਾਜ ਤੇ ਰਾਜਾ ਉਹਨਾਂ ਦੇ ਹੀ ਨੁਮਾਇੰਦੇ ਹੁੰਦੇ ਸਨ। ਉਹਨਾਂ ਦਾ ਪੇਟ ਭਰਨ ਲਈ ਉਹ ਅੰਨ ਦਿੰਦੇ ਸਨ ਪਰ ਦਿਕੂ ਜਿੰਮੀਦਾਰ, ਠੇਕੇਦਾਰ, ਘਟਵਾਲ, ਮੁੰਡਾ ਲੋਕਾਂ ਦੇ ਪੁਰਾਤਨ ਤੇ ਰਵਾਇਤੀ ਤੌਰ ਤਰੀਕਿਆਂ ਨੂੰ ਨਹੀਂ ਜਾਣਦੇ ਸਨ ਅਤੇ ਨਾ ਹੀ ਉਹਨਾਂ ਦੀ ਕਦਰ ਕਰਨਾ ਚਾਹੁੰਦੇ ਸਨ। ਉਹ ਘੱਟੋ ਘੱਟ ਸਮੇਂ 'ਚ ਅਮੀਰ ਹੋਣਾ ਚਾਹੁੰਦੇ ਸਨ ਫਿਰ ਇੱਕ ਸਮਾਂ ਆਇਆ ਜਦ ਗੱਲੇ ਦੇ ਬਦਲੇ ਨਕਦੀ ਲਗਾਨ ਲੈਣ ਦਾ ਰਿਵਾਜ ਸ਼ੁਰੂ ਹੋਇਆ। ਇਹ ਇੱਕ ਨਵੀਂ ਪ੍ਰਥਾ ਸੀ ਪਰ ਉਸ ਤੋਂ ਬੁਰੀ ਪ੍ਰਥਾ ਨਿਕਲੀ ਬੈਠ-ਬੈਗਾਰ ਦੀ। ਬੈਗਾਰ ਦੀ ਕੋਈ ਹੱਦ ਨਹੀਂ ਸੀ ਸਭ ਜਿੰਮੀਦਾਰ ਮੰਨਦੇ ਸਨ ਕਿ ਜਦ ਕੰਮ ਹੁੰਦਾ ਸੀ ਬੈਠ-ਬੈਗਾਰ ਲਈ ਜਾਂਦੀ ਸੀ। ਇਸ ਤੋਂ ਇਲਾਵਾ ਜਿੰਮੀਦਾਰ ਜਦ ਯਾਤਰਾ 'ਤੇ ਜਾਂਦਾ। ਉਸ ਦੇ ਘਰ ਕੋਈ ਧਾਰਮਿਕ, ਸਮਰਾਜਾਂ ਸ਼ਾਦੀ-ਵਿਆਹ ਹੁੰਦਾ ਤਾਂ ਮੁੰਡਾ ਪਾਸੋਂ ਨਗਦ ਤੇ ਬੈਠ-ਬੈਗਾਰ ਲਈ ਜਾਂਦੀ ਸੀ। ਇਹਨਾਂ ਗ਼ੈਰ-ਰਵਾਇਤ ਤੇ ਵੱਧ ਵਸੂਲੀ ਦੇ ਸਿੱਟੇ ਵਜੋਂ ਮੰਗਾ ਲੋਕਾਂ ਦੇ ਮਨ 'ਚ ਰੋਹ ਤੇ ਬਗਾਵਤ ਦੀ ਭਾਵਨਾ ਪੈਦਾ ਹੋ ਗਈ। ਉਹ ਦਿਕੂ ਜਿੰਮੀਦਾਰਾਂ ਤੇ ਪਟੇਦਾਰਾਂ ਨੂੰ ਆਪਣੀ ਸਾਰੀ ਮੁਸੀਬਤ ਦਾ ਕਾਰਨ ਮੰਨਣ ਲੱਗ ਪਏ ਸਨ ਪਰ ਅੰਗ੍ਰੇਜ਼ ਸਰਕਾਰ, ਮਹਾਂਰਾਣੀ ਵਿਕਟੋਰੀਆ ਤੇ ਬ੍ਰਿਟਿਸ਼ ਸੰਸਦ 'ਚ ਫਿਰ ਵੀ ਵਿਸ਼ਵਾਸ ਰੱਖਦੇ ਸਨ। ਜਰਮਨ ਤੇ ਰੋਮਨ ਕੈਥੋਲਿਕ ਨੇ ਵੀ ਉਹਨਾਂ ਨੂੰ ਸਬਜਬਾਗ

ਵਿਖਾਏ। ਮੁੰਡਾ ਸਰਦਾਰ ਪਿੰਡ, ਪਿੰਡ ਤੋਂ ਚੰਦਾ ਲੈ ਕੇ ਕਲਕੱਤੇ ਦੇ ਚਲਦੇ ਪੁਰਜੇ ਲੋਕਾਂ ਨੂੰ ਅਨੇਕਾਂ ਵਾਰ ਮਿਲੇ। ਪੈਸੇ ਪਾਣੀ ਵਾਂਗੂੰ ਬਹਾਏ। ਆਖਰ ਉਹਨਾਂ ਨੂੰ ਪਤਾ ਲੱਗਿਆ ਕਿ ਇਸ ਤਰ੍ਹਾਂ ਉਹ ਆਪਣੇ ਉਦੇਸ਼ ਦੀ ਪੂਰਤੀ ਭਾਵ, ਦਿਕੂ ਜਿੰਮੀਦਾਰਾਂ ਤੋਂ ਮੁਕਤੀ ਨਹੀਂ ਹਾਸਲ ਕਰ ਸਕਦੇ। ਅੰਤ 'ਚ ਆਪਣੇ ਹੀ ਬਲਬੂਤੇ 'ਤੇ ਮੁੰਡਾ ਰਾਜ ਸਥਾਪਤ ਕਰਨ ਲਈ ਕਮਰ ਕਸਕੇ ਮੈਦਾਨ 'ਚ ਉਤਰ ਪਏ।

14ਵੀਂ ਸਦੀ ਜਾਂ ਉਸ ਤੋਂ ਪਹਿਲਾਂ ਮੁੰਡਾ ਲੋਕਾਂ 'ਚ ਰਵਾਇਤੀ ਸਿੱਖਿਆ ਨਾਂ ਦੀ ਕੋਈ ਚੀਜ਼ ਨਹੀਂ ਸੀ। ਕੁਝ ਇਸਾਈ ਪਾਦਰੀ ਕਲਕੱਤੇ 'ਚ ਮੁੰਡਾ ਮਜ਼ਦੂਰਾਂ ਨੂੰ ਮਿਲੇ ਤੇ ਉਹਨਾਂ ਨੂੰ ਲੱਗਿਆ ਕਿ ਮੁੰਡਾ ਲੋਕਾਂ 'ਚ ਧਰਮ ਦੇ ਪ੍ਰਚਾਰ ਪਸਾਰ ਦੀ ਬਹੁਤ ਗੁੰਜਾਇਸ਼ ਹੈ। ਜਰਮਨ ਤੇ ਰੋਸਨ ਕੈਥੋਲਿਕ ਅਤੇ ਅੰਗਿਲਕਨ ਲੋਕਾਂ ਨੇ ਫਰਜੂ, ਸਰਵਦਾ, ਤੇ ਚਾਈਬਾਸਾ 'ਚ ਸਕੂਲ, ਚਰਚ ਤੇ ਹਸਪਤਾਲ ਖੋਹਲੇ। ਧਰਮ ਤਬਦੀਲੀ ਦਾ ਕੰਮ ਜੋਰਾਂ 'ਤੇ ਚੱਲ ਪਿਆ ਪਰ ਇਸਾਈ ਪਾਦਰੀ ਭੁੱਲ ਹੀ ਗਏ ਕਿ ਮਿਸਨ 'ਚ ਗੁੰਡਾ ਆਪਣੇ ਰਾਜ ਦੀ ਸਥਾਪਨਾ ਲਈ ਆਏ ਸਨ। ਉਸ ਦੇ ਨੈਤਿਕ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਨਹੀਂ। ਜਿਉਂ ਹੀ ਉਹਨਾਂ ਦਾ ਭਰਮ ਟੁੱਟਿਆ ਬਹੁਤੇ ਗੁੰਡਾ ਲੋਕ ਮਿਸ਼ਨ ਛੱਡ ਗਏ। ਕੁਝ ਨੇ ਆਪਣੇ ਵੱਖਰੇ ਚਰਚ ਤੇ ਪਾਦਰੀ ਤਿਆਰ ਕਰ ਲਏ। ਮੁੰਡਾ ਇਕ ਭਗਵਾਨ ਨੂੰ ਹੀ ਮੰਨਦੇ ਸਨ ਜਿਸ ਨੂੰ ਉਹ ਸਿੰਗਬੋਗਾ ਕਹਿੰਦੇ ਸਨ। ਇਹਨਾਂ ਹਾਲਤਾਂ 'ਚ ਬਿਰਸਾ ਦਾ ਜਨਮ ਉਲਿਹਾਟ ਨਾਮਕ ਪਿੰਡ 'ਚ ਨਵੰਬਰ 15 ਸੰਨ 1875 ਦਾ ਹੋਇਆ ਸੀ। ਬਿਰਸਾ ਦੀ ਮੁੱਢਲੀ ਪੜ੍ਹਾਈ ਸਲਗਾ ਨਾਮਕ ਪਿੰਡ 'ਚ ਸਕੂਲ 'ਚ ਹੋਈ। ਲੋਅਰ ਪ੍ਰਾਇਮਰੀ ਸਿੱਖਿਆ ਲਈ ਉਸ ਦਾ ਨਾਂ ਅਪਰ ਪ੍ਰਾਇਮਰੀ ਜਮਾਤ 'ਚ ਲਿਖਾਇਆ ਗਿਆ। ਉੱਥੇ ਬਿਰਸਾ ਨੂੰ ਇਸਾਈ ਧਰਮ ਦੀ ਸਿੱਖਿਆ ਵੀ ਦਿੱਤੀ ਗਈ। ਧਰਮ ਪ੍ਰੀਵਰਤਨ ਪਿਛੋਂ ਉਸ ਦਾ ਨਾਂ ਦਾਊਦ ਤੇ ਪਿਤਾ ਦਾ ਨਾਂ ਗਸੀਦਾਸ ਰੱਖਿਆ ਗਿਆ। ਉਚ ਸਿੱਖਿਆ ਲਈ ਬਿਰਸਾ ਨੂੰ ਚਾਈ-ਬਾਸਾ ਮਿਡਲ ਸਕੂਲ ਭੇਜਿਆ ਗਿਆ। ਉਥੇ ਇਸਾਈ ਪਾਦਰੀਆਂ ਨਾਲ ਕਈ ਗੱਲਾਂ 'ਤੇ ਬਿਰਸਾ ਦਾ ਮਤਭੇਦ ਹੋ ਗਿਆ। ਉਹਨਾਂ 'ਚੋਂ ਇੱਕ ਸੀ ਕਿ ਜਿਸ ਪਿੰਡ ਦੇ ਬਹੁਤੇ ਗੁੰਡਾ ਲੋਕ ਇਸਾਈ ਬਣ ਗਏ ਸਨ। ਉਥੋਂ ਦੇ 'ਭੂਤਕੇਤਾ' ਤੇ 'ਪਹਿਨਈ' ਦੇ ਨਾਂ ਛੱਡੀ ਗਈ ਆਦੀਵਾਸੀਆਂ ਦੀ ਜ਼ਮੀਨ ਚਰਚਾ ਨੂੰ ਮਿਲ ਜਾਣੀ ਚਾਹੀਦੀ। ਬਿਰਸਾ ਦੇ ਮਨ ਨੂੰ ਇਸ ਨਾਲ ਠੇਸ ਪਹੁੰਚੀ। ਉਹਨੀ ਦਿਨੀ ਸਰਦਾਰੀ ਅੰਦੋਲਨ ਜੋਰਾਂ 'ਤੇ ਸੀ। ਇਸ ਦੇ ਪ੍ਰਭਾਵ ਕਾਰਨ ਬਿਰਸਾ ਸੰਨ 1890 'ਚ ਸਕੂਲ ਛੱਡ ਕੇ ਬਾਹਰ ਚਲਾ ਗਿਆ। ਕੁਝ ਦਿਨ ਬਾਅਦ ਆਨੰਦ ਪਾਨਰ ਕੋਲ ਜੋ ਜਾਤ ਦਾ ਜੁਲਾਹਾ ਸੀ, ਉਸ ਪਾਸ ਨੌਕਰੀ ਕਰ ਲਈ। ਬਿਰਸਾ ਧਰਮ ਦੀਆਂ ਗੱਲਾਂ ਧਿਆਨ ਨਾਲ ਸੁਣਦਾ 1894 'ਚ ਇੱਕ ਦਿਨ ਉਥੋਂ ਬਿਰਸਾ ਲੋਕਾਂ ਦੀ ਸੇਵਾ ਲਈ ਕਟਗਾ ਗਿਆ ਤੇ ਫਿਰ ਚਾਲਕੰਦ ਉਸਦੇ ਮਾਪੇ ਵੀ ਉਥੇ ਆ ਗਏ ਸਨ। ਬਿਰਸਾ ਜੀ-ਜਾਨ ਨਾਲ ਆਪਣੇ ਲੋਕਾਂ ਦੀ ਸੇਵਾ 'ਚ ਜੁੱਟ ਗਿਆ। ਉਹ ਪਿੰਡ-ਪਿੰਡ ਗਿਆ। ਦੁਰਮਿਕਸ਼ ਤੇ ਮਹਾਂਮਾਰਿਆ 'ਚ ਉਸਨੇ ਤੇ ਉਸ ਦੇ ਸਾਥੀਆਂ ਨੇ ਲੋਕਾਂ ਦੀ ਖੂਬ ਸੇਵਾ ਕੀਤੀ। ਉਸ ਦੇ ਪ੍ਰਵਚਨਾ 'ਚ ਇਕ ਭਗਵਾਨ ਨੂੰ ਮੰਨਣ, ਜੀਵ-ਬਲੀ ਦੀ ਮਨਾਹੀ ਤੇ ਮੀਟ-ਸ਼ਰਾਬ ਨਾ ਖਾਣ 'ਤੇ ਜੋਰ ਹੁੰਦਾ ਸੀ। ਉਹ ਇਹ ਵੀ ਕਹਿੰਦੇ ਕਿ ਭੂਮੀ ਤੇ ਜੰਗਲ ਦਾ ਲਗਾਨ ਨਹੀਂ ਦੇਣਾ ਕਿਉਂਕਿ ਇਹ ਭੂਮੀ ਉਹਨਾਂ ਦੇ ਪੁਰਖਿਆਂ ਦੀ ਹੈ। 22 ਅਗਸਤ 1895 ਨੂੰ ਬਿਰਸਾ ਨੂੰ ਗ੍ਰਿਫ਼ਤਾਰ

ਕਰਨ ਦਾ ਹੁਕਮ ਹੋਇਆ। ਗ੍ਰਿਫ਼ਤਾਰ ਕਰਕੇ ਉਸ ਨੂੰ ਰਾਂਚੀ ਲੈ ਗਏ। ਉਸ ਨੂੰ ਦੋ ਸਾਲ ਦੀ ਕੈਦ ਤੇ 50 ਰੁਪਏ ਜੁਰਮਾਨੇ ਦੀ ਸਜ਼ਾ 19 ਨਵੰਬਰ 1895 ਨੂੰ ਸੁਣਾਈ ਗਈ। ਜਦ ਬਿਰਸਾ ਜੇਲ੍ਹ 'ਚ ਸੀ ਤਾਂ ਉਸ ਦੇ ਭਗਤ ਚਾਲਕਦ ਆਇਆ ਕਰਦੇ ਸਨ। ਜੇਲ੍ਹ ਤੋਂ ਰਿਹਾ ਹੋ ਕੇ ਉਹ ਫਿਰ ਲੋਕਾਂ ਨੂੰ ਮਿਲਣ ਲੱਗੇ।

1898 'ਚ ਬਿਰਸਾ ਆਪਣੇ ਕੁੱਝ ਸਾਥੀਆਂ ਸਮੇਤ ਚੁਟਿਆ ਸਥਿਤ ਸੀਤਾ ਮੰਦਰ ਗਏ। ਫੇਰ ਜਗਨ ਨਾਥ ਮੰਦਰ ਅਤੇ ਨਵਰਤਨ ਰਾਜ ਦੇਖਣ ਗਏ। ਪੁਰਾਣੇ ਮੰਦਰਾਂ ਤੇ ਭਵਨਾਂ ਨੂੰ ਦੇਖਣ ਪਿੱਛੋਂ ਬਿਰਸਾ ਗੁੰਡਾ ਲੋਕਾਂ ਦੇ ਕਲਿਆਣ ਲਈ ਲਗਾਤਾਰ ਕੰਮ ਕਰਦੇ ਰਹੇ। 1898 'ਚ ਹੈਜਾ ਤੇ ਸ਼ੀਤਲ ਮਹਾਂਮਰੀ ਦੌਰਾਨ ਬਿਰਸਾ ਤੇ ਉਸ ਦੇ ਸਾਥੀ ਲਗਾਤਾਰ ਕੰਮ ਕਰਦੇ ਰਹੇ। ਬਿਰਸਾ ਨੂੰ ਪਤਾ ਸੀ ਕਿ ਗੁੰਡਾ ਰਾਜ ਦੀ ਸਥਾਪਨਾ ਲਈ ਸਤਾ ਤੇ ਸਮਾਜ ਦੀਆਂ ਮੁੱਖ ਸ਼ਕਤੀਆਂ-ਜ਼ਿਮੀਦਾਰ, ਠੇਕੇਦਾਰ, ਮਿਸ਼ਨ ਤੇ ਉਹਨਾਂ ਦੀ ਰਖਵਾਲੀ ਅੰਗ੍ਰੇਜ਼ ਹਕੂਮਤ ਨਾਲ ਟਾਕਰਾ ਹੋਣਾ ਹੀ ਹੈ। ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਤਰੀਕੇ ਸਬੰਧੀ ਦੋ ਵਿਚਾਰ ਸਨ। ਬਿਰਸਾ ਧਰਮ ਤੇ ਅਹਿੰਸਾ ਰਾਹੀਂ ਮੁੰਡਾ ਰਾਜ ਦੀ ਸਥਾਪਨਾ ਦੇ ਹਮਾਇਤੀ ਸਨ ਪਰ ਗੁੰਡਾ ਸਰਦਾਰ ਜੋ ਉਹਨਾਂ ਦੇ ਚੇਲੇ ਸਨ, ਹੁਣ ਹਰ ਪਾਸੇ ਤੋਂ ਨਿਰਾਸ਼ ਹੋ ਚੁੱਕੇ ਸਨ। ਬਿਰਸਾ ਇਕ ਸੂਝ ਬੂਝ ਵਾਲੇ ਨੇਤਾ ਸਨ। ਉਹ ਆਪਣੀਆਂ ਸੀਮਤਾਈਆਂ ਜਾਣਦੇ ਸਨ। ਉਹਨਾਂ ਦਾ ਜੋਰ ਸੀ ਕਿ ਸ਼ਾਂਤੀ ਤੇ ਅਹਿੰਸਾ ਦੇ ਮਾਰਗ ਰਾਹੀਂ ਹੀ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਫਰਵਰੀ ਸੰਨ 1898 'ਚ ਡੋਮਬਾਰੀ 'ਚ ਮੁੰਡਾ ਲੋਕਾਂ ਦੀ ਇਕ ਪ੍ਰਤੀਨਿਧ ਸਭਾ ਹੋਈ। ਉਸ 'ਚ ਵੀ ਬਿਰਸਾ ਨੇ ਮਹਿੰਗਾ ਦੇ ਰਾਹ ਦੀ ਹਮਾਇਤ ਕੀਤੀ। ਅੰਤਿਮ ਨਿਰਣਾ ਨਹੀਂ ਹੋ ਸਕਿਆ। ਮਾਰਚ ਸੰਨ 1898 'ਚ ਸਿਮਬੂਆ 'ਚ ਦੂਜੀ ਬੈਠਕ ਹੋਈ ਉਸ ਦੀਆਂ ਕਾਰਵਾਈਆਂ ਨਾਲ ਤੇ ਉਥੇ ਗਾਏ ਗਾਣਿਆਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਹਵਾ ਦਾ ਕੀ ਰੁਖ ਸੀ। ਇਸ 'ਚ ਕੋਲ ਬਗਾਵਤ (ਸੰਨ 1831-32) ਦੀ ਪ੍ਰਸ਼ੰਸ਼ਾਂ 'ਚ ਵੀ ਇੱਕ ਗਾਣਾ ਗਾਇਆ ਸੀ। ਬਿਰਸਾ ਨਾ ਤਾਂ ਗੁੰਡਾ ਸਰਦਾਰਾਂ ਨੂੰ ਛੱਡ ਸਕਦੇ ਸਨ ਅਤੇ ਨਾ ਉਹ ਉਹਨਾਂ ਨੂੰ। ਅੰਤ ਬਿਰਸਾ ਨੇ 24 ਦਸੰਬਰ 1899 ਨੂੰ ਤੀਰ ਮਾਰਨ ਦੀ ਇਜਾਜ਼ਤ ਦਿੱਤੀ। ਉਹਨਾਂ ਦਾ ਖਿਆਲ ਸੀ ਅਤੇ ਇਹੀ ਉਹਨਾਂ ਨੇ ਸਰਦਾਰਾਂ ਨੂੰ ਵੀ ਕਿਹਾ ਸੀ ਕਿ ਬ੍ਰਿਟਿਸ਼ ਹਕੂਮਤ ਦਾ ਧਿਆਨ ਖਿੱਚਣ ਲਈ ਇਹ ਕਾਫ਼ੀ ਹੋਵੇਗਾ। ਵੱਡੇ ਦਿਨ ਦੀ ਪੂਰਵ ਸੰਧਿਆ ਨੂੰ ਗੁੰਡਾ ਝੜਾਂ ਦੇ ਝੁੰਡ ਨੱਚਦੇ ਗਾਉਂਦੇ ਗਰਵਦਾ ਮੁਰਹੂ ਤੇ ਬੁਰਜੂ ਗਿਰਜਾਂ ਘਰਾਂ ਅਤੇ ਖੁੰਟੀ ਥਾਣੇ 'ਤੇ ਹਮਲਾ ਕੀਤਾ। ਕੁਝ ਹੋਰ ਥਾਵਾਂ 'ਤੇ ਵੀ ਹਮਲੇ ਹੋਏ। ਕੁਝ ਮਾਰੇ ਗਏ, ਅਨੇਕਾਂ ਜ਼ਖ਼ਮੀ ਹੋਏ। ਦਸੰਬਰ 27 ਨੂੰ ਤਿੰਨ ਲੋਕਾਂ ਨੂੰ 6 ਜਨਵਰੀ ਸੰਨ 1900 ਨੂੰ ਇੰਟਨਾਹੀਡ 'ਚ ਦੋ ਪੁਲਸੀਏ ਤੇ 7 ਜਨਵਰੀ ਨੂੰ ਖੁੰਟੀ 'ਚ ਇਕ ਪੁਲਸ ਵਾਲੇ ਨੂੰ ਮਾਰ ਦਿੱਤਾ ਗਿਆ। ਕੁਝ ਘਰਾਂ ਨੂੰ ਅੱਗ ਲਾ ਦਿੱਤੀ ਗਈ। ਦਿਨ 8 ਜਨਵਰੀ ਸੰਨ 1900 ਨੂੰ ਛੋਟਾ ਨਾਗਪੁਰ ਕਮਿਸ਼ਨਰ ਤੇ ਉਪ-ਕਮਿਸ਼ਨਰ ਅਤੇ ਕਈ ਹੋਰ ਅਧਿਕਾਰੀ ਫ਼ੌਜ ਦੀਆਂ ਦੋ ਕੰਪਨੀਆਂ ਦੇ ਨਾਲ ਖੁੰਟੀ ਪਹੁੰਚੇ। ਗੁੰਡਾ ਲੋਕ ਵੀ ਸਰਵਦਾ ਦੀ ਆਪਣੀ ਹਾਰ ਪਿਛੋਂ ਪਤਨੀ ਬੱਚਿਆਂ ਦੇ ਨਾਲ ਸੇਲਰਕਾਵ ਪਹਾੜੀ (ਡੋਮਬਾਰੀ) 'ਚ ਇਕੱਠੇ ਹੋ ਗਏ। ਜੋ ਅਧਿਕਾਰੀਆਂ ਵਲੋਂ ਉਹਨਾਂ ਨੂੰ ਹਥਿਆਰ ਸੁਟਣ ਨੂੰ ਕਿਹਾ ਤਾਂ ਉਹਨਾਂ ਨੇ ਉਹਨਾਂ ਨੂੰ ਛੋਟਾ ਨਾਗਪੁਰ ਉਹਨਾਂ ਦੇ ਹਵਾਲੇ ਕਰਕੇ ਜਾਣ ਨੂੰ ਕਿਹਾ। ਇਹ ਉਪਰ ਪ੍ਰਤੀਕਰਮ ਹੋਇਆ। ਜੁਆਬ 'ਚ

ਗੁੰਡਾ ਲੋਕਾਂ ਨੇ ਵੀ ਧਨੁੱਸ਼ਬਾਣ ਤੋਂ ਕੰਮ ਲਿਆ। ਇਕ ਪਾਸੇ ਅਧੁਨਿਕ ਬੰਦੂਕਾਂ ਸਨ ਅਤੇ ਦੂਜੇ ਪਾਸੇ ਧਨੁਸ਼ਬਾਣ ਡਾਂਗੀ, ਤਲਵਾਰ ਆਦਿ। ਮੁੰਡਾ ਲੋਕ ਵੱਧ ਦੇਰ ਤੱਕ ਮੁਕਾਬਲਾ ਨਹੀਂ ਕਰ ਸਕੇ। ਮ੍ਰਿਤਕਾਂ ਦੀ ਗਿਣਤੀ 20 ਦਸਦੇ ਹਨ। ਮੁੰਚੀ ਰਾਏ ਤਿਰੂ ਉਹਨਾਂ ਦੀ ਗਿਣਤੀ 200 ਗਿਣਾਉਂਦੇ ਹਨ। ਕਹਿੰਦੇ ਹਨ ਸਾਰੀ ਪਹਾੜੀ ਲਾਸ਼ਾਂ ਨਾਲ ਭਰੀ ਪਈ ਸੀ। ਫ਼ੌਜ ਦੇ ਅਨੇਕਾ ਮਰੇ ਲੋਕਾਂ ਨੂੰ ਚੁਕ-ਚੁਕ ਕਿ ਖੂਹ 'ਚ ਸੁੱਟ ਦਿੱਤਾ ਸੀ। ਬਹੁਤਿਆਂ ਨੂੰ ਜਿਹਨਾਂ 'ਚ ਕਈ ਜ਼ਖ਼ਮੀ ਹੋਏ ਦਫਨਾ ਦਿੱਤਾ ਗਿਆ। ਪ੍ਰਤੀਕਰਮ ਜਨਵਰੀ 1900 ਨੂੰ ਖ਼ਤਮ ਹੋ ਗਿਆ ਪਰ ਬਿਰਸਾ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ। ਸਰਕਾਰ ਉਹਨਾਂ ਨੂੰ ਫੜਨ ਲਈ ਪਾਗਲ ਹੋ ਰਹੀ ਸੀ। ਸੂਚਨਾ ਦੇਣ ਵਾਲਿਆਂ ਨੂੰ 500 ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਬਿਰਸਾ ਚਕਰਧਰਪੁਰ ਦੇ ਜੰਗਲ 'ਚ ਦੋ ਮਹਿਲਾ ਗਾਰਡਾਂ ਦੇ ਨਾਲ ਰਹਿ ਰਹੇ ਸਨ। ਉਥੋਂ ਉਹ ਮਾਰਚ 3 ਸੰਨ 1900 ਨੂੰ ਫੜੇ ਗਏ ਅਤੇ ਰਾਂਚੀ ਲੈ ਜਾ ਕੇ ਉਹਨਾਂ ਨੂੰ ਜੇਲ੍ਹ 'ਚ ਰੱਖਿਆ ਗਿਆ। ਜਦ ਉਹਨਾਂ 'ਤੇ ਮੁਕੱਦਮਾ ਚਲਿਆ ਹੀ ਸੀ ਤਾਂ ਉਸ ਦੌਰਾਨ 9 ਜੂਨ 1900 ਨੂੰ ਲਗਭਗ 25 ਸਾਲ ਦੀ ਉਮਰ 'ਚ ਹੈ ਜੇ ਨਾਲ ਉਹਨਾਂ ਦੀ ਮੌਤ ਹੋ ਗਈ, ਪਰ ਕੀ ਬਿਰਸਾ ਮੁੰਡਾ ਦੀ ਮੌਤ ਹੈਜੇ ਨਾਲ ਹੀ ਹੋਈ? ਕੁਝ ਲੋਕਾਂ ਦਾ ਖਿਆਲ ਹੈ ਕਿ ਉਹਨਾਂ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ। ਜੇਲ੍ਹ ਦੀ ਕਾਲ ਕੋਠੜੀ 'ਚ ਬੰਦ ਬਿਰਸਾ, ਸਰਕਾਰ ਲਈ ਸਿਰਦਰਦੀ ਸਨ, ਹੋ ਸਕਦਾ ਹੈ ਕਿ ਅਧਿਆਕਾਰੀਆਂ ਨੇ ਆਪਣੇ ਰਾਹ 'ਚ ਇਸ ਕੰਡੇ ਨੂੰ ਹਟਾ ਦੇਣਾ ਠੀਕ ਸਮਝਿਆ ਹੋਵੇ। ਬਿਰਸਾ ਦੀ ਸ਼ਹਾਦਤ ਜਿਵੇਂ ਵੀ ਹੋਈ ਵਿਅਰਥ ਨਹੀਂ ਗਈ। ਰਾਂਚੀ ਤੋਂ ਛਪਣ ਵਾਲਾ ਘਰ ਬੰਧੂ ਜੋ ਵੀ ਰਹੇ ਕਲਕੱਤਾ ਤੋਂ ਪ੍ਰਕਾਸ਼ਿਤ ਸਟੇਟਮੈਨ ਇੰਗਲਿੰਸਮੈਨ ਤੇ ਪਾਈਨੀਅਰ ਨੇ ਮੁੰਡਾ ਲੋਕਾਂ ਦੇ ਸੁਆਲ ਨੂੰ ਜੋਰ-ਸ਼ੋਰ ਨਾਲ ਉਠਾਇਆ। ਸਰ ਸੁਰਿੰਦਰ ਨਾਥ ਬੈਨਰਜੀ ਨੇ ਇਸ ਸੁਆਲ ਨੂੰ ਅਸੰਬਲੀ 'ਚ ਉਠਾਇਆ। ਸਰ ਸੁਰਿੰਦਰ ਨਾਥ ਬੈਨਰਜੀ ਨੇ ਇਸ ਸੁਆਲ ਨੂੰ ਅਸੰਬਲੀ 'ਚ ਉਠਾਇਆ ਸਰਕਾਰ ਨੂੰ ਦੱਸਿਆ ਗਿਆ ਕਿ ਮੁੰਡਾ ਲੋਕਾਂ ਵਿਰੁੱਧ ਪ੍ਰਤੀਕਰਮ 400 ਲੋਕ ਮਾਰੇ ਗਏ।

ਇਸ ਘਟਨਾ ਤੋਂ ਪਹਿਲਾਂ ਸੰਨ 1895 'ਚ ਬੰਗਾਲ ਦੇ ਤਤਕਲੀਨ ਲੇ ਗਵਰਨਰ ਨੇ ਕਿਹਾ ਸੀ ਕਿ ਸ਼ਿਮਲਾ ਨੂੰ ਇਸ ਵਾਰ ਦੱਸਣਾ ਪਵੇਗਾ ਕਿ ਅਸੀਂ ਬਰੂਦ ਦੇ ਭੰਡਾਰ 'ਤੇ ਬੈਠੇ ਹਾਂ। ਛੋਟਾਪੁਰ ਨਾਗਪੁਰ ਦੇ ਕਮਿਸ਼ਨਰ ਮਿ. ਫੌਰਵਿਸ ਨੇ ਤਤਕਲੀਨ ਸਮੱਸਿਆ ਸਬੰਧੀ ਕਿਹਾ ਸੀ "ਕਹਾਣੀ ਇੱਕ ਸੌ ਸਾਲ ਪੁਰਾਣੀ ਹੈ। ਇਹ ਅੱਜ ਵੀ ਵੈਸੀ ਹੀ ਹੈ ਅਤੇ ਭਵਿੱਖ 'ਚ ਵੀ ਵੈਸੀ ਹੀ ਬਣੀ ਰਹੇਗੀ ਜਦ ਤੱਕ ਜ਼ਮੀਨ ਤੇ ਜੰਗਲ ਵਿੱਚ ਮੁੰਡਾ ਲੋਕਾਂ ਦੇ ਅਧਿਕਾਰਾਂ ਸਬੰਧੀ ਸਰਵੇਖਣ ਨਹੀਂ ਕਰ ਲਿਆ ਜਾਂਦਾ ਤੇ ਬੈਠ ਬੇਗਾਰੀ ਪ੍ਰਥਾ ਖ਼ਤਮ ਨਹੀਂ ਕਰ ਦਿੱਤੀ ਜਾਂਦੀ।" ਸੰਨ 1902 'ਚ ਜੋ ਸਰਵੇਖਣ ਹੋਇਆ ਉਸ ਦੀ ਰੀਪੋਟ 1912 'ਚ ਸਰਕਾਰ ਨੂੰ ਦਿੱਤੀ ਗਈ ਉਸ ਤੋਂ ਪਤਾ ਲੱਗਦਾ ਹੈ ਕਿ ਉਸ ਤੋਂ ਪਹਿਲਾਂ 100 ਸਾਲਾਂ ਤੱਕ ਜੋ ਬਗਾਵਤਾਂ ਹੋਈਆਂ। ਉਹਨਾਂ ਦਾ ਮੁਖ ਕਾਰਨ ਭੂਮੀ ਨਾਲ ਸਬੰਧਤ ਸੀ। ਉਸ ਤੋਂ ਪਤਾ ਲੱਗਿਆ ਕਿ ਕਿਸ ਤਰ੍ਹਾਂ ਜਿੰਮੀਦਾਰਾਂ ਨੇ ਮੁੰਡਾ ਲੋਕਾਂ ਦੇ ਅਧਿਕਾਰਾਂ ਨੂੰ ਦਬਾਅ ਕੇ ਰੱਖਿਆ ਸੀ। ਇਸ ਸਰਵੇ ਦੇ ਅਧਾਰ 'ਤੇ ਜੋ ਹਲਵਾਹਕ (ਕਾਸ਼ਤਕਾਰੀ) ਕਾਨੂੰਨ ਬਣਿਆ। ਉਸ ਵਿੱਚ ਖੁੰਟਕਟੀ ਵਿਵਸਥਾ ਨੂੰ ਮਾਨਤਾ ਦਿੱਤੀ ਗਈ ਸੀ ਜੋ ਮੁੰਡਾ ਲੋਕਾਂ ਦੀ ਹੀ ਮੰਗ ਸੀ।

ਬਿਰਸਾ ਦੇ ਸਮੇਂ ਗੁੰਡਾ ਲੋਕ ਦੇਵੀ-ਦੇਵਤਿਆਂ, ਭੂਤਾਂ ਨੂੰ ਸ਼ਾਂਤ ਕਰਨ ਲਈ ਭੇਡ, ਬੱਕਰੇ, ਮੁਰਗਿਆਂ ਦੀ ਬਲੀਕਿਆ ਕਰਦੇ ਸਨ। ਉਹਨਾਂ ਦਾ ਖਿਆਲ ਸੀ ਕਿ ਅਕਾਲ, ਮਹਾਂਮਾਰੀ ਤੇ ਤਰ੍ਹਾਂ-ਤਰ੍ਹਾ ਦੀਆਂ ਬੀਮਾਰੀਆਂ ਉਹਨਾਂ ਦੇ ਕ੍ਰੋਧ ਦਾ ਫਲ ਹਨ। ਬਿਰਸਾ ਨੇ ਜੀਵਨ ਬਲੀ ਦੀ ਪ੍ਰਥਾ ਦਾ ਘੋਰ ਵਿਰੋਧ ਕੀਤਾ ਬਿਰਸਾ ਨੇ ਆਪਣੇ ਚੇਲਿਆਂ ਨੂੰ ਸ਼ਰਾਬ ਨਾ ਪੀਣ ਤੇ ਦੇਵੀ-ਦੇਵਤਿਆਂ ਨੂੰ ਸ਼ਰਾਬ ਚੜ੍ਹਾਉਣ ਦੀ ਹਦਾਇਤ ਕੀਤੀ। ਬਿਰਸਾ ਨੇ ਸਾਦਾ ਜੀਵਨ ਤੇ ਉਚ ਵਿਹਰ ਦੇ ਸਿਧਾਂਤ 'ਤੇ ਜ਼ੋਰ ਦਿੱਤਾ। ਘਰ ਬਾਰ ਨੂੰ ਸਾਫ਼ ਰੱਖਣ ਤੇ ਜ਼ੋਰ ਦਿੱਤਾ। ਬਿਰਸਾ ਨੇ ਆਪਣੇ ਚੇਲਿਆਂ ਨੂੰ ਜੱਥੇਬੰਦ ਹੋਣ ਨੂੰ ਕਿਹਾ। ਬਿਰਸਾ ਦਾ ਇਹ ਵੀ ਆਦੇਸ਼ ਸੀ ਕਿ ਲੋਕ ਅਪਵਿਤਰ ਭੋਜਨ ਨਾ ਕਰਨ। ਬਿਰਸਾ ਦਾ ਉਦੇਸ਼ ਛੋਟਾ ਨਾਗਪੁਰ 'ਚ ਵਿਕਟੋਰੀਆ ਦੇ ਰਾਜ ਦੀ ਥਾਂ 'ਤੇ ਗੁੰਡਾ ਰਾਜ ਕਾਇਮ ਕਰਨਾ ਸੀ। ਜੋ ਆਰਥਿਕ, ਰਾਜਸੀ ਤੇ ਸੱਭਿਆਚਾਰਕ ਨਜ਼ਰੀਏ ਤੋਂ ਅਜ਼ਾਦ ਹੋਵੇਗਾ। ਉਹ ਦਿਕੂ ਜਿੰਮੀਦਾਰਾਂ ਤੇ ਠੇਕੇਦਾਰਾਂ ਨੂੰ ਛੋਟਾ ਨਾਗਪੁਰ ਤੋਂ ਬਾਹਰ ਕਰਨ ਲਈ ਯਤਨਸ਼ੀਲ ਸਨ। ਉਹ ਅਨੇਕਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਦੀ ਥਾਂ 'ਤੇ ਇਕ ਸਿੰਗਭੋਗਾ ਦੀ, ਜੀਵ ਬਲੀ ਦੇ ਕੇ ਨਹੀਂ ਬਲਕਿ ਅਮਵਾ ਚਾਵਲ ਨਾਲ ਪੂਜਾ ਕਰਦੇ ਸਨ। ਦੁੱਖ ਦੀ ਗੱਲ ਹੈ ਕਿ ਆਪਣੇ ਉਦੇਸ਼ ਦੀ ਪੂਰਤੀ ਤੋਂ ਪਹਿਲਾਂ ਹੀ 25 ਸਾਲ ਦੀ ਕੱਚੀ ਉਮਰ ਵਿੱਚ ਹੀ ਉਹਨਾਂ ਦੀ ਮੌਤ 9 ਜੂਨ 1900 ਨੂੰ ਹੋ ਗਈ।

# ਹੁਣ ਹਕੂਮਤ ਦਾ ਕੀ ਹੈ ਨਵਾਂ ਹਥਿਆਰ?

ਜੋ ਲੋਕ ਮੰਨਦੇ ਹਨ ਅਤੇ ਲੋਕਾਂ ਨੂੰ ਦਸਦੇ ਰਹੇ ਹਨ ਕਿ ਸਾਮਰਾਜੀ ਪੂੰਜੀ ਦੀ ਲੁੱਟ ਤੇ ਮੁਨਾਫੇ ਉਪਰ ਟਿਕੀ ਇਹ ਪ੍ਰਣਾਲੀ ਹੁਣ ਗਲ ਸੜ ਚੁੱਕੀ ਹੈ ਅਤੇ ਇਸ ਨੂੰ ਬਦਲੇ ਬਿਨਾਂ ਆਮ ਆਦਮੀ ਦੀ ਬੇਹਤਰੀ ਸੰਭਵ ਨਹੀਂ ਹੈ। ਦੂਜੇ ਪਾਸੇ ਮੁਕਾਬਲਤਨ ਅੰਨਾ ਹਜ਼ਾਰੇ ਨੇ ਕੁੱਝ ਹੱਦ ਤੱਕ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਮੌਜੂਦਾ ਪ੍ਰਣਾਲੀ ਆਮ ਆਦਮੀ ਨੂੰ ਬਚਾ ਸਕਦੀ ਹੈ ਬਸ਼ੱਰਤੇ ਇਸ 'ਚ ਕੁੱਝ ਸੁਧਾਰ ਕਰ ਦਿੱਤੇ ਜਾਣ। ਵਿਵਸਥਾ ਦੇ ਲੋਕ ਵਿਰੋਧੀ ਕਿਰਦਾਰ ਕਰਕੇ ਜਿਹਨਾਂ ਲੋਕਾਂ ਦਾ ਮੋਹ ਭੰਗ ਹੋ ਰਿਹਾ ਸੀ, ਉਸ 'ਤੇ ਅੰਨਾ ਨੇ ਇਕ ਬ੍ਰੇਕ ਲਾਈ ਹੈ। ਅੰਨਾ ਨੇ ਹਾਕਮ ਜਮਾਤ ਲਈ ਆਕਸੀਜਨ ਦਾ ਕੰਮ ਕੀਤਾ ਹੈ ਤੇ ਉਸ ਆਕਸੀਜਨ ਸੈਲੰਡਰ ਨੂੰ ਢੋਹਣ ਲਈ ਉਹਨਾਂ ਲੋਕਾਂ ਦੇ ਮੋਢਿਆਂ ਦੀ ਵਰਤੋਂ ਕੀਤੀ ਗਈ ਹੈ। ਜੋ ਹਾਕਮ ਜਮਾਤ ਦੀ ਲੁੱਟ ਤੇ ਜਬਰ ਦਾ ਸ਼ਿਕਾਰ ਹਨ। ਉਹਨਾਂ ਨੂੰ ਨਹੀਂ ਪਤਾ ਕਿ ਉਹ ਉਸ ਨਿਜ਼ਾਮ ਨੂੰ ਬਚਾਉਣ ਲਈ ਤਨ-ਮਨ-ਧਨ ਨਾਲ ਜੁਟੇ ਹੋਏ ਹਨ ਜਿਸ ਨੇ ਉਹਨਾਂ ਦੀ ਜ਼ਿੰਦਗੀ ਬਰਬਾਦ ਕੀਤੀ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਚਲ ਰਹੇ ਜੁਝਾਰੂ ਸੰਘਰਸ਼ ਦੀ ਤਪਸ ਨਾਲ ਝੁਲਸ ਰਹੇ ਹਾਕਮਾ ਨੂੰ ਅੰਨਾ ਨੇ ਬਹੁਤ ਵੱਡੀ ਰਾਹਤ ਪਹੁੰਚਾਈ ਹੈ। ਹਕੂਮਤ ਦੀ ਵਾਂਗਡੋਰ ਕਿਸ ਦੇ ਹੱਥਾਂ ਵਿੱਚ ਹੋਵੇ ਇਸ ਮੁੱਦੇ 'ਤੇ ਹਾਕਮ ਜਮਾਤ ਦੇ ਵੱਖ-ਵੱਖ ਗੁੱਟਾਂ 'ਚ ਚਲਦੀ ਖਿਚੋਤਾਣ ਨਾਲ ਆਮ ਆਦਮੀ ਦੇ ਭਰਮ 'ਚ ਆ ਜਾਣਾ ਆਮ ਗੱਲ ਹੈ ਪਰ ਜਿੱਥੋਂ ਤੱਕ ਇਸ ਜਮਾਤ ਦੀ ਸ਼ਾਖ ਬਚਾਈ ਰੱਖਣ ਦਾ ਸੁਆਲ ਹੈ। ਸਾਰੇ ਹੀ ਗੁੱਟਾਂ 'ਚ ਅਜੀਬ ਏਕਾ ਹੈ। ਇਹ ਏਕਾ 27 ਅਗਸਤ ਨੂੰ ਛੁੱਟੀ ਦੇ ਦਿਨ ਲੋਕਸਭਾ ਦੀ ਵਿਸ਼ੇਸ਼ ਬੈਠਕ 'ਚ ਵੇਖਣ ਨੂੰ ਮਿਲਿਆ ਜਦ ਕਾਂਗਰਸ ਦੇ ਪ੍ਰਣਾਬ ਮੁਕਰਜੀ ਤੇ ਭਾਜਪਾ ਦੀ ਸੁਸ਼ਮਾ ਸਵਰਾਜ ਦੋਨੋ ਇਕਸੁਰ ਹੋ ਗਏ ਅਤੇ ਉਸ 'ਚੋਂ ਸੰਗੀਤ ਪੈਦਾ ਹੋਇਆ ਉਸ ਨੇ ਰਾਮਲੀਲਾ ਗਰਾਊਂਡ 'ਚ ਇਕ ਨਵੀਂ ਲਹਿਰ ਪੈਦਾ ਕਰ ਦਿੱਤੀ। ਸਦਨ 'ਚ ਸ਼ਰਦ ਯਾਦਵ ਦੇ ਭਾਸ਼ਣ ਤੋਂ ਸਬਕ ਲੈਂਦਿਆ ਅਗਲੇ ਦਿਨ ਆਪਣਾ ਵਰਤ ਖ਼ਤਮ ਕਰਦੇ ਸਮੇਂ ਅੰਨਾ ਨੇ ਬਾਬਾ ਸਾਹੇਬ ਅੰਬੇਦਕਰ ਨੂੰ ਤਾਂ ਯਾਦ ਹੀ ਕੀਤਾ। ਵਰਤ ਤੋੜਦੇ ਸਮੇਂ, ਜੂਸ ਪਿਲਾਉਣ ਲਈ ਦਲਿਤ ਵਰਗ ਦੇ ਮੁਸਲਿਮ ਭਾਈਚਾਰ ਦੇ ਦੋ ਬੱਚਿਆਂ ਨੂੰ ਚੁਣਿਆ। ਅੰਨਾ ਹਜ਼ਾਰੇ ਦਾ 13 ਦਿਨ ਦਾ ਇਹ ਵਰਤ ਦਾ ਅੰਦੋਲਨ ਭਾਰਤ ਦੇ ਇਤਿਹਾਸ ਦੀ ਇਕ ਬੀਤੇ ਸਮੇਂ ਦੀ ਘਟਨਾ ਵਜੋਂ ਜਾਣਿਆ ਜਾਵੇਗਾ। ਇਸ ਲਈ ਨਹੀਂ ਕਿ ਉਸ 'ਚ ਲੱਖਾਂ ਲੋਕਾਂ ਦੀ ਸ਼ਮੂਲੀਅਤ ਰਹੀ ਜਾਂ ਟੀ. ਵੀ. ਚੈਨਲਾਂ ਨੇ 24 ਘੰਟੇ (ਰਾਤ ਦਿਨ) ਉਸ ਦਾ ਪ੍ਰਸਾਰਨ ਕੀਤਾ। ਕਿਸੇ ਵੀ ਸੰਘਰਸ਼ ਦੀ ਤਾਕਤ ਜਾਂ ਸਮਾਜ 'ਤੇ ਪੈਣ ਵਾਲੇ ਦੂਰਗਾਮੀ ਪ੍ਰਭਾਵਾਂ ਦਾ ਮੁਲਅੰਕਣ ਸਿਰਫ਼ ਇਸ ਗੱਲ ਤੋਂ ਹੀ ਨਹੀਂ ਕੀਤਾ ਜਾ ਸਕਦਾ ਕਿ ਉਸ 'ਚ ਲੱਖਾਂ ਲੋਕਾਂ ਨੇ ਸ਼ਮੂਲੀਅਤ ਕੀਤੀ। ਜੇ ਅਜਿਹਾ ਹੁੰਦਾ ਤਾਂ ਜੈ ਪ੍ਰਕਾਸ਼ ਨਰਾਇਣ ਦੇ ਅੰਦੋਲਨ ਤੋਂ ਲੈ ਕੇ ਰਾਮ ਜਨਮ ਭੂਮੀ ਸੰਘਰਸ਼, ਵਿਸ਼ਵਾ ਨਾਥ ਪ੍ਰਤਾਪ ਸਿੰਘ ਦਾ ਬੋਫਰਜ਼ ਨੂੰ ਕੇਂਦਰ 'ਚ ਰੱਖਕੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ, ਮੰਡਲ ਕਮਿਸ਼ਨ ਦੀ ਰੀਪੋਟ 'ਤੇ ਰਾਖਵਾਂਕਰਨ ਵਿਰੋਧੀ ਅੰਦੋਲਨ ਵਰਗੇ ਪਿੱਛੇ 30-35 ਸਾਲਾਂ ਦੌਰਾਨ ਹੋਏ ਅਜਿਹੇ ਅੰਦੋਲਨਾਂ 'ਚ ਲੱਖਾਂ ਦੀ ਗਿਣਤੀ 'ਚ ਲੋਕਾਂ ਦੀ ਹਿੱਸੇਦਾਰੀ ਰਹੀ। ਕਿਸੇ ਵੀ ਸੰਘਰਸ਼ ਦਾ ਸਮਾਜ ਨੂੰ ਅੱਗੇ

ਲੈ ਜਾਣ ਜਾਂ ਪਿੱਛੇ ਸੁਟਣ 'ਚ ਸਫਲ ਜਾਂ ਅਸਫਲ ਹੋਣਾ। ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸ ਦੀ ਲੀਡਰਸ਼ਿਪ ਕਿਹੜੀ ਹੈ? ਅਤੇ ਉਸ ਦਾ ਨਜ਼ਰੀਆ ਕੀ ਹੈ? ਹੁਣ ਤਾਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨੂੰ ਹਕੂਮਤ ਤੱਕ ਪਹੁੰਚਣ ਦੀ ਪੌੜੀ ਬਣਾ ਕੇ ਲੋਕ ਭਾਵਨਾ ਦੀ ਲੁੱਟ ਬੇਅਦਬੀ ਕੀਤੀ ਜਾਂਦੀ ਰਹੀ ਹੈ।

ਅੰਨਾ ਦੀ ਸਖਸ਼ੀਅਤ ਦੀ ਇਹ ਖ਼ੂਬੀ ਹੈ ਕਿ ਇਸ ਖ਼ਤਰੇ ਤੋਂ ਲੋਕ ਚਿੰਤਤ ਹਨ। ਉਹਨਾਂ ਨੂੰ ਪਤਾ ਹੈ ਕਿ ਰਾਲੇਗਣ ਸਿੱਧੀ ਦੇ ਇਸ ਫਰੀਕਨੁਮਾ ਬੰਦੇ ਨੂੰ ਹਕੂਮਤ ਨਹੀਂ ਚਾਹੀਦੀ। ਅੰਨਾ ਦਾ ਅੰਦੋਲਨ ਅਤੀਤ ਦੇ ਇਨ੍ਹਾਂ ਅੰਦੋਲਨਾ ਤੋਂ ਗੁਣਾਤਮਕ ਤੌਰ 'ਤੇ ਭਿੰਨ ਹੈ ਕਿਉਂਕਿ ਆਉਣ ਵਾਲੇ ਦਿਨਾਂ 'ਚ ਭਾਰਤੀ ਸਮਾਜ 'ਚ ਬਦਲਾਅ ਲਈ ਸੰਘਰਸਸ਼ੀਲ ਸ਼ਕਤੀਆਂ ਵਿਚਕਾਰ ਇਹ ਧਰੁਵੀਕਰਨ ਦਾ ਕੰਮ ਕਰੇਗਾ। ਕਿਸੇ ਵੀ ਹਾਲਤ 'ਚ ਇਸ ਅੰਦੋਲਨ ਦੇ ਮੁਕਾਬਲੇ ਦੇਸ਼ ਦੀ ਖੱਬੀਆਂ ਤੇ ਇਨਕਲਾਬੀ ਸ਼ਕਤੀਆਂ ਨਾ ਤਾਂ ਲੋਕਾਂ ਨੂੰ ਏਨੀ ਵੱਡੀ ਪੱਧਰ 'ਤੇ ਇਕੱਠਾ ਕਰ ਸਕਦੀਆਂ ਹਨ ਤੇ ਨਾ ਹੀ ਲੰਮੇ ਸਮੇਂ ਤੱਕ ਟਿਕਾ ਕੇ ਰੱਖ ਸਕਦੀਆਂ ਹਨ। ਜਿੰਨੇ ਲੰਮੇ ਸਮੇਂ ਤੱਕ ਅੰਨਾ ਹਜ਼ਾਰੇ ਰਾਮ ਲੀਲਾ ਮੈਦਾਨ 'ਚ ਟਿਕੇ ਰਹੇ ਇਸ ਦਾ ਸਿੱਧਾ ਕਾਰਨ ਇਹ ਹੈ ਕਿ ਇਹ ਪ੍ਰਣਾਲੀ ਜਾਂ ਪ੍ਰਬੰਦ ਅੰਦੋਲਨ ਦੇ ਬੁਨਿਆਦੀ ਕਿਰਦਾਰ ਅਨੁਸਾਰ ਤਹਿ ਕਰਦਾ ਹੈ ਕਿ ਉਸ ਨੇ ਅੰਦੋਲਨ ਪਤੀ ਕਿਸ ਤਰ੍ਹਾਂ ਦਾ ਸਲੂਕ ਤਹਿ ਕਰਨਾ ਹੈ। ਮੀਡੀਆ ਦਾ ਫੈਸਲਾ ਵੀ ਇਸੇ ਆਧਾਰ 'ਤੇ ਹੁੰਦਾ ਹੈ। ਤੁਸੀਂ ਕਲਪਨਾ ਕਰੋ ਕਿ ਕਿਸੇ ਚੈਨਲ ਦੇ ਮਾਲਕ ਨਾ ਚਾਹੁਣ ਤਾਂ ਕੀ ਉਸ ਦੇ ਪਤ੍ਰਕਾਰ ਜਾਂ ਕੈਮਰਾ ਮੈਨ ਉਸ ਅੰਦੋਲਨ ਦੀ ਨਿਰੰਤਰ ਕਵਰੇਜ ਕਰ ਸਕਦੇ ਸਨ? ਕੀ ਕਾਰਪੋਰੇਟ ਘਰਾਣੇ ਆਪਣੀ ਜੜ੍ਹ ਪੁੱਟਣ ਵਾਲੇ ਕਿਸੇ ਵੀ ਸੰਘਰਸ਼ ਨੂੰ ਇਸ ਤਰ੍ਹਾਂ ਦੀ ਮਦਦ ਦੇਣ ਜਾਂ ਹਮਾਇਤ ਦਾ ਸੁਨੇਹਾ ਦਿੰਦੇ ਜਿਵੇਂ ਅੰਨਾ ਸਬੰਧੀ ਹੋਇਆ? ਭਾਰਤ ਸਰਕਾਰ ਦੇ ਗ੍ਰਿਹ ਮੰਤਰੀ ਦੀ ਰੀਪੋਟ ਅਨੁਸਾਰ ਪਿਛਲੇ ਤਿੰਨ ਸਾਲਾਂ ਤੋਂ ਇੱਥੋਂ ਦੇ ਐਨ. ਜੀ. ਓ. ਸੈਕਟਰ ਨੂੰ 40 ਹਜ਼ਾਰ ਕਰੋੜ ਰੁਪਏ ਮਿਲੇ ਹਨ। ਉਸੇ ਐਨ. ਜੀ. ਓ. ਸੈਕਟਰ ਨੂੰ ਜਿਸ ਨਾਲ ਅੰਨਾ ਟੀਮ ਦੇ ਮੁਖ ਮੈਂਬਰ ਅਰਵਿੰਦ ਕੇਜਰੀ ਵਾਲ, ਮੁਨੀਸ਼ ਸਿਸੋਦੀਆ, ਕਿਰਨ ਬੇਦੀ, ਸੰਦੀਪ ਪਾਂਡੇ, ਸੁਆਮੀ ਅਗਨੀਵੇਸ਼ ਵਰਗੇ ਲੋਕ ਜੁੜੇ ਹੋਏ ਹਨ। ਇਸ ਸਾਰੀ ਜਮਾਤ ਨੂੰ ਇਸ ਪ੍ਰਬੰਦ ਤੋਂ ਹੀ ਲਾਭ ਮਿਲ ਰਿਹਾ ਹੈ ਜਿਸ ਵਿੱਚ ਸੜਿਆਂਦ ਫੈਲਦੀ ਜਾ ਰਹੀ ਹੈ। ਜੋ ਮੌਤ ਨੂੰ ਉਡੀਕ ਰਿਹਾ ਹੈ ਤੇ ਜਿਸ ਨੂੰ ਦਫਨ ਕਰਨ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪੀੜਤ ਲੋਕ ਸੰਘਰਸਸ਼ੀਲ ਹਨ। ਅੱਜ ਇਸ ਪ੍ਰਬੰਦ ਦਾ ਇਕ ਉਦਾਰਕ ਦਿਖਾਈ ਦੇ ਰਿਹਾ ਹੈ। ਭਾਵੇਂ ਉਹ 74 ਸਾਲ ਦਾ ਹੀ ਕਿਉਂ ਨਾ ਹੋਵੇ। ਉਸ ਨੂੰ ਜਿਉਂਦਾ ਰੱਖਣਾ ਜ਼ਰੂਰੀ ਹੈ। ਕੀ ਇਸ ਤੱਥ ਨੂੰ ਵਾਰ-ਵਾਰ ਦੁਹਰਾਉਣ ਦੀ ਲੋੜ ਹੈ ਕਿ ਇਸ ਭ੍ਰਿਸ਼ਟਾਚਾਰ ਦਾ ਮੂਲ ਸਰੋਤ ਸਰਕਾਰ ਦੀਆਂ ਨਵ-ਉਦਾਰੀਵਾਦੀ ਨੀਤੀਆਂ ਹਨ? ਇਹਨਾਂ ਨੀਤੀਆਂ ਨੇ ਹੀ ਪਿਛਲੇ 20-22 ਸਾਲਾਂ 'ਚ ਇਸ ਦੇਸ਼ 'ਚ ਇਕ ਪਾਸੇ ਤਾਂ ਕੁਝ ਲੋਕਾਂ ਨੂੰ ਅਰਬਪਤੀ ਬਣਾਇਆ ਤੇ ਦੂਜੇ ਪਾਸੇ ਵੱਡੀ ਗਿਣਤੀ 'ਚ ਮੇਹਨਤਕਸ਼ ਲੋਕਾਂ ਨੂੰ ਲਗਾਤਾਰ ਹਾਸ਼ੀਏ 'ਤੇ ਸੁੱਟ ਦਿੱਤਾ। ਇਹਨਾਂ ਨੀਤੀਆਂ ਨੇ ਕਾਰਪੋਰੇਟ ਘਰਾਣਿਆਂ ਲਈ ਅਥਾਹ ਸੰਭਾਵਨਾ ਦਾ ਦਰ ਖੋਹਲ ਦਿੱਤਾ ਅਤੇ ਜੰਗਲ, ਜਲ, ਜ਼ਮੀਨ 'ਤੇ ਗੁਜਰ ਬਸਰ ਕਰਨ ਵਾਲੇ ਲੋਕਾਂ ਨੂੰ ਵੱਡੇ ਪੈਮਾਨੇ 'ਤੇ ਉਜਾੜਿਆ ਅਤੇ ਮੋੜਵਾ ਵਿਰੋਧ ਕਰਨ 'ਤੇ ਉਹਨਾਂ ਦਾ ਸਫਾਇਆ ਕਰ ਦਿੱਤਾ।

ਇਹਨਾਂ ਨੀਤੀਆਂ ਦੀ ਬਦੌਲਤ ਅੱਜ ਮੀਡੀਆ ਨੂੰ ਏਨੀ ਤਾਕਤ ਮਿਲ ਗਈ ਕਿ ਉਹ ਸਤਾ ਸਮੀਕਰਣ ਦਾ ਇਕ ਮੁੱਖ ਘਟਕ ਹੋ ਗਿਆ। ਜਿੰਨਾ ਲੋਕਾਂ ਨੂੰ ਇਹਨਾਂ ਨੀਤੀਆਂ ਤੋਂ ਲਗਾਤਾਰ ਲਾਭ ਮਿਲ ਰਿਹਾ ਹੈ, ਭਲਾਂ ਉਹ ਕਿਉਂ ਚਾਹੁਣਗੇ ਕਿ ਨੀਤੀਆਂ ਖ਼ਤਮ ਹੋਣ। ਇਹਨਾਂ ਨੀਤੀਆਂ ਖਿਲਾਫ਼ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਜੋ ਉਥਲ ਪੁਥਲ ਚਲ ਰਹੀ ਹੈ। ਉਸ ਨਾਲ ਹਾਕਮ ਜਮਾਤ ਦੇ ਹੋਸ਼ ਉਡੇ ਹੋਏ ਹਨ।

ਅਜਿਹੀ ਹਾਲਤ 'ਚ ਜੇ ਕੋਈ ਅਜਿਹਾ ਬੰਦਾ ਮੂਹਰੇ ਆਉਂਦਾ ਹੈ ਜਿਸਦਾ ਜੀਵਨ ਬੇਦਾਗ ਹੋਵੇ, ਜਿਸ ਅੰਦਰ ਸੱਤਾ ਦਾ ਲੋਭ ਨਾ ਨਜ਼ਰ ਆਉਂਦਾ ਹੋਵੇ। ਉਸ ਨੂੰ ਇਹ ਵਿਵਸਥਾ ਹੱਥੋਂ ਹੱਥੀ ਲਵੇਗੀ ਕਿਉਂਕਿ ਉਸ ਦੇ ਲਈ ਹੋਰ ਵੱਡਾ ਉਦਾਰਕ ਕੋਈ ਨਹੀਂ ਹੋ ਸਕਦਾ। ਅੰਨਾ ਦੀ ਗ੍ਰਿਫ਼ਤਾਰੀ, ਰਿਹਾਈ, ਵਰਤ ਵਾਲੀ ਜਗਾਹ ਸਬੰਧੀ ਵਿਵਾਦ ਤੇ ਰਾਜਸੀ-ਫਾਇਦਾ ਨੁਕਸਾਨ ਦੇ ਮੁਲਅੰਕਣ 'ਚ ਲੱਗੀ ਹਾਕਮ ਜਮਾਤ ਅੰਤਰ ਵਿਰੋਧੀ ਕਰਕੇ ਸਾਹਮਣੇ ਰਹੇ ਹਨ। ਇਹਨਾਂ ਕਾਰਨ ਮੁਲ ਮੁੱਦੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਅੰਨਾ ਦੇ ਅੰਦੋਲਨ ਨੇ ਅਜ਼ਾਦੀ ਸੰਘਰਸ਼ ਦੌਰਾਨ ਗਾਂਧੀ ਵਲੋਂ ਚਲਾਏ ਗਏ ਸਤਿਆ ਗ੍ਰਹਿਆਂ ਤੇ ਅੰਦੋਲਨਾ ਦੀ ਯਾਦ ਦਵਾ ਦਿੱਤੀ ਜਿਹਨਾਂ ਨੂੰ ਲੋਕਾਂ ਨੇ ਫ਼ਿਲਮਾਂ ਜਾਂ ਤਸਵੀਰਾਂ ਜ਼ਰੀਏ ਵੇਖਿਆ ਸੀ। ਗਾਂਧੀ ਸਮੇਂ ਵੀ ਇਕ ਦੂਜੀ ਧਾਰਾ ਸੀ ਜੋ ਗਾਂਧੀ ਦੀ ਫਿਲਾਸਫੀ ਦਾ ਵਿਰੋਧ ਕਰਦੀ ਸੀ ਤੇ ਉਸ ਦੀ ਅਗਵਾਈ ਭਗਤ ਸਿੰਘ ਕਰਦੇ ਸਨ। ਜਿੱਥੋਂ ਤੱਕ ਵਿਚਾਰਾਂ ਦਾ ਸੁਆਲ ਹੈ ਭਗਤ ਸਿੰਘ ਗਾਂਧੀ ਤੋਂ ਕਾਫੀ ਅੱਗੇ ਦੀ ਸੋਚਦੇ ਸਨ। ਭਗਤ ਸਿੰਘ ਨੇ 1928-30 'ਚ ਕਹਿ ਦਿੱਤਾ ਸੀ ਕਿ ਗਾਂਧੀ ਦੇ ਤਰੀਕੇ ਨਾਲ ਅਸੀਂ ਜੋ ਅਜ਼ਾਦੀ ਹਾਸਲ ਕਰਾਂਗੇ। ਉਸ 'ਚ ਗੋਰਿਆਂ ਦੀ ਥਾਂ ਕਾਲੇ ਅੰਗਰੇਜ਼ ਸੱਤਾ 'ਤੇ ਕਾਬਜ ਹੋ ਜਾਣਗੇ ਕਿਉਂਕਿ ਵਿਵਸਥਾ 'ਚ ਕੋਈ ਤਬਦੀਲੀ ਨਹੀਂ ਹੋਵੇਗੀ। ਤਕਰੀਬਨ 80 ਸਾਲਾਂ ਬਾਅਦ ਰਾਮਲੀਲਾ ਮੈਦਾਨ ਤੋਂ ਅੰਨਾ ਹਜ਼ਾਰੇ ਨੂੰ ਵੀ ਇਹੀ ਗੱਲ ਕਹਿਣੀ ਪਈ ਕਿ ਗੋਰੇ ਅੰਗਰੇਜ਼ ਚਲੇ ਗਏ ਪਰ ਕਾਲੇ ਅੰਗ੍ਰੇਜ਼ਾਂ ਦੀ ਹਕੂਮਤ ਹੈ। ਇਹਨਾਂ ਸਭ ਦੇ ਬਾਵਜੂਦ ਭਗਤ ਸਿੰਘ ਦੇ ਮੁਕਾਬਲੇ ਗਾਂਧੀ ਨੂੰ ਉਸ ਸਮੇਂ ਦੇ ਮੀਡੀਆ ਨੇ ਅਤੇ ਉਸ ਸਮੇਂ ਦੇ ਪ੍ਰਬੰਦ ਨੇ ਬੇਹੱਦ ਕਵਰੇਜ਼ ਦਿੱਤੀ ਸੀ। ਉਦੋਂ ਤਾਂ ਟੀ. ਪੀ. ਆਰ. ਦਾ ਜ਼ਮਾਨਾ ਵੀ ਨਹੀਂ ਸੀ ਕਿਉਂਕਿ ਟੈਲੀਵਿਜ਼ਨ ਦੀ ਉਦੋਂ ਕਾਢ ਹੀ ਨਹੀਂ ਸੀ ਨਿੱਕਲੀ, ਤਾਂ ਵੀ ਸ਼ਹੀਦ ਸੁਖਦੇਵ ਨੇ ਚੰਦਰ ਸ਼ੇਖਰ ਅਜ਼ਾਦ ਨੂੰ ਲਿਖੇ ਪਤਰ 'ਚ ਇਸ ਗੱਲ 'ਤੇ ਦੁੱਖ ਜਾਹਰ ਕੀਤਾ ਸੀ ਕਿ ਮੀਡੀਆ ਸਾਡੇ ਬਿਆਨ ਵੀ ਨਹੀਂ ਛਾਪਦਾ ਹੈ ਅਤੇ ਸਾਡੀ ਆਵਾਜ਼ ਇਸ ਕਰਕੇ ਲੋਕਾਂ ਤੱਕ ਨਹੀਂ ਪਹੁੰਚਦੀ। ਜਦ ਵਿਵਸਥਾ 'ਚ ਬੁਨਿਆਦੀ ਤਬਦੀਲੀ ਕਰਨ ਵਾਲੀਆਂ ਤਾਕਤਾਂ ਸਿਰ ਚੁੱਕਦੀਆਂ ਹਨ ਤਾਂ ਉਹਨਾਂ ਨੂੰ ਉਥੇ ਹੀ ਖਾਮੋਸ਼ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਜੇ ਤੁਸੀਂ ਅੰਦਰ ਦੇ ਰੋਗ ਤੋਂ ਮਰਨ ਕੰਢੇ ਪ੍ਰਬੰਦ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋ ਤਾਂ ਉਹ ਪ੍ਰਣਾਲੀ ਆਪਣੇ ਲਈ ਹਰ ਸਹੂਲਤ ਦੇਣ ਨੂੰ ਤਿਆਰ ਮਿਲੇਗੀ। ਅੰਨਾ ਹਜ਼ਾਰੇ ਨੇ 28 ਅਗਸਤ ਨੂੰ ਦਿਨ 'ਚ ਸਾਢੇ ਦਸ ਵਜੇ ਵਰਤ ਤੋੜਨ ਪਿੱਛੋਂ ਰਾਮ-ਲੀਲਾ ਮੈਦਾਨ ਤੋਂ ਜੋ ਭਾਸ਼ਣ ਦਿੱਤਾ, ਉਸ ਨਾਲ ਆਉਣ ਵਾਲੇ ਦਿਨਾਂ ਦੇ ਉਹਨਾਂ ਦੇ ਏਜੰਡੇ ਦਾ ਪਤਾ ਲੱਗਦਾ ਹੈ। ਇਕ ਹੰਢੇ ਵਰਤੇ ਰਾਜਸੀ ਆਗੂ ਵਾਂਗੂ ਉਹਨਾਂ ਨੇ ਸਾਰੇ ਮੁੱਦੇ ਨੂੰ ਭਵਿੱਖ 'ਚ ਉਠਾਉਣ ਦੀ ਗੱਲ ਕਹੀ ਹੈ। ਜੋ ਸਤਹੀ ਤੌਰ ਤੇ ਵਿਵਸਥਾ ਤਬਦੀਲੀ ਦੀ ਲੜਾਈ ਦਾ ਭਰਮ ਪਾਉਣਗੇ ਪਰ ਬੁਨਿਆਦੀ ਤੌਰ 'ਤੇ ਇਹ ਲੜਾਈਆਂ ਹਕੂਮਤੀ ਪ੍ਰਣਾਲੀ

ਨੂੰ ਹੋਰ ਚੁਸਤ-ਦੁਰਸਤ ਕਰਨੇ ਇਸ ਵਿਵਸਥਾ ਨੂੰ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਟਿਕਾਊ, ਦਮਨਕਾਰੀ ਤੇ ਮਜ਼ਬੂਤ ਬਣਾ ਸਕੇਗੀ। ਅੰਨਾ ਦਾ ਅੰਦੋਲਨ 28 ਅਗਸਤ ਨੂੰ ਖ਼ਤਮ ਨਹੀਂ ਹੋਇਆ ਬਲਕਿ ਉਸ ਦਿਨ ਤੋਂ ਹੀ ਇਸ ਦੀ ਸ਼ੁਰੂਆਤ ਹੋਈ ਹੈ। ਰਾਮਲੀਲਾ ਮੈਦਾਨ ਤੋਂ ਗੁੜਗਾਵਾਂ ਦੇ ਹਸਪਤਾਲ ਜਾਂਦੇ ਸਮੇਂ ਉਹਨਾਂ ਦੀ ਐਂਬੂਲੈਂਸ ਮੂਹਰੇ ਸੁਰੱਖਿਆ ਖਾਤਰ ਪੁਲੀਸ ਤੇ ਪਿੱਛੇ ਪਲ ਪਲ ਦੀ ਰੀਪੋਰਟਿੰਗ ਲਈ ਬੇਤਾਬ ਕੈਮਰਿਆਂ ਨਾਲ ਦੀਵਾਰ ਤੇ ਲਿਖੀ ਇਬਾਰਤ ਨੂੰ ਪੜ੍ਹਿਆ ਜਾ ਸਕਦਾ ਹੈ। ਵਿਵਸਥਾ ਵਲੋਂ ਇਹ ਇਕ ਨਵਾਂ ਹਥਿਆਰ ਸਾਹਮਣੇ ਆਇਆ ਹੈ ਜੋ ਵਿਵਸਥਾ ਬਦਲਣ ਦੀ ਲੜਾਈ ’ਚ ਲੱਗੇ ਲੋਕਾਂ ਦੇ ਲਈ ਆਉਣ ਵਾਲੇ ਦਿਨਾਂ ’ਚ ਇਕ ਬਹੁਤ ਵੱਡੀ ਚੁਣੌਤੀ ਖੜ੍ਹੀ ਕਰੇਗਾ।

# ਆਂਧਰਾ 'ਚ ਤਿਲੰਗਾਨਾ ਦਾ ਮੁੱਦਾ ਕਿੱਧਰ ਨੂੰ?

ਮਹੀਨੇ ਭਰ ਤੋਂ ਤਿਲੰਗਾਨਾ 'ਚ ਜਨ ਜੀਵਨ ਠੱਪ ਹੈ। ਰੋਜ਼ਾਨਾ ਕਿਸੇ ਨਾ ਕਿਸੇ ਪਾਸੇ ਤੋਂ ਹਿੰਸਾ, ਅਗਜਨੀ, ਤੋੜਭੰਨ, ਬੱਸਾ-ਰੇਲਾਂ ਠੱਪ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਹਾਲਾਤ ਦੀ ਨਾਜ਼ੁਕਤਾ ਦਾ ਅੰਦਾਜਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸੂਬੇ ਦੇ ਰਾਜਪਾਲ ਈ. ਐੱਸ. ਐੱਲ. ਨਰਸਿੰਹਨ ਨੇ ਜਦ ਦਿੱਲੀ ਆ ਕੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਸੂਬੇ ਦੀ ਮੌਜੂਦ ਹਾਲਤ ਦੀ ਰੀਪੋਟ ਦਿੱਤੀ ਤਾਂ ਸੂਬੇ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਅਫਵਾਹ ਉਡ ਗਈ ਸੀ। ਕਾਂਗਰਸ ਆਲਾ-ਕਮਾਨ ਨੇ ਸੂਬੇ ਦੇ ਮੁਖ ਮੰਤਰੀ ਕਿਰਨ ਕੁਮਾਰ ਰੈਡੀ ਨੂੰ ਵੀ ਦਿੱਲੀ ਬੁਲਾ ਲਿਆ ਹਾਲਾਂ ਕਿ ਰਾਜ 'ਚ ਅਜਿਹਾ ਕੁਝ ਨਹੀਂ ਹੋਇਆ। ਲਗਦਾ ਹੈ ਕਿ ਸੰਨ 1956 'ਚ ਭਾਸ਼ਾਈ ਅਧਾਰ 'ਤੇ ਗਠਿਤ ਪਹਿਲੇ ਰਾਜ ਆਂਧਰਾ ਦੇ ਲਈ ਉਠੀ ਮੰਗ ਦੇ ਫਿਰ ਤੋਂ ਲਟਕਣ ਦੇ ਆਸਾਰ ਹਨ। ਰਾਜਪਾਲ ਨੇ ਪਹਿਲਾਂ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਫਿਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ। ਇਸੇ ਦੌਰਾਨ ਮੁੱਖ ਮੰਤਰੀ ਵੀ ਦਿੱਲੀ ਪੁੱਜ ਗਏ। ਉਹਨਾ ਨੇ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਤੋਂ ਇਲਾਵਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਵੀ ਮੁਲਾਕਾਤ ਕੀਤੀ। ਇਸ ਦੌਰਾਨ ਪ੍ਰਧਾਨ ਮੰਤਰੀ ਤੇ ਗ੍ਰਹਿ ਵਿੱਤ ਮੰਤਰੀ ਤੋਂ ਇਲਾਵਾ ਕੇਂਦਰ ਵੱਲੋਂ ਆਂਧਰਾ ਦੇ ਮੁੱਖ ਬੁਲਾਰੇ ਤੇ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਕਰਜੀ, ਆਂਧਰਾ ਦੇ ਮਾਮਲਿਆਂ ਦੇ ਇੰਚਾਰਜ ਤੇ ਕੇਂਦਰੀ ਸਿਹਤ ਮੰਤਰੀ ਗੁਲਾਮ ਨਬੀ ਆਜ਼ਾਦ ਨਾਲ ਮੀਟਿੰਗ ਦਾ ਦੌਰ ਚਲਿਆ ਪਰ ਸਭ ਦਾ ਰਵੱਈਆ ਟਾਲਮਟੋਲ ਵਰਗਾ ਸੀ। ਇਹ ਸੌਦਾ ਕਾਂਗਰਸ ਨੂੰ ਮਹਿੰਗਾ ਪੈ ਸਕਦਾ ਹੈ ਕਿਉਂਕਿ ਤਿਲੰਗਾਨਾ ਦੇ ਗਠਨ ਲਈ ਬਣੀ ਸਾਂਝੀ ਸੰਘਰਸ਼ ਸੰਮਤੀ 'ਚ ਸਭ ਪਾਰਟੀਆਂ ਦੇ ਵਿਧਾਇਕ ਹਨ। ਜਿਹਨਾਂ 'ਚ ਕਾਂਗਰਸੀਆਂ ਦੀ ਗਿਣਤੀ ਵੱਧ ਹੈ। ਗੁਲਾਮ ਨਬੀ ਅਜ਼ਾਦ ਨੇ ਅਗਸਤ 'ਚ ਇਕ ਮਹੀਨੇ ਅੰਦਰ ਯਾਨੀ ਸਤੰਬਰ 'ਚ ਕੋਈ ਨਵਾਂ ਫਾਰਮੂਲਾ ਦੇਣ ਦਾ ਵਾਅਦਾ ਕੀਤਾ ਸੀ ਅਤੇ ਉਦੋਂ ਤੋਂ ਕਾਂਗਰਸ ਦੇ ਨਾਲ ਹੀ ਹੋਰਾਂ ਪਾਰਟੀਆਂ ਨੇ ਸੰਸਦਾਂ, ਵਿਧਾਇਕਾਂ ਨੂੰ ਵੀ ਉਹਨਾਂ ਦੇ 'ਸਤੰਬਰ ਫਾਰਮੂਲੇ' ਦੀ ਉਡੀਕ ਸੀ ਪਰ ਕਾਂਗਰਸ ਆਲਾ ਕਮਾਨ ਨੂੰ ਆਪਣੀ ਰੀਪੋਟ ਸੌਂਪਣ ਪਿੱਛੋਂ ਅਜ਼ਾਦ ਨੇ ਕਿਹਾ ਕਿ ਇਸ ਮੁੱਦੇ 'ਤੇ ਹੋਰ ਸਮਾ ਦੇਣ ਦੀ ਲੋੜ ਹੈ। ਇਸ ਦੇ ਅਗਲੇ ਪੜਾਅ 'ਚ ਕੌਮੀ ਪੱਧਰ 'ਤੇ ਸਲਾਹ ਮਸ਼ਵਰਾ ਹੋਵੇਗਾ। ਅਜਿਹਾ ਹੀ ਬਿਆਨ ਵਿੱਤ ਮੰਤਰੀ ਪ੍ਰਣਾਬ ਮੁਕਰਜੀ ਦਾ ਸੀ ਉਹਨਾਂ ਕਿਹਾ "ਮੈਨੂੰ ਤਿਲੰਗਾਨਾ ਦੀ ਸਥਿਤੀ ਤੇ ਗੰਭੀਰਤਾ ਦੀ ਪੂਰੀ ਜਾਣਕਾਰੀ ਹੈ। ਇਸ ਨੂੰ ਠੀਕ ਹੋਣ ਤੇ ਸਮਾਂ ਚਾਹੀਦਾ ਹੈ।" ਪੀ ਚਿਦੰਬਰਮ ਨੇ ਵੀ ਕਿਹਾ 'ਵੱਖਰਾ ਤਿਲੰਗਾਨਾ ਬਣਾਉਣ ਦਾ ਰਾਹ ਨਿਕਲਣ 'ਚ ਕੁੱਝ ਸਮਾਂ ਲੱਗੇਗਾ। ਇਸ ਸਬੰਧੀ ਵਿਰੋਧੀ ਪਾਰਟੀਆਂ ਦੀ ਵੀ ਰਾਇ ਲਈ ਜਾਵੇਗੀ। ਵੱਖਰੇ ਤਿਲੰਗਾਨਾ ਦੀ ਮੰਗ ਸਭ ਤੋਂ ਪਹਿਲਾਂ ਵਾਸਵ ਪੁਨਈਆ ਨੇ ਸੰਨ 1956 'ਚ ਉਦੋਂ ਉਠਾਈ ਸੀ ਜਦ ਤਿਲੰਗਾਨਾ ਨੂੰ ਭਾਸ਼ਾ ਦੇ ਅਧਾਰ 'ਤੇ ਗਠਿਤ ਪਹਿਲੇ ਸੂਬੇ ਆਂਧਰਾ ਵਿੱਚ ਮਿਲਾ ਦਿੱਤਾ ਗਿਆ ਸੀ। ਇਹ ਜਾਣਦੇ ਹੋਏ ਵੀ ਕਿ ਸਿਰਫ਼ ਦੋਹਾਂ ਦੇ ਸਭਿਆਚਾਰ ਵੱਖ-ਵੱਖ ਸੀ ਬਲਕਿ ਮਦਰਾਸ ਪ੍ਰੈਜ਼ਿਡੈਂਸੀ ਦਾ ਹਿੱਸਾ ਰਹਿਣ ਕਰਕੇ ਆਂਧਰਾ ਤਿਲੰਗਾਨਾ ਤੋਂ ਸਿੱਖਿਆ ਤੇ ਆਰਥਿਕ ਦੋਨੋ ਮੋਰਚਿਆਂ 'ਤੇ

ਅੱਗੇ ਸੀ। ਪਨਈਆ ਨੇ ਇਸ ਨੂੰ ਛੇ ਸਾਲ ਜਿਉਂਦਾ ਰੱਖਿਆ। ਸੰਨ 1969 'ਚ ਤਿਲੰਗਾਨਾ ਪ੍ਰਜਾਰਾਜਅਮ ਪਾਰਟੀ ਦੇ ਐਮ ਚੈਨਾ ਰੈਡੀ ਨੇ ਇਸ ਨੂੰ ਫਿਰ ਹਵਾ ਦਿੱਤੀ ਤੇ ਵੱਖਰੇ ਤਿਲੰਗਾਨਾ ਦਾ ਨਾਹਰਾ ਲਾਇਆ ਪਰ ਜਦ ਇੰਦਰਾ ਗਾਂਧੀ ਨੇ ਉਹਨਾਂ ਨੂੰ ਸੂਬੇ ਦਾ ਮੁੱਖ ਮੰਤਰੀ ਬਣਾ ਦਿੱਤਾ ਤਾ ਉਹਨਾਂ ਨੂੰ ਖੁਦ ਨੂੰ ਇਸ ਤੋਂ ਵੱਖ ਕਰ ਲਿਆ। ਇਸ ਪਿੱਛੋਂ ਚੰਦਰ ਸ਼ੇਖਰ ਰਾਓ ਨੇ ਇਸ ਦੀ ਕਮਾਨ ਸੰਭਾਲ ਲਈ। ਉਹ ਅੱਜ ਵੀ ਇਸ ਨਾਲ ਜੁੜੇ ਹੋਏ ਹਨ। ਹਾਲਾਂ ਕਿ ਉਹਨਾਂ ਨੇ ਤਿਲੰਗਾਨਾ ਰਾਸ਼ਟਰ ਸੰਮਤੀ (TRS) ਨਾਂ ਹੇਠ ਵੱਖਰੀ ਪਾਰਟੀ ਸੰਨ 2001 'ਚ ਬਣਾਈ, ਪਰ 1980 ਦੇ ਦਹਾਕੇ 'ਚ ਤੇਲਗੂ ਦੇ ਸਮ ਪਾਰਟੀ (ਤੇਦੇਪਾ) ਨਾਲੋਂ ਨਾਤਾ ਤੋੜਨ ਪਿੱਛੋਂ ਸੱਤਾ ਵਿੱਚ ਵੀ ਸ਼ਾਮਲ ਹੋਏ। ਸੰਨ 2004 'ਚ ਉਹਨਾਂ ਨੇ ਵੱਖਰੇ ਤਿਲੰਗਾਨਾ ਸੂਬੇ ਦੀ ਮੰਗ ਲਈ ਕਾਂਗਰਸ ਨਾਲ ਹੱਥ ਮਿਲਾਇਆ। ਪਰ ਕਾਂਗਰਸ ਉਹਨਾਂ ਦੀ ਮੰਗ ਪੂਰੀ ਨਹੀਂ ਕਰ ਸਕੀ। ਹੁਣ ਉਹਨਾਂ ਨੇ ਕੇਂਦਰ ਉਪਰ ਮਤਰੇਈ ਵਾਲਾ ਸਲੂਕ ਕਰਨ ਦਾ ਦੋਸ਼ ਲਾ ਕੇ ਕਾਂਗਰਸ ਤੋਂ ਨਾਤਾ ਤੋੜ ਲਿਆ। ਸੰਨ 2009 ਦੀਆਂ ਲੋਕ ਸਭਾ ਤੇ ਵਿਧਾਨ ਸਭਾ ਚੋਣਾ ਉਹਨਾਂ ਨੇ ਇੱਕ ਵਾਰ ਫੇਰ ਤੇਲਗੂ ਦੇਸ਼ਮ ਪਾਰਟੀ ਨਾਲ ਲੜੀਆਂ ਇਸ ਚੋਣ 'ਚ ਉਹਨਾਂ ਦਾ ਲੋਕ ਅਧਾਰ ਖੁਸ ਗਿਆ। ਉਹਨਾਂ ਦੀ ਪਾਰਟੀ ਵਿਧਾਨ ਸਭਾ ਦੀਆਂ 26 ਵਿੱਚੋਂ 10 ਅਤੇ ਲੋਕ ਸਭਾ ਦੀਆਂ ਪੰਜ 'ਚੋਂ ਦੋ ਹੀ ਬਚਾ ਸਕੀ। ਇਹ ਉਹਨਾਂ ਲਈ ਇੱਕ ਵੱਡਾ ਝਟਕਾ ਸੀ। ਲਿਹਾਜਾ ਉਹਨਾਂ ਨੂੰ ਫਿਰ ਪੁਰਾਣੇ ਮੁੱਦੇ ਦੀ ਯਾਦ ਆਈ ਤੇ ਉਹਨਾਂ ਨੇ ਇਸ ਸਬੰਧੀ ਹੈਦਰਾਬਾਦ 'ਚ 11 ਦਿਨ ਦੀ ਭੁੱਖ ਹੜਤਾਲ ਕੀਤੀ ਅਤੇ ਕੇਂਦਰ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ। ਇਸ ਪਿੱਛੋਂ ਗੱਲਬਾਤ ਤੇ ਮੀਟਿੰਗਾਂ ਦਾ ਦੌਰ ਜਾਰੀ ਹੈ। ਪਰ ਇਸ ਦਾ ਕੋਈ ਸਿੱਟਾ ਨਹੀਂ ਨਿਕਲ ਰਿਹਾ ਜਦਕਿ ਸੰਨ 2000 'ਚ ਰਾਜਗ ਹਕੂਮਤ ਸਮੇਂ ਤਿੰਨ ਨਵੇਂ ਰਾਜਾਂ ਛਤੀਸ਼ਗੜ੍ਹ ਝਾਰਖੰਡ ਤੇ ਉਤਰਾਖੰਡ ਦਾ ਗਠਨ ਅਸਾਨੀ ਨਾਲ ਹੋ ਗਿਆ ਸੀ। ਲੋਕ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਸੰਸਦ ਦੇ ਮੌਨਸੂਨ ਸੈਸ਼ਨ 'ਚ ਇਸ ਦੀ ਮਿਸਾਲ ਤੇ ਕੇਂਦਰ ਸਰਕਾਰ ਤੋਂ ਆਂਧਰਾ 'ਚ ਰਾਇਸ਼ੁਮਾਰੀ ਦੀ ਗੱਲ ਕਹੀ ਸੀ ਪਰ ਕਾਂਗਰਸ ਇਸ ਤੋਂ ਬਚਣਾ ਚਾਹੁੰਦੀ ਹੈ। ਉਸ ਦੀ ਮਜ਼ਬੂਰੀ ਇਹ ਹੈ ਕਿ ਜੇ ਇਹ ਤਿਲੰਗਾਨਾ ਦੇ ਪੱਖਾ 'ਚ ਬੋਲਦੀ ਹੈ ਤਾਂ ਉਸਦੇ ਆਂਧਰਾ ਦੇ ਵਿਧਾਇਕ ਤੇ ਵਿਰੋਧ 'ਚ ਬੋਲਦੀ ਹੈ ਤਾਂ ਤਿਲੰਗਾਨਾ ਦੇ ਵਿਧਾਇਕ ਨਰਾਜ਼ ਹੋ ਜਾਣਗੇ। ਕਾਂਗਰਸ, ਤਿਲੰਗਾਨਾ ਤੇ ਆਂਧਰਾ ਦੋਹਾਂ ਦੇ ਵਿਧਾਇਕਾਂ ਨੂੰ ਇਕੱਠੇ ਰੱਖ ਕੇ ਚਲਾਉਣਾ ਚਾਹੁੰਦੀ ਹੈ ਅਤੇ ਇਸ ਕੋਸ਼ਿਸ਼ 'ਚ ਜੁੱਟੀ ਹੋਈ ਹੈ। ਇਸ ਮਾਮਲੇ ਦੇ ਹੱਲ 'ਚ ਦੇਰੀ ਹੋਣ ਨਾਲ ਝਮੇਲਾ ਹੁਣ ਦਿੱਲੀ ਪਹੁੰਚ ਗਿਆ ਹੈ। ਹੁਣ ਤੱਕ ਤਿਲੰਗਾਨਾ 'ਚ ਅੰਦੋਲਨ ਚਲਾ ਰਹੇ ਰਾਓ ਗਾਂਧੀ ਜੈਅੰਤੀ 'ਤੇ ਦਿੱਲੀ ਦੀ ਰਾਜਘਾਟ 'ਚ ਸੰਕੇਤਰ ਧਰਨਾ ਦੇਣ ਦੇ ਨਾਲ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰ ਚੁੱਕੇ ਹਨ।

ਉਹਨਾਂ ਦੇ ਹੈਦਰਾਬਾਦ ਵਾਪਸ ਮੁੜਨ ਪਿੱਛੋਂ ਅੰਦੋਲਨ ਹੋਰ ਤੇਜ ਹੁੰਦਾ ਜਾ ਰਿਹਾ ਹੈ। ਦੂਜੇ ਪਾਸੇ ਇਸ ਮਾਮਲੇ 'ਚ ਕਾਂਗਰਸ ਹਾਈਕਮਾਨ ਦਾ ਆਪਣੇ ਹੀ ਪਾਰਟੀ ਦੇ ਸੰਸਦਾਂ, ਵਿਧਾਇਕਾਂ 'ਤੇ ਕੋਈ ਜੋਰ ਨਹੀਂ ਚੱਲ ਰਿਹਾ ਹੈ। ਤਿਲੰਗਾਨਾ ਦੇ ਲਗਭਗ ਸਭ ਸੰਸਦਾ, ਵਿਧਾਇਕ ਤੇ ਵਿਧਾਨ ਪ੍ਰੀਸ਼ਦ ਇਸ ਮੁੱਦੇ 'ਤੇ ਆਪਣੀ ਮੈਂਬਰਸ਼ਿਪ ਤੋਂ ਦੋ ਵਾਰੀ ਅਸਤੀਫਾ ਦੇ ਚੁੱਕੇ ਹਨ। ਹੁਣ ਤੱਕ ਅਸਤੀਫਾ ਨਾ ਦੇਣ ਵਾਲੇ ਇੱਕੋ ਇੱਕ

ਲੋਕ ਸਭਾ ਮੈਂਬਰ ਪੈਟਰੋਲੀਅਮ ਮੰਤਰੀ ਐੱਸ. ਜੈਪਾਲ ਰੈਡੀ ਹਨ। ਜੋ ਤਿਲੰਗਾਨਾ ਖੇਤਰ ਦੇ ਇਕੱਲੇ ਕੈਬਨਿਟ ਮੰਤਰੀ ਹਨ। ਦੱਖਣ ਦੇ ਸਭ ਤੋਂ ਵੱਡੇ ਸੂਬੇ ਆਂਧਰਾ 'ਚ ਪਾਰਟੀ ਦੀ ਦੁਰਦਸ਼ਾ ਦੇਖ ਕੇ ਉਹ ਵੀ ਚਿੰਤਤ ਹੈ ਪਰ ਉਨ੍ਹਾਂ ਨੂੰ ਆਪਣੇ ਖੇਤਰ ਦੇ ਪਾਰਟੀ ਮੈਂਬਰਾਂ ਦੀ ਬਜਾਈ ਪਾਰਟੀ ਆਲਾ ਕਮਾਨ ਦੀ ਫ਼ਿਕਰ ਵੱਧ ਹੈ।

ਇਸ ਸੰਘਰਸ਼ ਨੇ ਸੂਬੇ ਦੀਆਂ ਮੁੱਖ ਰਾਜਸੀ ਪਾਰਟੀਆਂ ਵਿਚਕਾਰ ਯੁੱਧ ਛੇੜ ਦਿੱਤਾ ਹੈ। ਕੋਈ ਨਹੀਂ ਸੋਚ ਰਿਹਾ ਹੈ ਕਿ ਇਹ ਵੱਖਰੇ ਰਾਜ ਦੇ ਮਕਸਦ ਤੱਕ ਪਹੁੰਚੇਗਾ ਜਾਂ ਨਹੀਂ। ਹਰ ਕੋਈ ਇਸ 'ਤੇ ਸਿਆਸੀ ਰੋਟੀਆਂ ਸੇਕਣਾ ਚਾਹੁੰਦਾ ਹੈ। ਤਿਲੰਗਨਾ ਅੰਦੋਲਨ ਆਸ਼ਾਵਾਦੀ ਰਾਜਸੀ ਨੇਤਾਵਾਂ ਨੂੰ ਰਾਜਸੀ ਪਾਏਦਾਨ 'ਤੇ ਚੜ੍ਹਨ ਲਈ ਇਕ ਬੇਹਤਰ ਮੰਚ ਮੁਹੱਈਆ ਕਰਵਾ ਰਿਹਾ ਹੈ। ਇੱਥੋਂ ਤੱਕ ਕਿ ਕਾਂਗਰਸ ਤੇ ਭਾਜਪਾ ਦੇ ਪੁਰਾਣੇ ਨੇਤਾ ਇਸ ਦੀ ਵਰਤੋਂ ਆਪਣੀ ਥਾਂ ਮਜ਼ਬੂਤ ਕਰਨ ਲਈ ਕਰ ਰਹੇ ਹਨ। ਉਹ ਤਿਲੰਗਾਨਾ ਨੂੰ ਵੱਖਰਾ ਸੂਬਾ ਬਣਨ ਦੇਣ ਦੀ ਕਿਸੇ ਜਲਦਬਾਜੀ ਵਿੱਚ ਨਹੀਂ ਹਨ।

# ਪੀ. ਸੀ. ਪੀ. ਐਨ. ਡੀ. ਟੀ. ਐਕਟ ਕਿੰਨਾ ਕੁ ਕਾਰਗਰ?

ਗੁਪਤ ਤਰੀਕੇ ਨਾਲ ਲਿੰਗ ਜਾਂਚ ਕਰਕੇ ਪੈਸਾ ਬਟੋਰ ਰਹੇ ਅਣਰਜਿਸਟਰਡ ਅਲਟਰਾਸਾਊਂਡ ਕੇਂਦਰਾਂ 'ਤੇ ਆਖਰਕਰ ਸਰਕਾਰ ਨੇ ਸ਼ਿਕੰਜਾ ਕਸਦਿਆਂ ਉਨ੍ਹਾਂ ਦੇ ਖੰਭ ਕਤਰ ਦਿੱਤੇ ਹਨ। ਦੋ ਜੂਨ 2011 ਨੂੰ ਭਾਰਤ ਸਰਕਾਰ ਨੇ ਗਜਟ ਨੋਟੀਫੀਕੇਸ਼ਨ ਜਾਰੀ ਕਰਕੇ ਗਰਭ ਧਾਰਨ ਤੋਂ ਪਹਿਲਾਂ ਤੇ ਜਣੇਪੇ ਤੋਂ ਪਹਿਲਾ ਲਿੰਗ ਸ਼ਨਾਖਤ ਤਕਨੀਕ ਕਨੂੰਨ 1994 (ਪੀ. ਸੀ.-ਪੀ. ਐਨ. ਡੀ. ਟੀ.-1994) ਦੇ ਨਿਯਮ 11 (2) 'ਚ ਸੋਧ ਕੀਤੀ ਹੈ। ਇਹ ਇੱਕ ਇਤਿਹਾਸਕ ਕਦਮ ਹੈ। ਕਾਫ਼ੀ ਸਮੇਂ ਤੋਂ ਨਾਗਰਿਕ ਅਧਿਕਾਰ ਸਮੂਹ ਤੇ ਸਮਾਜਿਕ ਸੰਸਥਾਵਾਂ ਇਸ ਲਈ ਸੰਘਰਸ਼ ਕਰ ਰਹੀਆਂ ਸਨ। ਇਸ ਸੋਧ ਦੇ ਤਹਿਤ ਹੁਣ ਕੋਈ ਅਲਟਰਾਸਾਊਂਡ ਕੇਂਦਰ ਅਣਰਜਿਸਟਰਡ ਪਾਇਆ ਗਿਆ ਤਾਂ ਉਸ ਦੀ ਮਸ਼ੀਨ ਜਬਤ ਕਰਕੇ ਉਸ ਖਿਲਾਫ਼ ਪੀ ਐਨ. ਡੀ. ਟੀ. ਐਕਟ ਦੀ ਧਾਰਾ 23 ਕਾਰਵਾਈ ਕੀਤੀ ਜਾਵੇਗੀ। ਇਸ ਕਾਰਨ ਦੋਸ਼ੀ ਨੂੰ ਹੁਣ ਜੇਲ੍ਹ ਜਾਣਾ ਪਵੇਗਾ ਅਤੇ ਪੰਜਾਹ ਹਜ਼ਾਰ ਰੁਪਏ ਤੋਂ ਇੱਕ ਲੱਖ ਰੁਪਏ ਤੱਕ ਜੁਰਮਾਨਾ ਵੀ ਭਰਨਾ ਪਵੇਗਾ। ਗੌਰ ਕਰਨ ਵਾਲੀ ਗੱਲ ਹੈ ਕਿ ਧੀਆਂ ਘੱਟ ਹੋਣ ਦੇ ਮੁੱਖ ਦੋਸ਼ੀਆਂ 'ਚ ਇੱਕ ਅਲਟਰਾਸਾਊਂਡ ਕੇਂਦਰਾਂ ਵਾਲੇ ਵੀ ਹਨ ਜੋ ਗਰਭ 'ਚ ਲਿੰਗ ਦੀ ਜਾਂਚ ਕਰਦੇ ਹਨ। ਪਿੰਡ ਪਿੰਡ ਪਹੁੰਚ ਚੁੱਕੀਆਂ ਅਲਟਰਾਸਾਊਂਡ ਮਸ਼ੀਨਾਂ ਕਿਸ ਹੱਦ ਤੱਕ ਲਿੰਗ ਜਾਂਚ ਦਾ ਕੰਮ ਕਰ ਰਹੀਆਂ ਹਨ, ਇਹ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਰਾਜਸਥਾਨ 'ਚ ਪੇਂਡੂ ਇਸ ਨੂੰ ਕੁੜੀ ਮਾਰ ਮਸ਼ੀਨ ਕਹਿਣ ਲੱਗ ਪਏ ਹਨ। ਉਕਤ ਗਜਟ ਨੋਟੀਫੀਕੇਸ਼ਨ ਤੋਂ ਪਹਿਲਾ ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਦੇ ਨਿਯਮ 11 (2) ਦੇ ਤਹਿਤ ਜੇ ਕੋਈ ਅਲਟਾਸਾਊਂ ਕਲੀਨਿਕ ਰਜਿਸਟਰੇਸ਼ਨ ਫੀਸ ਦੀ ਪੰਜ ਗੁਣਾ ਰਾਸ਼ੀ ਭਰ ਕੇ ਮਸ਼ੀਨ ਰਜਿਸਟਰ ਕਰਵਾਈ ਜਾ ਸਕਦੀ ਸੀ। ਲਿੰਗ ਜਾਂਚ ਦੇ ਖਿਲਾਫ਼ ਕੰਮ ਕਰ ਰਹੀਆਂ ਸੰਸਥਾਵਾਂ 'ਚ ਇਸ ਨਿਯਮ ਦੀ ਆੜ 'ਚ ਪੰਜ ਗੁਣਾ ਰਾਸ਼ੀ ਦਾ ਭੁਗਤਾਨ ਕਰਕੇ ਅਣਰਜਿਸਟਰਡ ਅਲਟਾਸਾਊਂਡ ਨੂੰ ਬਰੀ ਕੀਤਾ ਜਾ ਸਕਦਾ ਹੈ ਅਤੇ ਆਮ ਤੌਰ 'ਤੇ ਕਰਿਆ ਵੀ ਜਾ ਰਿਹਾ ਹੈ। ਅਣਜੰਮੀਆਂ ਬੇਟੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੀ ਦਿਲੀ ਦੀ ਸੰਸਥਾ ਸੈਂਟਰ ਫਾਰ ਐਡਵੋਨੇਸੀ ਐਡ ਰਿਸਰਚ (ਸੀਫਾਰ) ਦੇ ਪ੍ਰੋਜੈਕਟ ਪ੍ਰਬੰਧਕ ਰਿਜਵਾਨ ਪ੍ਰਵੇਜ ਅਨੁਸਾਰ, "ਸਰਕਾਰ ਨੇ ਇਹ ਸੋਧ ਕਰਕੇ ਬਹੁਤ ਅੱਛੀ ਪਹਿਕਦਮੀ ਕੀਤੀ ਹੈ, ਅਸੀਂ ਇਸ ਦਾ ਸੁਆਗਤ ਕਰਦੇ ਹਾਂ। ਦੇਸ਼ 'ਚ ਹੁਣ ਵੀ ਬਹੁਤ ਸਾਰੇ ਅਣਰਜਿਸਟਰਡ ਅਲਟਾਸਾਊਂਡ ਕੰਮ ਕਰ ਰਹੇ ਹਨ ਪਰ ਹੁਣ ਅਣਰਜਿਟਰਡ ਅਲਟਾਸਾਊਂਡ ਵਾਲਿਆਂ ਨੂੰ ਜੇਲ੍ਹ ਜਾਣਾ ਪਵੇਗਾ।" ਰਿਜਵਾਨ ਅਨੁਸਾਰ ਲਿੰਗ ਜਾਂਚ 'ਚ ਸ਼ਾਮਲ ਸੋਨੋਗ੍ਰਾਫ਼ੀ ਕੇਂਦਰ ਵਾਲੇ ਏਨੇ ਸ਼ਾਤਰ ਹਨ ਕਿ ਉਹ ਇਸ ਕਨੂੰਨ ਤੋਂ ਵੀ ਬਚ ਨਿਕਲਣ ਦਾ ਰਾਹ ਕੱਢ ਤਾਂ ਲੈਣਗੇ ਪਰ ਜ਼ਾਹਿਰ ਹੈ ਕਿ ਹੁਣ ਉਨ੍ਹਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਜੋ ਵੀ ਹੋਵੇ ਇਸ ਨੋਟੀਫਿਕੇਸ਼ਨ ਪਿੱਛੋਂ ਕੋਈ ਰਾਜ ਸਰਕਾਰ ਦੋਸ਼ੀ ਅਲਟਾਸਾਊਂਡ ਕੇਂਦਰ ਵਾਲਿਆਂ ਨੂੰ ਬਚਾਉਣ ਲਈ ਸਰਕਾਰੀ ਮੁਆਫ਼ੀ ਯੋਜਨਾ ਵੀ ਨਹੀਂ ਸ਼ੁਰੂ ਕਰ ਸਕੇਗੀ। ਗੌਰ ਕਰਨ ਵਾਲੀ ਗੱਲ ਹੈ ਕਿ ਰਾਜਸਥਾਨ ਸਰਕਾਰ ਨੇ ਸਭ ਅਣਰਜਿਸਟਰਡ ਕੇਂਦਰਾਂ ਨੂੰ 28 ਫਰਵਰੀ 2009 ਤੱਕ ਆਪਣੀ ਰਜਿਸਟ੍ਰੇਸ਼ਨ ਕਰਾਉਣ ਨੂੰ ਕਿਹਾ ਸੀ ਸਰਕਾਰ ਨੇ ਇਸ ਨੂੰ ਸਰਕਾਰੀ

ਮੁਆਫ਼ੀ ਦਾ ਨਾਂ ਦਿੰਦੇ ਹੋਏ ਕਿਹਾ ਸੀ ਕਿ ਅਣਰਜਿਸਟਰਡ ਸੋਨੋਗ੍ਰਾਫ਼ੀ ਕੇਂਦਰ ਸਾਹਮਣੇ ਆ ਕੇ ਰਜਿਸਟ੍ਰੇਸ਼ਨ ਕਰਵਾ ਲੈਣ ਤਾਂ ਉਨ੍ਹਾਂ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ। ਅਣਰਜਿਸਟਰਡ ਅਲਟ੍ਰਾਸਾਊਂਡ ਕੇਂਦਰਾਂ ਨੇ ਇਸ ਸਕੀਮ ਨੂੰ ਬਚ ਨਿਕਲਣ ਦੇ ਮੌਕੇ ਵਜੋਂ ਲਿਆ। ਇਸ ’ਚੋਂ ਗੁਪਤ ਤਰੀਕੇ ਨਾਲ 20 ਤੋਂ ਵੱਧ ਅਲਟ੍ਰਾਸਾਊਂਡ ਕੇਂਦਰਾਂ ਨੇ ਪੰਜ ਗੁਣਾ ਟੈਕਸ ਭਰਿਆ ਤੇ ਰਜਿਸਟ੍ਰੇਸ਼ਨ ਕਰਵਾਕੇ ਮੁੜ ਕੰਮ ਸ਼ੁਰੂ ਕਰ ਦਿੱਤਾ। ਉਨ੍ਹਾਂ ਖਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਅਲਟ੍ਰਾਸਾਊਂਡ ਕੇਂਦਰਾਂ ਲਈ ਇਸ ਸਮੇਂ ਨਵੀਨੀਕਰਨ ਲਈ 1500 ਰੁਪਏ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਇਸ ਸਮੇਂ ਪੂਰੇ ਦੇਸ਼ ’ਚ 41,228 ਰਜਿਟਰਡ ਸੋਨੋਗ੍ਰਾਫੀ ਕੇਂਦਰ ਹਨ। ਮਾਰਚ 2011 ਤੱਕ ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਤਹਿਤ ਦੇਸ਼ ਦੀਆਂ ਵੱਖ ਵੱਖ ਅਦਾਲਤਾਂ ’ਚ ਕੁੱਲ 871 ਕੇਸ ਦਰਜ ਹੋਏ ਹਨ ਜਿਨ੍ਹਾਂ ’ਚੋਂ ਸਿਰਫ਼ 88 ਕੇਸਾਂ ’ਚ ਡਾਕਟਰਾਂ ਨੂੰ ਸਜ਼ਾ ਹੋਈ ਇਨ੍ਹਾਂ ’ਚੋਂ ਸਭ ਤੋ ਵੱਧ 28 ਡਾਕਟਰਾਂ ਨੂੰ ਹਰਿਆਣੇ ‘ਚ 23 ਨੂੰ ਪੰਜਾਬ ’ਚ ਅਤੇ 17 ਡਾਕਟਰਾਂ ਨੂੰ ਮਹਾਂਰਾਸ਼ਟਰ ’ਚ ਸਜ਼ਾ ਹੋਈ।

ਨਿਯਮ 11 (2) ’ਚ ਸੋਧ ਪਿੱਛੋਂ ਹੁਣ ਦੋਸ਼ੀ ਅਲਟ੍ਰਾਸਾਊਂਡ ਕੇਂਦਰਾਂ ’ਤੇ ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਦੀ ਧਾਰਾ 23 ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕੋਈ ਵੀ ਅਲਟ੍ਰਾਸਾਊਂਡ ਕੇਂਦਰ ਜਾਂ ਰਜਿਸਟਰਡ ਪ੍ਰੈਕਟੀਸ਼ਨਰ ਜਾਂ ਅਯੁਰਵੈਦਿਕ ਕੇਂਦਰ ਜਾਂ ਲਬਾਟਰੀ ਜਾਂ ਜੋ ਵੀ ਲੋਕਾਂ ਦਾ ਇਲਾਜ ਕਰਦਾ ਹੈ। ਜੋ ਚਾਹੇ ਮੁਫ਼ਤ ਹੋਵੇ ਜਾਂ ਫੀਸ ਲੈ ਕੇ। ਪੀ. ਸੀ. ਪੀ. ਐਨ. ਡੀ. ਟੀ. ਦੇ ਐਕਟ ਦੀਆਂ ਵਿਵਸਥਾਵਾਂ ਜਾਂ ਉਸ ਅਧੀਨ ਬਣਾਏ ਨਿਯਮਾਂ ਦੀ ਉਲੰਘਣਾ ਕਰੇਗਾ ਉਸ ਨੂੰ ਤਿੰਨ ਸਾਲ ਤੱਕ ਦੀ ਕੈਦ ਤੇ 10000 ਰੁਪਏ ਜੁਰਮਾਨਾ ਭਰਨਾ ਪਵੇਗਾ। ਪਰ ਕੋਈ ਵੀ ਜੇ ਇਸ ਕਨੂੰਨ ਤਹਿਤ ਦੂਜੀ ਵਾਰ ਜ਼ੁਰਮ ਕਰਦਾ ਹੈ ਦੋਸ਼ੀ ਨੂੰ ਪੰਜ ਸਾਲ ਦੀ ਕੈਦ ਤੇ 50,000 ਰੁਪਏ ਜੁਰਮਾਨਾ ਹੋਵੇਗਾ। ਕਾਨੂੰਨ ਦੀ ਧਾਰਾ 23 (2) ਅਨੁਸਾਰ ਦੋਸ਼ੀ ਦਾ ਪੱਕੇ ਤੌਰ ’ਤੇ ਮੈਡੀਕਲ ਕੌਂਸਲ ’ਚ ਦਰਜ ਨਾਂ ਕੱਟਣ ਦੀ ਕਾਰਵਾਈ ਵੀ ਹੋ ਸਕਦੀ ਹੈ ਤੇ ਉਸ ਨੂੰ ਪੰਜ ਸਾਲਾਂ ਦੀ ਕੈਦ ਹੋ ਸਕਦੀ ਹੈ। ਇਹੀ ਨਹੀਂ ਡਾਕਟਰਾਂ ਤੇ ਅਲਟ੍ਰਾਸਾਊਂਡ ਕੇਂਦਰ ਵਾਲਿਆਂ ਦਾ ਸਾਥ ਦੇਣ ਵਾਲੇ ਏਜੰਟਾਂ, ਦਵਾਈਆਂ, ਨਰਸਾਂ ਜਾਂ ਕਿਸੇ ਵੀ ਅਜਿਹੇ ਬੰਦੇ ਦੀ ਹੁਣ ਖੈਰ ਨਹੀਂ। ਕਾਨੂੰਨੀ ਦੀ ਧਾਰਾ 23 (3) ’ਚ ਕਿਹਾ ਕਿ ਗਰਭਵਤੀ ਔਰਤਾਂ ’ਤੇ ਲਿੰਗ ਦੀ ਚੋਣ ਦੀ ਕੋਈ ਵੀ ਤਕਨੀਕ ਦੀ ਵਰਤੋਂ ਕਰਨ ਵਾਲੇ ਡਾਕਟਰ ਦਾ ਸਾਥ ਦੇਣ ਹੋਰ ਬੰਦੇ ਨੂੰ ਤਿੰਨ ਸਾਲ ਤੱਕ ਦੀ ਕੈਦ ਤੇ 50000 ਰੁਪੈ ਜੁਰਮਾਨਾ ਹੋਵੇਗਾ। ਦੂਜੀ ਵਾਰੀ ਅਪਰਾਧ ਕਰਨ ਵਾਲੇ ਨੂੰ ਪੰਜਾ ਸਾਲ ਦੀ ਕੈਦ ਅਤੇ ਇੱਕ ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ। ਉਕਤ ਸੋਧ ਪਿੱਛੋਂ ਹੁਣ ਸਮਾਜਿਕ ਸੰਸਥਾਵਾਂ ਜਬਤ ਕੀਤੀਆਂ ਗਈਆਂ ਅਲਟ੍ਰਾਸਾਊਂਡ ਮਸ਼ੀਨਾਂ ਛੁਡਵਾਉਣ ਦੀ ਕਾਰਗੁਜ਼ਾਰੀ ਤੋ ਵੀ ਖਫ਼ਾ ਹਨ। ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਤਹਿਤ ਜਬਤ ਕੀਤੀਆਂ ਅਲਟ੍ਰਾਸਾਊਂਡ ਮਸ਼ੀਨਾਂ ਇਸ ਕਾਨੂੰਨ ’ਚ ਨਾ ਛੱਡ ਕੇ ਸੀ. ਆਰ. ਪੀ. ਸੀ. ਤਹਿਤ ਛੱਡੀਆਂ ਜਾ ਰਹੀਆਂ ਹਨ। ਜਬਤ ਕੀਤੀਆਂ ਮਸ਼ੀਨਾਂ ਛੱਡਣਾ ਮਨੁੱਖੀ ਅਦਾਲਤ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਇਸ ਲਈ ਸਮੂਚਿਤ ਅਥਾਰਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਇਸ ਲਈ ਸਮੂਚਿਤ ਅਥਾਰਟੀ ਨੂੰ ਹੀ

ਅਧਿਕਾਰ ਹੈ। ਉਨ੍ਹਾਂ ਵੱਲੋਂ ਸੁਣਵਾਈ ਪਿੱਛੋਂ ਮਸ਼ੀਨਾਂ ਛੱਡੀਆਂ ਜਾਣੀਆਂ ਚਾਹੀਦੀਆਂ ਹਨ ਨਾਲ ਹੀ ਉਨ੍ਹਾਂ ਦੀ ਰਜਿਸਟ੍ਰੇਸ਼ਨ ਪ੍ਰਮਾਣ ਪੱਤਰ 'ਤੇ ਲਾਲ ਸਿਆਹੀ ਨਾਲ ਮੁਕੱਦਮਾ ਨੰਬਰ ਤੇ ਤਰੀਕ ਵੀ ਅੰਕਿਤ ਕੀਤੀ ਜਾਣੀ ਚਾਹੀਦੀ ਹੈ। ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਤਹਿਤ ਜੇ ਅਲਟ੍ਰਾਸਾਊਂਡ ਮਸ਼ੀਨ ਸੀਲ ਜਾਂ ਜਬਤ ਹੋ ਜਾਵੇ ਤਾਂ ਉਸ ਨੂੰ ਛੁਡਵਾਉਣ ਲਈ ਵੀ ਇਸ ਕਾਨੂੰਨ ਦੀ ਧਾਰਾ 19 ਅਤੇ 21 ਤਹਿਤ ਅਧਿਕਾਰਿਤ ਅਧਿਕਾਰੀ ਕੋਲ ਅਪੀਲ ਕੀਤੇ ਜਾਣ ਦੀ ਵਿਵਸਥਾ ਹੈ। ਇਸ ਤਹਿਤ ਜੇ ਸੋਨੋਗ੍ਰਾਫੀ ਮਸ਼ੀਨ ਪਿੰਡ ਜਾਂ ਤਹਿਸ਼ੀਲ ਪੱਧਰ 'ਤੇ ਸੀਲ ਜਾਂ ਜਬਤ ਹੋਈ ਹੈ ਤੇ ਅਲਟ੍ਰਾਸਾਊਂਡ ਕਲੀਨਿਕ ਚਾਲਕ ਇਸ ਪੱਧਰ ਦੇ ਅਧਿਕਾਰਿਤ ਅਧਿਕਾਰੀ ਦੀ ਕਾਰਗੁਜ਼ਾਰੀ ਤੋਂ ਖੁਸ਼ ਨਹੀਂ ਤਾਂ ਉਹ ਜ਼ਿਲ੍ਹਾ ਪੱਧਰ ਦੇ ਅਧਿਕਾਰਿਤ ਅਧਿਕਾਰੀ ਕੋਲ ਅਪੀਲ ਕਰ ਸਕਦਾ ਹੈ। ਜੇ ਜ਼ਿਲ੍ਹਾ ਪੱਧਰ 'ਤੇ ਅਜਿਹੀ ਕਾਰਵਾਈ ਤੋਂ ਨਾਖੁਸ਼ ਹੈ ਤਾਂ ਉਹ ਰਾਜ ਪੱਧਰ ਦੇ ਅਧਿਕਾਰੀ ਕੋਲ ਅਤੇ ਜੇ ਰਾਜ ਪੱਧਰ ਦੀ ਅਜਿਹੀ ਕਾਰਵਾਈ ਤੋਂ ਖੁਸ਼ ਨਹੀਂ ਤਾਂ ਉਹ ਕੇਂਦਰ ਪੱਧਰ 'ਤੇ ਸਮਰੱਥ ਅਧਿਕਾਰੀ ਪਾਸ ਅਪੀਲ ਕਰ ਸਕਦਾ ਹੈ। ਪਰ ਅਜਿਹਾ ਨਾ ਹੋਣ 'ਤੇ ਦੋਸ਼ੀ ਅਦਾਲਤ ਤੋਂ ਸ. ਪੀ. ਸੀ. ਦੀ ਧਾਰਾ 457 ਦੇ ਤਹਿਤ ਮਸ਼ੀਨਾਂ ਛੁਡਾਉਣ ਲਈ ਬੇਨਤੀ ਕਰ ਰਹੇ ਹਨ। ਹੇਠਲੀ ਅਦਾਲਤ ਤੋਂ ਇਸ ਪ੍ਰਕਾਰ ਦੇ ਕਈ ਸੌ ਅਪਰਾਧਿਕ ਕੇਸਾਂ ਦੀ ਸੁਣਵਾਈ ਹੁੰਦੀ ਹੈ। ਅਜਿਹੇ 'ਚ ਮਹਿੰਗੀਆਂ ਮਸ਼ੀਨਾਂ ਦੇ ਖਰਾਬ ਹੋਣ ਦਾ ਹਵਾਲਾ ਦਿੰਦਿਆਂ ਅਦਾਲਤ ਵੱਲੋਂ ਉਨ੍ਹਾਂ ਨੂੰ ਛੱਡ ਦਿੱਤਾ ਜਾਂਦਾ ਹੈ। ਪਰ ਦੂਜੇ ਪਾਸੇ ਜੇ ਦੋਸ਼ੀ ਉਸ ਨੂੰ ਛੁਡਵਾਉਣ ਲਈ ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਤਹਿਤ ਸਮਰੱਥ ਅਧਿਕਾਰੀ ਪਾਸ ਅਪੀਲ ਕਰਦੇ ਹਨ ਤਾਂ ਉਨ੍ਹਾਂ ਦੀਆਂ ਮੁਸ਼ਕਿਲਾਂ ਵਧ ਜਾਂਦੀਆਂ ਹਨ। ਸਮਰੱਥ ਅਧਿਕਾਰੀ ਪੀ. ਸੀ. ਪੀ. ਐਨ. ਡੀ. ਟੀ. ਕਾਨੂੰਨ ਦਾ ਚੰਗਾ ਮਾਹਿਰ ਹੋਣ ਕਰਕੇ ਡੂੰਘਾਈ 'ਚ ਛਾਣਬੀਣ ਕਰਦਾ ਹੈ। ਇਸ ਕਾਰਨ ਦੋਸ਼ੀ ਦੀਆਂ ਦਿਕਤਾਂ ਵਧ ਜਾਂਦੀਆਂ ਹਨ। ਇਨ੍ਹਾਂ ਸਾਰਿਆਂ ਤੋਂ ਬਚਣ ਲਈ ਅਰੋਪੀ ਮਸ਼ੀਨ ਛੁਡਵਾਉਣ ਲਈ ਅਦਾਲਤ ਚਲੇ ਜਾਂਦੇ ਹਨ। ਦੋਸ਼ੀ ਖਿਲਾਫ਼ ਚਾਰਜਸ਼ੀਟ ਹੋਣ ਪਿੱਛੋਂ ਅਦਾਲਤੀ ਦੀ ਭੂਮਿਕਾ ਸ਼ੁਰੂ ਹੋਣੀ ਚਾਹੀਦੀ ਹੈ ਪਰ ਇੱਥੇ ਚਾਰਜਸ਼ੀਟ ਤੋਂ ਪਹਿਲਾਂ ਹੀ ਅਦਾਲਤ ਦੀ ਭੂਮਿਕਾ ਸ਼ੁਰੂ ਹੋ ਜਾਂਦੀ ਹੈ।

# ਫੌਜੀ ਜਬਰ ਨਾਲ ਕਿਵੇਂ ਹੈ ਜ਼ਖ਼ਮੀ ਕਸ਼ਮੀਰ

ਆਪਣੇ ਆਪ ਨੂੰ ਸਭ ਤੋਂ ਵੱਡਾ ਲੋਕਤੰਤਰ ਅਖਵਾਉਣ ਵਾਲੀ ਹਾਕਮ ਜਮਾਤ ਨੂੰ ਧਰਮ ਨਿਰਪੱਖਤਾ ਤੇ ਨਿੱਜੀ ਆਜ਼ਾਦੀ ਦੀ ਲਫਾਜੀ, ਰੋਜ਼ਾਨਾ ਲੋਕਾਂ ਮੂਹਰੇ ਖੁੱਲ੍ਹ ਕੇ ਆਉਂਦੀ ਹੈ। ਭ੍ਰਿਸ਼ਟਾਚਾਰੀ ਭੋਗ ਵਿਲਾਸੀ ਭਾਰਤੀ ਹਾਕਮ ਜਮਾਤ ਆਪਣੇ ਹਿੱਤਾਂ ਲਈ ਕਿਸ ਤਰ੍ਹਾਂ ਨਾਲ ਮਨੁੱਖਤਾ ਦੀਆਂ ਧੱਜੀਆਂ ਉਡਾ ਰਹੀ ਹੈ, ਇਹ ਗੱਲ ਛੁਪੀ ਨਹੀਂ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਲੋਕ ਲਹਿਰਾਂ ਨੂੰ ਕੁਚਲਣ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਪੂਰਵ-ਉਤਰੀ ਰਾਜਾਂ ਤੇ ਕਸ਼ਮੀਰ ਨੂੰ ਤਾਂ ਉਸਨੇ ਬੇਰਹਿਮ ਫੌਜੀ ਜਬਰ ਦੇ ਬੂਟਾਂ ਹੇਠ ਕੁਚਲ ਰੱਖਿਆ ਹੈ। ਸ਼ੋਪਿਆਂ 'ਚ ਦੋ ਔਰਤਾਂ ਨਾਲ ਸਮੂਹਿਕ ਬਲਾਤਕਾਰ ਤੇ ਉਸ ਪਿੱਛੋਂ ਕਤਲ, ਫੇਰ ਪ੍ਰਬੰਧਕੀ ਤੇ ਸੱਤਾ ਦੇ ਅਦਾਰਿਆਂ ਵੱਲੋਂ ਮਾਮਲੇ ਦੀ ਲਿਪਾ ਪੋਚੀ ਨੇ ਲੋਕ ਵਿਰੋਧੀ ਰਾਜਸੱਤਾ ਦੇ ਕਿਰਦਾਰ ਨੂੰ ਹੋਰ ਉਜਾਗਰ ਕੀਤਾ। ਨਾਲ ਹੀ ਨਾਲ ਕਸ਼ਮੀਰ ਲੋਕਾਂ ਦੇ ਰੋਹ ਤੇ ਗੁੱਸੇ ਨੂੰ ਹੋਰ ਵੱਧ ਤਿੱਖਾ ਕੀਤਾ ਹੈ। ਬੀਤੀ 29 ਮਈ ਨੂੰ 17 ਸਾਲਾ ਆਇਸ਼ਾ ਜਾਨ ਤੇ ਉਸ ਦੀ 22 ਸਾਲਾ ਭਾਬ ਨੀਲੋਫਰ ਨੂੰ 2 ਮਹੀਨਿਆਂ ਤੋਂ ਗਰਭਵਤੀ ਸੀ। 29 ਮਈ ਦੀ ਸ਼ਾਮ ਪੰਜ ਵਜੇ ਦੋਨੋਂ ਘਰੋਂ ਬਾਹਰ ਨਿਕਲੀਆਂ ਅਤੇ ਜਦ 8 ਵਜੇ ਤੱਕ ਵਾਪਸ ਨਾ ਆਈਆਂ ਤਾਂ ਘਰ ਵਾਲਿਆਂ ਨੇ ਉਨ੍ਹਾਂ ਨੂੰ ਲੱਭਣਾ ਸ਼ੁਰੂ ਕੀਤਾ। ਗਆਂਢੀਆਂ ਵੱਲੋਂ ਨੀਲੋਫਰ ਦੇ ਪਤੀ ਸੁਨੀਲ ਨੂੰ ਦੱਸਿਆ ਗਿਆ ਕਿ ਜਦ ਉਹ ਨਿਕਲੀਆਂ ਤਾਂ ਉਸੇ ਸਮੇਂ ਪੈਟਰੋਲਿੰਗ ਪਾਰਟੀ ਉਥੋਂ ਲੰਘ ਰਹੀ ਸੀ। ਸਾਰੀ ਰਾਤ ਲੱਭਣ ਪਿੱਛੋਂ ਸਵੇਰੇ 5 ਵਜੇ ਨੀਲੋਫਰ ਦੀ ਲਾਸ਼ ਰਾਮਬੀਆਰਾ ਦੇ ਕੋਲ ਮਿਲੀ ਜੋ ਸੀ. ਆਰ. ਪੀ. ਐਫ. ਕੈਂਪ ਤੋਂ ਕੁਝ ਹੀ ਦੂਰੀ 'ਤੇ ਸੀ ਅਤੇ ਆਸ਼ਿਆ ਦੇ ਭਾਈ ਜਹੂਰ ਨੇ ਲਾਸ਼ ਚੁੱਕੀ, ਉਸਨੇ ਦੱਸਿਆ ਕਿ ਨੀਲਾਫੇਰ ਦੀ ਲਾਸ਼ ਪਾਣੀ 'ਚ ਸੀ ਤੇ ਉਸ ਦੇ ਕੱਪੜੇ ਫਟੇ ਹੋਏ ਸਨ, ਗਲੇ ਕੋਲ ਸੱਟ ਦੇ ਨਿਸ਼ਾਨ ਸਨ ਜਦਕਿ ਆਸ਼ਿਆ ਦੀ ਲਾਸ਼ 'ਤੇ ਅਰਧ ਨੰਗੀ ਸੀ ਅਤੇ ਉਸ ਨੇ ਉਸ ਦੀ ਲਾਸ਼ ਨੂੰ ਆਪਣੀ ਕਮੀਜ਼ ਨਾਲ ਢਕਿਆ। ਬੇਰਹਿਮੀ ਦੀ ਹੱਦ ਇਹ ਸੀ ਕਿ ਗਰਭਵਤੀ ਨੀਲਾਫੇਰ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਸ਼ੌਪਿਆ ਹਸਪਤਾਲ 'ਚ ਤਿੰਨ ਡਾਕਟਰਾਂ ਤੇ ਮ੍ਰਿਤਕ ਔਰਤਾਂ ਦੇ ਰਿਸ਼ਤੇਦਾਰਾਂ ਸਾਹਮਣੇ ਪੋਸਟਮਾਰਟਮ ਹੋਇਆ, ਡਾਕਟਰ ਨੇ ਬਲਾਤਕਾਰ ਦੀ ਪੁਸ਼ਟੀ ਕੀਤੀ। ਪਿੱਛੋਂ ਇੱਕ ਹੌਲਦਾਰ ਨੇ ਆਕੇ ਡਾਕਟਰਾਂ ਨੂੰ ਰਿਪੋਟ ਉਲਟਾਉਣ ਲਈ ਕਿਹਾ। ਆਸ਼ਿਆ ਦਾ ਭਰਾ ਜਹੂਰ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਉਹ ਫੌਰਨ ਬਾਹਰ ਆ ਕੇ ਰੌਲਾ ਪਾਉਣ ਲੱਗਿਆ, ਬਾਹਰ ਖੜ੍ਹੀ ਭੀੜ, ਸੈਂਕੜੇ ਔਰਤਾਂ, ਬੱਚੇ ਵਿਰੋਧ 'ਚ ਨਾਹਰੇ ਲਾਉਣ ਲੱਗੇ ਤੇ ਵੇਖਦੇ ਹੀ ਵੇਖਦੇ ਘਟਨਾ ਨੇ ਲੋਕ ਵਿਰੋਧ ਦਾ ਰੂਪ ਧਾਰਨ ਕਰ ਲਿਆ। ਸੈਂਕੜੇ ਔਰਤਾਂ, ਬੱਚਿਆਂ ਤੇ ਸ਼ਹਿਰੀਆਂ ਦੇ ਵਿਆਪਕ ਵਿਰੋਧ ਦੇ ਦਬਾਅ 'ਚ ਪੁਲਵਾਮਾ ਦੇ ਡਾਕਟਰਾਂ ਨੇ ਦੂਜੀ ਵਾਰੀ ਪੋਸਟਮਾਰਟਮ ਕੀਤਾ ਜਿਸ 'ਚ ਬਲਾਤਕਾਰ ਦੀ ਪੁਸ਼ਟੀ ਫਿਰ ਹੋਈ ਪਰ ਉਨ੍ਹਾਂ ਨੇ ਸੱਟਾਂ ਦੇ ਨਿਸ਼ਾਨ ਨਹੀਂ ਲਿਖੇ ਜਦ ਕਿ ਆਸ਼ਿਆ ਦੇ ਭਰਾ ਨੇ ਸਰੀਰ ਤੇ ਸੱਟਾਂ ਦੇ ਨਿਸ਼ਾਨ ਵੇਖੇ ਸਨ। ਉਥੇ ਪੋਸਟਮਾਰਟਮ ਸਮੇਂ ਐਸ. ਪੀ. ਜਾਵੇਦ ਇੱਕ ਬਾਲ ਮੱਟੋ ਵੀ ਹਾਜ਼ਰ ਸੀ। ਸੀ. ਐਮ. ਓ. ਪੁਲਨਾਮਾ ਦੇ ਨਾਲ ਪੋਸਟਮਾਰਟਮ ਟੀਮ 'ਚ ਔਰਤ ਡਾਕਟਰ ਜਦ ਬਾਹਰ ਆਈ ਤਾਂ ਰਿਸ਼ਤੇਦਾਰਾਂ ਨੇ ਉਸ ਨੂੰ ਘੇਰ ਕੇ ਸੱਚਾਈ ਦੱਸਣ

ਲਈ ਕਾਨੂੰਨ ਦੀ ਸਹੁੰ ਖੁਵਾਈ।

ਔਰਤ ਡਾਕਟਰ ਬੁਰੀ ਤਰ੍ਹਾਂ ਟੁੱਟ ਗਈ ਅਤੇ ਉਸ ਨੇ ਦੱਸਿਆ ਕਿ ਦੋਨਾਂ ਨਾਲ ਘੱਟੋ-ਘੱਟ 15-18 ਬੰਦਿਆਂ ਨੇ ਬਲਾਤਕਾਰ ਕੀਤਾ ਹੈ। ਯਾਦ ਰਹੇ ਮਾਮਲੇ ਨੇ ਲੋਕ ਲਹਿਰ ਦਾ ਰੂਪ ਲੈਂਦਿਆਂ ਹੀ ਸਬੂਤਾਂ ਨੂੰ ਮਿਟਾਉਣ ਦੀ ਕੋਸ਼ਿਸ਼ ਸ਼ੁਰੂ ਹੋ ਗਈ ਤੇ ਹਕੂਮਤ ਇਸ ’ਚ ਸ਼ਾਮਲ ਹੋ ਗਈ। ਪੁਲਿਸ ਅਧਿਕਾਰੀ ਮੁਹੰਮਦ ਯਾਸੀਨ ਜੋ ਘਟਨਾ ਦੀ ਰਾਤ ਪਰਿਵਾਰ ਦੇ ਨਾਲ ਖੋਜੀ ਟੀਮ ਵਿੱਚ ਸੀ ਨੇ ਦੱਸਿਆ ਕਿ ਪ੍ਰਵਾਸੀ ਚਰਵਾਹੇ ਉਸ ਰਾਤ ਇਲਾਕੇ ’ਚ ਸਨ ਪਰ ਸੁਬਾਹ ਤੱਕ ਉਹ ਭੇਦ ਭਰੇ ਢੰਗ ਨਾਲ ਗਾਇਬ ਹੋ ਗਏ। ਅਜਿਹਾ ਲੱਗਦਾ ਕਿ ਉਹ ਘਟਨਾ ਦੇ ਗਵਾਹ ਸਨ ਅਤੇ ਉਨ੍ਹਾਂ ਨੂੰ ਤੁਰੰਤ ਜਗ੍ਹਾ ਛੱਡਣ ਲਈ ਕਿਹਾ ਗਿਆ ਹੋਵੇਗਾ। ਐਸ. ਪੀ. ਜਾਵੇਦ ਦੀ ਬਦਲੀ ਤੇ ਮੁਅਤਲੀ ਤੱਕ ਦਾ ਨਾਟਕ ਅਤੇ ਕੇਸ ਸਬੰਧੀ ਜਾਣ ਬੁੱਝ ਕੇ ਲਾਹਪ੍ਰਵਾਹੀ ਇਹ ਦਰਸਾਉਂਦੀ ਹੈ ਕਿ ਸਭ ਕੁਝ ਕੁਦਰਤੀ ਹੀ ਨਹੀਂ ਹੋ ਰਿਹਾ। ਦੂਜੇ ਪਾਸੇ ਸ਼ੁਰੂਆਤ ਵਿੱਚ ਪੁਲਿਸ ਨੇ ਸੀ. ਆਰ. ਪੀ. ਦੀ ਧਾਰਾ 174 ਦੇ ਤਹਿਤ ਰੀਪੋਟ ਲਿਖੀ ਜਿਸ ਅਨੁਸਾਰ ਪੁਲਿਸ ਨੇ ਆਤਮ ਹੱਤਿਆ ਜਾਂ ਹੱਤਿਆ ਦੇ ਮਾਮਲੇ ਦੀ ਜਾਂਚ ਕਰਨੀ ਹੁੰਦੀ ਹੈ, ਬਲਾਤਕਾਰ ਤੇ ਹੱਤਿਆ ਦਾ ਕੇਸ ਦਰਜ ਹੀ ਨਹੀਂ ਕੀਤਾ ਗਿਆ। ਜ਼ਾਹਿਰ ਹੈ, ਸੱਤਾ ਦੇ ਫੌਜੀ ਦਰਿੰਦਿਆਂ ਨੂੰ ਪੁਲਿਸ ਨਹੀਂ ਬਚਾਊ ਤਾਂ ਹੋਰ ਕੌਣ ਬਚਾਊ। ਕਸ਼ਮੀਰੀ ਲੋਕਾਂ ਦੀ ਜਮਹੂਰੀਅਤ ਦੇ ਨੁਮਾਇੰਦੇ ਹੋਣ ਦੀ ਸ਼ੇਖੀ ਮਾਰਨ ਵਾਲੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਬੇਸ਼ਰਮੀ ਦੀ ਹੱਦ ਕਰਦਿਆਂ ਇਹ ਬਿਆਨ ਦਿੱਤਾ ਕਿ ਮੁੱਢਲੇ ਨਤੀਜੇ ਨਾ ਤਾਂ ਬਲਾਤਕਾਰ ਅਤੇ ਨਾ ਹੀ ਕਤਲ ਦੀ ਪੁਸ਼ਟੀ ਕਰਦੇ ਹਨ। ਜਦ ਪਰਿਵਾਰ ਦੇ ਲੋਕ ਚੀਖ ਚੀਖ ਕੇ ਸਰੀਰ ’ਤੇ ਜ਼ਖ਼ਮਾਂ ਦੇ ਨਿਸ਼ਾਨ, ਗਰਦਨ ਤੇ ਗਲ਼ਾ ਘੁੱਟਣ ਦੇ ਨਿਸ਼ਾਨ ਤੇ ਝਰੀਟਾਂ ਦੱਸ ਰਹੇ ਹਨ ਅਤੇ ਘਟਨਾ ਵਾਲੀ ਥਾਂ ਤੋਂ ਲਾਸ਼ ਚੁੱਕਣ ਵੇਲੇ ਆਸ਼ਿਆ ਦੇ ਭਰਾ ਜਹੂਰ ਦੱਸ ਰਹੇ ਸਨ ਕਿ ਨੀਲਾਫਰ ਤੇ ਆਸ਼ਿਆ ਨੂੰ ਉਨ੍ਹਾਂ ਨੇ ਆਪਣੀ ਕਮੀਜ਼ ਨਾਲ ਢੱਕਿਆ ਤਾਂ ਇਸ ਤੋਂ ਵੱਧ ਹੋਰ ਕੀ ਸਬੂਤ ਚਾਹੀਦੇ ਹਨ? ਪੋਸਟਮਾਰਟਮ ’ਚ ਸ਼ਾਮਲ ਔਰਤ ਡਾਕਟਰ ਆਪਣੇ ਬਿਆਨ ’ਚ 15-18 ਲੋਕਾਂ ਵੱਲੋਂ ਬਲਾਤਕਾਰ ਦੀ ਗੱਲ ਕਹੀ ਤਾਂ ਐਫ. ਆਈ. ਆਰ. ਲਈ ਹੋਰ ਇਸ ਤੋਂ ਵੱਧ ਕਿਹੜੇ ਸਬੂਤ ਦੀ ਲੋੜ ਹੈ? ਸੱਚ ਤਾਂ ਇਹ ਹੈ ਕਿ ਕਸ਼ਮੀਰੀ ਲੋਕਾਂ ਦੀ ਇੱਜ਼ਤ ਆਬਰੂ ਤੇ ਮਾਣ ਸਨਮਾਨ ਨਾਲ ਉਮਰ ਅਬਦੁੱਲਾ ਵਰਗਿਆਂ ਨੂੰ ਕੋਈ ਵਾਹ ਵਾਸਤਾ ਨਹੀਂ ਹੈ। ਅਜਿਹੇ ਲੋਕ ਤਾਂ ਸੱਤਾ ਅਤੇ ਫੌਜ ਦੀ ਇਸ ਖ਼ੂਨੀ ਖੇਡ ’ਚ ਸ਼ਾਮਲ ਵਿਵਸਥਾ ਦੇ ਅੰਗ ਰੱਖਿਅਕ ਹਨ। ਬਾਰ ਐਸੋਸੀਏਸ਼ਨ ਕਸ਼ਮੀਰ ਨੇ ਜਨਹਿਤ ਜਾਚਿਕਾ (ਪੀ. ਆਈ. ਐਲ.) ਦਾਖਲ ਕਰਕੇ ਧਾਰਾ 376 (ਸਮੂਹਿਕ ਬਲਾਤਕਾਰ) ਧਾਰਾ 302 (ਕਤਲ) ਤਹਿਤ ਮੁਕੱਦਮਾ ਚਲਾਉਣ ਦੀ ਮੰਗ ਕੀਤੀ। ਮਾਮਲੇ ਦੀ ਜਾਂਚ ਲਈ ਬਾਰ ਐਸੋਸੀਏਸ਼ਨ ਨੇ ‘ਤੱਥ ਖੋਜ ਕਮੇਟੀ’ ਬਣਾਈ ਜੋ ਮਾਮਲੇ ਦੇ ਪਹਿਲੂਆਂ ’ਤੇ ਆਜ਼ਾਦਾਨਾ ਜਾਂਚ ਕਰੇਗੀ। ਲੋਕ ਦਬਾਅ ਅਤੇ ਪੂਰੇ ਕਸ਼ਮੀਰ ’ਚ ਘਟਨਾ ਦੇ ਵਿਆਪਕ ਰੂਪ ਧਾਰਨ ਕਰਨ ਪਿੱਛੋਂ ਮਾਮਲੇ ਨਾਲ ਜੁੜੇ ਸੈਂਪਲ ਫਾਰੈਂਸਿਕ ਲੈਬ ਨੂੰ ਭੇਜੇ ਗਏ ਤੇ ਸੇਵਾ ਮੁਕਤ ਜੱਜ ਮੁਜ਼ੱਫਰ ਜਨ ਦੀ ਪ੍ਰਧਾਨਗੀ ’ਚ ਮਾਮਲੇ ਦੀ ਜਾਂਚ ਲਈ ਕਮਿਸ਼ਨ ਦਾ ਗਠਨ ਕੀਤਾ ਗਿਆ। ਅਧਿਕਾਰੀਆਂ ਦੇ ਬਿਆਨ ਤੇ ਸੱਤਾ ਦੀ ਜਾਂਚ ਰੀਪੋਟ ਸਾਰੇ ਅਜਿਹੇ ਸੁਆਲ ਛੱਡਦੀ ਹੈ ਜਿਸ ਨਾਲ ਕਿਸੇ ਵੀ ਬੰਦੇ ਲਈ ਇਸ ਮਾਮਲੇ ਸਬੰਧੀ ਹਕੂਮਤ

ਦੇ ਰੁਖ ਨੂੰ ਸਮਝਾਉਣਾ ਸੌਖਾ ਹੋਵੇਗਾ।

ਇੱਕ ਪਾਸੇ ਫਾਰੈਂਸਿਕ ਲੈਬ ਦੀ ਰੀਪੋਟ ਹੈ ਜੋ ਸਮੂਹਿਕ ਬਲਾਤਕਾਰ ਦੀ ਪੁਸ਼ਟੀ ਤਾਂ ਕਰਦੀ ਹੈ ਪਰ ਕਤਲ ਦੇ ਕਾਰਨਾਂ ਬਾਰੇ ਚੁੱਪ ਹੈ ਤਾਂ ਦੂਜੇ ਪਾਸੇ ਸਿਹਤ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਰੀਪੋਟ ਜੋ ਡੀ. ਜੀ. ਪੀ. ਨੂੰ ਸੌਂਪੀ ਹੈ ਉਸ 'ਚ ਦੋਹਾਂ ਦੀ ਮੌਤ ਡੁੱਬਣ ਜਾਂ ਜ਼ਹਿਰ ਖਾਣ ਨਾਲ ਦੱਸੀ ਗਈ ਹੈ। ਰੀਪੋਟ 'ਚ ਇਹ ਵੀ ਕਿਹਾ ਗਿਆ ਹੈ ਕਿ 17 ਸਾਲਾ ਆਸ਼ਿਆ ਦੀ ਮੌਤ ਵੱਧ ਯੋਨ ਸੱਟ ਤੇ ਖ਼ੂਨ ਵਗ ਜਾਣ ਕਰਕੇ ਹੋਈ ਜਦ ਕਿ ਗਰਭਵਤੀ ਨੀਲਾਫੇਰ ਦੀ ਮੌਤ ਦਾ ਕਾਰਨ ਮਾਨਸਿਕ ਸਦਮਾ ਸੀ। ਮਾਮਲੇ ਦੀ ਅਜ਼ਾਦਾਨਾ ਛਾਣਬੀਣ ਕਰ ਰਹੀ ਬਾਰ ਐਸੋਸੀਏਸ਼ਨ ਦੀ ਤੱਥ ਖੋਜ ਕਮੇਟੀ ਦੀ ਰੀਪੋਟ ਦੱਸਦੀ ਹੈ ਕਿ ਦੋਹਾਂ ਨੂੰ ਜਬਰਦਸਤੀ ਚੁੱਕਿਆ ਗਿਆ। ਸਮੂਹਿਕ ਬਲਾਤਕਾਰ ਹੋਇਆ ਅਤੇ ਕਤਲ ਕੀਤਾ ਗਿਆ ਜਾਂ ਅਜਿਹਾ ਵੀ ਹੋ ਸਕਦਾ ਹੈ ਕਿ ਕਤਲ ਪਿੱਛੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਹੋਵੇ। ਰੀਪੋਟ 'ਚ ਇਹ ਵੀ ਕਿਹਾ ਗਿਆ ਹੈ ਕਿ ਐਸ. ਪੀ. ਸੌਂਪਿਆ, ਐਸ. ਐਚ. ਓ. ਸਫੀਕ ਅਹਿਮਦ ਤੇ ਹਸਪਤਾਲ ਦੇ ਡਾਕਟਰ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਅਸਫਲ ਰਹੇ ਅਤੇ ਸਬੂਤਾਂ ਨੂੰ ਮਿਟਾਉਣ ਦੇ ਦੋਸ਼ੀ ਹਨ। ਲੋਕ ਕਮਿਸ਼ਨ ਦੇ ਸਾਹਮਣੇ ਐਸ. ਪੀ. ਨੇ ਜੋ ਬਿਆਨ ਦਿੱਤਾ ਉਸ 'ਚ ਉਸ ਨੇ ਮੰਨਿਆ ਕਿ ਜਦ ਸਵੇਰੇ 5.30 ਵਜੇ ਉਸ ਘਟਨਾ ਦੀ ਸੂਚਨਾ ਮਿਲੀ ਤਾਂ ਉਹ ਆਪਣੇ ਘਰੇ ਹੀ ਰਿਹਾ। ਉਸ ਨੇ ਅਪਰਾਧ ਦੀ ਥਾਂ 'ਤੇ ਨਾ ਤਾਂ ਕੋਈ ਗਾਰਡ ਲਾਇਆ ਤੇ ਨਾ ਹੀ ਸਬੂਤ ਇਕੱਠੇ ਕਰਨ 'ਚ ਕੋਈ ਭੂਮਿਕਾ ਨਿਭਾਈ। ਐਸ. ਪੀ. ਜਾਵੇਦ ਮਟੋ ਨੇ ਮੰਨਿਆ ਕਿ ਦੋਹਾਂ ਔਰਤਾਂ ਦੇ ਸਰੀਰ 'ਤੇ ਹਿੰਸਾ ਦੇ ਨਿਸ਼ਾਨ ਸਨ ਜਦ ਕਿ ਪੋਸਟਮਾਰਟਮ ਰੀਪੋਟ ਹਿੰਸਾ ਦੇ ਕਿਸੇ ਚਿੰਨ ਹੋਣ ਤੋਂ ਇਨਕਾਰ ਕਰਦੀ ਹੈ। ਜ਼ਾਹਿਰ ਹੈ ਕਿ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਦੂਜੇ ਪਾਸੇ ਲੋਕ ਕਮਿਸ਼ਨ ਨੇ ਫਾਰੈਂਸਿਕ ਲੈਬ ਦੀ ਰੀਪੋਟ ਭੇਜਣ 'ਚ ਦੇਰੀ ਕਰਨ ਦਾ ਦੋਸ਼ ਲਾਇਆ ਗਿਆ। ਕੀ ਕਾਰਣ ਸੀ ਕਿ 2 ਜੂਨ ਨੂੰ ਲੈਬ ਦੀ ਰੀਪੋਟ ਆਉਣ ਪਿੱਛੋਂ ਲੈਂਬ ਨੇ 5 ਦਿਨਾਂ ਤੱਕ ਰੀਪੋਟ ਨੂੰ ਦਬਾ ਕੇ ਰੱਖਿਆ? ਮਾਮਲਾ ਸਾਫ਼ ਹੈ ਕਿ ਫਾਰੈਂਸਿਕ ਲੈਬ ਵੀ ਹਕੂਮਤੀ ਪ੍ਰਭਾਵ ਤੋਂ ਮੁਕਤ ਨਹੀਂ ਹੈ। ਰੀਪੋਟ 'ਚ ਦੇਰੀ ਦੇ ਮਾਮਲੇ ਨੂੰ ਦਬਾਉਣ ਦੇ ਅਮਲ ਦੇ ਅੰਗ ਵਜੋਂ ਵੇਖਿਆ ਜਾ ਸਕਦਾ ਹੈ। ਲੋਕ ਕਮਿਸ਼ਨ ਦੀ ਰੀਪੋਟ ਵਿੱਚ ਸਿਵਲ ਪ੍ਰਸਾਸ਼ਨ ਦੀ ਲਾਹਪ੍ਰਵਾਹੀ, ਪੁਲਿਸ ਤੇ ਡਾਕਟਰਾਂ ਨੂੰ ਮਾਮਲੇ ਦਾ ਗਲਤ ਤਰੀਕੇ ਨਾਲ ਨਿਪਟਾਰਾ, ਮਾਮਲੇ ਨਾਲ ਸਬੰਧਿਤ ਸਬੂਤਾਂ ਨੂੰ ਨਸ਼ਟ ਕਰਨ ਦਾ ਦੋਸ਼ ਲਾਇਆ ਹੈ। ਮੁਜੱਫਰ ਲੋਕ ਕਮਿਸ਼ਨ ਦੀ ਰੀਪੋਟ ਪਿੱਛੋਂ ਐਸ. ਪੀ. ਜਾਵੇਦ ਇਕਬਾਲ, ਡੀ. ਐਸ. ਪੀ. ਰੋਹਿਤ, ਐਸ. ਐਚ. ਓ. ਸਫੀਕ ਅਹਿਮਦ, ਐਸ ਆਈ ਗਾਜੀ ਅਬਦੁਲ ਕਰੀਮ ਤੇ ਫਰੈਂਸਿਕ ਲੈਬ ਦੇ ਕਾਨੂੰਨ ਸੈਲ ਦੇ ਮੁਖੀ ਜਾਵੇਦ ਇਕਬਾਲ ਹਫੀਜ ਨੂੰ ਬਰਖਾਸਤ ਕਰ ਦਿੱਤਾ ਗਿਆ। ਇਸ ਘਟਨਾ ਕ੍ਰਮ ਦੇ ਫੌਰਨ ਪਿੱਛੋਂ ਤੋਂ ਹੀ ਕਸ਼ਮੀਰ 'ਚ ਚੁਣਾਵੀ ਸਿਆਸਤ ਕਰਨ ਵਾਲੇ ਖਿਡਾਰੀਆਂ ਨੂੰ ਇੱਕ ਮੁੱਦਾ ਮਿਲ ਗਿਆ। ਪੀ ਡੀ ਪੀ ਦੀ ਮਹਿਬੂਬਾ ਮੁਫਤੀ ਸਈਦ ਨੇ ਉਮਰ ਅਬਦੁੱਲਾ ਸਰਕਾਰ 'ਤੇ ਇਸ ਪੂਰੇ ਘਟਨਾਕ੍ਰਮ 'ਚ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਇਆ ਤੇ ਲੋਕ ਸੰਘਰਸ਼ ਦੀ ਧਮਕੀ ਦਿੱਤੀ। ਕਸ਼ਮੀਰ ਭਰ 'ਚ ਇਸ ਮਾਮਲੇ ਸਬੰਧੀ ਜਨਤਾ 'ਚ ਜੋ ਭਿਅੰਕਰ ਰੋਹ ਸੀ। ਉਸ ਦੇ ਚੁੱਲ੍ਹੇ ਤੇ ਰੋਟੀ ਸੇਕਣ ਲਈ ਸਾਰੇ ਚੁਣਾਵੀ ਮਦਾਰੀ

ਆਪਣੇ ਆਪਣੇ ਤਵੇ ਲੈ ਕੇ ਪਹੁੰਚੇ ਪਰ ਕਸ਼ਮੀਰ ਦੇ ਲੋਕ ਇਹ ਭੁੱਲੇ ਨਹੀਂ ਹਨ ਕਿ ਸਰਕਾਰ ਚਾਹੇ ਕਿਸੇ ਦੀ ਵੀ ਰਹੀ ਹੋਵੇ ਕਸ਼ਮੀਰ ਦੇ ਲੋਕਾਂ ਨੂੰ ਅਜਿਹੀ ਗੈਰ ਮਨੁੱਖੀ ਜਬਰ ਤੇ ਲੁੱਟ ਦਾ ਮੁਕਾਬਲਾ ਕਰਨਾ ਪਿਆ ਹੈ। ਕਸ਼ਮੀਰ ਦੇ ਲੋਕਾਂ ਦਾ ਗੁੱਸਾ ਲਾਵੇ ਵਾਂਗੂ ਸੜਕਾਂ 'ਤੇ ਵਗ ਰਿਹਾ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੂਰੀ ਕਸ਼ਮੀਰ ਘਾਟੀ 'ਚ ਵਿਰੋਧ ਸ਼ੁਰੂ ਹੋ ਗਿਆ। ਨਿਆਂ, ਆਤਮ ਨਿਰਣੇ ਦਾ ਅਧਿਕਾਰ ਫੌਜ ਹਟਾਉਣ ਦੀ ਮੰਗ ਲੈ ਕੇ ਲੋਕ ਨਾਹਰੇ ਲਾਉਣ ਲੱਗੇ। ਪੁਲਿਸ ਨੇ ਅੱਥਰੂ ਗੈਸ ਛੱਡੀ ਤੇ ਸੋਪਿਆ 'ਚ 40 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਪੁਲਵਾਮਾ 'ਚ ਹੋਏ ਮੁਜ਼ਾਹਰੇ 'ਚ 12 ਲੋਕ ਤੇ ਸੋਪੋਰ 'ਚ 25 ਲੋਕ ਜ਼ਖ਼ਮੀ ਹੋ ਗਏ। ਸ੍ਰੀਨਗਰ 'ਚ ਲੋਕਾਂ ਤੇ ਪੁਲਿਸ 'ਚ ਹੋਈ ਝੜਪ 'ਚ 80 ਲੋਕ ਜ਼ਖ਼ਮੀ ਹੋਏ। ਪੁਲਿਸ ਫਾਇਰਿੰਗ 'ਚ ਦੋ ਲੋਕਾਂ ਨੂੰ ਗੋਲੀਆਂ ਲੱਗੀਆਂ ਜਿਨ੍ਹਾਂ ਦੀ ਹਾਲਤ ਗੰਭੀਰ ਹੈ। ਇੱਕ ਵਿਅਕਤੀ ਨਿਬਾਰ ਅਹਿਮਦ (22) ਦੀ ਅੱਥਰੂ ਗੈਸ ਦਾ ਗੋਲਾ ਸੁੱਟਣ ਨਾਲ ਮੌਤ ਹੋ ਗਈ। ਪੁਲਿਸ ਤੇ ਅਰਧ ਸੈਨਿਕ ਫੋਰਸਾਂ ਵੱਲੋਂ ਪੂਰੇ ਕਸ਼ਮੀਰ 'ਚ ਵਿਆਪਕ ਪੱਧਰ 'ਤੇ ਸਮਾਜਿਕ ਵਰਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। 11 ਜੂਨ ਨੂੰ ਸਰਕਾਰੀ ਅਰਧ ਸਰਕਾਰੀ ਦਫ਼ਤਰਾਂ ਦੇ ਕਰਮਚਾਰੀ ਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਘਟਨਾ ਸਬੰਧੀ ਵਿਰੋਧ ਮੁਜ਼ਾਹਰੇ 'ਚ ਹਿੱਸਾ ਲਿਆ। ਘਾਟੀ 'ਚ ਇਸ ਘਟਨਾ ਦੇ ਵਿਰੋਧ 'ਚ ਹੋਏ 5 ਲੋਕ ਮਾਰੇ ਗਏ ਅਤੇ 500 ਤੋਂ ਵੱਧ ਜ਼ਖ਼ਮੀ ਹੋਏ। ਇਸ ਪਿੱਛੋਂ ਸੀ. ਬੀ. ਆਈ. ਨੇ ਆਪਣੀ ਜਾਂਚ ਆਸ਼ਿਆ ਤੇ ਨੀਲੋਫਰ ਦੀ ਮੌਤ ਡੁਬਣ ਨਾਲ ਹੋਈ ਹੈ। ਸੀ. ਬੀ. ਆਈ. ਨੇ ਸਾਰੇ ਅਪਰਾਧੀਆਂ ਨੂੰ ਦੋਸ਼ ਮੁਕਤ ਕੀਤਾ ਤੇ ਸੁਰੱਖਿਆ ਫੋਰਸਾਂ ਨੂੰ ਪੂਰੀ ਤਰ੍ਹਾਂ ਨਿਰਦੋਸ਼ ਠਹਿਰਾਇਆ। ਇਸ ਗੱਲ ਦੀ ਉਮੀਦ ਵੀ ਸੀ। ਕਸ਼ਮੀਰ ਲੋਕਾਂ ਦੀ ਲੁੱਟ ਦਾ ਮਾਮਲਾ ਤਾਂ ਸਰਕਾਰ ਦਾ ਸ਼ੁਰੂ ਤੋਂ ਇੱਕੋ ਮੰਤਵ ਰਿਹਾ ਹੈ-'ਕਿਸੇ ਵੀ ਕੀਮਤ 'ਤੇ ਨਿਆਂ ਨਹੀਂ।' ਕੁਝ ਦਿਨਾਂ ਦੇ ਹੀ ਅੰਦਰ ਸਾਰੇ ਗਵਾਹਾਂ ਨੂੰ ਡਰਾ ਧਮਕਾ ਕੇ ਆਪਣੇ ਬਿਆਨ ਬਦਲਣ ਲਈ ਮਜ਼ਬੂਰ ਕਰ ਦਿੱਤਾ ਗਿਆ। ਇਸ ਮਾਮਲੇ ਨੂੰ ਪਹਿਲਾਂ ਵਾਂਗ ਰਫ਼ਾ ਦਫ਼ਾ ਕਰਨ ਦੀ ਕੋਸ਼ਿਸ਼ ਜਾਰੀ ਹੈ। ਜ਼ਾਹਿਰ ਹੈ ਕਿ ਕਸ਼ਮੀਰੀ ਲੋਕਾਂ ਦੀ ਨਫ਼ਰਤ ਤੇ ਭਾਰਤੀ ਫੌਜ ਪ੍ਰਤੀ ਘ੍ਰਿਣਾ ਅਜਿਹੀ ਹਰ ਘਟਨਾ ਨਾਲ ਵਧ ਰਹੀ ਹੈ। ਵਿਰੋਧ ਕਰਨ ਦਾ ਹੋਰ ਕੋਈ ਵਿਕੱਲਪ ਨਾ ਹੋਣ ਕਰਕੇ ਇਸ ਜਬਰ ਦੇ ਖਿਲਾਫ਼ ਗੁੱਸੇ 'ਚ ਆਈ ਜਨਤਾ ਦਾ ਇੱਕ ਹਿੱਸਾ ਧਾਰਮਿਕ ਕੱਟੜ ਪੰਥੀਆਂ ਤੇ ਦਹਿਸ਼ਤਗਰਦਾਂ ਵੱਲ ਜਾ ਰਿਹਾ ਹੈ। ਸਮਝਿਆ ਜਾ ਸਕਦਾ ਹੈ ਕਿ ਜਿਸ ਦੀ ਮਾਂ, ਭੈਣ, ਬੱਚਿਆਂ ਦਾ ਕਤਲ ਜਾਂ ਬਲਾਤਕਾਰ ਕੀਤਾ ਗਿਆ ਹੋਵੇ ਉਹ ਅੱਤਵਾਦੀ ਰਾਹ ਦੀ ਤਰਕਸ਼ੀਲਤਾ ਬਾਰੇ ਨਹੀਂ ਸੋਚੇਗਾ ਉਹ ਪਹਿਲਾਂ ਬਦਲਾ ਲੈਣ ਬਾਰੇ ਸੋਚੇਗਾ। ਅਜਿਹੇ 'ਚ ਉਸ ਨੂੰ ਜੋ ਬਦਲ ਸੌਖਾ ਮਿਲੇਗਾ, ਉਹ ਉਸ ਅਪਣਾਵੇਗਾ। ਇਹ ਗੁੱਸਾ, ਇਹ ਵਿਰੋਧ ਬਿਨ੍ਹਾਂ ਵਜ੍ਹਾ ਨਹੀਂ ਅਤੇ ਨਾ ਹੀ ਇੱਕ ਦਿਨ ਵਿੱਚ ਉਪਜਿਆ ਹੈ। ਇਸ ਦੇ ਕਾਰਨ ਕਸ਼ਮੀਰੀ ਜਨਤਾ ਦੇ ਦਹਾਕਿਆਂ ਪੁਰਾਣੇ ਜ਼ਬਰ ਅਤੇ ਉਨ੍ਹਾਂ ਵਿਰੁੱਧ ਸੱਤਾ ਦੇ ਅਨਿਆਂਪੂਰਨ ਰਵੱਈਏ ਕਾਰਨ ਹਨ। ਇਸ ਇਤਿਹਾਸ 'ਤੇ ਚਰਚਾ ਅਲੱਗ ਇੱਕ ਲੇਖ ਦੀ ਮੰਗ ਕਰਦੀ ਹੈ। ਪਰ ਅਜੇ ਕੁੱਝ ਗੱਲਾਂ ਸਮਝਣ ਲਈ ਇਤਿਹਾਸ ਦੀ ਨਹੀਂ, ਆਮ ਜਾਣਕਾਰੀ ਇੱਕ ਪਾਸੇ ਬੰਦੂਕਾਂ ਨਾਲ ਲੈਸ ਸੁਰੱਖਿਆ ਫੋਰਸਾਂ ਅਤੇ ਦੂਜੇ ਪਾਸੇ ਵਿਰੋਧ ਵਿੱਚ ਸ਼ਾਮਲ ਔਰਤਾਂ, ਬੱਚੇ, ਵਿਦਿਆਰਥੀ ਤੇ ਸ਼ਹਿਰੀ ਜੋ ਇਹ ਜਾਣਦੇ ਹਨ ਕਿ ਕਿਸੇ ਵੀ ਸਮੇਂ

ਪੁਲਿਸ ਤੇ ਫੌਜੀ ਉਨ੍ਹਾਂ ’ਤੇ ਗੋਲੀਆਂ ਚਲਾ ਸਕਦੇ ਨ ਕੀ ਇਸ ਨੂੰ ਸਿਰਫ਼ ਦਹਿਸ਼ਤਗਰਦੀ ਜਾਂ ਵੱਖਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ।

? ਕੀ ਸਾਰੀ ਕਸ਼ਮੀਰੀ ਜਨਤਾ ਅੱਤਵਾਦੀ ਹੋ ਗਈ, ਕੀ ਇਸ ਨੂੰ ਸਿਰਫ਼ ਧਾਰਮਿਕ ਇਸਲਾਮ ਦਾ ਚੋਹਲਾ ਪਹਿਨਾਇਆ ਜਾ ਸਕਦਾ ਹੈ? ਜੇ ਨਹੀਂ ਤਾਂ ਕਸ਼ਮੀਰੀ ਲੋਕ ਅਜਿਹੇ ਕਿਉਂ ਹਨ? ਅਤੇ ਜੇ ਪੂਰੀ ਕਸ਼ਮੀਰੀ ਜਨਤਾ ਵਾਕਿਆ ਹੀ ਅੱਤਵਾਦੀ ਹੋ ਗਈ ਹੈ ਤਾਂ ਸੋਚਣਾ ਪਵੇਗਾ ਕਿ ਕੀ ਕਾਰਣ ਹਨ? ਇੱਕ ਪੂਰੀ ਕੌਮ ਦਹਿਸ਼ਤਗਰਦ ਹੋ ਜਾਵੇ ਤਾਂ ਸੋਚਣ ਦੀ ਗੱਲ ਕਿ ਆਮ ਔਰਤ, ਮਰਦ, ਬੱਚੇ, ਨੌਜਵਾਨ, ਬਜ਼ੁਰਗ ਜੋ ਬੱਸ ਇੱਕ ਸਨਮਾਨਜਨਕ ਜੀਵਨ ਚਾਹੁੰਦੇ ਹਨ, ਬੰਦੂਕ ਉਠਾ ਕੇ ਸੱਤਾ ਖਿਲਾਫ਼ ਕਿਉਂ ਖੜ੍ਹੇ ਹੁੰਦੇ ਹਨ? ਕਸ਼ਮੀਰ ’ਚ ਇਹ ਪਹਿਲੀ ਵਾਰੀ ਨਹੀਂ ਹੋਇਆ ਹੈ। ਪੁਲਸੀ ਜਬਰ ਦੀਆਂ ਘਟਨਾਵਾਂ, ਸਮੂਹਿਕ ਬਲਾਤਕਾਰ, ਫਰਜੀ ਮੁਕਾਬਲੇ ਤੇ ਨਾਗਰਿਕਾਂ ਦੇ ਕਤਲ ਇਹ ਸਭ ਕਸ਼ਮੀਰੀ ਲੋਕ ਲੰਮੇ ਸਮੇਂ ਤੋਂ ਸਹਿਣ ਕਰ ਰਹੇ ਹਨ। ਪਰ ਫੌਜੀ ਅਤਿਆਚਾਰ ਦਾ ਇਹ ਜੂਲਾ ਹੁਣ ਅਸਹਿ ਹੋ ਗਿਆ ਹੈ ਤੇ ਇਹ ਕਾਰਨ ਹੈ ਕਿ ਵਿਰੋਧ ਦੀ ਆਵਾਜ਼ ਦਿਨ ਪ੍ਰਤੀ ਦਿਨ ਹਿੰਸਕ ਹੋ ਰਹੀ ਹੈ। ਜਦ ਜ਼ਿੰਦਗੀ ਮੌਤ ਦੀ ਵੱਧ ਬੋਝਲ ਹੋ ਜਾਂਦੀ ਹੈ ਤਾਂ ਸੱਤਾ ਦਾ ਖੌਫ਼ ਤੇ ਸੰਗੀਨਾ ਲੋਕਾਂ ਦੀ ਆਵਾਜ਼ ਨੂੰ ਦਬਾਅ ਨਹੀਂ ਸਕਦੀਆਂ। ਹਕੂਮਤ ਪ੍ਰਤੀ ਵਿਰੋਧ, ਕਸ਼ਮੀਰ ਜਨਤਾ ਦਾ ਗੁੱਸਾ, ਇੱਕ ਲੰਮੇਂ ਸਮੇਂ ਤੋਂ ਲੁੱਟ ਦੀ, ਜਬਰ ਦੀ ਤੇ ਗੁਲਾਮੀ ਦੀ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਦੀ ਤੜਫ ਹੈ। ਜਬਰ ਨੇ ਵਿਰੋਧ ਨੂੰ ਹਮੇਸ਼ਾ ਜਨਮ ਦਿੱਤਾ ਹੈ। ਇਸ ਲੁੱਟ ਘਸੁੱਟ ਦੇ ਪੈਮਾਨੇ ਨੂੰ ਕੁਝ ਅੰਕੜਿਆਂ ਵਿੱਚ ਸਮਝਿਆ ਜਾ ਸਕਦਾ ਹੈ। ਜਨਵਰੀ 1989 ਤੋਂ 30 ਜੂਨ 2009 ਤੇ ਲੁੱਟ ਘਸੁੱਟ ਦੇ ਬੇਹੱਦ ਰਿਕਾਰਡ ਸਥਾਪਿਤ ਕੀਤੇ ਹਨ। 1989 ਤੋਂ ਹੁਣ ਤੱਕ ਕਸ਼ਮੀਰ ਵਿੱਚ 92870 ਕਤਲ ਹੋਏ ਅਤੇ ਇਹ ਕਤਲ ਅੱਤਵਾਦ ਦੇ ਨਾਂ ’ਤੇ ਹੋਈਆਂ ਮਸੂਮਾਂ ਦੀਆਂ ਹੱਤਿਆਵਾਂ ਹਨ। ਪੁਲਿਸ ਹਿਰਾਸਤ ’ਚ ਹੋਈਆਂ ਮੌਤਾਂ ਦੀ ਗਿਣਤੀ ਹੁਣ ਤੱਕ 6959 ਹੈ। 1989 ਤੋਂ ਹੁਣ ਤੱਕ ਘਾਟੀ ਵਿੱਚ 1, 16, 267 ਸ਼ਹਿਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। 105,751 ਰਿਹਾਇਸ਼ਾਂ ਨਸ਼ਟ ਕੀਤੀਆਂ ਜਾ ਚੁੱਕੀਆਂ ਹਨ। 22, 692 ਔਰਤਾਂ ਵਿਧਵਾ ਹੋ ਚੁੱਕੀਆਂ ਹਨ। 1989 ਤੋਂ ਅੱਜ ਤੱਕ 107, 256 ਬੱਚੇ ਅਨਾਥ ਹੋ ਚੁੱਕੇ ਹਨ। ਇਹ ਬੱਚੇ ਕਿਸੇ ਅਲਕਾਇਦਾ ਜਾਂ ਹਿਜਬੁਲ ਨਾਲ ਜਾਂਦੇ ਹਨ ਤਾਂ ਇਸ ਲਈ ਭਾਰਤੀ ਹਾਕਮ ਜਮਾਤ ਅਤੇ ਫ਼ੌਜੀ ਜਬਰ ਜ਼ਿੰਮੇਵਾਰ ਹਨ। ਸਮੂਹਕ ਬਲਾਤਕਾਰ ਦੇ 9876 ਕੇਸ ਹੋਏ। ਇਸ ਬੇਇੰਤਹਾ ਜ਼ੁਲਮ ਨੇ ਕਸ਼ਮੀਰੀ ਲੋਕਾਂ ਦੀ ਜ਼ਿੰਦਗੀ ਨੂੰ ਮੌਤ ਤੋਂ ਵੀ ਬਦਤਰ ਬਣਾ ਦਿੱਤਾ ਹੈ। ਫ਼ੌਜੀ ਰਾਜ ਦੇ ਲਾਗੂ ਹੋਣ ਪਿੱਛੋਂ ਤੋਂ ਕਸ਼ਮੀਰ ’ਚ 70,000 ਲੋਕ ਲਾਪਤਾ ਹੋ ਚੁੱਕੇ ਹਨ। ਜੂਨ 2009 ’ਚ ਕੁਲ 28, ਲੋਕ ਮਾਰੇ ਗਏ। 1061 ਕੇਸ ਪੁਲਸ ਤਸ਼ਦਦ ਤੇ ਜਖ਼ਮੀਆਂ ਦੇ ਆਏ, 59 ਸ਼ਹਿਰੀ ਗ੍ਰਿਫ਼ਤਾਰ ਕੀਤੇ ਗਏ। 46 ਇਮਾਰਤਾਂ ਨਸ਼ਟ ਹੋਈਆਂ ਅਤੇ ਔਰਤਾਂ ਦੇ ਸਮੂਹਕ ਬਲਾਤਕਾਰ ਤੇ ਜਬਰ ਦੇ 10 ਕੇਸ ਸਾਹਮਣੇ ਆਏ। ਅਜਿਹੇ ਲੁੱਟ ਘਸੁੱਟ ਦਾ ਸਿਕਾਰ ਸਮਾਜ ਜੇ ਭਾਰਤੀ ਰਾਜਸੱਤਾ ਦਾ ਵਿਰੋਧੀ ਨਾ ਹੋਵੇ ਤਾਂ ਕੀ ਕਰੇ? ਇਹ ਆਪਣੀ ਅਜ਼ਾਦੀ ਦੀ ਮੰਗ ਨਾ ਕਰੇ ਤਾਂ ਕੀ ਕਰੇ? ਉਹ ਭਾਰਤੀ ਫ਼ੌਜੀ ਛਾਉਣੀਆਂ ਨੂੰ ਕਿਉਂ ਨਾ ਉੜਾ ਦੇਵੇ?

ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਦਬਾਉਣ ਲਈ ਲੋਕ ਵਿਰੋਧੀ ਕਾਨੂੰਨ ਬਣਾਏ

ਗਏ ਹਨ। 'ਜੰਮੂ ਕਸ਼ਮੀਰ ਨਾਗਰਿਕ ਸੁਰੱਖਿਆ ਐਕਟ 1978 ਇਕ ਅਜਿਹਾ ਹੀ ਕਾਨੂੰਨ ਹੈ। ਇਸ ਕਾਨੂੰਨ ਰਾਹੀਂ ਕਸ਼ਮੀਰੀ ਨਾਗਰਿਕਾਂ ਨੂੰ ਸੁਰੱਖਿਆ ਦੀ ਬਜਾਏ ਲੁੱਟ ਘਸੁੱਟ ਹੀ ਵੱਧ ਮਿਲਦੀ ਹੈ। ਇਸ ਕਾਨੂੰਨ ਦੀਆਂ ਜੜ੍ਹਾਂ ਬ੍ਰਿਟਿਸ਼ ਹਕੂਮਤ ਦੁਆਰਾ ਪਾਸ 'ਭਾਰਤ ਰੱਖਿਆ ਕਾਨੂੰਨ' ਵਿੱਚ ਹਨ ਜਿਸ ਨੂੰ ਭਾਰਤੀ ਅਜ਼ਾਦੀ ਸੰਗਰਾਮ ਦੇ ਲੋਕਾਂ ਅਤੇ ਕੌਮੀ ਨੇਤਾਵਾ ਨੂੰ ਸਜਾਵਾਂ ਦੇਣ ਤੇ ਜਬਰ ਕਰਨ ਦੇ ਮਕਸਦ ਨਾਲ ਬਣਾਇਆ ਗਿਆ ਸੀ। ਮਹਾਤਮਾ ਗਾਂਧੀ ਤੇ ਅਨੇਕਾਂ ਨੇਤਾਵਾਂ ਨੇ ਇਸ ਨੂੰ ਕਾਲੇ ਕਾਨੂੰਨ ਦਾ ਨਾਂ ਦਿੱਤਾ ਸੀ। ਪਬਲਿਕ ਸੇਫਟੀ ਐਕਟ +978 (1987 ਤੇ 1990 'ਚ ਸੋਧਿਤ) ਰਾਜ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਕਿਸੇ ਬੰਦੇ ਨੂੰ ਬਿਨਾ ਮੁਕੱਦਮਾ ਚਲਾਏ ਦੋ ਸਾਲਾਂ ਲਈ ਬੰਦੀ ਬਣਾ ਸਕਦਾ ਹੈ। ਕੇਵਲ ਇਹ ਕਹਿੰਦੇ ਹੋਏ ਕਿ ਇਹ ਕਾਨੂੰਨ ਤੇ ਪ੍ਰਬੰਦ ਲਈ ਜ਼ਰੂਰੀ ਹੈ ਪਰ ਅਜਿਹਾ ਕਿਉਂ? ਇਹ ਦੱਸਣ ਦੀ ਲੋੜ ਨਹੀਂ ਸਮਝਦਾ ਹੈ। ਕਾਨੂੰਨੀ ਜਾਣਕਾਰੀ ਦਾ ਮੰਨਣਾ ਹੈ ਕਿ ਇਹ ਕਾਨੂੰਨ ਆਪਣੇ ਮੌਜੂਦਾ ਰੂਪ 'ਚ ਬ੍ਰਿਟਿਸ਼ ਕਾਲ ਦੇ 'ਡਿਫੈਂਸ ਆਫ ਇੰਡੀਆ ਐਕਟ' ਤੋਂ ਵੀ ਵੱਧ ਲੋਕ-ਵਿਰੋਧੀ ਹੈ ਕਿਉਂਕਿ ਇਹ ਨਿਆਂ ਦੇ ਅਧਿਕਾਰ ਤੋਂ ਲੋਕਾਂ ਨੂੰ ਵਾਂਝੇ ਕਰਦਾ ਹੈ। ਇਹ ਕਾਨੂੰਨ ਮੂਹਰੇ ਬਰਾਬਰੀ ਦੇ ਅਧਿਕਾਰ ਦਾ (ਗ੍ਰਿਫਤਾਰੀ ਦੇ 24 ਘੰਟੇ ਅੰਦਰ ਦੋਸ਼ੀ ਦੇ ਮੈਜਿਸਟ੍ਰੇਟ ਸਾਹਮਣੇ ਪੇਸ਼ ਕਰਨ ਦੇ ਅਧਿਕਾਰ) ਫੇਅਰ ਟ੍ਰਾਇਲ ਇਨ ਪਬਲਿਕ, ਇਸੈਸ ਟੂ ਕਾਊਂਸਲ, ਕ੍ਰਾਸ ਅਗਜ਼ਾਮੀਨੇਸ਼ਨ ਦਾ ਵਿਟਨਸ, ਅਪੀਲ ਅਗੇਨਸਟ ਕਨਵਿਕਸ਼ਨ ਆਦਿ ਕਾਨੂੰਨੀ ਅਧਿਕਾਰਾਂ ਦਾ ਵਿਰੋਧ ਕਰਦਾ ਹੈ। 'ਹਿਊਮਨ ਰਾਈਟਸ ਵਾਚ' ਅਨੁਸਾਰ ਸਬੀਰ ਅਹਿਮਦ ਜੋ ਕਿ ਸ਼ਾਂਤੀਪੂਰਨ ਤਰੀਕੇ ਨਾਲ ਕਸ਼ਮੀਰੀ ਲੋਕਾਂ ਦੇ ਆਤਮ ਨਿਰਣੇ ਦੇ ਅਧਿਕਾਰ ਲਈ ਮੁਹਿੰਮ ਚਲਾ ਰਿਹਾ ਸੀ, ਨੂੰ ਆਪਣੀ ਜ਼ਿੰਦਗੀ ਦੇ 22 ਸਾਲ ਜੇਹਲ 'ਚ ਕੱਟਣੇ ਪਏ। 1990 'ਚ ਭਾਰਤ ਸਰਕਾਰ ਨੇ ਕਾਨੂੰਨ ਤੇ ਸੁਰੱਖਿਆ ਬਣਾਈ ਰੱਖਣ ਲਈ ਸੁਰੱਖਿਆ ਫੋਰਸਾਂ ਨੂੰ ਵਿਸ਼ੇਸ਼ ਅਧਿਕਾਰ ਦੇਣ ਦੇ ਨਾਂ ਹੇਠ 'ਹਥਿਆਰਬੰਦ ਫੋਰਸਾਂ ਵਿਸ਼ੇਸ਼ ਅਧਿਕਾਰ ਐਕਟ' ਲਾਗੂ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਕਾਨੂੰਨ 1958 'ਚ ਉਤਰ ਪੂਰਬੀ ਭਾਰਤ 'ਚ ਲਾਗੂ ਹੋਇਆ ਸੀ ਅਤੇ ਉਦੋਂ ਤੋਂ ਅੱਜ ਤੱਕ ਉਤਰ ਪੂਰਬੀ ਭਾਰਤ ਅਤੇ 1990 ਤੋਂ ਕਸ਼ਮੀਰ ਵਿੱਚ ਲੋਕਾਂ 'ਤੇ ਅਤਿਆਚਾਰਾਂ ਦੇ ਨਵੇਂ ਰਿਕਾਰਡ ਸਥਾਪਤ ਕਰ ਰਿਹਾ ਹੈ। ਇਹ ਕਾਨੂੰਨ ਲੇਹ ਅਤੇ ਕਾਰਗਿਲ ਨੂੰ ਛੱਡਕੇ ਸਮੁੱਚੇ ਕਸ਼ਮੀਰ ਵਿੱਚ ਲਾਗੂ ਹੈ। ਇਹ ਕਾਨੂੰਨ ਹਥਿਆਰਬੰਦ ਫ਼ੌਜ ਦੇ ਕਿਸੇ ਵੀ ਕਮਿਸ਼ਨ ਅਧਿਕਾਰੀ, ਨਾਨ-ਕਮਿਸ਼ਨ ਅਧਿਕਾਰੀ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਜੇ ਉਸ ਅਧਿਕਾਰੀ ਦੇ ਵਿਚਾਰ ਨਾਲ ਕਾਨੂੰਨ ਤੇ ਪ੍ਰਬੰਦ ਬਣਾਈ ਰੱਖਣ ਲਈ ਜ਼ਰੂਰੀ ਹੈ ਤਾਂ ਉਹ ਚੇਤਾਵਨੀ ਦੇ ਕੇ ਕਿਸੇ 'ਤੇ ਵੀ ਗੋਲੀ ਚਲਾ ਸਕਦਾ ਹੈ। ਤਾਕਤ ਦੀ ਵਰਤੋ ਕਰ ਸਕਦਾ ਹੈ ਚਾਹੇ ਉਸ ਤੋਂ ਉਸ ਬੰਦੇ ਦੀ ਮੌਤ ਵੀ ਹੋ ਜਾਵੇ ਤਾਂ ਵੀ ਕੋਈ ਫਰਕ ਨਹੀਂ। ਅਜਿਹੇ ਅਧਿਕਾਰ ਦੀ ਫ਼ੌਜ ਨੇ ਕਸ਼ਮੀਰੀ ਲੋਕਾਂ ਦੇ ਮਾਨ ਸਨਮਾਨ ਨੂੰ ਰੋਲਣ ਲਈ ਖ਼ੂਬ ਵਰਤੋਂ ਕੀਤੀ ਹੈ ਅਤੇ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਤੇ ਜ਼ਿੰਦਗੀ ਨਾਲ ਖਿਲਵਾੜ ਕੀਤਾ ਹੈ। ਇਹ ਕਾਨੂੰਨ ਲੁਟੇਰਿਆਂ ਦੇ ਹੱਥਾਂ ਵਿੱਚ ਇਹ ਅਧਿਕਾਰ ਦਿੰਦਾ ਹੈ ਕਿ ਉਹ ਲੋਕਾਂ ਦੇ ਘਰਾਂ ਦੀ ਤਲਾਸ਼ੀ ਲੈਣ। ਕਾਤਲਾਂ ਤੇ ਖ਼ੂਨੀਆਂ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਲੋਕਾਂ ਦੀਆਂ ਭਾਵਨਾਵਾਂ, ਇੱਜ਼ਤ-ਜਾਇਦਾਦ ਤੇ ਆਬਰੂ ਨੂੰ ਲੁੱਟਣ ਤੇ ਵਿਰੋਧ ਕਰਨ ਤੇ

ਕਤਲ ਕਰ ਦੇਣ ਅਤੇ ਕਹਿਣ ਕਿ ਤੁਸੀਂ ਦੇਸ਼ ਧਰੋਹੀ ਹੋ। ਪੂਰੇ ਦੇਸ਼ ਵਾਂਗੂੰ ਕਸ਼ਮੀਰ ਵਿੱਚ ਵੀ ਮੇਹਨਤਕਸ਼ ਲੋਕ ਤੇ ਮਜ਼ਦੂਰਾਂ ਦੀਆਂ ਜ਼ਿੰਦਗੀ ਜਿਉਣ ਦੀ ਹਾਲਤਾਂ ਬਦਤਰ ਹਨ। ਖੇਤੀ 'ਚ ਪੈਦਾਵਾਰ 'ਚ ਕਮੀ ਆਈ ਹੈ। ਪਸ਼ਮੀਨਾ ਉੱਨ ਤੇ ਸਾਰੇ ਅਜਿਹੇ ਹੀ ਲਘੂ ਉਦਯੋਗ ਤਬਾਹ ਹੋ ਗਏ ਹਨ। ਅਸ਼ਾਂਤੀ ਕਾਰਨ ਸੈਲਾਨੀ ਜੋ ਕਸ਼ਮੀਰ ਦੀ ਰੋਟੀ ਰੋਜ਼ੀ ਦਾ ਮੁੱਖ ਸਾਧਨ ਸੀ। ਲਗਭਗ ਖ਼ਤਰਾ ਹੋ ਚੁੱਕਿਆ ਹੈ। ਮੇਹਨਤਕਸ਼ ਲੋਕਾਂ ਦਾ ਜੀਵਨ ਹੋਰ ਦੁੱਭਰ ਹੋ ਗਿਆ ਹੈ। 1990 ਤੋਂ ਹੁਣ ਤੱਕ ਕਰੀਬ ਸਾਢੇ ਪੰਜ ਲੱਖ ਲੋਕਾਂ ਨੇ ਹੜਤਾਲਾਂ 'ਚ ਸ਼ਮੂਲੀਅਤ ਕੀਤੀ ਹੈ। 1990 'ਚ ਅਧਿਆਪਕਾਂ ਤੇ ਕਰਮਚਾਰੀਆਂ ਨੇ 72 ਦਿਨ ਦੀ ਲੰਬੀ ਹੜਤਾਲ ਕੀਤੀ। ਜਿਸ ਵਿੱਚ 24000 ਮੁਲਾਜਮਾਂ ਨੂੰ ਨੌਕਰੀ ਤੋਂ ਰੋਕ ਦਿੱਤਾ ਗਿਆ।

ਇਸ ਹੜਤਾਲ 'ਚ ਰੋਜ਼ਾਨਾ ਮਜ਼ਦੂਰੀ ਹਾਸਲ ਕਰਨ ਵਾਲੇ ਲੋਕ, ਮਜ਼ਦੂਰ ਤੇ ਵਿਦਿਆਰਥੀ ਵੀ ਸ਼ਾਮਲ ਸਨ। ਰਾਜ ਮਸ਼ੀਨਰੀ ਖਿਲਾਫ਼ ਆਏ ਦਿਨ ਮੇਹਨਤਕਸ਼ਾਂ ਦੀਆਂ ਹੜਤਾਲਾਂ ਤੇ ਨਾਗਰਿਕ ਵਿਰੋਧ ਆਮ ਹੋ ਗਏ ਹਨ। ਸਾਮਰਾਜੀ ਪੂੰਜੀ ਦੀ ਮਾਰ ਤੇ ਪ੍ਰਸਾਸ਼ਨ ਦੀ ਜਬਰ ਪੂਰਨ ਨੀਤੀ ਕਾਰਨ ਕਸ਼ਮੀਰੀ ਲੋਕਾਂ ਦਾ ਜੀਵਨ ਕਠਿਨ ਹੁੰਦਾ ਜਾ ਰਿਹਾ ਹੈ। ਜ਼ਾਹਿਰ ਹੈ ਕਿ ਕਸ਼ਮੀਰੀ ਲੋਕਾਂ ਨੂੰ ਹਰ ਉਸ ਜਬਰ ਤੇ ਲੁੱਟ ਦਾ ਮੁਕਾਬਲਾ ਕਰਨਾ ਪੈਦਾ ਹੈ ਜਿਸ ਦਾ ਸਾਹਮਣਾ ਪੂਰੇ ਦੇਸ਼ ਦੀ ਆਮ ਮੇਹਨਤਕਸ਼ ਜਨਤਾ ਨੂੰ ਕਰਨਾ ਪੈਂਦਾ ਹੈ। ਕਸ਼ਮੀਰੀ ਕੌਮੀਅਤ ਦਾ ਦਹਾਕਿਆਂ ਤੋਂ ਚੱਲਿਆ ਆ ਰਿਹਾ ਇਹ ਜ਼ਬਰ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੀ ਲੋੜ ਹੈ ਅਤੇ ਇਸ ਦੇ ਕਾਰਨ ਇਤਿਹਾਸ ਵਿੱਚ ਛੁਪੇ ਹਨ। ਪਰ ਇਹ ਗ਼ੈਰ ਮਨੁੱਖੀ ਅਤਿਆਚਾਰ ਉਹੀ ਪੈਦਾ ਕਰ ਸਕਦਾ ਹੈ ਜੋ ਇਸ ਨੇ ਕਸ਼ਮੀਰ ਵਿੱਚ ਪੈਂਦਾ ਕੀਤਾ ਹੈ। ਇਸ ਦਮਨ ਪਿੱਛੋਂ ਕਸ਼ਮੀਰੀ ਲੋਕਾਂ ਤੋਂ ਅਗਿਆਕਾਰੀ ਵਰਤਾਅ ਦੀ ਉਮੀਦ ਉਸ 'ਚ ਦਾਸ ਬਿਰਤੀ ਪੈਦਾ ਕਰਨ ਦੀ ਉਮੀਦ ਹੈ। ਅਜਿਹਾ ਨਾ ਕਦੀ ਹੋਇਆ ਹੈ ਅਤੇ ਨਾ ਹੀ ਹੋਵੇਗਾ। ਜਦ ਤੱਕ ਨੰਗੇ ਫ਼ੌਜੀ ਜਬਰ ਦੇ ਬੂਟਾਂ ਹੇਠ ਕਸ਼ਮੀਰੀ ਲੋਕਾਂ ਦੇ ਮਾਨ ਸਨਮਾਨ ਨੂੰ ਮਸਲਨ ਦੀ ਕੋਸ਼ਿਸ਼ ਜਾਰੀ ਰਹੇਗੀ। ਤਦ ਤਕ ਕਸ਼ਮੀਰੀ ਲੋਕ ਦਾ ਮੋੜਵਾਂ ਵਿਰੋਧ ਕਿਸੇ ਕਾਰਗਰ ਬਦਲ ਦੀ ਗੈਰ ਮੌਜੂਦਗੀ ਵਿੱਚ ਧਾਰਮਿਕ ਕੱਟੜ ਪੰਥੀਆਂ ਤੇ ਦਹਿਸ਼ਤ ਗਰਦਾਂ ਦਾ ਵਧਣਾ ਫੁਲਣਾ ਜਾਰੀ ਰਹੇਗਾ। ਇਹ ਅਪਰਾਧ ਭਾਰਤੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦਾ ਹੈ। ਇਕ ਲੋਕ ਪੱਖੀ ਪ੍ਰਬੰਦ ਹੀ ਦਹਾਕਿਆਂ ਤੋਂ ਚੱਲੇ ਆ ਰਹੇ ਇਸ ਖ਼ੂਨੀ ਝਮੇਲੇ ਦਾ ਸ਼ਾਂਤੀਪੂਰਨ ਤੇ ਉਚਿਤ ਨਿਪਟਾਰਾ ਜਮਹੂਰੀਅਤ ਤੇ ਕੌਮਾਂ ਦੇ ਆਤਮ ਨਿਰਣੇ ਦੇ ਅਧਿਕਾਰ ਦੇ ਅਧਾਰ 'ਤੇ ਕਰ ਸਕਦੀ ਹੈ।

# ਲੋਕ ਸੰਘਰਸ਼ ਤੇ ਮੀਡੀਆ ਦਾ ਕਿਰਦਾਰ

ਪਿਛਲੇ ਸਮੇਂ 'ਚ ਲੋਕਾਂ ਨੂੰ ਚਾਰ ਤਰਾਂ ਦੇ ਵਰਤ ਦੇਖਣ ਦਾ ਮੌਕਾ ਮਿਲਿਆ। ਮਣੀਪੁਰ ਦੀ ਇਰੋਮ ਸ਼ਰਮਿਲਾ, ਤੋਂ ਇਲਾਵਾ ਅੰਨਾ ਹਜ਼ਾਰੇ, ਸਵਾਮੀ ਰਾਮਦੇਵ ਤੇ ਸਵਾਮੀ ਨਿਗਮਾਨੰਦ ਦੇ ਵਰਤਾਂ ਰਾਹੀਂ। ਸਰਕਾਰ ਤੱਕ ਇਹਨਾਂ ਨੇ ਆਵਾਜ਼ ਪਹੁੰਚਾਉਣੀ ਚਾਹੀ। ਇਹ ਚਾਰਾਂ ਨਾਲ ਵੱਖਰੀ ਵੱਖਰੀ ਕਿਸਮ ਦਾ ਵਰਤਾਅ ਕੀਤਾ ਗਿਆ। ਅੰਨਾ ਹਜ਼ਾਰੇ ਦੀ ਜੈ ਜੈ ਕਾਰ ਹੋਈ ਰਾਮਦੇਵ ਦੇ ਲਾਠੀਆਂ ਪਈਆਂ। ਨਿਗਮਾਨੰਦ ਨੂੰ ਆਪਣੀ ਜਾਨ ਹੀ ਗੁਆਉਣੀ ਪਈ ਅਤੇ ਇਰੋਮ ਸ਼ਰਮੀਲਾ ਦੇ ਜਬਰੀ ਨਲਕੀ ਪਾ ਕੇ ਖਾਣਾ ਖਵਾਇਆ ਗਿਆ ਤੇ ਹਿਰਾਸਤ 'ਚ ਕੈਦ ਕਰਕੇ ਰੱਖਿਆ ਹੈ। ਇਕ ਹੀ ਮਕਸਦ ਵਾਲੇ ਇਹਨਾਂ ਚਾਰ ਸਤਿਆ ਗ੍ਰਹਿਆਂ ਨਾਲ ਮੀਡੀਆ ਦਾ ਵੱਖ-ਵੱਖ ਰਵੱਈਆ ਕਿਉਂ? ਇਸ ਪਿੱਛੇ ਕੀ ਕਾਰਨ ਹਨ? ਇਹ ਵਿਸ਼ਾ ਬਹਿਸ ਦੀ ਮੰਗ ਕਰਦਾ ਹੈ।

ਮੀਡੀਆ ਦਾ ਅੱਜ ਦਾ ਤਰੀਕ 'ਚ ਮੁਲਅੰਕਣ ਕਰੀਏ ਤਾਂ ਪਤਾ ਲੱਗਦਾ ਹੈ ਕਿ ਅੱਜ ਦਾ ਮੀਡੀਆ ਪਹਿਲਾਂ ਵਾਂਗੂੰ ਦਬਾਅ ਸਮੂਹ ਦੀ ਤਰ੍ਹਾਂ ਕੰਮ ਨਹੀਂ ਕਰਦਾ ਹੈ। ਇਹ ਸਰਕਾਰਾਂ 'ਤੇ ਦਬਾਅ ਨਹੀਂ ਬਣਾਉਂਦਾ। ਇਹ ਤਾਂ ਤਹਿ ਕੀਤੇ ਕਤਾਏ ਪ੍ਰੋਗਰਾਮਾਂ ਵਾਂਗੂੰ ਕੰਮ ਕਰਦਾ ਹੈ। ਇਸ ਤਰ੍ਹਾਂ ਮੀਡੀਆ ਦਾ ਪੂਰੀ ਤਰ੍ਹਾਂ ਵਪਾਰੀਕਰਨ ਹੋ ਗਿਆ ਹੈ। ਉਥੇ ਹਕੂਮਤ ਵੀ ਮੀਡੀਆ ਵੱਲ ਆਪਣੇ ਢੰਗ ਨਾਲ ਝਾਕਣ ਦੀ ਕੋਸ਼ਿਸ਼ ਕਰਦੀ ਹੈ। ਬਹੁਤੇ ਵਾਰੀ ਸਰਕਾਰਾਂ ਤੇ ਮੀਡੀਆ ਦੀ ਭਾਸ਼ਾ ਇੱਕੋ ਹੁੰਦੀ ਹੈ। ਸਰਕਾਰਾਂ ਇਸ ਦੀ ਵਰਤੋਂ ਖੂਬ ਕਰਦੀਆਂ ਹਨ। ਇਹੀ ਵਜਾਹ ਹੈ ਕਿ ਅੱਜ ਮੀਡੀਆ ਦੀ ਹਰ ਖ਼ਬਰ 'ਤੇ ਸ਼ੱਕ ਦੀ ਗੁਜਾਇਸ਼ ਰਹਿੰਦੀ ਹੈ ਕਿ ਆਮੁਕ ਰੀਪੋਟ ਕਿਸ ਮਕਸਦ ਨਾਲ ਵਿਖਾਈ ਜਾਂ ਪੇਸ਼ ਕੀਤੀ ਜਾ ਰਹੀ ਹੈ। ਮੀਡੀਆ ਦੇ ਮੁਨਾਫੇ ਕੇਂਦਰਿਤ ਹੋ ਜਾਣ ਕਰਕੇ ਹੀ ਚਾਰ ਮਹੀਨਾ ਲੰਬੀ ਭੁੱਖ ਹੜਤਾਲ ਕਰਨ ਵਾਲੇ ਸੰਤ ਨਿਗਮਾਨੰਦ ਤੇ 10 ਸਾਲਾਂ ਤੋਂ ਸੰਘਰਸ਼ ਕਰ ਰਹੀ ਇਰੋਮ ਸ਼ਰਮਿਲਾ ਵੱਡੀ ਖਬਰ ਨਹੀਂ ਬਣ ਸਕੇ। ਉਥੇ ਰਾਮਦੇਵ ਆਪਣੇ ਮੀਡੀਆ ਮੈਨੇਜਮੈਂਟ ਨਾਲ ਸਿਰਫ਼ 3-4 ਦਿਨਾਂ 'ਚ ਵਰਤ ਰੱਖ ਕੇ ਛਾ ਗਏ। ਦੇਸ਼ ਦਾ ਕਥਿਤ ਚੌਥਾ ਥੰਮ ਮੀਡੀਆ ਉਹਨਾਂ ਦੀ ਤੁਲਨਾ ਗਾਂਧੀ, ਚੰਦਰ ਸ਼ੇਖਰ ਤੇ ਭਗਤ ਸਿਘ ਨਾਲ ਕਰਨ ਲੱਗਦਾ ਹੈ। ਇਸ ਲੇਖ 'ਚ ਮੀਡੀਆ ਦੀ ਇਸ ਭੂਮਿਕਾ ਨੂੰ ਚਾਰ ਵੱਖ-ਵੱਖ ਕੇਸਾਂ-ਇਰੋਮ ਸ਼ਰਮੀਲਾ, ਨਿਗਮਾਨੰਦ, ਅੰਨਾ ਹਜ਼ਾਰੇ ਤੇ ਰਾਮਦੇਵ ਦੇ ਸੰਘਰਸ਼ਾਂ ਦੇ ਪ੍ਰਸੰਗ ਵਿੱਚ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਭਾਰਤ ਦਾ ਹਰ ਬੰਦਾ ਭ੍ਰਿਸ਼ਟਾਚਾਰ ਤੋਂ ਪੀੜਤ ਹੈ। ਸਰਕਾਰੀ ਦਫਤਰਾ 'ਚ ਬਿਨਾਂ ਰਿਸ਼ਵਤ ਕੋਈ ਜਾਇਜ਼ ਕੰਮ ਵੀ ਨਹੀਂ ਕਰਵਾਇਆ ਜਾ ਸਕਦਾ। ਕਾਰਜਪਾਲਿਕਾ, ਵਿਧਾਇਕਾ ਤੇ ਨਿਆਂਪਾਲਿਕਾ ਯਾਨੀ ਦੇਸ਼ ਦੀਆਂ ਸਭ ਸੰਸਥਾਵਾਂ ਭ੍ਰਿਸ਼ਟਾਚਾਰ ਦੀ ਦਲਦਲ 'ਚ ਡੁੱਬੀਆ ਹੋਈਆਂ ਹਨ। ਹਰ ਸਾਲ 315 ਅਰਬ ਰੁਪਏ ਰਿਸ਼ਵਤ ਵਜੋਂ ਨੌਕਰਸ਼ਾਹਾਂ ਦੀ ਜੇਬ 'ਚ ਚਲੇ ਜਾਂਦੇ ਹਨ। ਭਾਰਤੀ ਕਾਨੂੰਨ 'ਚ ਭ੍ਰਿਸ਼ਟਾਚਾਰ ਦੀ ਸਭ ਤੋਂ ਵੱਡੀ ਖੇਡ ਵਿੱਚ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਹੀ ਹੋ ਸਕਦੀ ਹੈ। ਦੋਸ਼ੀ ਸਾਬਤ ਹੋਣ ਪਿੱਛੋਂ ਘਪਲੇ ਦੀ ਰਕਮ ਦੀ ਰਿਕਵਰੀ ਦੀ ਕੋਈ ਵਿਵਸਥਾ ਨਹੀਂ ਹੈ। ਭਾਰਤੀ ਅਪਰਾਧ ਰਿਕਾਰਡ ਬਿਊਰੋ ਦੀ ਰੀਪੋਟ ਅਨੁਸਾਰ ਅਦਾਲਤਾਂ 'ਚ ਭ੍ਰਿਸ਼ਟਾਚਾਰ ਦੇ 17,792

ਮਾਮਲੇ ਚਲਦੇ ਹਨ। ਇਹਨਾਂ 'ਚੋਂ 9910 ਸੀ. ਬੀ. ਆਈ. ਕੋਲ ਹਨ। ਕੁਲ ਮਾਮਲਿਆਂ 'ਚੋਂ ਸਿਰਫ਼ 30 ਫੀਸਦੀ ਕੇਸਾਂ 'ਚ ਹੀ ਸ਼ਕਾਇਤਾਂ ਦਰਜ ਹੁੰਦੀਆਂ ਹਨ। ਦੇਸ਼ 'ਚ ਇਸ ਸਮੇਂ 90 ਸੰਸਦਾਂ ਖਿਲਾਫ਼ ਭ੍ਰਿਸ਼ਟਾਚਾਰ ਦੇ ਮੁਕਦਮੇ ਦਰਜ ਹਨ। 180 ਸੰਸਦਾਂ ਖਿਲਾਫ ਅਪਰਾਧਿਕ ਮਾਮਲੇ ਦਰਜ ਹਨ। ਕਰੀਬ 375 ਆਈ. ਏ. ਐਸ. ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸ ਦਰਜ ਹਨ। ਕਰੀਬ 425 ਆਈ. ਪੀ. ਐਸ. ਖਿਲਾਫ਼ ਭ੍ਰਿਸ਼ਟਾਚਾਰ ਤੇ ਅਪਰਾਧ ਦੇ ਮਾਮਲੇ ਦਰਜ ਹਨ। ਸੁਆਲ ਇਹ ਹੈ ਕਿ ਜਿਸ ਨੌਕਰਸ਼ਾਹੀ ਭਰੋਸੇ ਦੇਸ਼ ਚਲ ਰਿਹਾ ਹੈ ਜੇ ਉਹੀ ਦੇਸ਼ ਨੂੰ ਖੋਖਲਾ ਕਰਨ ਲੱਗੇ ਤਾਂ ਆਖਰ ਰਾਹ ਬਚਦਾ ਕਿਹੜਾ ਹੈ? ਅਜਿਹੀ ਹਾਲਤ 'ਚ 42 ਸਾਲਾਂ ਤੋਂ ਸੰਸਦ ਦੀ ਦੇਹਲੀ 'ਤੇ ਲੋਕਪਾਲ ਬਿਲ ਕਾਨੂੰਨ ਬਣਨ ਦੀ ਉਡੀਕ ਕਰ ਰਿਹੈ। ਜਿਸ ਨੂੰ ਹੁਣ ਹੋਰ ਲਮਕਾਉਣਾ ਸਹੀ ਨਹੀਂ ਹੈ। ਸਰਕਾਰ ਵਲੋਂ ਤਿਆਰ ਮਸੌਦੇ ਅਨੁਸਾਰ ਨਿਆਂਪਾਲਿਕਾ, ਪ੍ਰਧਾਨ ਮੰਤਰੀ, ਸਾਂਸਦ, ਫ਼ੌਜ, ਚੋਣ ਕਮਿਸ਼ਨ ਤੇ ਨੌਕਰਸ਼ਾਹ ਸ਼ਾਮਲ ਨਹੀਂ ਕੀਤੇ ਜਾਣੇ ਚਾਹੀਦੇ। ਉਹਨਾਂ ਦਾ ਤਰਕ ਹੈ ਕਿ ਅਜਿਹਾ ਕਰਨ ਨਾਲ ਲੋਕਰਾਜੀ ਸੰਸਥਾਵਾਂ ਕੰਮਜੋਰ ਹੋ ਜਾਣਗੀਆਂ। ਸਰਕਾਰ ਦੀ ਇਸ ਦਲੀਲ ਦਾ ਵਿਰੋਧੀ ਅੰਨਾ ਹਜ਼ਾਰੇ ਤੇ ਸਿਵਲ ਸੁਸਾਇਟੀ ਕਰ ਰਹੀ ਹੈ। ਭਾਰਤ 'ਚ ਕਾਨੂੰਨ ਵਿਧਾਨ ਪਾਲਿਕਾ ਤਿਆਰ ਕਰਦੀ ਹੈ। ਕੋਈ ਸੰਮਤੀ ਜਾਂ ਸੰਸਥਾ ਉਸ 'ਤੇ ਦਬਾਅ ਨਹੀਂ ਪਾ ਸਕਦੀ ਕਿ ਜੋ ਬਿੱਲ ਉਸ ਨੇ ਬਠਾਇਆ ਹੈ। ਪਾਰਲੀਮੈਂਟ ਉਸ ਨੂੰ ਉਵੇਂ ਹੀ ਪਾਸ ਕਰ ਦੇਵੇ। ਇਹ ਸਰਕਾਰ ਤੇ ਨਿਰਭਰ ਕਰਦਾ ਹੈ ਕਿ ਉਹ ਕਾਨੂੰਨ ਬਣਾਉਣਾ ਚਾਹੁੰਦੀ ਹੈ ਜਾਂ ਨਹੀਂ ਪਰ ਸਰਕਾਰ ਸੰਮਤੀਆਂ ਦੇ ਸੁਝਾਵਾਂ ਨੂੰ ਧਿਆਨ 'ਚ ਜ਼ਰੂਰ ਰੱਖਦੀਆਂ ਰਹੀਆਂ ਹਨ।

ਮਹਾਂਰਾਸ਼ਟਰ 'ਚ ਅਜਿਹਾ ਹੀ ਹੋਇਆ ਸੀ ਡਰਾਫਟ ਇਕ ਸੰਮਤੀ ਨੇ ਤਿਆਰ ਕੀਤਾ ਸੀ ਜੋ ਸੂਚਨਾ ਅਧਿਕਾਰ ਕਾਨੂੰਨ ਦਾ ਸੀ। ਇਸ ਤਰ੍ਹਾਂ ਸਰਕਾਰ ਤੇ ਅੰਨਾ ਹਜ਼ਾਰੇ ਆਦਿ ਦੀ ਮਿਲੀ ਜੁਲੀ ਸੰਮਤੀ ਸੰਵਿਧਾਨ ਅਨੁਸਾਰ ਨਹੀਂ ਹੈ ਇਹ ਕਹਿਣਾ ਗਲਤ ਹੈ। ਦਰਅਸਲ ਲੋਕਾਂ ਨੂੰ ਸਰਗਰਮ ਇਮਾਨਦਾਰੀ ਦੀ ਲੋੜ ਹੈ। ਪਰ ਸਰਕਾਰਾਂ ਵੱਡੀ ਲਕੀਰ ਖਿਚਣਾ ਹੀ ਨਹੀਂ ਚਾਹੁੰਦੀਆਂ ਹਨ। ਲੋਕ ਸਰਕਾਰਾਂ ਦੀਆਂ ਕਰਤੂਤਾਂ ਤੋਂ ਦੁੱਖੀ ਹਨ। ਅਜਿਹੀ ਹਾਲਤ 'ਚ ਜਿਸ ਕਿਸੇ 'ਚ ਇਹ ਸੰਭਾਵਨਾ ਦਿਸਦੀ ਹੈ। ਉਸ ਤੋਂ ਆਸ ਬੰਨ ਲੈਂਦੇ ਹਨ। ਪਿਛਲੇ ਦੋ ਦਹਾਕਿਆਂ 'ਚ ਨਾ ਜਾਣੇ ਕਿੰਨੇ ਲੋਕਾਂ ਤੇ ਜਨਤਾ ਨੇ ਆਸ ਲਾਈ ਤੇ ਨਿਰਾਸ਼ ਹੋਈ। ਅੰਨਾ ਹਜ਼ਾਰੇ ਦੀ ਮੁਹਿੰਮ ਨੂੰ ਸ਼ਹਿਰੀ ਮੱਧਵਰਗ ਤੋਂ ਜੋ ਹਮਾਇਤ ਮਿਲੀ। ਮੀਡੀਆ ਨੇ ਉਸ ਨੂੰ ਹੱਦੋਂ ਵੱਧ ਵਾਧਾ ਚੜ੍ਹਾਕੇ ਦਿਖਾਇਆ ਕਿਉਂਕਿ ਅੰਨਾ ਹਜ਼ਾਰੇ ਦਿਲੀ 'ਚ ਸਨ ਅਤੇ ਜੰਤਰ ਮੰਤਰ ਵਰਗੀ ਥਾਂ 'ਤੇ ਭੁੱਖ ਹੜਤਾਲ ਕਰ ਰਹੇ ਸਨ। ਦੇਸ਼ ਦੀ ਰਾਜਧਾਨੀ ਤੇ ਉਸ ਦੇ ਆਲੇ-ਦੁਆਲੇ ਘਟਨਾਵਾਂ ਕਿਵੇਂ ਇਨਾਂ ਮਹੱਤਵ ਹਾਸਲ ਕਰ ਜਾਂਦੀਆਂ ਹਨ। ਮਹਾਂਰਾਸ਼ਟਰ 'ਚ ਭ੍ਰਿਸ਼ਟਾਚਾਰ ਵਿਰੁੱਧ ਅੰਨਾ ਦਾ ਅੰਦੋਲਨ ਖੁਦ ਇਸਦੀ ਮਿਸਾਲ ਹੈ। ਉਸ ਵਕਤ ਮਹਾਂਰਾਸ਼ਟਰ ਦੇ 28 ਮੰਤਰੀਆਂ ਨੂੰ ਅਸਤੀਫਾ ਦੇਣਾ ਪਿਆ ਸੀ ਪਰ ਮੀਡੀਆ ਲਈ ਇਸ ਦਾ ਕੋਈ ਮੁਲ ਨਹੀਂ ਸੀ। ਦਰਅਸਲ ਅੱਜ ਲੋਕਤੰਤਰ ਦੀਆਂ ਸਾਰੀਆਂ ਸੰਸਥਾਵਾਂ ਸ਼ੱਕ ਦੇ ਘੇਰੇ ਵਿੱਚ ਹਨ। ਵਿਵਸਥਾ ਦਾ ਕੋਈ ਵੀ ਹਿੱਸਾ ਭ੍ਰਿਸ਼ਟਾਚਾਰ ਤੋਂ ਬਚਿਆ ਹੋਇਆ ਨਹੀਂ ਹੈ। ਇਸ ਲਈ ਵਿਵਸਥਾ ਨੂੰ ਕਿਸੇ ਟੋਟਕੇ ਦੀ ਲੋੜ ਨਹੀਂ ਸੀ। ਅੰਨਾ ਦੇ ਅੰਦੋਲਨ ਨੇ ਠੀਕ ਉਹੀ ਟੋਟਕਾ ਮੁਹੱਈਆ ਕਰਵਾਇਆ ਜਿਸ ਦੇ ਬਿਨਾਂ ਕਿਸੇ

ਅਧਿਐਨ ਤੇ ਵਿਸਲੇਸ਼ਣ ਦੇ ਮੀਡੀਆ ਨੇ ਲਕੀਰ ਕਟਣੀ ਸ਼ੁਰੂ ਕਰ ਦਿੱਤੀ। ਰਹੀ ਗੱਲ, ਅੰਨਾ ਹਜ਼ਾਰੇ ਦੀ ਤਾਂ ਉਹਨਾਂ 'ਚ ਸਪਸ਼ਟ ਰਾਜਸੀ ਸਮਝ ਦੀ ਘਾਟ ਹੈ। ਦੂਜੀ ਅਜ਼ਾਦੀ ਦੀਆਂ ਗੱਲਾਂ ਕਰਕੇ ਉਹਨਾਂ ਨੇ ਅਜਿਹੀ ਹੀ ਬੇਸਮਝੀ ਦਾ ਸਬੂਤ ਦਿੱਤਾ ਹੈ। ਇਸ ਲਈ ਅੰਨਾ ਦੇ ਅੰਦੋਲਨ 'ਚ ਕਿਤੇ ਨਾ ਕਿਤੇ ਆਰ. ਐਸ. ਐਸ਼ ਦਾ ਅਜਿਹਾ ਪ੍ਰਭਾਵ ਨਜ਼ਰ ਆਉਂਦਾ ਹੈ ਜਾਂ ਫਿਰ ਗੋਬਿੰਦਾ ਚਾਰੀਆ ਅਤੇ ਰਾਮ ਮਾਧਵ ਦੀ ਮੌਜੂਦਗੀ। ਰਾਜਨੀਤੀ ਤੋਂ ਪ੍ਰਹੇਜ ਦੀਆਂ ਗੱਲਾਂ ਕਰਨ ਵਾਲੇ ਅੰਨਾ ਦੇ ਮੰਚ 'ਤੇ ਸੰਘ ਦੀ ਹਾਜ਼ਰੀ ਨੇ ਸਭ ਨੂੰ ਹੈਰਾਨ ਕੀਤਾ ਸੀ। ਸਰਕਾਰ ਨੇ ਇਸ ਦਾ ਫਾਇਦਾ ਉਠਾ ਕੇ ਉਹਨਾਂ ਦੇ ਅੰਦੋਲਨ ਨੂੰ ਨਜ਼ਰ ਅੰਦਾਜ਼ ਕਰਨ ਦੀ ਕੋਸ਼ਿਸ਼ ਕਰਨਾ ਮੁਸ਼ਕਲ ਸੀ। ਚਾਹੇ ਉਹ ਮੰਚ ਦੇ ਪਿੱਛੇ ਲੱਗੀ ਭਾਰਤ ਮਾਤਾ ਦੀ ਤਸਵੀਰ ਹੋਵੇ ਜਾਂ ਸਨਾਤਨ ਧਰਮ ਤੇ ਸਰਸਵਤੀ ਸਿਸ਼ੂ ਮੰਦਰਾਂ 'ਚ ਦਿਸਦੀ ਹੈ ਜਾਂ ਫਿਰ ਗੋਬਿੰਦਾ ਚਾਰੀਆਂ ਤੇ ਰਾਮ ਮਾਧਵ ਦੀ ਹਾਜ਼ਰੀ। ਇਸ ਆਰ. ਐਸ. ਐਸ. ਦੀ ਮੰਚ ਤੇ ਹਾਜ਼ਰੀ ਦਾ ਫਾਇਦਾ ਉਠਾ ਕੇ ਸਰਕਾਰ ਨੇ ਉਹਨਾਂ ਦੇ ਅੰਦੋਲਨ ਨੂੰ ਖਾਰਜ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਸਿੱਧ ਸਮਾਜ ਸਾਸ਼ਤਰੀ ਪ੍ਰੋ. ਯੋਗਿੰਦਰ ਸਿੰਘ ਮੰਨਦੇ ਹਨ ਕਿ ਭ੍ਰਿਸ਼ਟਾਚਾਰ ਇੱਕ ਵਿਵਸਥਾ (ਤਾਣੇ-ਬਾਣੇ) ਅੰਦਰਲੀ ਸਮੱਸਿਆ ਹੈ ਕਿ ਜਾਦੂਮਈ ਛੜੀ ਨਾਲ ਇਹ ਕਿਸੇ ਇਕ ਝਟਕੇ ਜਾਂ ਇਕ ਅੰਦੋਲਨ ਜਾਂ ਇਕ ਭੁੱਖ ਹੜਤਾਲ ਨਾਲ ਇਹ ਖਤਮ ਨਹੀਂ ਕੀਤੀ ਜਾ ਸਕਦੀ। ਅਸਲ 'ਚ ਇਸ ਗੱਲ 'ਤੇ ਚਿੰਤਾ ਕਰਨ ਲਈ ਕੋਈ ਤਿਆਰ ਹੀ ਨਹੀਂ ਹੈ ਕਿ ਦੇਸ਼ ਨੂੰ ਚਲਾਉਣ ਵਾਲੀਆਂ ਸੰਸਥਾਵਾਂ ਭ੍ਰਿਸ਼ਟ ਹੋ ਕਿਵੇਂ ਗਈਆਂ? ਇਸਦੇ ਪਿੱਛੇ ਠੋਸ ਕਾਰਨ ਕਿਹੜੇ ਸਨ? ਉਹਨਾਂ ਦਾ ਨਿਵਾਰਨ ਕਿਉਂ ਨਹੀਂ ਕੀਤਾ ਗਿਆ? ਉਹ ਇਹ ਵੀ ਨਹੀਂ ਦੱਸਣਾ ਚਾਹੁੰਦੇ ਕਿ ਸਿਰਫ਼ ਕਾਲੇ ਧਨ ਦੀ ਵਿਦੇਸ਼ਾਂ ਤੋਂ ਵਾਪਸੀ ਨਾਲ ਕਾਲੇ ਧਨ ਦੀ ਉਤਪਤੀ ਕਿਵੇਂ ਰੁਕੇਗੀ? ਉਹ ਇਹ ਵੀ ਨਹੀਂ ਦਸ ਰਹੇ ਹਨ ਕਿ ਉਹਨਾਂ ਦੀ ਸਿਵਲ ਸੁਸਾਇਟੀ ਮੁਹਿੰਮ ਕਿਸ ਤਰ੍ਹਾਂ ਦੀ ਰਾਜਨੀਤੀ ਕਰੇਗੀ? ਟੀ. ਵੀ. ਤੇ ਜਿਸ ਤਰ੍ਹਾਂ ਕੁਝ ਹਜ਼ਾਰ ਲੋਕ ਇਕ ਤਰ੍ਹਾਂ ਨਾਲ ਨੇਤਾਵਾਂ ਨੂੰ ਗਾਲਾਂ ਕੱਢਦੇ ਰਹੇ ਹਨ। ਉਹ ਕਿਤੇ ਲੋਕਰਾਜੀ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਸਾਜਿਸ਼ ਤਾਂ ਨਹੀਂ? ਅੰਨਾ ਨੇ ਗੁਜਰਾਤ ਦੀ ਕਥਿਤ ਤਰੱਕੀ ਦੇ ਮੱਦੇ ਨਜ਼ਰ ਨਰੇਂਦਰ ਮੋਦੀ ਦੀ ਹਕੂਮਤ ਦੀ ਤਰੀਫ ਕਰਕੇ ਫਿਰਕੂ ਸਮੱਸਿਆ ਤੇ ਉਸ 'ਚੋਂ ਉਪਜੇ ਦੰਗਿਆਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਇਹ ਇੱਕ ਵੱਡੀ ਭੁੱਲ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਪ੍ਰੋਫੈਸਰ ਜੋਆ ਹਸਨ ਇਸ 'ਤੇ ਸਟੀਕ ਟਿੱਪਣੀ ਕਰਦੀ ਹੈ ਕਿ ਵਿਕਾਸ ਤੇ ਰਾਜਨੀਤੀ ਨੂੰ ਵੱਖ-ਵੱਖ ਕਰਨਾ ਮੁਸ਼ਕਲ ਹੈ। ਹੈਰਾਨੀ ਦੀ ਗੱਲ ਹੈ ਕਿ ਅੰਨਾ ਨੇ ਉਤਰ ਪ੍ਰਦੇਸ਼ ਦੇ ਬਨਾਰਸ 'ਚ ਨਾ ਪਹੁੰਚਣ 'ਤੇ ਫੋਨ ਤੋਂ ਦਿੱਤੇ ਸੁਨੇਹੇ 'ਚ ਮਾਇਆਵਤੀ ਦੀ ਮਾੜੀ ਹਕੂਮਤ ਦੇ ਕੁਸਾਸ਼ਨ ਉਪਰ ਇਕ ਵੀ ਟਿੱਪਣੀ ਨਹੀਂ ਕੀਤੀ। ਇਕ ਹੋਰ ਮਹੱਤਵਪੂਰਨ ਗੱਲ ਅੰਨਾ ਭ੍ਰਿਸ਼ਟਾਚਾਰ ਦੀ ਸ਼ਿਕਾਰ ਜਨਤਾ ਦੀ ਉਮੀਦ ਜ਼ਰੂਰ ਹੈ ਪਰ ਗਾਂਧੀ ਕਿਸੇ ਵੀ ਹਾਲਤ 'ਚ ਨਹੀਂ। ਨਹਿਰੂ ਮੈਮੋਰੀਅਲ ਮਿਊਜ਼ੀਅਮ ਤੇ ਲਾਇਬ੍ਰੇਰੀ 'ਚ ਫੈਲੋ ਆਲੋਕ ਵਾਜਪਾਈ, ਜੋ ਗਾਂਧੀਵਾਦੀ ਰਾਜਨੀਤੀ ਦੇ ਮਾਹਰ ਹਨ। ਮੁਤਾਬਕ ਮਾਮਲਿਆਂ 'ਚ ਉਹਨਾਂ ਨੇ ਆਪਣੇ ਰਾਜਸੀ ਸਹਿਯੋਗੀਆਂ ਨੂੰ ਸਤਿਆਗ੍ਰਹਿ ਦੀ ਦੁਰਵਰਤੋਂ ਪ੍ਰਤੀ ਚੌਕਸ ਕੀਤਾ।

ਸੱਤਿਆਗ੍ਰਹਿ ਦੀ ਦੁਰਵਰਤੋਂ ਦੁਰਾ ਗ੍ਰਹਿ ਹੈ। ਜੇ ਗਾਂਧੀਵਾਦੀ ਨਜ਼ਰੀਏ ਨਾਲ

ਵਿਸਲੇਸ਼ਣ ਕਰੀਏ ਤਾਂ ਅੰਨਾ ਗਾਂਧੀਵਾਦੀ ਰਾਜਨੀਤੀ ਦੀ ਨੁਮਾਇੰਦਗੀ ਨਹੀਂ ਕਰਦੇ। ਨਹੀਂ ਤਾਂ ਉਹ ਆਪਣੇ ਵਿਰੋਧੀਆਂ ਉਪਰ ਅੰਨੇਵਾਹ ਦੋਸ਼ਾਂ ਦੀ ਬੁਛਾੜ ਨਾ ਕਰਦੇ ਤੇ ਨਾ ਹੀ ਹਰ ਭ੍ਰਿਸ਼ਟਾਚਾਰ ਦੇ ਹੱਥ ਕੱਟਣ ਦੀ ਵਕਾਲਤ। ਇਹ ਤਰੀਕਾ ਗਾਂਧੀ ਦਾ ਨਹੀਂ ਹੈ। ਹਾਂ ਮੀਡੀਆ ਲਈ ਅੰਨਾ ਨੂੰ ਗਾਂਧੀ ਨਾਲ ਜੋੜ ਕੇ ਵਿਖਾਉਣਾ ਅਤੇ ਜ਼ੋਰ-ਜ਼ੋਰ ਨਾਲ ਪ੍ਰਚਾਰ ਕਰਨਾ ਖ਼ਬਰ ਵੇਚਣ ਦਾ ਇਕ ਕਾਰਗਰ ਤਰੀਕਾ ਜ਼ਰੂਰ ਹੈ। ਮੀਡੀਆ ਨੂੰ ਵਿਸ਼ੇ ਦੀ ਗੰਭੀਰਤਾ ਤੇ ਉਸ ਦੇ ਵਿਸਲੇਸ਼ਣ ਨਾਲ ਨਹੀਂ ਬਲਕਿ ਖ਼ਬਰ ਦੀ ਵਿਕਰੀ ਦੀ ਸੰਭਾਵਨਾ 'ਚ ਵੱਧ ਰੁਚੀ ਰਹਿੰਦੀ ਹੈ। ਇਹ ਉਹੀ ਮੀਡੀਆ ਹੈ ਜਿਸ 'ਚ ਕੁੱਝ ਲੋਕ ਨੀਰਾ ਰਾਡੀਆ ਲਈ ਲਾਬਿੰਗ ਕਰਦੇ ਹਨ। ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਖ਼ਬਰਾਂ ਲਿਖਦੇ ਹਨ। ਉਸ ਦੇ ਲਈ ਸਭ ਤੋਂ ਬੇਹਤਰ ਹੈ ਕਿ ਮੁਦੇ ਨੂੰ ਸੋਸ਼ੇਬਾਜ਼ੀ 'ਚ ਬਦਲ ਕੇ ਉਸ ਅੰਦਰ ਛੁਪੀਆਂ ਸਕਾਰਤਮਕ ਸੰਭਾਵਨਾਵਾਂ ਨੂੰ ਵੀਸਾਰ ਦਿੱਤਾ ਜਾਵੇ। ਇਹ ਨਹੀਂ ਭੁੱਲਣਾ ਚਾਹੀਦਾ ਕਿ ਮੀਡੀਆ ਉਸ ਵਿਵਸਥਾ ਅੰਦਰ ਵਧ ਫੁਲ ਰਿਹਾ ਹੈ ਜਿਸਨੂੰ ਮੁੱਢੋ ਬਦਲਣ ਦੀ ਲੋੜ ਹੈ। ਅਪ੍ਰੈਲ 'ਚ ਹੋਏ ਅੰਨਾ ਦੇ ਅੰਦੋਲਨ ਨੇ ਵੇਖਕੇ ਟੀ. ਵੀ. ਕੈਮਰਾ ਪ੍ਰੇਮੀ ਰਾਮਦੇਵ ਨੂੰ ਲੱਗਿਆ ਕਿ ਅੰਨਾ ਦੀ ਦੁਕਾਨ ਉਸ ਤੋਂ ਵੱਧ ਚੱਲਣ ਲੱਗੀ ਹੈ। ਲਿਹਾਜਾ ਉਹਨਾਂ ਨੇ ਵੀ ਜੂਨ 'ਚ ਅੰਦੋਲਨ ਦਾ ਐਲਾਨ ਕਰ ਦਿੱਤਾ ਹਾਲਾਂਕਿ ਆਰ. ਐਸ. ਐਸ. ਬੁਲਾਰਾ ਰਾਮ ਰਾਘਵ ਦੇ ਨਾਲ ਹੈਲੀਕਾਪਟਰ ਰਾਹੀਂ ਅੰਨਾ ਦੇ ਅੰਦੋਲਨ ਵਾਲੀ ਥਾਂ ਜੰਤਰ ਮੰਤਰ 'ਚ ਸ਼ਮੂਲੀਅਤ ਕਰ ਚੁੱਕੇ ਰਾਮਦੇਵ ਨੂੰ ਟੀ. ਵੀ. 'ਚ ਅੰਨਾ ਦੇ ਆਉਣ ਦੀ ਕਸ਼ਕ ਸੀ। ਇਸ 'ਤੇ ਸਵਿੱਸ ਬੈਂਕਾਂ 'ਚ ਜਮ੍ਹਾਂ 14 ਖਰਬ 56 ਅਰਬ ਡਾਲਰ (ਕਾਲਾ ਧਨ) ਲਿਆਉਣ ਤੇ ਉਸ ਨੂੰ ਕੌਮੀ ਜਾਇਦਾਦ ਐਲਾਨਣ, ਭ੍ਰਿਸ਼ਟਾਚਾਰੀਆਂ ਤੇ ਬਲਾਤਕਾਰੀਆਂ ਨੂੰ ਫਾਂਸੀ ਦੀ ਸਜ਼ਾ ਦੇਣ ਦਾ ਨਾਹਰਾ ਬੁਲੰਦ ਕਰਨ ਲੱਗੇ। ਦਿੱਲੀ ਚ ਉਹਨਾਂ ਦੇ ਅੰਦੋਲਨ ਸਥਾਨ ਰਾਮਲੀਲਾ ਮੈਦਾਨ ਨੂੰ ਬਰਾਤ ਦਾ ਸੁਆਗਤ ਕਰਨ ਵਾਂਗ ਸਜਾਇਆ ਗਿਆ। ਪਾਣੀ ਵਾਂਗੂੰ ਪੈਸਾ ਰੋੜ੍ਹਿਆ ਗਿਆ। ਮੇਘਾ, ਪਾਟੇਕਰ ਦੀ ਚਿੰਤਾ ਇਕ ਦਮ ਸਹੀ ਸੀ ਕਿ ਅਜਿਹੀ ਚਮਕ ਦਮਕ ਤੇ ਚਕਾ ਚੌਂਦ ਨਾਲ ਜਨ-ਅੰਦੋਲਨਾਂ ਦੀ ਇਕ ਗਲਤ ਰਵਾਇਤ ਵਿਕਸਤ ਹੋ ਸਕਦੀ ਹੈ। ਦਰਅਸਲ ਰਾਮਦੇਵ ਯੋਗ ਗੁਰੂ ਦੇ ਨਾਲ-ਨਾਲ ਕਾਰਪੋਰੇਟ ਗੁਰੂ ਵੀ ਹਨ ਅਤੇ ਕਾਰਪੋਰੇਟ ਪੂੰਜੀ ਦੇ ਦਮ 'ਤੇ ਜੇ ਅੰਦੋਲਨ ਖੜ੍ਹੇ ਹੋਣ ਲੱਗੇ ਤਾਂ ਕਿਤੇ ਕਾਰਪੋਰੇਟ ਘਰਾਣੇ ਜਨ ਅੰਦੋਲਨਾ ਨੂੰ ਹੀ ਪ੍ਰਭਾਵਿਤ ਨਾ ਕਰਨ ਲੱਗ ਪੈਣ। ਮੈਦਾਨ 'ਚ ਪੈਸੇ ਦਾ ਜੋਰ ਤੇ ਸੰਗਠਨ ਦੀ ਤਾਕਤ ਦਿਸੀ। ਰਾਮਦੇਵ ਭ੍ਰਿਸ਼ਟਾਚਾਰ ਭਜਾਉਂਦੇ-ਭਜਾਉਂਦੇ ਵਿਵਸਥਾ ਤਬਦੀਲੀ ਦੀ ਗੱਲ ਕਰਨ ਲੱਗੇ। ਉਸ ਵਿਵਸਥਾ ਦਾ ਰੂਪ ਕੀ ਹੋਵੇਗਾ। ਉਹਨਾਂ ਦਾ ਮਾਡਲ ਕੀ ਹੈ ਕਿਸ ਤਰ੍ਹਾ ਦੀ ਹਕੂਮਤ ਆਵੇਗੀ। ਉਹ ਸਾਫ਼ ਨਹੀਂ ਕਰਦੇ ਇਹ ਸੱਚ ਹੈ ਕਿ ਰਾਮਦੇਵ ਨੇ ਯੋਗ ਨੂੰ ਅਧੁਨਿਕ ਭਾਰਤ ਲਈ ਫੈਸ਼ਨੇਬਲ ਬਣਾ ਦਿੱਤਾ। ਇਸ ਯੋਗ ਰਾਹੀਂ ਵਪਾਰ ਵਧਾਇਆ। ਦੇਸੀ-ਵਿਦੇਸ਼ੀ ਚੇਲਿਆਂ ਦੀ ਜਮਾਤ ਵਧੀ। ਜੈਟ ਜਹਾਜ 'ਤੇ ਸਫ਼ਰ ਕਰਨ ਲੱਗੇ। ਪੈਸਿਆਂ ਦਾ ਮੀਂਹ ਵਰਣ ਲੱਗਿਆ। ਦੇਸ਼ ਦੇ ਹਰ ਮੁੱਦੇ 'ਤੇ ਵਿਚਾਰ ਜਾਹਰ ਕਰਨ ਲੱਗੇ। ਯੋਗਾ ਤੇ ਪ੍ਰਾਣਾਯਾਮ ਨਾਲ ਕੈਂਸਰ ਠੀਕ ਹੋਣ ਦਾ ਦਾਅਵਾ ਕਰਨ ਲੱਗੇ। ਦੁਨੀਆਂ ਦੇ 100 ਤੋਂ ਵੱਧ ਚੈਨਲਾਂ ਤੋਂ ਉਹਨਾਂ ਦਾ ਪ੍ਰਚਾਰ ਹੋਣ ਲੱਗਿਆ। ਯੋਗਾ ਦਾ ਮੰਡੀਕਰਨ ਕਰਦੇ-ਕਰਦੇ ਉਹ ਖੁਦ ਇਕ ਬ੍ਰਾਂਡ ਬਣ ਗਏ। ਕਿਸੇ ਨੇ ਟਿਵੀਟਰ 'ਤੇ ਠੀਕ ਹੀ ਲਿਖਿਆ

ਸੀ ਕਿ ਬਾਬਾ ਨੇ ਯੋਗਾਸਨ ਨੂੰ ਤਾਂ ਸਭ ਗੁਰ ਸਿਖਾਏ ਪਰ ਇਹ ਨਹੀਂ ਸਿਖਾਇਆ ਕਿ ਦਸ ਸਾਲ 'ਚ ਅਰਬਪਤੀ ਕਿਵੇਂ ਬਣਿਆ ਜਾਵੇ? ਮਈ 2010 'ਚ ਇਕ ਇੰਟਰਵਿਊ 'ਚ ਰਾਮਦੇਵ ਨੇ ਕਿਹਾ ਸੀ-ਹੁਣ ਮੇਰੇ ਕੋਲ ਏਨੀ ਸ਼ਕਤੀ ਹੈ ਕਿ ਮੈਂ ਸਰਕਾਰ ਨੂੰ ਜੜ੍ਹੋਂ ਪੁਟ ਸਕਦਾ ਹਾਂ। ਦੰਭ ਨਾਲ ਭਰੇ ਰਾਮਦੇਵ ਦੇ ਅੰਦੋਲਨ ਵਾਲੀ ਥਾਂ 'ਤੇ ਭੀੜ ਜ਼ਰੂਰ ਸੀ ਪਰ ਉਸਦੇ ਭਗਤ ਹੀ ਸਨ ਨਾ ਕਿ ਭ੍ਰਿਸ਼ਟਾਚਾਰ ਨਾਲ ਲੜਨ ਵਾਲੇ ਪ੍ਰਤੀਬੱਧ ਲੋਕ। ਜਿਸ ਤਰ੍ਹਾਂ ਪੁਲਸੀ ਡਾਗਾਂ ਮੂਹਰੇ ਰਾਮਦੇਵ ਭੱਜ ਖੜ੍ਹੇ ਹੋਏ। ਭ੍ਰਿਸ਼ਟਾਚਾਰ ਖਿਲਾਫ਼ ਲੜ ਰਹੇ ਸ਼ਹਿਰੀਆਂ ਲਈ ਇਹ ਸਬਕ ਹੈ ਕਿ ਸਤਿਆਗ੍ਰਹਿ ਇਕ ਵੱਡਾ ਹਥਿਆਰ ਹੈ, ਪਰ ਇਸ ਪਿੱਛੇ ਇਮਾਨਦਾਰੀ ਤੇ ਆਤਮ ਵਿਸਵਾਸ਼ ਦਾ ਹੋਣਾ ਜ਼ਰੂਰੀ ਹੈ। ਇਹ ਸੱਚ ਦੀ ਲੜਾਈ ਤਾਂ ਲੜ ਸਕਦਾ ਹੈ ਜੇ ਮੌਕਾ ਪ੍ਰਸਤੀ ਨਾ ਹੋਵੇ। ਗੁਪਤ ਸਮਝੌਤੇ ਕਰਕੇ ਸਾਥੀਆਂ ਨੂੰ ਹਨੇਰੇ 'ਚ ਰੱਖਣਾ ਸਤਿਆਗ੍ਰਹਿ ਦਾ ਹਿੱਸਾ ਨਹੀਂ ਹੋ ਸਕਦਾ ਹੈ ਜੋ ਰਾਮਦੇਵ ਤੇ ਬਾਲਕ੍ਰਿਸ਼ਣ ਨੇ ਕੀਤਾ। ਜੇ ਅਸੀਂ ਸਮਾਜ 'ਚ ਸੁਚਿਤਾ ਲਿਆਉਣ ਲਈ ਲੜ ਰਹੇ ਹਾਂ ਤਾਂ ਪਹਿਲਾਂ ਉਹ ਸਾਡੇ ਕਿਰਦਾਰ 'ਚ ਨਜ਼ਰ ਆਉਣੀ ਚਾਹੀਦੀ ਹੈ। ਰਾਮਦੇਵ ਦੇ ਅੰਦੋਲਨ 'ਚ ਨਾ ਪਾਰਦਰਸ਼ਤਾ ਸੀ ਨਾ ਨਿਹਚਾ। ਵੱਡੇ ਘਰਾਣਿਆਂ ਤੇ ਇੰਟਰਨੈੱਟ 'ਚ ਗੋਤਾ ਲਾ ਰਹੇ ਉਚ ਮੱਧ ਵਰਗ ਦੇ ਨਾਂ 'ਤੇ ਜਾਂ ਸਿਰਫ਼ ਮੁੱਠੀਭਰ ਯੋਗਾ ਕੈਂਪਾਂ ਦੇ ਆਸਰੇ ਭ੍ਰਿਸ਼ਟਾਚਾਰ ਖਿਲਾਫ਼ ਮੁਹਿੰਮ ਬਹੁਤੇ ਦਿਨਾਂ ਤੱਕ ਚੱਲ ਨਹੀਂ ਸਕਦੀ। ਆਮ ਆਦਮੀ ਭ੍ਰਿਸ਼ਟਾਚਾਰ ਤੋਂ ਪੀੜਤ ਹੈ। ਇਸ ਲਈ ਮੌਕਾ ਮਿਲਦਿਆਂ ਹੀ ਉਹ ਇਸ ਖਿਲਾਫ਼ ਆਵਾਜ਼ ਬੁਲੰਦ ਕਰਦਾ ਹੈ।

ਨਰਸਿਮਾ ਰਾਓ, ਚੰਦਰ ਬਾਬੂ ਨਾਇਡੂ, ਭਾਜਪਾ ਦਾ ਕਪੋਲ ਕਲਪਿਤ ਇੰਡੀਆ ਸਾਈਨਿੰਗ ਜਾਂ ਖੱਬਿਆਂ ਦਾ ਪੱਛਮੀ ਬੰਗਾਲ। ਜਨਤਾ ਨੇ ਕਿਸੇ ਨੂੰ ਵੀ ਨਹੀਂ ਬਖਸ਼ਿਆ। ਕਾਲਾ ਧਨ ਵਾਪਸ ਨਾ ਲਿਆਉਣ ਲਈ ਇਕੱਲੀ ਯੂ. ਪੀ. ਏ. ਸਰਕਾਰ ਹੀ ਜ਼ਿੰਮੇਵਾਰ ਨਹੀਂ ਹੈ। ਜਨਤਾ ਪਾਰਟੀ, ਇੰਦਰਾ ਗਾਂਧੀ ਤੇ ਅਟਲ ਬਿਹਾਰੀ ਵਾਜਪਾਈ ਦੀਆਂ ਸਰਕਾਰਾਂ 'ਚ ਵੀ ਇਹ ਮਾਮਲਾ ਉਠਿਆ ਸੀ ਪਰ ਸਰਕਾਰਾਂ ਇਸ ਪ੍ਰਤੀ ਉਦਾਸੀਨ ਹੀ ਰਹੀਆਂ। ਦਿਲੀ ਦਾ ਮੀਡੀਆ ਦੇਸ਼ ਦੇ ਦੂਜੇ ਹਿੱਸਿਆਂ ਤੋਂ ਲਗਭਗ ਕੱਟਿਆ ਹੋਇਆ ਹੈ। ਇਹ ਰਾਮਦੇਵ ਭਲੀਭਾਂਤ ਜਾਣਦੇ ਹਨ। ਇਸ ਲਈ ਉਹ ਭੁੱਖ ਹੜਤਾਲ ਰੱਖਕੇ ਦਿਲੀ ਪੁੱਜੇ। ਉਹਨਾਂ ਦੇ ਵਰਤ ਤੇ ਉਸ ਤੋਂ ਪਿੱਛੋਂ ਦੇ ਘਟਨਾਕ੍ਰਮ ਦੀ ਕਵਰੇਜ਼ ਵਿੱਚ ਕੌਮੀ ਮੀਡੀਆ ਸਾਫ਼ ਦਿਸਿਆ। ਪੁਲਸ ਕਾਰਵਾਈ ਦਾ ਦ੍ਰਿਸ਼ ਕਈ ਦਿਨ ਤੱਕ ਮੀਡੀਆ ਲਗਾਤਾਰ ਵਿਖਾਉਂਦਾ ਰਿਹਾ। ਉਹਨਾਂ ਦੇ ਬਿਆਨ ਵਧਾ ਚੜ੍ਹਾ ਕੇ ਪੇਸ਼ ਕਰਦਾ ਰਿਹਾ ਜੋ ਇਸ ਨੂੰ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਦੇ ਬਰਾਬਰ ਦਸਦੇ ਰਹੇ। ਅਸਲ 'ਚ ਦੇਸ਼ 'ਚ ਪੁਲਸੀ ਬੇਰਹਿਮੀ ਦੇਸ਼ 'ਚ ਜਿੰਨੀ ਦੇਖਣ ਨੂੰ ਮਿਲਦੀ ਹੈ ਉਸ ਦੇ ਮੁਕਾਬਲੇ ਇਹ ਕੁਝ ਵੀ ਨਹੀਂ ਸੀ। ਉਤਰ ਪ੍ਰਦੇਸ਼ 'ਚ ਬੀਤੇ ਮਹੀਨਿਆਂ 'ਚ ਧਰਨੇ ਮੁਜਾਹਰੇ ਕਰਨ ਵਾਲੇ ਸਿੱਖਿਆ ਕਰਮੀਆਂ 'ਤੇ ਜਿਸ ਤਰ੍ਹਾ ਜਾਬਰ ਲਾਠੀਚਾਰਜ ਹੋਏ ਉਸ ਨੇ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ। ਮੁਜਾਹਰਾ ਕਰਨ ਵਾਲੇ ਸੈਂਕੜੇ ਲੋਕਾਂ ਨੂੰ ਗੋਮਤੀ ਨਦੀ 'ਚ ਛਾਲਾਂ ਮਾਰ ਕੇ ਕਿਸ ਤਰ੍ਹਾਂ ਜਾਨਾ ਬਚਾਉਣੀਆਂ ਪਈਆਂ ਛਤੀਸ਼ਗੜ੍ਹ 'ਚ ਸਲਵਾ ਜੂਡਮ ਦਾ ਵਿਰੋਧ ਕਰਨ ਵਾਲੇ ਪੇਂਡੂਆਂ 'ਤੇ ਪੁਲਸ ਹਮਲੇ ਕਰਦੀ ਰਹਿੰਦੀ ਹੈ। ਪਰ ਕੌਮੀ ਮੀਡੀਆ 'ਚ ਇਸ ਅਤਿਆਚਾਰ ਤੇ ਬੇਰਹਿਮੀ ਨੂੰ ਥਾਂ ਨਹੀਂ ਮਿਲਦੀ। ਮੀਡੀਆ ਰਾਮਦੇਵ ਦੀ ਤੁਲਨਾ

ਗਾਂਧੀ ਨਾਲ ਕਰਨ ਲੱਗਿਆ, ਜੋ ਹੋ ਹੀ ਨਹੀਂ ਸਕਦਾ। ਗਾਂਧੀ ਦਿਲ ਬਦਲਣ ਦੀ ਗੱਲ ਕਰਦੇ ਸਨ ਤੇ ਰਾਮਦੇਵ ਸਿੱਧਾ ਫਾਂਸੀ 'ਤੇ ਲਟਕਾਉਣ ਦੀ ਗੱਲ ਕਰਦੇ ਸਨ। ਅਸਲੀ ਸਨਿਆਸੀ ਆਪਣੇ ਆਪ ਨੂੰ ਮੋਹ-ਮਾਇਆ ਤੋਂ ਮੁਕਤ ਕਰਦਾ ਹੈ ਜਦਕਿ ਦਸ ਸਾਲ ਪਹਿਲਾਂ ਸਾਈਕਲ 'ਤੇ ਚੱਲਣ ਵਾਲੇ ਰਾਮਦੇਵ ਅੱਜ ਹਜ਼ਾਰਾਂ ਕਰੋੜ ਦੀ ਜਾਇਦਾਦ ਦਾ ਮਾਲਕ ਬਣ ਗਏ ਹਨ। ਉਥੇ ਦੂਜੇ ਪਾਸੇ ਇਕ ਫਕਰ ਸਨਿਆਸੀ ਵਾਂਗੂੰ ਮੀਡੀਆ ਦੀ ਚਕਾਚੌਂਦ ਅਤੇ ਗਲੈਮਰ ਤੋਂ ਦੂਰ ਸਵਾਮੀ ਨਿਗਮਾਨੰਦ ਨੇ ਇਕ ਬੇਹੱਦ ਜ਼ਮੀਨੀ ਮੁਦਾ ਉਠਾਇਆ ਸੀ। ਰਾਮਦੇਵ ਵਾਂਗੂੰ ਬੜਬੋਲੇ ਪਣ ਦੀ ਬਜਾਏ ਨਿਗਮਾਨੰਦ ਨੇ ਗੰਗਾ ਦੇ ਕਿਨਾਰੇ ਚਲ ਰਹੇ ਸਟੌਂਕ, ਕ੍ਰੈਸ਼ਰਾਂ ਨੂੰ ਬੰਦ ਕਰਨ ਨੂੰ ਆਪਣੀ ਮੁਹਿੰਮ ਬਣਾਇਆ। ਇਕ ਸੰਨਿਆਸੀ ਗੰਗਾ ਦੀ 4 ਵਿਤਰਤਾ ਲਈ ਖੁਦਾਈ ਮਾਫੀਆ ਦੇ ਸਾਹਮਣੇ ਆਪਣੀ ਸਮੁੱਚੀ ਇੱਛਾ ਸ਼ਕਤੀ ਨਾਲ ਬੈਠ ਗਿਆ। ਸੰਨ 2008 'ਚ ਨਿਗਮਾਨੰਦ 73 ਦਿਨਾਂ ਤੱਕ ਭੁੱਖ ਹੜਤਾਲ 'ਤੇ ਰਹੇ ਅਤੇ ਇਸ ਵਾਰੀ ਇਸ ਮੁਹਿੰਮ 'ਚ ਸ਼ਹੀਦ ਹੀ ਹੋ ਗਏ। ਪਰ ਨਿਗਮਾਨੰਦ ਨੇ ਮੀਡੀਆ ਨੂੰ ਕੋਈ ਮਸਾਲਾ ਨਹੀਂ ਦਿੱਤਾ ਕਿਉਂਕਿ ਨਿਗਮ ਨੰਦ ਚੁਪਚਾਪ, ਜੋ ਕਰ ਸਕਦੇ ਸੀ ਕਰਨ 'ਚ ਯਕੀਨ ਰੱਖਦੇ ਸੀ ਨਾ ਕਿ ਦਿਲੀ ਜਾ ਕੇ ਵਾਹ-ਵਾਹ ਖੱਟਣ 'ਚ ਉਹਨਾਂ ਦੀ ਸ਼ਹਾਦਤ 'ਤੇ ਬੋਲਣ (ਅਸ਼ ਅਸ਼ ਕਰਨ) ਵਾਲੇ ਇਹ ਭੁੱਲ ਗਏ ਕਿ ਜਿਸ ਮਾਮਲੇ ਸਬੰਧੀ ਨਿਗਮਾ ਨੰਦ ਨੇ ਮਰਨ ਵਰਤ ਰੱਖਿਆ ਉਹ ਭ੍ਰਿਸ਼ਟਾਚਾਰ ਨਾਲ ਜੁੜਿਆ ਸੀ।

ਗੰਗਾ ਇਸ ਦੇਸ਼ ਦੇ ਬੇਲਗਾਮ ਭ੍ਰਿਸ਼ਟਾਚਾਰ ਦੀ ਪ੍ਰਤੀਕ ਬਣ ਚੁੱਕੀ ਹੈ। ਇਸ ਨੂੰ ਸਾਫ਼ ਕਰਨ ਦੇ ਬਹਾਨੇ ਨੇਤਾਵਾਂ ਤੇ ਨੌਕਰਸ਼ਾਹਾਂ ਨੇ ਬੇਹਿਸਾਬ ਸਰਕਾਰੀ ਪੈਸੇ ਦੀ ਲੁੱਟ ਕੀਤੀ। ਸਰਕਾਰ ਖਾਤਰ ਕਿਸੇ ਦੇ ਮਰਨ-ਜਿਉਣ ਤੱਕ ਕੋਈ ਮਤਲਬ ਨਹੀਂ ਹੁੰਦਾ ਜਦ ਤੱਕ ਉਹਨਾਂ ਦਾ ਰਾਜਸੀ ਲਾਭ ਨਾ ਹੁੰਦਾ ਹੋਵੇ। ਨਿਗਮਾਨੰਦ ਬਾਰੇ ਇਹ ਗੱਲ ਪੂਰੀ ਤਰ੍ਹਾਂ ਢੁਕਦੀ ਹੈ। ਉਤਰਾਖੰਡ ਦੀ ਭਾਜਪਾ ਸਰਕਾਰ ਤੇ ਸੰਤ ਸਮਾਜ ਨੇ ਰਾਮਦੇਵ ਦੇ ਵਰਤ ਨੂੰ ਸਿਰ ਮੱਥੇ ਤੇ ਬਿਠਾ ਲਿਆ। ਮੁੱਖ ਮੰਤਰੀ ਨਿਸ਼ੰਕ ਤੋਂ ਲੈ ਕੇ ਵੱਡੇ ਸੰਤ ਤੱਕ ਜੂਸ ਦਾ ਗਿਲਾਸ ਹੱਥਾਂ 'ਚ ਫੜੀ ਹਸਪਤਾਲ ਪਹੁੰਚ ਗਏ। ਉਸੇ ਜੌਲੀਗ੍ਰਾਂਟ ਹਸਪਤਾਲ 'ਚ ਭਰਤੀ ਰਹੇ ਨਿਗਮਾਨੰਦ ਨੂੰ ਦੇਖਣ, ਨਾ ਨੇਤਾ ਗਏ ਨਾ ਸੰਤ ਸਮਾਜ। ਇਹਨਾਂ ਘਟਨਾ ਸਰਕਾਰ ਦੇ ਨਾਲ-ਨਾਲ ਸਾਧੂ ਸੰਤਾਂ 'ਤੇ ਵੀ ਸੁਆਲ ਖੜ੍ਹੇ ਕਰਦੀ ਹੈ ਕਿ ਕੀ ਉਹਨਾਂ ਲਈ ਸਾਰਥਕ ਉਦੇਸ਼ ਦੀ ਥਾਂ ਪ੍ਰਚਾਰ ਹੀ ਉਤਮ ਹੈ। ਦਰਅਸਲ ਗੰਗਾ ਨੂੰ ਬਚਾਉਣ ਲਈ ਅਜੇ ਤੱਕ, ਸਰਕਾਰੀ ਤੇ ਗੈਰ ਸਰਕਾਰੀ ਯਤਨ ਨਾਕਾਮ ਸਾਬਤ ਹੋਏ ਹਨ। ਇਸ ਲਈ ਜਾਨਾਂ ਲਾਉਣ ਵਾਲੇ ਸਮੂਹਕ ਯਤਨ ਦੇਖਣ ਨੂੰ ਮਿਲਦੇ ਹੀ ਨਹੀਂ। ਸੰਨ 1990 ਤੋਂ ਚਲਾਏ ਜਾ ਰਹੇ ਗੰਗਾ ਐਕਸ਼ਨ ਪਲਾਨ ਦੇ ਤਹਿਤ 960 ਕਰੋੜ ਰੁਪਏ ਖਰਚ ਕੀਤੇ ਗਏ ਪਰ ਨਾ ਗੰਗਾ ਦੀ ਬੇਹਤਰੀ ਹੋ ਸਕਦੀ ਨਾ ਇਹ ਤਹਿ ਹੋ ਸਕਿਆ ਕਿ ਗੰਗਾ ਨੂੰ ਕਿਵੇਂ ਨਿਰਮਲ ਬਣਾਇਆ ਜਾ ਸਕਦਾ ਹੈ। ਜਦ ਸਫਾਈ ਦੀ ਜ਼ਿੰਮੇਵਾਰੀ ਨੇਸ਼ਨਲ ਗੰਗਾ ਰਿਵਰ ਬੇਸਿਨ ਅਥਾਰਟੀ ਨੂੰ ਸੌਂਪੀ ਗਈ ਹੈ ਵਿਸ਼ਵ ਬੈਂਕ ਨੇ ਨਵਾਂ ਕਲੀਨ ਗੰਗਾ ਪ੍ਰੋਜੈਕਟ ਦੇ ਤਹਿਤ ਅਕਤੂਬਰ 2009 'ਚ ਇੱਕ ਬਿਲੀਅਨ ਡਾਲਰ ਮੰਜੂਰ ਕੀਤੇ ਹਨ। ਗੰਗਾ ਦੀ ਸਫਾਈ ਲਈ ਪਹਿਲਾਂ ਉਹਨਾਂ ਕਾਰਖਾਨਿਆਂ 'ਤੇ ਸਖਤ ਨਜ਼ਰ ਰੱਖਣੀ ਹੋਵੇਗੀ ਜੋ ਆਪਣੇ ਜ਼ਹਿਰੀਲੇ ਰਸਾਇਣ 'ਚ ਮਿਲਾਉਂਦੇ ਹਨ। ਅਜਿਹਾ ਕਰਨਾ ਨਿਸਚੈ ਹੀ ਕਠਨ ਹੈ ਕਿਉਂਕਿ ਕਾਰਖਾਨਿਆਂ ਦੇ

ਮਾਲਕ ਭ੍ਰਿਸ਼ਟ ਅਫਸਰਾਂ ਨੂੰ ਮਲਾਈ ਖਵਾਉਂਦੇ ਹਨ। ਸਮੱਸਿਆ ਸਿਰਫ਼ ਗੰਗਾ ਦੀ ਹੀ ਨਹੀਂ ਹੈ। ਭਾਰਤ ਦੀਆਂ ਸਾਰੀਆਂ ਨਦੀਆਂ ਏਨੀਆਂ ਦੂਸ਼ਿਤ ਹੋ ਚੁੱਕੀਆਂ ਹਨ ਕਿ ਕੇਂਦਰੀ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਤਕ ਨੇ ਖੁਦ ਮੰਨਿਆ ਹੈ ਕਿ ਸਾਰੀਆਂ ਨਦੀਆਂ ਸੀਵਰੇਜ਼ ਬਣ ਚੁੱਕੀਆਂ ਹਨ। ਗੰਗਾ ਨੂੰ ਸਾਫ਼ ਸੁਥਰਾ ਬਣਾਉਣ 'ਚ ਲੱਗੇ ਬਨਾਰਸ ਨਿਵਾਸੀ ਮਹੰਤ ਵੀ ਭੱਦਰ ਮਿਸ਼ਰ ਨੇ ਗੰਗਾ 'ਚ ਮੈਲੇ ਪਾਣੀ ਨੂੰ ਸੁੱਟਣ ਤੋਂ ਰੋਕਣ ਦਾ ਸੁਝਾਅ ਦਿੱਤਾ ਪਰ ਗੰਗਾ ਪ੍ਰਤੀ ਗੰਭੀਰ ਜ਼ਿਮੇਵਾਰਾਂ ਨੇ ਧਿਆਨ ਨਹੀਂ ਦਿੱਤਾ। ਦਰਅਸਲ ਨਿਗਮਾ ਨੰਦ ਵੇਦ ਪੁਰਾਣਾ ਦੇ ਜਾਣਕਾਰ ਸੰਤ ਸਨ। ਉਹ ਰਾਮਦੇਵ ਵਾਂਗੂ ਕਾਰਪੋਰੇਟ ਸੰਤ ਨਹੀਂ ਸਨ ਜਿਹਨਾਂ ਦਾ 1100 ਕਰੋੜ ਦਾ ਸਾਮਰਾਜ ਹੈ। ਇਹ ਨਹੀਂ ਉਤਰਾਖੰਡ 'ਚ ਕੁਝ ਦਿਨ ਪਹਿਲਾਂ ਗੰਗਾ ਦੇ ਮਸਲੇ 'ਤੇ ਉਮਾ ਮੰਤਰੀ ਨੇ ਭੁੱਖ ਹੜਤਾਲ ਰੱਖੀ ਸੀ। ਉਹਨਾਂ ਦੀ ਮੁੱਖ ਮੰਤਰੀ ਨਿਸ਼ੰਕ ਨੇ ਭੁੱਖ ਹੜਤਾਲ ਖੁਲਵਾਈ ਸੀ ਪਰ ਖੁਦਾਈ ਮੁਆਫੀਆਂ ਤੇ ਨਿਸੰਕ ਸਰਕਾਰ ਦੇ ਨਾਪਾਕ ਗਠਜੋੜ ਕਾਰਨ ਨਿਸੰਕ ਨੇ ਸਾਹ ਤੱਕ ਨਹੀਂ ਲਿਆ। ਰਾਮਦੇਵ ਤੇ ਦਿਲੀ ਤੋਂ ਪਤੱਜਲੀ ਯੋਗਪੀਠ ਤੱਕ ਚੌਕਸ ਨਿਗਾਹ ਰੱਖਣ ਵਾਲੀ ਕਾਂਗਰਸ ਨੇ ਵੀ ਨਿਗਮਾ ਨੰਦ ਦੀ ਚਿੰਤਾ ਨਹੀਂ ਕੀਤੀ। ਉਹਨਾਂ ਦੀ ਮੌਤ ਪਿੱਛੋਂ ਸਭ ਰਾਗ ਅਲਾਪ ਰਹੇ ਹਨ, ਮੀਡੀਆ ਵੀ। ਹਰ ਦੁਆਰ ਦਾ ਮਾਤਰ ਸਦਨ ਪਿਛਲੇ 12 ਸਾਲਾਂ ਤੋਂ ਗੰਗਾ 'ਚ ਹੋ ਰਹੀ ਗੈਰ ਕਾਨੂੰਨ ਖੁਦਾਈ ਲਈ ਮੋਰਚਾ ਲਾਈ ਬੈਠਾ ਹੈ।

ਆਸ਼ਰਮ ਦੇ ਸੰਤ ਨਿਗਮਾ ਨੰਦ 68 ਦਿਨ ਭੁੱਖ ਹੜਤਾਲ ਕਰਨ ਪਿੱਛੋਂ ਗ੍ਰਿਫ਼ਤਾਰ ਕਰਕੇ ਹਸਪਤਾਲ 'ਚ ਭਰਤੀ ਕਰਵਾ ਦਿੱਤੇ ਗਏ ਪਰ ਸਰਕਾਰੀ ਤੰਤਰ ਪਤਾ ਲੈਣ ਨਹੀਂ ਆਇਆ। ਉਥੇ ਮੀਡੀਆ ਸਿਰਫ, ਵਿਕਣ ਵਾਲੀਆਂ ਚੀਜ਼ਾਂ ਨੂੰ ਵਧਾਉਂਦਾ ਤੇ ਪੜ੍ਹਾਉਂਦਾ ਹੈ। ਟੀ ਆਰਪੀ ਤੇ ਪਾਠਕਾਂ ਦੀ ਖਾਤਰ ਜਾਨ ਦੇਣ ਵਾਲੇ ਮੀਡੀਆ ਨੂੰ ਨਿਗਮਾ ਨੰਦ ਦਾ ਮੁੱਦਾ ਰਾਸ ਨਹੀਂ ਆਇਆ। ਉਹਨਾਂ ਦੀ ਭੁੱਖ ਹੜਤਾਲ ਵਿਕਾਊ ਨਹੀਂ ਲੱਗੀ। ਸੁਆਲ ਇਹ ਹੈ ਕਿ ਜੇ ਨਿਗਮਾ ਨੰਦ ਦੀ ਭੁੱਖ ਹੜਤਾਲ ਵਿਕਾਊ ਨਹੀਂ ਸੀ ਤਾਂ ਉਹਨਾਂ ਦੀ ਮੌਤ ਪਿੱਛੋਂ ਮੀਡੀਆ ਆਖਰ ਸਰਗਰਮ ਕਿਉਂ ਹੋਇਆ? ਇਹ ਇਸ ਲਈ ਕਿ ਉਹ ਮੌਤ ਨੂੰ ਵੇਚਣ 'ਚ ਵੀ ਮਾਹਰ ਹੈ। ਮੀਡੀਆ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਮੁੱਦਾ ਮਹੱਤਵ ਰੱਖਦਾ ਹੈ, ਉਸ ਨੂੰ ਉਭਾਰਨ ਵਾਲੇ ਛੋਟੇ ਹੋਣ ਜਾਂ ਉਹਨਾਂ ਦਾ ਇਤਿਹਾਸ ਪਾਕ ਸਾਫ ਭਾਵੇਂ ਨਾ ਵੀ ਹੋਵੇ। ਇਹ ਵੱਧ ਮਾਅਨੇ ਨਹੀਂ ਰੱਖਦਾ। ਸਮਾਚਾਰ ਚੈਨਲਾਂ ਨੇ ਥੀਮ ਬਣਾਇਆ ਕਿ ਕਾਸ਼ ਨਿਗਮਾ ਨੰਦ ਰਾਮ ਦੇਵ ਹੁੰਦੇ। ਇਹ ਗਲਤ ਤੁਲਨਾ ਹੈ। ਨਿਗਮਾ ਨੰਦ ਨੂੰ ਰਾਮਦੇਵ ਹੋਣ ਦੀ ਕੋਈ ਲੋੜ ਨਹੀਂ ਸੀ। ਇਸ 'ਚ ਸੋਧ ਕਰ ਲੈਣੀ ਚਾਹੀਦੀ ਹੈ ਕਿ ਕਾਸ਼ ਰਾਮਦੇਵ ਨਿਗਮਾ ਨੰਦ ਹੁੰਦੇ। ਦੇਸ਼ ਦਾ ਪੁਰਾਤਤਵ ਹਿੱਸਾ ਤਾਂ ਭਾਰਤੀ ਦੇਸ਼ ਦੀ ਮੁਖ ਧਾਰਾ 'ਚ ਹੀ ਸ਼ਾਮਲ ਹੈ। ਫਿਰ ਮੀਡੀਆ ਦੇ ਤਾਂ ਕਹਿਣੇ ਹੀ ਕੀ।

ਮਣੀਪੁਰ ਦੀ ਇਰੋਮ ਸ਼ਰਮੀਲਾ ਨੂੰ ਹਥਿਆਰਬੰਦ ਫ਼ੌਜ ਵਿਸ਼ੇਸ਼ ਅਧਿਕਾਰ ਕਾਨੂੰਨ ਖਿਲਾਫ਼ ਅੰਨ-ਜਲ ਤਿਆਗੇ ਦਸ ਸਾਲ ਹੋ ਗਏ ਹਨ। ਜਿੱਥੇ ਢੀਠ ਸਰਕਾਰ ਨੇ ਨੱਕ 'ਚ ਲੱਗੀ ਨਾਲੀ ਰਾਹੀਂ ਜਬਰਨ ਫੀਡਿੰਗ ਕਰਦਿਆਂ ਇਕ ਦੁਬਲੀ ਪਤਲੀ ਪਰ ਦ੍ਰਿੜਤ ਵਿਚਾਰਾਂ ਵਾਲੀ ਔਰਤ ਨੂੰ ਗੈਰ ਮਨੁੱਖੀ ਜ਼ਿੰਦਗੀ ਜਿਉਣ ਦੀ ਸਜਾ ਦੇ ਰੱਖੀ ਹੈ। ਰਾਜਸੀ ਵਿਰੋਧਾਂ ਦੇ ਇਤਿਹਾਸ 'ਚ ਪੂਰੀ ਦੁਨੀਆਂ 'ਚ ਇਰੋਮ ਦਾ ਕੋਈ ਸਾਨੀ

ਨਹੀਂ ਹੈ। ਮਣੀਪੁਰ ਤੇ ਬਾਕੀ ਪੂਰਬ-ਉਤਰ 'ਚ 1980 'ਚ ਠੋਸੇ ਗਏ ਹਥਿਆਰਬੰਦ ਫੋਰਸ ਵਿਸ਼ੇਸ਼ ਅਧਿਕਾਰ ਕਾਨੂੰਨ ਦੇ ਵਿਰੋਧ 'ਚ ਇਰੋਮਾ ਦਾ ਚਾਰ ਨਵੰਬਰ 2000 ਨੂੰ ਅੰਦੋਲਨ ਸ਼ੁਰੂ ਹੋਇਆ। ਇਹ ਐਕਟ ਸਿਰਫ਼ ਸ਼ੱਕ ਦੇ ਆਧਾਰ 'ਤੇ ਅਮੁਕ ਵਿਅਕਤੀ ਅਪਰਾਧੀ ਹੈ ਜਾਂ ਅਪਰਾਧ ਕਰ ਚੁੱਕਿਆ ਹੈ। ਫ਼ੌਜ ਨੂੰ ਤਾਕਤ ਦੀ ਵਰਤੋਂ, ਗ੍ਰਿਫ਼ਤਾਰੀ ਕਰਨ ਤੇ ਗੋਲੀ ਮਾਰਨ ਤੱਕ ਦੀ ਛੋਟ ਹੈ। ਇਸ ਦੀ ਆੜ 'ਚ ਸੁਰੱਖਿਆ ਫੋਰਸਾਂ ਨੇ ਮਣੀਪੁਰ 'ਚ ਹੁਣ ਤਕ ਹਜ਼ਾਰਾਂ ਲੋਕਾਂ ਦੀ ਹੱਤਿਆ ਕਰ ਦਿੱਤੀ ਹੈ। ਸਰਕਾਰੀ ਅੰਕੜਿਆਂ 'ਚ ਸੰਨ 2009 'ਚ ਇਹ ਗਿਣਤੀ 265 (ਮਨੁੱਖੀ ਅਧਿਕਾਰ ਕਾਰਕੁੰਨਾ ਅਨੁਸਾਰ 300) ਇਸ ਕਾਨੂੰਨ ਕਾਰਨ ਹੋਏ ਅਤਿਆਚਾਰ ਨੇ ਸਾਰੇ ਨਵੇਂ ਖਾੜਕੂ ਸੰਗਠਨਾ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ। ਮਣੀਪੁਰ 'ਚ ਕਾਨੂੰਨ ਲਾਗੂ ਹੋਣ ਸਮੇਂ ਇੱਥੇ ਚਾਰ ਬਾਗੀ ਸੰਗਠਨ ਸਨ ਉਥੇ ਅੱਜ 40 ਹਨ। ਅੰਨਾ ਦੇ ਅੰਦੋਲਨ ਨੂੰ ਵੇਖ ਕੇ ਜੋ ਅਖੌਤੀ ਬੁੱਧੀ-ਜੀਵੀ ਇਹ ਵਕਾਲਤ ਕਰਦੇ ਨਹੀਂ ਥੱਕਦੇ ਕਿ ਸ਼ਾਂਤੀ ਨਾਲ ਅੰਦੋਲਨ ਰਾਹੀਂ ਸਰਕਾਰ ਨੂੰ ਝੁਕਾਇਆ ਜਾ ਸਕਦਾ ਹੈ। ਉਹਨਾਂ ਨੂੰ ਇਰੋਮਾ ਦਾ ਦਸ ਸਾਲਾਂ ਤੋਂ ਚਲਦਾ ਅੰਦੋਲਨ ਕਿਉਂ ਨਹੀਂ ਦਿਸਦਾ। ਜਿਸ ਦੇ ਵਿਰੋਧ 'ਚ ਰਾਜ ਦੀਆਂ ਸਾਰੀਆਂ ਸ਼ਕਤੀਆਂ ਦਸ ਸਾਲਾਂ ਤੋਂ ਇਕਜੁਟ ਹਨ। ਇਰੋਮ ਸ਼ਰਮੀਲਾ ਰਾਜਸੀ ਸੰਘਰਸ਼ ਨਹੀਂ ਚਲਾ ਰਹੀ ਹੈ। ਉਸ ਦਾ ਸੱਤਿਆਗ੍ਰਹਿ ਕਿਸੇ ਤਰ੍ਹਾਂ ਦੀ ਵਿਚਾਰਕ ਉਪਜ ਵੀ ਨਹੀਂ ਹੈ। ਆਪਣੇ ਆਸ-ਪਾਸ ਮੌਤ ਦਾ ਤਾਂਡਵ ਤੇ ਹਿੰਸਾ ਦੇ ਅਮਲ ਦੇ ਵਿਰੋਧ 'ਚ ਇਹ ਉਹਨਾਂ ਦਾ ਮਾਨਵੀ ਜੁਆਬ ਸੀ। ਛੇ ਸਾਲ ਬਾਅਦ ਉਹਨਾਂ ਨੂੰ ਲੱਗਿਆ ਕਿ ਦਿਲੀ ਦੂਰ ਹੈ। ਇਸ ਲਈ ਕਾਨੂੰਨ ਬਣਾਉਣ-ਵਿਗਾੜਨ ਵਾਲਿਆਂ ਤੱਕ ਮੇਰਾ ਸੱਤਿਆਗ੍ਰਹਿ ਨਹੀਂ ਪਹੁੰਚ ਰਿਹਾ ਹੈ। ਇਹੀ ਸੋਚ ਕੇ ਇਰੋਮਾ ਨੇ 3 ਅਕਤੂਬਰ 2006 ਨੂੰ ਦਿਲੀ ਦੇ ਜੰਤਰ ਮੰਤਰ ਤੇ ਡੇਰਾ ਲਾ ਲਿਆ। ਪੁਲਸ ਨੇ ਆਤਮ ਹੱਤਿਆ ਦੀ ਕੋਸ਼ਿਸ਼ 'ਚ ਗ੍ਰਿਫ਼ਤਾਰ ਕਰਕੇ ਹਸਪਤਾਲ ਸੁੱਟ ਦਿੱਤਾ। ਇੰਫਾਲ ਹਸਪਤਾਲ ਦੇ ਇੱਕ ਗੰਦੇ ਕਮਰੇ 'ਚ ਇਹ ਇਕ ਅਪਰਾਧੀ ਵਾਂਗੂੰ ਬੰਦ ਹੈ।

ਭਾਈ ਜੀਤ ਸਿੰਘ ਤੋਂ ਇਲਾਵਾ ਕਿਸੇ ਨੂੰ ਮਿਲਣ ਦੀ ਇਜਾਜਤ ਨਹੀਂ ਹੈ। ਦਸ ਸਾਲ ਪਹਿਲਾਂ ਅੰਦੋਲਨ ਸ਼ੁਰੂ ਕਰਨ ਵਾਲੇ ਦਿਨ ਉਹਨਾਂ ਦੀ ਮਾਂ ਅਸ਼ੀਰਵਾਦ ਦੇਕੇ ਚਲੀ ਗਈ ਸੀ। ਉਸ ਪਿੱਛੋਂ ਉਹ ਕਦੀ ਨਹੀਂ ਮਿਲੀ। ਉਹਨਾਂ ਦਾ ਕਹਿਣਾ ਹੈ ਕਿ ਮਿਲਣ 'ਤੇ ਭਾਵੁਕਤਾ ਆਵੇਗੀ। ਸਮੁੱਚਾ ਦੇਸ਼ ਇਸ ਇਤਿਹਾਸਿਕ ਸੱਤਿਆਗ੍ਰਹਿ ਦੀ ਕਦਰ ਕਰਨ 'ਚ ਅਸਫਲ ਰਿਹਾ ਹੈ। 2004 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਇਸ ਕਾਨੂੰਨ ਦੀ ਸਮੀਖਿਆ ਲਈ ਗਠਿਤ ਜਸਟਿਸ ਜੀਵਨ ਰੈਡੀ ਸੰਮਤੀ ਨੇ ਇਸ ਐਕਟ ਨੂੰ ਖ਼ਤਮ ਕਰਨ ਦੀ ਸਿਫਾਰਸ਼ ਕੀਤੀ ਸੀ ਪਰ ਦੁੱਖ ਦੀ ਗੱਲ ਇਹ ਹੈ ਕਿ ਉਸ ਵੇਲੇ ਦੇ ਰੱਖਿਆ ਮੰਤਰੀ ਨੇ ਇਸ ਨੂੰ ਖਾਰਜ ਕਰ ਦਿੱਤਾ। 2006 ਨੂੰ ਨੋਬੇਲ ਪੁਰਸਕਾਰ ਵਿਜੇਤਾ ਸ਼ਿਰੀਨ ਇਬਾਦੀ ਨੇ ਭਾਰਤ ਫੇਰੀ ਸਮੇਂ ਕਿਹਾ ਸੀ ਕਿ ਜੇ ਇਰੋਮਾ ਸ਼ਰਮੀਲਾ ਮਰਦੀ ਹੈ ਤਾਂ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਜ਼ਿੰਮੇਵਾਰ ਹੋਣਗੇ। ਸਭ ਪਤ੍ਰਕਾਰ ਵੀ ਜ਼ਿੰਮੇਵਾਰ ਹੋਣਗੇ। ਜਿਹਨਾਂ ਨੇ ਆਪਣਾ ਧਰਮ ਨਹੀਂ ਨਿਭਾਇਆ। ਐਕਟ ਦੀ ਆੜ 'ਚ ਮਨੁੱਖ ਅਧਿਕਾਰਾਂ ਦੀ ਬੇਹੱਦ ਉਲੰਘਣਾ ਹੋ ਰਹੀ ਹੈ। ਪੁਲਸ ਫ਼ੌਜ ਤੇ ਨੌਕਰਸ਼ਾਹੀ ਨੇ ਘੋਰ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦਿੱਤੀ ਹੈ। ਅਜਿਹੀ ਹਾਲਤ 'ਚ ਇਰੋਮਾ ਦੀ ਲੜਾਈ ਅੰਨਾ ਤੋਂ ਕਈ ਗੁਣਾ ਵੱਡੀ ਹੈ। ਇਹ ਸਹੀ ਅਰਥਾਂ 'ਚ

ਗਾਂਧੀਵਾਦੀ ਹੈ। ਅਜਿਹੇ 'ਚ ਅਸੀਂ ਉਸ ਔਰਤ ਨੂੰ ਭੁੱਲ ਜਾਂਦੇ ਹਾਂ ਜਿਸ ਨੇ ਬੇਰੋਕ ਹਿੰਸਾ ਦਾ ਜੁਆਬ ਬੇਹੱਦ ਸ਼ਾਂਤੀ ਨਾਲ ਦਿੱਤਾ ਹੈ। 'ਮਣੀਪੁਰ ਟੁੱਟਿਆ ਹੋਇਆ ਤੇ ਉਲਝਿਆ ਸਮਾਜ ਹੈ। ਉਸ ਦਾ ਹੱਲ ਦ੍ਰਿੜ ਅਗਵਾਈ 'ਚ ਹੀ ਖੋਜਿਆ ਜਾ ਸਕਦਾ ਹੈ ਜਿਸ ਨੂੰ ਨਿਭਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਅੱਜ ਵੀ ਮੀਡੀਆ ਨੂੰ ਅੰਨਾ 'ਚ ਗਾਂਧੀ ਤੋਂ ਲੈ ਕੇ ਭਗਤ ਸਿੰਘ ਦਿਸ ਰਹੇ ਹਨ। ਪਰ ਇਹ ਉਸ ਸਮੇਂ ਕਿਹਾ ਸੀ ਜਦ 'ਇਰੋਮ' ਜੰਤਰ ਮੰਤਰ 'ਤੇ ਪਰਤੀ ਸੀ। ਮੀਡੀਆ ਜਨਮਤ ਨੂੰ ਆਪਣੇ ਢੰਗ ਨਾਲ ਦੇਖਦਾ ਹੈ। ਝੂਠ ਤੇ ਫਰੇਬ ਨੂੰ ਸੱਚ ਮਨਾਉਣ ਲਈ ਜਨਮਤ ਲਈ ਜਨਮਤ ਨੂੰ ਪ੍ਰੇਰਿਤ ਕਰਦਾ ਹੈ। ਭਾਰਤੀ ਮੀਡੀਆ ਦਾ ਪਿਛਲੇ ਕਈ ਸਾਲਾਂ 'ਚ ਵਿਸਥਾਰ ਹੋਇਆ ਹੈ। ਪਰ ਵਿਸ਼ਵੀਕਰਨ ਦੇ ਦੌਰ 'ਚ ਇਹ ਸਿਰਫ਼ ਕਾਰਪੋਰੇਟ ਬੂਮ ਹੈ। ਜਿੱਥੇ ਸਰੋਕਾਰਾਂ ਦੀ ਥਾਂ ਟੀ ਆਰ ਪੀ ਹੈ ਤੇ ਕਦਰਾਂ-ਕੀਮਤਾਂ ਦੀ ਥਾਂ ਮੁਨਾਫਾ। ਮੀਡੀਆ ਦੀ ਸਮਾਜ 'ਚ ਸਭ ਤੋਂ ਵੱਡੀ ਭੂਮਿਕਾ ਜਟਿਲ ਮੁੱਦਿਆਂ 'ਤੇ ਗੰਭੀਰ ਅਧਿਐਨ, ਵਿਸਲੇਸ਼ਣ ਤੇ ਸੱਚ ਨੂੰ ਸਾਹਮਣੇ ਲਿਆਉਣ ਦੀ ਕਾਬਲੀਅਤ ਹੋਣੀ ਚਾਹੀਦੀ ਹੈ ਤਾਂ ਕਿ ਲੋਕ ਆਪਣੇ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਆਪਣੀ ਰਾਇ ਬਣਾ ਸਕਣ। ਪਰ ਸਮਾਜ ਦਾ ਮੀਡੀਆ ਰਾਮਦੇਵ ਦਾ ਮੀਡੀਆ ਹੈ। ਨਿਗਮਾ ਨੰਦ ਤੇ ਇਰੋਮ ਸ਼ਰਮੀਲਾ ਦਾ ਨਹੀਂ। ਦਰਅਸਲ ਸੰਸਥਾਗਤ ਪਤਨ ਦਾ ਕੋਈ ਇਕ ਅੰਤ ਨਹੀਂ ਹੁੰਦਾ। ਦੇਸ਼ ਦੀ ਰਾਜਨੀਤੀ ਤੋਂ ਗਰੀਬਾਂ ਤੇ ਗਰੀਬੀ ਦੇ ਮੁੱਦੇ ਉੱਠ ਚੁੱਕੇ ਹਨ। ਆਮ ਆਦਮੀ ਦੀ ਚਰਚਾ ਦੇ ਮੁੱਦੇ ਭਟਕ ਕੇ ਕ੍ਰਿਕਟ ਤੇ ਬਾਲੀਵੁੱਡ ਦੀਆਂ ਅੰਨੀਆਂ ਗੁਫਾਵਾਂ 'ਚ ਠਿਠਕ ਗਏ ਹਨ। ਮੀਡੀਆ ਇਸ ਸਮਾਜ ਦੀ ਭੜਕਣ ਦਾ ਇਕ ਹੋਰ ਸਿੱਟਾ ਹੈ।

# ਬੀੜੀ ਪੱਟੀ ਰਾਜਨੀਤੀ ਦੇ ਚੁੰਗਲ ਵਿਚ ਕਿਵੇਂ?

ਬੀ. ਬੀ. ਸੀ. ਦੇ ਸਾਬਕਾ ਪਤ੍ਰਕਾਰ ਤੇ ਖੋਜੀ ਡੇਨਿਅਲ ਲੈਕ ਜਦ ਬੀੜੀ ਉਦਯੋਗ ਤੇ ਖੋਜ ਕਰਨ ਲਈ ਭਾਰਤ ਦੀ ਪ੍ਰਮੁੱਖ ਬੀੜੀ ਪੱਟੀ ਦਾ ਦੌਰਾ ਕਰ ਰਹੇ ਸਨ ਤਦ ਉਹ ਜ਼ਮੀਨੀ ਸਚਾਈ ਤੋਂ ਬਿਲਕੁਲ ਅਣਭਿੱਜ ਸਨ। ਉਹਨਾਂ ਦੇ ਪੈਰਾਂ ਹੇਠ ਜਮੀਨ ਉਦੋਂ ਖਿਸਕ ਗਈ ਜਦ ਉਹਨਾਂ ਨੂੰ ਪਤਾ ਲੱਗਿਆ ਕਿ ਸਾਰੀ ਦੀ ਸਾਰੀ ਬੀੜੀ ਪੱਟ ਡੂੰਘੇ ਰਾਜਸੀ ਸੰਕਟ ਵਿੱਚ ਹੈ। ਕਿਸੇ ਹੋਰ ਤੰਬਾਕੂ ਉਤਪਾਦ ਦੀ ਤੁਲਨਾ 'ਚ ਕਿਤੇ ਵੱਡੀ ਇਕ ਮੁਲਅੰਕਨ 'ਚ ਡੇਨੀਅਲ ਦਸਦੇ ਹਨ 'ਬੀੜੀ ਉਦਯੋਗ ਦਾ ਰਾਜਸੀ ਗਠਜੋੜ ਸਿਗਰਟ ਉਦਯੋਗ ਤੋਂ ਕਿਤੇ ਵੱਧ ਹੈ ਹਾਲਾਂਕਿ ਸਿਗਰਟ ਦਾ ਬਾਜ਼ਾਰ ਵੱਡਾ ਹੈ। ਪਰ ਜਿੱਥੇ ਸਿਹਤ ਸਬੰਧੀ ਚੇਤਾਵਨੀ ਦਿੱਤੇ ਜਾਣ ਨੂੰ ਸਿਗਰਟ ਲਾਬੀ ਮੰਨ ਗਈ। ਉਥੇ ਬੀੜੀ ਸਨਅਤ 'ਚ ਇਸ ਦਾ ਦੱਬ ਕੇ ਵਿਰੋਧ ਕੀਤਾ ਗਿਆ। ਉਹਨਾਂ ਵਿਰੋਧਾਂ ਨੂੰ ਤਾਕਤ ਰਾਜਸੀ ਗਠਜੋੜ ਤੋਂ ਹੀ ਮਿਲ ਰਿਹਾ ਹੈ।' ਡੇਨੀਅਲ ਦੇ ਦੱਸੇ ਇਸ ਗਠਜੋੜ ਨੂੰ ਬੀੜੀ ਪੱਟੀ ਕੀ ਖਾਕ ਛਾਨਣ ਤੇ ਸਚਾਈ ਦੀ ਤਹਿ ਵਿੱਚ ਜਾਣ ਪਿਛੋਂ ਹੀ ਸਮਝਿਆ ਜਾ ਸਕਦਾ ਹੈ। ਚਾਹੇ ਪੱਛਮੀ ਬੰਗਾਲ ਮੁਰਸ਼ਿਦਾਬਾਦ ਜ਼ਿਲ੍ਹਾ ਹੋਵੇ ਜਾਂ ਮੱਧ ਪ੍ਰਦੇਸ਼ ਦਾ ਸਾਗਰ ਜਾਂ ਫਿਰ ਉਤਰ ਪ੍ਰਦੇਸ਼ ਦਾ ਪੂਰਵਾਂਚਲ ਜਾਂ ਬੁੰਦੇਲਖੰਡ ਦਾ ਇਲਾਕਾ ਹੋਵੇ ਹਰ ਥਾਂ ਸਿਆਸਤ ਹੀ ਸਿਆਸਤ ਹੈ।

ਇਹਨਾਂ ਸਾਡੇ ਇਲਾਕਿਆਂ 'ਚ ਬੀੜੀ ਉਦਯੋਗ 'ਤੇ ਰਾਜਨੀਤੀ ਦੀ ਜਬਰਦਸਤ ਪਕੜ ਹੈ। ਬੀੜੀ ਕੰਪਨੀਆਂ ਦੇ ਮਾਲਕ ਤੇ ਉਹਨਾਂ ਦੇ ਰਿਸ਼ਤੇਦਾਰ ਕਿਸੇ ਨਾ ਕਿਸੇ ਪਾਰਟੀ ਨਾਲ ਜੁੜੇ ਹਨ। ਸ਼ਿਆਮ ਬੀੜੀ (ਸਲਾਨਾ ਟਰਨ ਓਵਰ 300 ਕਰੋੜ ਰੁਪਏ) ਦੇ ਮਾਲਕ ਸ਼ਾਮਚਰਨ ਗੁਪਤਾ ਹਨ ਜੋ ਬਾਂਦਾ ਸੰਸਦੀ ਖੇਤਰ ਤੋਂ ਸਮਾਜਵਾਦੀ ਪਾਰਟੀ ਦੇ ਐਮ. ਪੀ. ਰਹਿ ਚੁੱਕੇ ਹਨ। ਸਾਗਰ ਦੀ "ਜੈਨ ਬੀੜੀ" ਦੇ ਮਾਲਕਾਂ ਵਿੱਚੋਂ ਇਕ ਕਾਂਗਰਸ ਦੇ ਐਮ. ਐਲ. ਏ. ਹਨ ਤਾਂ ਦੂਜੇ ਭਾਜਪਾ ਦੇ। ਇਹ ਲੋਕ ਆਪਣੇ ਰਾਜਸੀ ਸੰਪਰਕਾਂ ਦੇ ਸਹਾਰੇ ਤੇਂਦੂ ਪੱਤੇ ਦਾ ਵਪਾਰ ਨਾ ਸਿਰਫ ਅੱਗੇ ਵਧਾਉਂਦੇ ਹਨ ਬਲਕਿ ਦੱਬ ਕੇ ਮੁਨਾਫਾ ਕਮਾਉਂਦੇ ਹਨ। ਸਥਾਨਕ ਲੋਕਾਂ ਮੁਤਾਬਕ ਜੇ ਕੋਈ ਇਮਾਨਦਾਰ ਅਧਿਕਾਰੀ ਉਹਨਾਂ ਦਾ ਵਿਰੋਧ ਕਰੇ ਤਾਂ ਇਹ ਲੋਕ ਆਪਣੀ ਉਚੀ ਪੈਂਠ ਦੀ ਬਦੌਲਤ ਤਬਾਦਲਾ ਕਰਨ ਤੋਂ ਵੀ ਨਹੀਂ ਭੁਲਦੇ। ਪਿੱਛੇ ਜਿਹੇ ਹੀ ਇੱਕ ਕੇਸ ਖੂਬ ਉਛਾਲਿਆ ਗਿਆ ਸੀ। ਸਾਗਰ ਦੀ ਸਹਾਇਕ ਕਿਰਤ ਨਿਰੀਖਕ ਦੀ ਬਦਲੀ ਜੈਨ ਬੀੜੀ ਕੰਪਨੀ ਦੇ ਮਾਲਕ ਦੇ ਇਸ਼ਾਰੇ 'ਤੇ ਕਰਵਾਈ ਗਈ ਸੀ। ਦਸਦੇ ਹਨ ਕਿ ਉਕਤ ਮਹਿਲਾ ਅਧਿਕਾਰ ਬੀੜੀ ਮਜ਼ਦੂਰਾਂ ਲਈ ਘਟੋ ਘੱਟ ਮਜ਼ਦੂਰੀ ਦੀ ਦਰ ਤਹਿ ਕਰਨ 'ਤੇ ਬਜਿਦ ਸੀ ਅਤੇ ਚਾਹੁੰਦੀ ਸੀ ਕਿ ਕੰਪਨੀ ਮਾਲਕ ਮਜ਼ਦੂਰਾਂ ਨੂੰ ਕਾਨੂੰਨ ਅਨੁਸਾਰ ਮਜ਼ਦੂਰਾਂ ਦੀ ਸਹੀ ਤਨਖਾਹ ਨਿਰਧਾਰਿਤ ਕਰੇ।

ਮੱਧ ਪ੍ਰਦੇਸ਼ 'ਚ ਦਮੋਸ ਜ਼ਿਲ੍ਹੇ ਦੇ ਸਥਾਨਕ ਪਤ੍ਰਕਾਰ ਨੇ ਖੋਜ ਦੌਰਾਨ ਡੇਨੀਅਲ ਨੂੰ ਦੱਸਿਆ ਸੀ ਕਿ ਕਿਵੇਂ ਸਥਾਨਕ ਬੀੜੀ ਕੰਪਨੀਆਂ ਅਤੇ ਨੇਤਾ ਆਪਣੇ ਆਪਣੇ ਨਿੱਜੀ ਸੁਆਰਥਾਂ ਕਾਰਨ ਕਿਸੇ ਵੀ ਦੂਜੀ ਕਿਸਮ ਦੇ ਨਿਵੇਸ਼ ਅਤੇ ਉਦਯੋਗ ਨੂੰ ਇਸ ਖੇਤਰ 'ਚ ਵਧਣ-ਫੁਲਣ ਨਹੀਂ ਦਿੰਦੇ। ਉਦਾਹਰਣ ਵਜੋਂ ਦਸੋਰ 'ਚ ਇਕ ਪਾਸੇ ਜਿੱਥੇ ਬੰਨ ਬਣਾਉਣ ਦਾ ਵਿਰੋਧ ਹੋਇਆ। ਉਥੇ ਸੀਮੇਂਟ ਪਲਾਂਟ ਨੂੰ ਵੀ ਇਨ੍ਹਾਂ

ਲੋਕਾਂ ਦੀ ਮਿਲੀ ਭੁਗਤ ਨੇ ਪੈਰ ਨਹੀਂ ਜਮਾਉਣ ਦਿੱਤੇ। ਕੇਂਦਰੀ ਮੰਤਰੀ ਪ੍ਰਣਾਬ ਮੁਕਰਜੀ ਖੁਦ ਤੰਬਾਕੂ ਪੱਟੀ ਤੋਂ ਚੋਣ ਜਿੱਤ ਕੇ ਆਏ ਹਨ। ਮੁਰਸਿਦਾਬਾਦ (ਪੱਛਮੀ ਬੰਗਾਲ) ਬੀੜੀ ਦੀ ਧਰਤੀ ਵਜੋਂ ਦੇਸ਼ ਭਰ 'ਚ ਮਸ਼ਹੂਰ ਹੈ। ਪ੍ਰਣਬ ਮੁਕਰਜੀ ਇੱਥੋਂ ਹੀ ਮੈਂਬਰ ਪਾਰਲੀਮੈਂਟ ਹਨ 'ਲਓ ਜੀ' ਬੀੜੀ ਵਾਲੇ ਅਤੇ 'ਹਾਜੀ ਅਲੀ ਹਸਨ' ਵਰਗੇ ਬੀੜੀ ਕੰਪਨੀ ਦੇ ਮਾਲਕ ਵੀ ਆਪਣੀ ਰਾਜਨੀਤ ਚਮਕਾਉਣ 'ਚ ਲੱਗੇ ਹੋਏ ਹਨ। ਪਿਛਲੀਆਂ ਚੋਣਾਂ 'ਚ ਹਾਜੀ ਬਸਪਾ ਦੇ ਉਮੀਦਵਾਰ ਸਨ। ਤੀਜੇ ਨੰਬਰ 'ਤੇ ਰਹੇ ਸਨ। 'ਲਾਓ ਜੀ' ਬੀੜੀ ਵਾਲੇ ਵੀ ਰਾਜ ਨੀਤੀ 'ਚ ਅਸਰਦਾਇਕ ਅਹੁਦੇ 'ਤੇ ਬਰਾਜਮਾਨ ਹਨ। ਹੁਣ ਗੱਲ ਕਰੀਏ ਇਕ ਹੋਰ ਕੇਂਦਰੀ ਮੰਤਰੀ ਪ੍ਰਫੁਲ ਪਟੇਲਕੀ। ਉਹ ਮੰਤਰੀ ਬਣਨ ਤੋਂ ਪਹਿਲਾਂ ਬੀੜੀ ਕਿੰਗ ਵਜੋਂ ਮਸ਼ਹੂਰ ਸਨ। ਇਹ ਵੱਖਰੀ ਗੱਲ ਹੈ ਕਿ ਉਹਨਾਂ ਨੇ ਆਪਣੇ ਕੰਪਨੀ ਸਮੂਹ ਸੀਜੇ ਵਿੱਚ ਤੰਬਾਕੂ ਉਤਪਾਦ ਸਭ ਤੋਂ ਘੱਟ ਮਸ਼ਹੂਰ ਕੀਤੇ ਹਨ। ਕਈ ਕੰਪਨੀਆਂ ਦੇ ਨਾਂ ਦੇ ਨਾਲ ਨਾਲ ਇਕ ਕੋਨੇ 'ਚ ਛੋਟੇ ਜਿਹੇ ਅਖਰਾਂ 'ਚ ਟੋਬੈਕੋ ਪ੍ਰੋਡਕਟ ਵੀ ਲਿਖਿਆ ਹੁੰਦਾ ਹੈ। ਇਹ ਜੱਗ ਜਾਹਿਰ ਹੈ ਕਿ ਪ੍ਰਫੁਲ ਪਟੇਲ ਰਾਜਸੀ ਕੈਰੀਅਰ (1984) ਸ਼ੁਰੂ ਕਰਨ ਤੋਂ ਪਹਿਲਾਂ ਤਕ ਬੀੜੀ ਉਦਯੋਗ ਹੀ ਸੰਭਾਲਦੇ ਸਨ। ਤੰਬਾਕੂ ਵਿਰੋਧੀ ਲਾਬੀ ਦਾ ਤਰਕ ਹੈ ਕਿ ਆਖਰ ਇਕ ਬੰਦਾ ਜੋ ਖੁਦ ਬੀੜੀ ਕੰਪਨੀ ਦਾ ਮਾਲਕ ਹੈ, ਤੰਬਾਕੂ 'ਤੇ ਮੰਤਰੀਆਂ ਦੇ ਉਸ ਸਮੂਹ 'ਚ ਕਿਵੇਂ ਸ਼ਾਮਲ ਹੋ ਸਕਦਾ ਹੈ ਜੋ ਸਹੀ ਚੇਤਾਵਨੀ ਲਾਗੂ ਕਰ ਸਬੰਧੀ ਫੈਸਲੇ ਲੈਣ ਲਈ ਬਣਾਈ ਗਈ ਸੀ।

ਇਹ ਨੈਤਿਕ ਤੇ ਕਾਨੂੰਨੀ ਤੌਰ 'ਤੇ ਗਲਤ ਹੈ। ਵਲੰਟਰੀ ਹੈਲਥ ਐਸੋਸੀਏਸ਼ਨ ਆਫ ਇੰਡੀਆ (ਵੀਹਾਈ) ਨੇ ਸੂਚਨਾ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਸਰਕਾਰ ਤੋਂ ਇਸ ਬਾਰੇ ਪੁਛਿਆ ਸੀ ਸਰਕਾਰ ਨੇ ਜੁਆਬ 'ਚ ਰਵਾਇਤੀ ਤੇ ਗੈਰ ਰਵਾਇਤੀ ਦੋਨਾ ਹੀ ਮੀਟਿੰਗਾਂ ਦੀ ਜਾਣਕਾਰੀ ਮੁਹੱਈਆ ਕਰਵਾ ਦਿੱਤੀ ਹੈ। ਜੁਆਬ 'ਚ ਸਪੱਸ਼ਟ ਸੀ ਕਿ ਪ੍ਰਣਬ ਮੁਕਰਜੀ ਦੀ ਪ੍ਰਧਾਨਗੀ 'ਚ 3 ਨਵੰਬਰ 2010 ਨੂੰ ਇਕ ਗੈਰ-ਰਵਾਇਤੀ ਮੀਟਿੰਗ ਬੁਲਾਈ ਗਈ ਸੀ। ਜਿਸ ਦਾ ਮੁੱਦਾ ਨਵੀਂ ਸਜਰੀ ਸਿਹਤ ਚੇਤਾਵਨੀ 'ਤੇ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣਾ ਸੀ। ਮੀਟਿੰਗ 'ਚ ਗੁਲਾਮ ਨਬੀ ਆਜ਼ਾਦ, ਪ੍ਰਫੁਲ ਪਟੇਲ, ਜੈਪਾਲ ਰੈਡੀ ਸ਼ਾਮਲ ਸਨ। ਮੀਟਿੰਗ 'ਚ ਸਰਕਾਰ ਵਲੋਂ 26 ਫਰਵਰੀ 2008 ਨੂੰ ਕੀਤੇ ਫੈਸਲੇ 'ਤੇ ਉਸ ਸਮੇਂ ਬੀੜੀ ਉਦਯੋਗ ਨੁਮਾਇੰਦਿਆਂ ਵਲੋਂ ਜਾਹਰ ਕੀਤੀਆਂ ਜਾ ਰਹੀ ਚਿੰਤਾਵਾਂ 'ਤੇ ਬਹਿਸ ਕੀਤੀ ਗਈ। ਇਸ ਤੋਂ ਇਲਾਵਾ ਕੁਝ ਹੋਰ ਮੁਦੇ ਜਿਵੇਂ ਸਜਰੀ ਚੇਤਾਵਨੀ ਦੇ ਬਦਲਾਅ ਚੱਕਰ ਸਬੰਧੀ ਨਿਯਮ 'ਤੇ ਵੀ ਚਰਚਾ ਹੋਈ ਇਹ ਤਹਿ ਕੀਤਾ ਗਿਆ ਕਿ 12 ਮਹੀਨਿਆਂ ਦਾ ਸਮਾਂ ਘੱਟ ਹੈ ਜਿਸ ਨੂੰ ਬਦਲ ਕੇ 2 ਜਾਂ 3 ਸਾਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਦਯੋਗ ਦੇ ਲੋਕਾਂ ਨੂੰ ਇਸ ਬਦਲਾਅ ਦੀ ਸਾਰੀ ਤਿਆਰੀ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਇਸ ਜੁਆਬ ਨਾਲ ਤੰਬਾਕੂ ਵਿਰੋਧੀ ਲਾਂਬੀ ਬੁਖਲਾ ਗਈ। ਉਹਨਾਂ ਨੂੰ ਇਹਨਾਂ ਮੰਤਰੀਆਂ ਦੀ ਹਾਜ਼ਰੀ ਰੜਕੀ। ਵੀਹਾਈ ਵਲੋਂ ਆਰਟੀ ਆਈ ਪਾਉਣ ਵਾਲੇ ਮੀਡੀਆ ਪ੍ਰਭਾਵੀ ਵਿਨੋਦ ਮਹਿਤਾ ਕਹਿੰਦੇ ਹਨ "ਤੰਬਾਕੂ ਪੱਟੀ ਦੇ ਐਮ. ਪੀ. ਪ੍ਰਣਾਬ ਮੁਕਰਜੀ ਮੰਨੇ ਪ੍ਰਮੰਨੇ ਬੀੜੀ ਕਿੰਗ ਪ੍ਰਫੁਲ ਪਟੇਲ ਜੋ ਲੋਕਾਂ ਨੂੰ ਬੀੜੀ ਰਾਹੀਂ ਮੌਤ ਵੇਚਣ ਦਾ ਕੰਮ ਕਰ ਰਹੇ ਹਨ ਅਤੇ ਜੈਪਾਲ ਰੈਡੀ ਹਮੇਸ਼ਾ ਹੀ ਤੰਬਾਕੂ ਨਾਲ ਜੁੜੇ ਮੁੱਦੇ 'ਤੇ ਇਕੱਠੇ

ਖੜੇ ਦਿਸਦੇ ਹਨ। ਇਹ ਤਿਕੜੀ ਪਿਛਲੇ ਦੋ ਦਹਾਕਿਆਂ ਤੋਂ ਬੀੜੀ ਪੱਟੀ ਲਈ ਬਣਨ ਵਾਲੀਆਂ ਸਿਹਤ ਨੀਤੀਆਂ ਦਾ ਹਿੱਸਾ ਬਣਦੀ ਆਈ ਹੈ। ਜਦਕਿ ਸਿਹਤ ਮੰਤਰਾਲੇ ਨਾਲ ਇਹਨਾਂ ਦਾ ਕੋਈ ਸਬੰਧ ਹੋਣਾ ਹੀ ਨਹੀਂ ਚਾਹੀਦਾ। ਵਿਨੋਯ ਇਹ ਵੀ ਕਹਿੰਦੇ ਹਨ ਕਿ ਅਭਿਸ਼ੇਕ ਮੰਨੂੰ ਸਿੰਘ ਵੀ ਤੇ ਅਰੁਣ ਜੇਤਲੀ ਹੀ ਗੁਟਖਾ ਤੇ ਤੰਬਾਕੂ ਉਦਯੋਗ ਨੂੰ ਹਮਾਇਤ ਦਿੰਦੇ ਹਨ। ਇਹ ਕੰਪਨੀਆਂ ਚੋਣਾ ਸਮੇਂ ਪ੍ਰਚਾਰ ਆਦਿ 'ਤੇ ਖਰਚ ਕਰਦੀਆਂ ਹਨ ਅਤੇ ਬਦਲੇ 'ਚ ਸਰਕਾਰ ਇਹਨਾਂ ਮੁਤਾਬਕ ਨਿਯਮ ਬਣਾਉਂਦੀ ਹੈ। ਕਾਨੂੰਨ ਲਾਗੂ ਕਰਨ ਲਈ ਜ਼ਿੰਮੇਵਾਰ ਏਜੰਸੀਆਂ ਅੱਖਾਂ ਬੰਦ ਕਰ ਲੈਂਦੀਆਂ ਹਨ। ਉਥੇ ਤੰਬਾਕੂ ਉਦਯੋਗ ਨੂੰ ਹੱਲਾਸ਼ੇਰੀ ਮਿਲਦੀ ਹੈ। ਜਦ ਦੇਸ਼ ਦੇ ਸਰਭਉਚ ਇਨਾਮਾਂ-ਸਨਮਾਨਾਂ 'ਚੋਂ ਇਕ ਪਦਮਭੂਸ਼ਨ ਪੁਰਸਕਾਰ ਆਈ. ਟੀ. ਸੀ. ਦੇ ਚੇਅਰਮੈਨ ਵਾਈ. ਸੀ. ਦਵੇਸ਼ਵਰ ਨੂੰ ਮਿਲਦਾ ਹੈ।

ਤੰਬਾਕੂ ਵਿਰੋਧੀ ਲਾਬੀ ਨੂੰ ਸਭ ਤੋਂ ਵੱਧ ਗੁਸਾ ਪ੍ਰਫੁਲ ਪਟੇਲ ਉੱਪਰ ਹੈ। ਉਸ ਦੀ ਨਜ਼ਰ 'ਚ ਪਟੇਲ ਇਸ ਦੇਸ਼ ਦੇ ਸਭ ਤੋਂ ਵੱਡੇ ਬੀੜੀ ਬਾਦਸ਼ਾਹ ਹਨ। ਇਹਨਾਂ ਦਾ ਸਾਮਰਾਜ ਵਿਦਰਭ 'ਚ ਫੈਲਿਆ ਹੈ। ਮੁੰਬਈ ਤੋਂ 990 ਕਿਲੋਮੀਟਰ ਦੂਰ, ਛਤੀਸਗੜ੍ਹ ਤੇ ਮੱਧ-ਪ੍ਰਦੇਸ਼ ਦੀ ਹੱਦ ਨਾਲ ਲੱਗਿਆ। ਸ਼ਹਿਰ ਗੋਂਦੀਆਂ 'ਚ ਬੀੜੀ ਉਦਯੋਗ ਨਾਲ ਕਰੀਬ ਤਿੰਨ ਲੱਖ ਲੋਕ ਜੁੜੇ ਹੋਏ ਹਨ। ਪ੍ਰਫੁਲ ਪਟੇਲ ਨੂੰ ਇਹ ਉਦਯੋਗ ਪਿਤਾ ਪੁਰਖੀ ਵਿਰਾਸਤ 'ਚ ਮਿਲਿਆ ਹੈ। ਉਹ ਦੇ ਬਾਪ ਮਨੋਹਰ ਭਾਈ ਪਟੇਲ ਦਾ ਇਸ ਉਦਯੋਗ 'ਤੇ ਗੌਂਦਿਆ 'ਚ ਦਬਦਬਾ ਰਿਹਾ ਹੈ। ਪੁਰਾਣੇ ਲੋਕ ਦਸਦੇ ਕਿ ਇਹਨਾਂ ਦੇ ਹੁੰਦਿਆਂ ਬੀੜੀ ਮਜ਼ਦੂਰਾਂ ਲਈ ਸਮੇਂ-ਸਮੇਂ ਸਿਰ ਕਲਿਆਣਕਾਰੀ ਯੋਜਨਾਵਾਂ ਵੀ ਲਾਗੂ ਹੁੰਦੀਆਂ ਰਹੀਆਂ ਹਨ। ਮਨੋਹਰ ਭਾਈ ਦੇ ਜਾਣ ਪਿਛੋਂ ਤੋਂ ਬੀੜੀ ਕਿੰਗ ਪ੍ਰਫੁਲ ਪਟੇਲ ਦੇ ਜ਼ਮਾਨੇ 'ਚ ਸਿਰਫ਼ ਯੋਜਨਾਵਾਂ ਦਾ ਸਿਰਫ਼ ਖਰਾਬ ਅਮਲ ਅਤੇ ਕੱਪੜਿਆਂ 'ਚ ਛਿਪੇ ਹੱਡੀਆ ਦੇ ਢਾਂਚੇ ਵੀ ਦਿਸੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਇਥੋਂ ਦੇ ਬੀੜੀ ਕਰਮੀਆਂ ਦੇ ਕਲਿਆਣ ਲਈ 2008-09 'ਚ ਕਰੀਬ 230 ਕਰੋੜ ਖਰਚ ਹੋਏ। ਜ਼ਮੀਨੀ ਹਕੀਕਤ ਕੁਝ ਹੋਰ ਹੈ। ਜਿੱਥੇ ਸਸਤੀ ਮਜ਼ਦੂਰੀ ਹੋਵੇਗੀ, ਉਥੇ ਹੀ ਬੀੜੀ ਬਣੇਗੀ। ਇਹ ਬੀੜੀ ਦਾ ਸਿੱਧਾ ਫੰਡਾ ਹੈ। ਸਸਤੀ ਮਜ਼ਦੂਰੀ ਯਾਨੀ ਗਰੀਬ, ਗੁਰਬੇ ਜੋ ਪੂਰੀ ਤਰ੍ਹਾਂ ਉਪ ਮੁਨਸ਼ੀ, ਫੜ ਮੁਨਸ਼ੀ ਲੋਕ ਨੇਤਾਵਾਂ ਦੇ ਚੁੰਗਲ ਵਿੱਚ। ਬੀੜੀ ਵਰਕਰ-ਯਾਨੀ ਵੋਟ ਬੈਂਕ। ਇਕ ਮੁਨਸ਼ੀ ਦੇ ਕੰਟਰੋਲ 'ਚ ਇਕ ਪਿੰਡ ਹੁੰਦਾ ਹੈ। ਉਹ ਪਿੰਡ ਦੀਆਂ ਵੋਟਾਂ ਦਾ ਨਿਰਣਾ ਕਰਦਾ ਹੈ। ਇਹ ਖੇਡ ਅਨੇਕਾ ਸਾਲਾਂ ਤੋਂ ਚਲਦੀ ਹੈ। ਬੀੜੀ ਫੈਕਟਰੀ 'ਚ ਕਿਸੇ ਅਜਨਬੀ ਦਾ ਜਾਣਾ ਮਨ੍ਹਾ ਹੈ। ਦਫ਼ਤਰ 'ਚ ਰੋਹਬ ਪਾਉਣ ਲਈ ਫੈਕਟਰੀ ਮਾਲਕ ਦੀਆਂ ਪ੍ਰਣਾਬ ਮੁਕਰਜੀ ਨੂੰ ਮਿਲਦਿਆਂ ਦੀਆਂ ਵੱਡੀਆਂ-ਵੱਡੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ।

# ਕੀ ਦਰਸਾਉਂਦਾ ਹੈ ਸਲਵਾ ਜੂਡਮ ਖਿਲਾਫ਼ ਸੁਪਰੀਮ ਕੋਰਟ ਦਾ ਫੈਸਲਾ?

ਪਿਛਲੀ 5 ਜੁਲਾਈ ਨੂੰ ਸੁਪਰੀਮ ਕੋਰਟ ਨੇ ਸਲਵਾ ਜੂਡਮ ਨੂੰ ਭੰਗ ਕਰਨ ਦਾ ਫੈਸਲਾ ਤੇ ਹੁਕਮ ਸੁਣਾਉਂਦਿਆਂ ਛਤੀਸਗੜ ਸਰਕਾਰ ਤੇ ਕੇਂਦਰ ਸਰਕਾਰ ਨੂੰ ਭਾਰੀ ਫਟਕਾਰ ਪਾਈ ਹੈ। ਜੱਜਾਂ ਨੇ ਛਤੀਸਗੜ੍ਹ ਸਰਕਾਰ ਵਲੋਂ ਆਦੀਵਾਸੀ ਨੌਜਵਾਨਾਂ ਦੀ ਵਿਸ਼ੇਸ਼ ਪੁਲਸ ਅਧਿਕਾਰੀ (SPO) ਵਜੋਂ ਭਰਤੀ ਨੂੰ ਗੈਰ ਵਿਧਿਆਨਕ ਦਸਦੇ ਹੋਇਆ। ਉਸ 'ਤੇ ਰੋਕ ਲਾ ਦਿੱਤੀ ਹੈ। ਅਦਾਲਤ ਨੇ ਪ੍ਰੋਫੈਸਰ ਨੰਦਨੀ ਸੁੰਦਰ ਇਤਿਹਾਸਕਾਰ, ਰਾਮਚੰਦਰ ਗੁਹ ਤੇ ਸਾਬਕਾ ਆਈ. ਏ. ਐਸ. ਅਧਿਕਾਰੀ ਈ ਏ ਐਸ ਸੁਰਮਾ ਦੀ ਜਨਤਿਕ ਪਟੀਸ਼ਨ 'ਤੇ ਇਹ ਫੈਸਲਾ ਦਿੱਤਾ ਪਟੀਸ਼ਨ ਅਨੁਸਾਰ ਸਲਵਾ ਜੂਡਮ ਦੇ ਲੋਕ ਘਟੋ ਘੱਟ 537 ਕਤਲ, 99 ਬਲਾਤਕਾਰਾਂ, ਅੱਗਜਨੀ ਦੀ 103 ਘਟਨਾਵਾਂ ਤੇ 644 ਪਿੰਡਾਂ ਨੂੰ ਉਜਾੜਣ ਦੇ ਜ਼ਿੰਮੇਵਾਰ ਹਨ। (ਹਾਲਾਂਕਿ 'ਮੇਨਸਟ੍ਰੀਮ' ਪਤ੍ਰਿਕਾ ਦੇ ਪਿਛਲੇ ਹੀ ਅੰਕ 'ਚ ਛਪੀ ਰੀਪੋਟ ਅਨੁਸਾਰ ਸਲਵਾ ਜੂਡਮ ਦੇ ਲੋਕਾਂ ਵਲੋਂ 2005 ਤੋਂ ਲੈ ਕੇ ਹੁਣ ਤਕ 70 ਪਿੰਡਾਂ ਦੇ ਲਗਭਗ 1500 ਤੋਂ ਵੱਧ ਬੇਗੁਨਾਹ ਲੋਕਾਂ ਦੀ ਹੱਤਿਆ ਕੀਤੀ ਜਾ ਚੁੱਕੀ ਹੈ। ਹਜ਼ਾਰਾਂ ਆਦੀਵਾਸੀ ਔਰਤਾਂ ਨਾਲ ਬਲਾਤਕਾਰ ਕੀਤਾ ਗਿਆ ਹੈ।

ਕਈ ਜਗ੍ਹਾ ਖੇਤਾਂ 'ਚ ਖੜ੍ਹੀ ਫਸਲ ਨੂੰ ਅੱਗ ਲਾਕੇ ਤਬਾਹ ਕਰਨ ਤੇ ਪਿੰਡਾਂ 'ਚ ਲੁਟਮਾਰ ਕਰਨ ਵਰਗੀਆਂ ਘਟਨਾਵਾਂ ਹੋਈਆਂ ਹਨ) ਆਪਣੇ ਫੈਸਲੇ 'ਚ ਜੱਜਾਂ ਨੇ ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਸਰਕਾਰ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਸਮਾਜਿਕ ਤੇ ਆਰਥਿਕ ਨੀਤੀਆਂ ਕਾਰਨ ਸਮਾਜ ਭਿਆਨਕ ਨਾ-ਬਰਾਬਰੀ ਨਾਲ ਗ੍ਰਸਿਤ ਹੈ। ਇਹ ਨੀਤੀਆਂ ਲੋਕਾਂ ਦੇ ਨਾਲ ਬਲਾਤਕਾਰ ਦੇ ਬਰਾਬਰ ਹਨ। ਉਹਨਾਂ ਨੇ ਕਿਹਾ "ਇਕ ਪਾਸੇ ਰਾਜ ਨਿੱਜੀ ਖੇਤਰ ਨੂੰ ਸਬਸਿਡੀ ਦਿੰਦਾ ਹੈ, ਉਸਨੂੰ ਟੈਕਸਾਂ 'ਚ ਇਕ ਤੋਂ ਬਾਅਦ ਇਕ ਰਿਆਇਤ ਦਿੰਦਾ ਹੈ, ਜਦਕਿ ਉਹ ਸਮਾਜਕ ਕਲਿਆਣ ਦੇ ਉਪਾਵਾਂ ਰਾਹੀਂ ਗਰੀਬਾਂ ਨੂੰ ਸਹਾਰਾ ਦੇਣ ਦੀ ਆਪਣੀ ਪੂਰੀ ਜ਼ਿੰਮੇਵਾਰੀ ਪੂਰੀ ਨਾ ਕਰਨ ਲਈ ਸਾਧਨਾ ਦੀ ਕਮੀ ਦਾ ਰੋਣਾ ਰੋਂਦਾ ਹੈ। ਦੂਜੇ ਪਾਸੇ ਰਾਜ ਗ਼ਰੀਬਾਂ ਵਿਚਕਾਰ ਫੈਲੇ ਰੋਕ ਤੇ ਅਸੰਤੋਸ਼ ਦਾ ਮੁਕਾਬਲਾ ਕਰਨ ਲਈ ਗ਼ਰੀਬਾਂ ਵਿਚੋਂ ਹੀ ਕੁਝ ਨੌਜਵਾਨਾਂ ਦੇ ਹੱਥਾਂ 'ਚ ਬੰਦੂਕਾਂ ਫੜਾ ਦਿੰਦਾ ਹੈ।" ਇਹ ਉਹੀ ਸਲਮਾ ਜੂਡਮ ਹੈ ਜਿਸ ਦੇ ਪੱਖ ਵਿੱਚ ਕੇਂਦਰੀ ਗ੍ਰਹਿ ਮੰਤਰੀ ਚਿੰਦਰਾਬਰਮ ਤੇ ਡੀ. ਜੀ. ਪੀ. ਵਿਸ਼ਵ ਰੰਜਨ ਤੱਕ ਤਰ੍ਹਾਂ-ਤਰ੍ਹਾਂ ਦੇ ਤਰਕ ਦਿੰਦੇ ਰਹੇ ਜਦਕਿ ਇਕ ਤੋਂ ਬਾਦ ਇਕ ਮਨੁੱਖੀ ਅਧਿਕਾਰ ਸੰਗਠਨਾ ਤੇ ਖੁਦ ਸਰਕਾਰ ਦੇ ਕਮਿਸ਼ਨਾ ਦੀਆਂ ਰੀਪੋਟਾਂ ਉਸ ਦੀ ਨੰਗੀ ਚਿੱਟੀ ਸਚਾਈ ਨੂੰ ਉਜਾਗਰ ਕਰਦੀਆਂ ਰਹੀਆਂ ਹਨ। ਕਿ ਕਿਸ ਪ੍ਰਕਾਰ ਆਦੀਵਾਸੀ ਅਬਾਦੀ ਦੇ ਇਕ ਛੋਟੇ ਜਿਹੇ ਹਿੱਸੇ ਨੂੰ ਹਥਿਆਰਬੰਦ ਕਰਕੇ ਮਾਓਵਾਦੀਆਂ ਨਾਲ ਲੜਨ ਦੇ ਨਾਂ ਹੇਠ ਅਬਾਦੀ ਦੇ ਵੱਡੇ ਹਿੱਸੇ ਖਿਲਾਫ਼ ਖੜ੍ਹਾ ਕਰਕੇ ਪੂਰੇ ਖੇਤਰ ਵਿੱਚ ਘਰੇਲੂ ਜੰਗ ਵਰਗੀ ਹਾਲਤ ਪੈਦਾ ਕਰ ਦਿੱਤੀ ਗਈ ਹੈ। ਲੱਖਾਂ ਆਦੀਵਾਸੀਆਂ ਨੂੰ ਉਹਨਾਂ ਨੇ ਪਿੰਡਾਂ ਤੋਂ ਉਜਾੜ ਕੇ ਕੈਂਪਾਂ 'ਚ ਰਹਿਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ। ਇਹ ਵੀ ਸਾਫ ਹੋ ਚੁੱਕਿਆ ਹੈ ਕਿ ਇਸ

ਅਤਿਆਚਾਰੀ ਮੁਹਿੰਮ ਪਿੱਛੇ ਅਸਲੀ ਮਕਸਦ ਆਦੀ ਵਾਸੀਆਂ ਦੇ ਉਹਨਾਂ ਸੈਂਕੜੇ ਪਿੰਡਾਂ ਨੂੰ ਖਾਲੀ ਕਰਵਾਉਣਾ ਸੀ ਜਿਹਨਾਂ ਦੇ ਹੇਠਾਂ ਦੀ ਜ਼ਮੀਨ ਵਿੱਚ ਖਰਬਾਂ ਡਾਲਰ ਦੀ ਖਣਿਜ ਦੌਲਤ ਛੁਪੀ ਹੋਈ ਹੈ। ਇਹੀ ਕਾਰਣ ਸੀ ਕਿ ਟਾਟਾ ਤੇ ਇਸਾਰ ਗਰੁੱਪ ਸਲਵਾ ਜੂਡਮ ਦੇ ਮੁੱਖ ਫਾਇਨਾਂਸਰ ਸਨ। ਖੁਦ ਭਾਰਤ ਸਰਕਾਰ ਦੀ ਇਕ ਰੀਪੋਟ 'ਚ ਕਿਹਾ ਗਿਆ ਹੈ ਕਿ ਇਹ ਮੁਹਿੰਮ ਅਮਰੀਕਾ 'ਚ ਕੋਲੰਬਸ ਵਲੋਂ ਮੂਲ ਨਿਵਾਸੀਆਂ ਨੂੰ ਉਜਾੜਨ ਪਿਛੋਂ ਜ਼ਮੀਨ ਹੜੱਪਣ ਦੀ ਸਭ ਤੋਂ ਵੱਡੀ ਮੁਹਿੰਮ ਹੈ।

ਚਿੰਦਰਾਬਰਮ, ਰਮਨ ਸਿੰਘ ਤੇ ਵਿਸ਼ਵਰੰਜਨ 'ਚ ਜੇ ਥੋੜ੍ਹੀ ਜਿੰਨੀ ਵੀ ਸ਼ਰਮ ਹਯਾਹ ਹੁੰਦੀ ਤਾਂ ਸੁਪਰੀਮ ਕੋਰਟ ਦੇ ਇਸ ਫੈਸਲੇ ਪਿਛੋਂ ਉਹਨਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ ਪਰ ਉਹਨਾਂ ਤੋਂ ਤਾਂ ਅਜੇਹੀ ਆਸ ਕਰਨਾ ਵੀ ਗੁਨਾਹ ਹੈ। ਸੁਆਲ ਸਿਰਫ਼ ਛਤੀਸਗੜ੍ਹ ਦੀ ਸਰਕਾਰ ਦੀਆਂ ਨੀਤੀਆਂ ਦਾ ਨਹੀਂ ਹੈ। ਪਿਛਲੇ 20 ਸਾਲਾਂ ਤੋਂ ਜਾਰੀ ਨਵ-ਉਦਾਰਵਾਦੀ ਸਮਾਜਿਕ-ਆਰਥਿਕ ਤੇ ਰਾਜਸੀ ਨੀਤੀਆਂ ਤਹਿਤ ਵਿਕਾਸ ਦੇ ਨਾਂ ਹੇਠ ਦੇਸੀ-ਵਿਦੇਸ਼ੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਅਤੇ ਹੋਰ ਸਹੂਲਤਾਂ ਵੇਚੀਆਂ ਜਾ ਰਹੀਆਂ ਹਨ। ਰਹੇ-ਸਹੇ ਕਿਰਤ ਕਾਨੂੰਨਾਂ ਨੂੰ ਵੀ ਢਿਲਾ ਕਰਕੇ ਮਨ-ਮਾਨੀਆਂ ਸ਼ਰਤਾਂ 'ਤੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਨਿਚੋੜਨ ਦੀ ਛੋਟ ਦਿੱਤੀ ਜਾ ਰਹੀ ਹੈ। ਅਤੇ ਦੇਸ਼ ਦੇ ਗਰੀਬਾਂ ਤੋਂ ਉਹਨਾਂ ਦੀ ਰੋਟੀ ਰੋਜ਼ੀ ਦੇ ਸਾਧਨ ਖੋਹ ਕੇ ਉਹਨਾਂ ਨੂੰ ਸੜਕਾਂ 'ਤੇ ਧੱਕਿਆਂ ਜਾ ਰਿਹਾ ਹੈ। ਇਹ ਇੱਕ ਜੰਗ ਦੇ ਵਾਂਗ ਹੀ ਹੈ। ਜੋ ਲਗਾਤਾਰ ਜਾਰੀ ਹੈ ਇਹਨਾਂ ਨੀਤੀਆਂ ਨੂੰ ਲਾਗੂ ਕਰਦੇ ਹੋਇਆ ਸਤਾ ਵੱਧ ਤੋਂ ਵੱਧ ਅਤਿਆਚਾਰੀ ਹੁੰਦੀ ਜਾ ਰਹੀ ਹੈ ਅਤੇ ਉਸ ਦਾ ਜਬਰ ਹੋਰ ਵੀ ਭਿਅੰਕਰ ਤੇ ਬੇਕਿਰਕ ਹੁੰਦਾ ਜਾ ਰਿਹਾ ਹੈ। ਸੱਤਾ ਤੰਤਰ ਦੀ ਖੁਲ੍ਹੀ ਹਿੰਸਾ ਤੋਂ ਇਲਾਵਾ ਰੋਜ ਮਰਾ ਦੇ ਜੀਵਨ 'ਚ ਆਮ ਆਦਮੀ ਨੂੰ ਜਿਸ ਢਾਚਾਂਗਤ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਵੀ ਵੱਧ ਹਮਲਾਵਰ ਹੁੰਦੀ ਗਈ ਹੈ। ਹਾਲ ਦੀ ਘੜੀ ਛਤੀਸਗੜ੍ਹ 'ਚ ਜਦ ਸਲਵਾ ਜੂਡਮ, ਐਸ. ਪੀ. ਓ. ਤੇ ਕੋਆ ਕਮਾਂਡੋ ਆਪਣੇ ਉਦੇਸ਼ 'ਚ ਸਫਲ ਹੁੰਦੇ ਹੋਏ ਨਹੀਂ ਦਿਸੇ ਤਾਂ 2009 'ਚ ਅਪ੍ਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਅਰਧ ਸੈਨਿਕ ਫੋਰਸਾਂ ਦੀ ਇਕ ਮੁਹਿੰਮ ਛਤੀਸ਼ਗੜ੍ਹ ਆਂਧਰਾ ਪ੍ਰਦੇਸ਼, ਝਾਰਖੰਡ ਤੋਂ ਲੈ ਕੇ ਉੜੀਸਾ ਤਕ ਸ਼ੁਰੂ ਕੀਤੀ ਗਈ।

ਇਸ ਫ਼ੌਜੀ ਮੁਹਿੰਮ ਦੇ ਤਹਿਤ ਖੇਤਰ ਦੇ ਸਕੂਲਾਂ ਤੋਂ ਲੈ ਕੇ ਸਰਕਾਰੀ ਇਮਾਰਤਾਂ ਤਕ ਨੂੰ ਫ਼ੌਜ ਦੀਆਂ ਛਾਉਣੀਆ 'ਚ ਤਬਦੀਲ ਕਰ ਦਿੱਤਾ ਗਿਆ ਸੀ। ਆਰ. ਪੀ. ਐਫ. ਕੋਬਰਾ ਬਟਾਲੀਅਨ, ਤੇ ਬੀ. ਐਸ. ਐਫ. ਵਰਗੀਆਂ ਆਧੁਨਿਕ ਹਥਿਆਰਾਂ ਤੇ ਸਿਖਲਾਈ ਨਾਲ ਲੈਸ ਦੋ ਲੱਖ ਪੁਲਸ ਫੋਰਸ ਲਾਈ ਗਈ। ਬਸਤਰ ਦੇ ਸੰਘਣੇ ਜੰਗਲਾਂ ਅੰਦਰ ਮਾਓਵਾਦੀਆਂ ਦਾ ਮੁਕਾਬਲਾ ਕਰਨ 'ਚ ਤਾਂ ਇਹ ਫੋਰਸਾਂ ਅਸਫਲ ਰਹੀਆਂ ਪਰ ਇਸ ਇਲਾਕੇ ਦੇ ਆਦੀਵਾਸੀ ਪਿੰਡਾਂ 'ਤੇ ਉਹਨਾਂ ਨੇ ਕਹਿਰ ਢਾਹ ਦਿੱਤਾ ਹੈ। ਉਸ ਦੀ ਸਚਾਈ ਅਨੇਕ ਸੰਗਠਨਾ ਦੀਆਂ ਜਾਂਚ ਟੀਮਾਂ ਅਤੇ ਕਈ ਪਤ੍ਰਕਾਰਾਂ ਦੀਆਂ ਰੀਪੋਟਾਂ 'ਚ ਸਾਹਮਣੇ ਆ ਚੁੱਕੀ ਹੈ। ਸਰਕਾਰ ਇਹਨਾਂ ਗੱਲਾਂ ਤੋਂ ਲਗਾਤਾਰ ਇਨਕਾਰ ਕਰਦੀ ਰਹੀ ਹੈ ਪਰ ਇਹ ਸਾਰੀ ਸਚਾਈ ਸਾਹਮਣੇ ਆ ਚੁੱਕੀ ਹੈ। ਤੇ ਸੁਪਰੀਮ ਕੋਰਟ ਦੇ ਫੈਸਲੇ ਪਿਛੋਂ ਇਹ ਸਪਸ਼ਟ ਹੋ ਗਿਆ ਹੈ ਕਿ ਇਸ ਫ਼ੌਜੀ ਕਾਰਵਾਈ ਦਾ ਅਸਲੀ ਮਕਸਦ ਦੇਸੀ ਤੇ ਵਿਦੇਸ਼ੀ ਕੰਪਨੀਆਂ ਨਾਲ ਕੀਤੇ ਗਏ

ਸਮਝੌਤਿਆਂ ਦੇ ਦਬਾਅ ਹੇਠ ਕੱਚੇ ਲੋਹੇ ਦੀਆਂ ਖਾਣਾ ਤੇ ਬੇਥਾਹ ਕੁਦਰਤੀ ਦੌਲਤਾਂ ਨਾਲ ਭਰਪੂਰ ਜ਼ਮੀਨ ਨੂੰ ਆਦੀਵਾਸੀਆਂ ਪਾਸੋਂ ਖਾਲੀ ਕਰਵਾਉਣਾ ਹੈ। ਨਕਸਲਵਾਦ ਨਾਲ ਪ੍ਰਭਾਵਿਤ ਖੇਤਰਾਂ 'ਚ ਦੇਸੀ ਤੇ ਵਿਦੇਸ਼ੀ ਕੰਪਨੀਆਂ ਵਲੋਂ ਲਗਭਗ 6.6 ਲੱਖ ਕਰੋੜ ਰੁਪਏ ਦੇ ਨਿਵੇਸ਼ ਦੇ ਸਮਝੌਤੇ ਕੀਤੇ ਜਾ ਚੁੱਕੇ ਹਨ। ਇਕੱਲੇ ਉੜੀਸਾ 'ਚ 2.7 ਅਰਬ ਡਾਲਰ ਦੀ ਕੀਮਤ ਦਾ ਬਾਕਸਾਈਟ ਦਾ ਭੰਡਾਰ ਮੌਜੂਦ ਹੈ। ਛਤੀਸ਼ਗੜ੍ਹ 'ਚ ਰਾਵਘਾਟ ਦੀਆਂ ਪਹਾੜੀਆਂ 'ਚ ਕੁਲ 7.4 ਅਰਬ ਟਨ ਸਭ ਤੋਂ ਉਨਤ ਕਿਸਮ ਦਾ ਲੋਹਾ (ਕੱਚਾ) ਮੌਜੂਦਾ ਹੈ। ਸਾਰੀਆਂ ਕੰਪਨੀਆਂ ਇਸ ਕੁਦਰਤੀ ਦੌਲਤ ਤੇ ਨਜ਼ਰ ਗੱਡੀ ਬੈਠੀਆਂ ਹਨ। ਇਸ ਨੂੰ ਧਿਆਨ 'ਚ ਰੱਖੀਏ ਤਾਂ ਅਸਾਨੀ ਨਾਲ ਸਮਝ ਆ ਜਾਂਦਾ ਹੈ ਕਿ ਨਕਸਲਵਾਦ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਕਿਉਂ ਹੈ। ਮਹਿਜ ਆਦੀਵਾਸੀ ਇਲਾਕਿਆਂ ਵਿੱਚ ਕੁਦਰਤੀ ਦੌਲਤ ਨੂੰ ਹਥਿਆਉਣ ਲਈ ਆਦੀਵਾਸੀਆਂ ਨੂੰ ਬੇਰਹਿਮੀ ਨਾਲ ਬਿਨਾਂ ਕਿਸੇ ਸਮਾਜਕ ਸੁਰੱਖਿਆ ਤੇ ਮੁੜ ਵਸੇਬੇ ਦੇ ਉਹਨਾਂ ਦੀ ਜ਼ਮੀਨ ਤੋਂ ਉਜਾੜਿਆ ਜਾ ਰਿਹਾ ਹੈ। ਬੇਦਖਲੀ ਦੀ ਇਸ ਕਾਰਵਾਈ ਦੇ ਵਿਰੋਧ 'ਚ ਹੋਣ ਵਾਲੇ ਹਰ ਸੰਘਰਸ਼ ਨੂੰ ਸਰਕਾਰ ਵਲੋਂ ਤਾਕਤ ਦੇ ਜ਼ੋਰ ਨਾਲ ਕੁਚਲਿਆ ਜਾਂਦਾ ਰਿਹਾ ਹੈ।

ਇਸ ਵਿਰੁੱਧ ਆਦੀਵਾਸੀ ਜਦ ਆਪਣੇ ਜੀਵਨ-ਮੌਤ ਦੀ ਲੜਾਈ ਲੜ ਰਹੇ ਹਨ ਤੇ ਸਰਕਾਰੀ ਨੀਤੀਆਂ ਦੇ ਸ਼ਿਕਾਰ ਇਹਨਾਂ ਆਦੀਵਾਸੀਆਂ ਦੇ ਸੰਘਰਸ਼ 'ਚ ਮਾਓਵਾਦੀ ਉਹਨਾਂ ਦਾਸਾਥ ਦੇ ਰਹੇ ਹਨ। ਭਾਰਤੀ ਇਨਕਲਾਬ ਦੀ ਆਮ ਰਾਜਸੀ ਦਿਸ਼ਾ ਤੇ ਰਣਨੀਤੀ ਨੂੰ ਲੈ ਕੇ ਮਾਓਵਾਦੀ ਰਾਜਸੀ ਧਾਰਾ ਦੇ ਨਾਲ ਕਿਸੇ ਦਾ ਮਤਭੇਦ ਹੋ ਸਕਦਾ ਹੈ ਪਰ ਇਹ ਤਾਂ ਵੱਖਰੀ ਬਹਿਸ ਦਾ ਵਿਸ਼ਾ ਹੈ ਪਰ ਇਸ ਖੇਤਰ ਦੀ ਜ਼ਮੀਨੀ ਹਕੀਕਤ ਇਹ ਹੈ ਕਿ ਸਰਕਾਰ ਉਥੇ ਜੋ ਜੰਗ ਚਲਾ ਰਹੀ ਹੈ। ਉਹ ਮਾਓਵਾਦੀ ਰਾਜਸੀ ਧਾਰਾ ਵਿਰੁੱਧ ਹੀ ਨਹੀਂ ਬਲਕਿ ਆਦੀਵਾਸੀਆਂ ਲੋਕਾਂ ਵਿਰੁੱਧ ਚਲਾਈ ਜਾ ਰਹੀ ਹੈ। ਜਨਤਾ ਵਿਰੁੱਧ ਇਸ ਯੁੱਧ ਦਾ ਦਾਇਰਾ ਵਿਸ਼ਾਲ ਹੋ ਕੇ ਅੱਗੇ ਵਧ ਰਿਹਾ ਹੈ। ਤਾਂ ਜੋ ਕੋਈ ਵੀ ਆਦੀਵਾਸੀ ਅਬਾਦੀ ਨੂੰ ਉਜਾੜੇ ਜਾਣ ਦਾ ਵਿਰੋਧ ਕਰਦਾ ਹੈ ਉਸ ਨੂੰ "ਮਾਓਵਾਦੀ" ਐਲਾਨ ਦਿੱਤਾ ਜਾਂਦਾ ਹੈ। ਛਤੀਸ਼ਗੜ੍ਹ ਸਰਕਾਰ ਨੇ 2005 'ਚ "ਛਤੀਸ਼ਗੜ੍ਹ ਵਿਸ਼ੇਸ਼ ਸੁਰੱਖਿਆ ਕਾਨੂੰਨ 2005" ਪਾਸ ਕੀਤਾ ਜਿਸ ਤਹਿਤ ਕਿਸੇ ਵੀ ਵਿਅਕਤੀ ਨੂੰ ਮਾਓਵਾਦੀਆਂ ਨਾਲ ਹਮਦਰਦੀ ਰੱਖਣ ਦੇ ਜੁਰਮ 'ਚ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਇਸ ਤਹਿਤ 2007 'ਚ ਡਾ. ਬਿਨਾਇਕ ਸੇਨ ਦੇ ਨਾਲ ਪੀਊਸ਼ ਗੁਹਾ ਤੇ ਹੋਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦਸੰਬਰ 2010 'ਚ ਜ਼ਿਲ੍ਹਾ ਅਦਾਲਤ ਨੇ ਉਹਨਾਂ ਨੂੰ ਦੇਸ਼ ਧਰੋਹ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਅਪ੍ਰੈਲ 2011 'ਚ ਸੁਪਰੀਮ ਕੋਰਟ ਨੇ ਡਾ. ਸੇਨ ਨੂੰ ਜਮਾਨਤ ਦਿੰਦੇ ਹੋਇਆ ਜੋ ਟਿੱਪਣੀਆਂ ਕੀਤੀਆਂ। ਉਹਨਾਂ 'ਚ ਜਿਸ ਪ੍ਰਕਾਰ ਪੂੰਜੀਵਾਦੀ ਜਨਤੰਤਰ ਦੀ ਸਚਾਈ ਪੂਰੀ ਦੁਨੀਆਂ ਸਾਹਮਣੇ ਉਜਾਗਰ ਹੋਈ ਅਤੇ ਉਸ ਦੇ ਚਿਹਰੇ ਤੋਂ ਜੋ ਕਾਲਖ ਪੋਚੀ ਗਈ। ਉਹ ਅੱਜ ਕਿਸੇ ਤੋਂ ਛੁਪੀ ਨਹੀਂ ਹੈ। ਡਾ. ਸੇਨ ਨੂੰ ਤਾਂ ਜਮਾਨਤ ਮਿਲੀ ਪਰ ਦੇਸ਼ ਭਰ 'ਚ ਲੋਕ ਘੋਲਾਂ 'ਤੇ ਜਬਰ ਤੋਂ ਲੈ ਕੇ ਲੋਕਾਂ ਦੀ ਅਗਵਾਈ ਕਰ ਰਹੇ ਵਰਕਰਾਂ ਤੇ ਜਮਹੂਰੀ ਜਥੇਬੰਦੀਆਂ ਨੂੰ ਮਾਓਵਾਦ ਦੇ ਨਾਂ 'ਤੇ ਅੱਜ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਡਾ ਬਿਨਾਇਕ ਸੇਨ ਕੇਸ - ਨਿਆਂ ਦੀ ਜਿੱਤ

ਛੱਤੀਸ਼ਗੜ੍ਹ ਦੀ ਸਰਕਾਰ ਨੇ ਡਾ. ਤੇ ਮਨੁੱਖ ਅਧਿਕਾਰ ਵਰਕਾਰ ਬਿਨਾਇਕ ਸੇਨ ਨੂੰ ਦੇਸ਼ ਧ੍ਰੋਹੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਸੀ ਤੇ ਉਹਨਾਂ ਨੂੰ ਜੇਹਲ 'ਚ ਬੰਦ ਕਰ ਦਿੱਤਾ ਸੀ। ਪਰ ਸੁਪਰੀਮ ਕੋਰਟ ਨੇ ਉਹਨਾਂ ਨੂੰ ਜਮਾਨਤ ਦਿੰਦੇ ਹੋਏ ਆਪਣੇ ਫੈਸਲੇ 'ਚ ਜੋ ਘਿਣੀਆਂ ਕੀਤੀਆਂ ਹਨ ਉਹਨਾਂ ਦੇ ਦੂਰਗਾਮੀ ਤੇ ਸਕਾਰਤਮਕ ਪ੍ਰਭਾਵ ਹੋਣਗੇ। ਸੁਪਰੀਮ ਕੋਰਟ ਨੇ ਕਿਹਾ ਕਿ ਕਿਸੇ ਵੀ ਵਿਚਾਰਧਾਰਾ ਨਾਲ ਜੁੜੀਆਂ ਕਿਤਾਬਾਂ ਕਿਸੇ ਦੇ ਘਰ 'ਚ ਮਿਲਣਾ ਦੇਸ਼ ਧ੍ਰੋਹ ਨਹੀਂ ਹੋ ਸਕਦਾ ਪਰ ਜੇ ਕਿਸੇ ਦੇ ਘਰੋਂ ਮਹਾਤਮਾ ਗਾਂਧੀ ਦੀ ਜੀਵਨੀ ਮਿਲਦੀ ਹੈ ਤਾਂ ਉਹ ਬੰਦਾ ਗਾਂਧੀਵਾਦੀ ਨਹੀਂ ਮੰਨ ਲਿਆ ਜਾਵੇਗਾ। ਇਸ ਤਰ੍ਹਾਂ ਨਕਸਲੀ ਸਾਹਿਤ ਰੱਖਣ ਨਾਲ ਕੋਈ ਨਕਸਲੀ ਨਹੀਂ ਹੋ ਜਾਂਦਾ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਨਕਸਲੀਆਂ ਨਾਲ ਹਮਦਰਦੀ ਰੱਖਣਾ ਵੀ ਦੇਸ਼ ਧ੍ਰੋਹ ਨਹੀਂ ਹੈ। ਇਸ ਫ਼ੈਸਲੇ ਨਾਲ ਪੇਂਡੂ ਭਾਰਤ ਦੀ ਲੁੱਟ ਤੇ ਉਸ ਨੂੰ ਚੱਕਣ ਵਾਲਿਆਂ ਨੂੰ ਦੇਸ਼ ਧ੍ਰੋਹੀ ਕਹਿਣ ਦੀ ਸਰਕਾਰੀ ਸਾਜਿਸ਼ ਨੂੰ ਜ਼ਬਰਦਸਤ ਝਟਕਾ ਲੱਗਿਐ। ਇਸ ਸਮੇਂ ਸਰਕਾਰੀ ਵਿਕਾਸ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ਧ੍ਰੋਹੀ ਕਹਿਣ ਦਾ ਇਕ ਮਹੌਲ ਬਣਾ ਦਿੱਤਾ ਗਿਆ ਹੈ। ਸਬੂਤ ਛਤੀਸਗੜ੍ਹ ਦੇ ਨਵੇਂ ਬਣੇ 'ਛਤੀਸ਼ਗੜ੍ਹ ਜਨ ਸੁਰੱਖਿਆ ਕਾਨੂੰਨ' ਦੇ ਪਹਿਲੇ ਪੈਰੇ 'ਚ ਹੀ ਲਿਖਿਆ ਹੈ ਕਿ ਇਹ ਕਾਨੂੰਨ ਦੇਸ਼ ਧਰੋਹੀ ਤੇ ਵਿਕਾਸ ਵਿਰੋਧੀ ਤੱਤਾਂ 'ਤੇ ਰੋਕ ਲਾਵੇਗਾ। ਇਹ ਵਿਕਾਸ ਵਿਰੋਧੀ ਕੌਣ ਹੈ?

ਸੱਚ ਤਾਂ ਇਹ ਹੈ ਕਿ ਵਿਸ਼ਵੀਕਰਨ ਤੇ ਉਦਾਰੀਕਰਨ ਪਿਛੋਂ ਵਿਕਸਤ ਦੇਸ਼ਾਂ ਦੇ ਵੱਡੇ ਉਦਯੋਗਪਤੀ ਵਿਕਾਸਸ਼ੀਲ ਦੀ ਧਨ ਦੌਲਤ ਲੁੱਟਣ ਲਈ ਟੁੱਟ ਪਏ ਹਨ। ਸਰਕਾਰ 'ਚ ਬੈਠੇ ਨੇਤਾ, ਅਧਿਕਾਰੀ ਤੇ ਪੁਲਸ ਦੀ ਤਿਕੜੀ ਇਹਨਾਂ ਉਦਯੋਗਪਤੀਆਂ ਤੋਂ ਪੈਸੇ ਖਾਕੇ ਪੁਲਸ ਦੀ ਹਿੰਸਾ ਦੇ ਸਹਾਰੇ ਆਦੀਵਾਸੀ ਤੇ ਪੇਂਡੂ ਭਾਰਤ ਦੀ ਜਮੀਨ ਜ਼ਬਰੀ ਖੋਹ ਰਹੀ ਹੈ। ਆਦੀਵਾਸੀ ਪੇਂਡੂ ਇਸ ਦਾ ਵਿਰੋਧ ਕਰ ਰਹੇ ਹਨ। ਸਰਕਾਰ ਇਸ ਵਿਰੋਧ ਨੂੰ ਨਕਸਲਵਾਦ ਕਹਿਕੇ ਦਬਾਉਣਾ ਲੋਚਦੀ ਹੈ। ਜੋ ਵਰਕਰ ਇਸ ਪੂਰੀ ਲੁੱਟ ਦੇ ਗਣਿਤ ਨੂੰ ਸਮਝਕੇ ਇਸਦਾ ਵਿਰੋਧ ਕਰਦੇ ਹਨ। ਉਹਨਾਂ ਨੂੰ ਸਰਕਾਰ ਨਕਸਲ-ਹਮਾਇਤੀ ਕਹਿਕੇ ਇਸ ਲੁੱਟ ਖੇਤਰ ਤੋਂ ਬਾਹਰ ਰੱਖਣਾ ਚਾਹੁੰਦੀ ਹੈ। ਬਿਨਾਇਕ ਸੇਨ ਨੇ ਵੀ ਇਸ ਲੁੱਟ ਤੇ ਹਿੰਸਾ ਖਿਲਾਫ਼ ਆਵਾਜ਼ ਉਠਾਈ, ਇਸ ਲਈ ਉਹਨਾਂ ਨੂੰ ਦੇਸ਼ ਧ੍ਰੋਹੀ ਕਹਿ ਕੇ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। ਛਤੀਸ਼ਗੜ੍ਹ ਦੇ ਰਾਜ ਪੱਧਰ ਤਕ ਸਰਕਾਰ ਇਸ ਨੂੰ ਚਲਾਉਣ 'ਚ ਸਫਲ ਹੋ ਗਈ ਪਰ ਸੁਪਰੀਮ ਕੋਰਟ 'ਚ ਪਾਸਾ ਪਲਟ ਗਿਆ। ਇਸ ਸਮੇਂ ਸਾਰਾ ਸੰਘਰਸ਼ ਉਹੀ ਚਲ ਰਿਹਾ ਹੈ ਜਿੱਥੇ ਕੁਦਰਤੀ ਸਾਧਨ ਭਰਪੂਰ ਮਾਤਰਾ 'ਚ ਹਨ। ਇਹਨਾਂ ਖੇਤਰਾਂ 'ਚ ਸਰਕਾਰਾਂ ਸਮਾਜਕ ਕਾਰਕੁੰਨਾ, ਪਤਰਕਾਰਾਂ ਤੇ ਨਿਰਪੱਖ ਜਾਂਚ ਕਰਤਾਵਾਂ ਨੂੰ ਜਾਨ ਨਹੀਂ ਦੇ ਰਹੀ ਹੈ। ਅਤੇ ਆਦੀ ਵਾਸੀਆਂ 'ਤੇ ਹਮਲੇ ਕਰਕੇ, ਉਹਨਾਂ ਦੇ ਘਰ ਸਾੜਕੇ ਉਹਨਾਂ ਦੀਆਂ ਬੇਟੀਆਂ ਨਾਲ ਬਲਾਤਕਾਰ ਤੇ ਨੌਜਵਾਨਾਂ ਦੇ ਕਤਲ ਕਰਕੇ ਉਥੋਂ ਦੀਆਂ ਜਮੀਨਾਂ ਨੂੰ ਪੂੰਜੀਪਤੀਆਂ ਲਈ ਖਾਲੀ ਕਰਵਾਇਆ ਜਾ ਰਿਹਾ ਹੈ। ਇਸ ਫੈਸਲੇ ਨਾਲ ਸਿਰਫ਼ ਕਾਰਕੂੰਨਾ ਨੂੰ ਨਿਰਭੈ ਹੋ ਕੇ ਕੰਮ ਕਰਨ 'ਚ ਮਦਦ ਮਿਲੇਗੀ ਬਲਕਿ ਦੇਸ਼ ਨੂੰ ਕੁਦਰਤੀ

ਸਾਧਨਾ ਦੀ ਲੁੱਟ ਤੋਂ ਬਚਾਉਣ ਦੇ ਸੰਘਰਸ਼ ਨੂੰ ਵੀ ਤਾਕਤ ਮਿਲੇਗੀ।

ਇਸ ਸੰਘਰਸ਼ 'ਚ ਭਾਗ ਲੈਣ ਦਾ ਕਾਰਨ ਜੋ ਪੇਂਡੂ ਆਦੀ ਵਾਸੀ ਜੇਲ੍ਹਾਂ 'ਚ ਸੜ ਰਹੇ ਹਨ। ਉਹਨਾਂ ਨੂੰ ਆਜ਼ਾਦ ਕਰਾਉਣ ਦਾ ਇੱਕ ਰਾਹ ਵੀ ਇਸ ਫੈਸਲੇ ਨੇ ਖੋਹਲ ਦਿੱਤਾ ਹੈ। ਸਰਕਾਰ ਨੇ ਸਤੀਸ਼ਗੜ੍ਹ 'ਚ ਜਿਸ ਤਰ੍ਹਾਂ ਆਦੀਵਾਸੀ ਸਮਾਜ 'ਚ ਵੰਡ ਤੇ ਇਕ ਹਿੱਸੇ ਨੂੰ ਹਥਿਆਰਬੰਦ ਕਰਕੇ ਉਸ ਨੂੰ ਸਮਾਜ ਦੇ ਹੀ ਦੂਜੇ ਹਿੱਸੇ ਨੂੰ ਮਾਰਨ ਦੀ ਵਰਤੋਂ ਸਲਵਾ ਜੂਡਮ ਦੇ ਨਾਂ ਹੇਠਾ ਕੀਤਾ ਗਿਆ। ਉਸ ਨੂੰ ਰੋਕਣ 'ਚ ਇਸ ਫੈਸਲੇ ਪਿੱਛੋਂ ਮਦਦ ਲੱਗੇਗਾ। ਵੈਸੇ ਭਾਰਤ ਸਰਕਾਰ ਦੇ ਇਸ ਤਜ਼ਰਬੇ ਨੂੰ ਦੂਜੇ ਜਾਂਚ ਵੀ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਦੁਨੀਆਂ ਦੇ ਦੂਜੇ ਦੇਸ਼ਾਂ 'ਚ ਵੀ ਪੂੰਜੀਵਾਦੀ ਸ਼ਕਤੀਆਂ ਇਸ ਤਰ੍ਹਾਂ ਦੀ ਵਰਤੋਂ ਪਹਿਲਾਂ ਤੋਂ ਸਫਲਤਾਪੂਰਵਕ ਕਰਦੀਆਂ ਆ ਰਹੀਆਂ ਹਨ। ਇਕ ਆਦੀਵਾਸੀ ਫਿਰਕੇ ਨੂੰ ਹਥਿਆਰ ਦੇ ਕੇ ਪੂੰਜੀਵਾਦੀ ਲੋਕ ਆਪਣੇ ਨਾਲ ਮਿਲਾ ਲੈਂਦੇ ਹਨ ਤੇ ਇਕ ਹਿੰਸਕ ਗ੍ਰਹਿ ਯੁੱਧ ਸ਼ੁਰੂ ਕਰਕੇ ਉਸ ਫਿਰਕੇ ਦੀ ਜ਼ਮੀਨ ਦੇ ਹੇਠਾਂ ਦੱਬੀਆਂ ਕੀਮਤੀ ਚੀਜ਼ਾਂ ਨੂੰ ਲੁੱਟ ਕੇ ਚੰਪਤ ਹੋ ਜਾਂਦੇ ਹਨ। ਫਿਰ ਉਹ ਫਿਰਕਾ ਹਮੇਸ਼ਾ ਲਈ ਹਿੰਸਕ ਸੰਘਰਸ਼ਾਂ 'ਚ ਉਲਝਿਆ ਰਹਿੰਦਾ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਹ ਖੇਡ ਅਜੇਹੇ ਹੀ ਦੇਸ਼ਾਂ 'ਚ ਸੰਭਵ ਹੁੰਦੀ ਹੈ ਜਿਥੋਂ ਦੇ ਹਾਕਮ ਕਮਜੋਰ ਤੇ ਲਾਲਚੀ ਹੁੰਦੇ ਹਨ ਪਰ ਭਾਰਤ ਵਰਗੀ ਅਖੌਤੀ ਮਹਾਂਸ਼ਕਤੀ 'ਚ ਇਹ ਪੂੰਜੀਵਾਦੀ ਖੇਡ ਕਿਵੇਂ ਸੰਭਵ ਹੋਈ। ਉਸ ਦੀ ਸ਼ਕਾਇਤ ਲੋਕਰਾਜ ਦੀ ਚਿੰਤਾ ਕਰਨ ਵਾਲੇ ਹਰੇਕ ਸ਼ਹਿਰੀ ਨੂੰ ਹੈ। ਸਿਵਾਏ ਉਹਨਾਂ ਦੇ ਜੋ ਇਸ ਤਰ੍ਹਾਂ ਦੇ ਹਿੰਸਕ ਵਿਕਾਸ ਦੇ ਕਾਰਨ ਬਿਨਾਂ ਪਸੀਨਾ ਬਹਾਏ ਮਿਲ ਰਹੀ ਕਾਰਾਂ 'ਚ ਬੈਠ ਕੇ ਡਿੱਗੀ 'ਚ ਤਿਰੰਗਾ ਲੈ ਕੇ ਇੰਡੀਆ ਗੇਟ 'ਤੇ ਜਾ ਕੇ ਟੀ. ਵੀ. ਕੈਮਰਿਆਂ ਦੇ ਸਾਹਮਣੇ ਦੇਸ਼ ਪ੍ਰੇਮ ਦਾ ਗਲਾ ਪਾੜ ਕੇ ਇਜ਼ਹਾਰ ਕਰਦੇ ਹਨ। ਤੇ ਜਿਨਾਂ ਨੂੰ ਪਿੰਡ ਭਾਰਤ ਦੀ ਲੁੱਟ ਦੀ ਜਰਾ ਵੀ ਪ੍ਰਵਾਹ ਨਹੀਂ ਹੈ। ਬਿਨਾਂਇਕ ਸੇਨ ਦਾ ਫੈਸਲਾ ਇਸ ਹੁਸ਼ਿਆਰ ਦੇਸ਼ ਪ੍ਰੇਮ ਜਮਾਤ ਨੂੰ ਥੋੜ੍ਹਾ ਚੌਕਸ ਕਰੇਗਾ।

# ਕਿਉਂ ਦੇਸ਼ ਦਾ ਤੀਜਾ ਹਿੱਸਾ ਅਬਾਦੀ ਕੁਪੋਸ਼ਣ ਤੋਂ ਪੀੜਤ?

ਕੌਮੀ ਕੁਪੋਸ਼ਣ ਨਿਗਰਾਨੀ ਬਿਊਰੋ (NNMB) ਅਨੁਸਾਰ ਭਾਰਤ ਦੀ ਬਾਲਗ ਅਬਾਦੀ ਦਾ ਇਕ ਤਿਹਾਈ ਤੋਂ ਵੀ ਵੱਧ ਦਾ ਬੀ. ਐਮ. ਆਈ. (ਬਾਡੀ ਮਾਸ ਇੰਡੈਕਸ) 18.5 ਤੋਂ ਘੱਟ ਹੈ ਅਤੇ ਉਹ ਲੰਮੇ ਸਮੇਂ ਤੋਂ ਕੁਪੋਸ਼ਣ ਦਾ ਸ਼ਿਕਾਰ ਹਨ। ਇਸ ਵਿਚ ਵੀ ਅਨਸੂਚਿਤ ਜਾਤੀਆਂ ਦੇ 50 ਫੀਸਦੀ ਅਤੇ ਅਨਸੂਚਿਤ ਜਨ-ਜਾਤੀਆਂ ਦੇ 60 ਫੀਸਦੀ ਲੋਕਾਂ ਦਾ ਬੀ. ਐਮ. ਆਈ. 18.5 ਤੋਂ ਘੱਟ ਹੈ। ਉੜੀਸਾ ’ਚ 40 ਫੀਸਦੀ ਅਬਾਦੀ ਦਾ ਬੀ. ਐਮ. ਆਈ. 18.5 ਤੋਂ ਘੱਟ ਹੈ। ਵਿਕਸਤ ਸੂਬਾ ਮੰਨੇ ਜਾਣ ਵਾਲੇ ਮਹਾਂਰਾਸ਼ਟਰ ’ਚ 33 ਫੀਸਦੀ ਅਬਾਦੀ ਦਾ ਬੀ. ਐਮ. ਆਈ. 18.5 ਤੋਂ ਘੱਟ ਹੈ। ਕਈ ਪਿੰਡਾਂ ’ਚ ਤਾਂ 70 ਫੀਸਦੀ ਦਾ ਬੀ. ਐਮ. ਆਈ. 18.5 ਤੋਂ ਘੱਟ ਪਾਇਆ ਗਿਆ। ਵਿਸ਼ਵ ਸਿਹਤ ਸੰਸਥਾ ਦਾ ਕਹਿਣਾ ਹੈ ਕਿ ਜੇ ਕਿਸੇ ਫਿਰਕੇ ਦੇ 40 ਫੀਸਦੀ ਤੋਂ ਵੱਧ ਮੈਂਬਰਾਂ ਦਾ ਬੀ. ਐਮ. ਆਈ. 18.5 ਤੋਂ ਘੱਟ ਹੈ ਤਾਂ ਉਸ ਫਿਰਕੇ ਦੇ ਇਲਾਕੇ ਨੂੰ ਅਕਾਲ ਗ੍ਰਸਿਤ ਮੰਨਿਆ ਜਾਣਾ ਚਾਹੀਦਾ ਹੈ।

ਇਸ ਪੈਮਾਨੇ ਨਾਲ ਭਾਰਤ ’ਚ ਅਨਸੂਚਿਤ ਜਨ-ਜਾਤੀਆਂ, ਅਨਸੂਚਿਤ ਜਾਤੀਆਂ ਅਤੇ ਪੂਰੇ ਉੜੀਸਾ ਨੂੰ ਸਥਾਈ ਤੌਰ ’ਤੇ ਅਕਾਲ ਗ੍ਰਸਿਤ ਸਥਿਤੀ ਮੰਨਿਆ ਜਾ ਸਕਦਾ ਹੈ। ਰੀਪੋਟ ਅਨੁਸਾਰ ਭਾਰਤ ’ਚ 5 ਸਾਲ ਤੱਕ ਦੀ ਉਮਰ ਦੇ 43 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਤੇ ਉਹਨਾਂ ਦਾ ਭਾਰ ਉਮਰ ਦੇ ਲਿਹਾਜ ਨਾਲ ਘੱਟ ਹੈ। ਕੌਮਾਂਤਰੀ ਅਨਾਜ ਨੀਤੀ ਖੋਜ ਅਦਾਰੇ ਦੀ 2007 ਦੀ ਰੀਪੋਟ ਅਨੁਸਾਰ ਭੁੱਖਮਰੀ ਦੇ ਨਜ਼ਰੀਏ ਤੋਂ ਦੁਨੀਆਂ ਦੇ 118 ਦੇਸ਼ਾਂ ’ਚ ਭਾਰਤ ਦੀ 94 ਵੀਂ ਥਾਂ ਸੀ ਜਦ ਕਿ ਪਾਕਿਸਤਾਨ ਦੀ 88ਵੀਂ ਤੇ ਚੀਨ ਦੀ 47ਵੀਂ। ਕੌਮਾਂਤਰੀ ਅਨਾਜ ਨੀਤੀ ਖੋਜ ਸੰਸਥਾ ਤੇ ਕੈਲੀਫੋਰਨੀਆ ਯੂਨੀਵਰਸਿਟੀ ਵਲੋਂ ਤਿਆਰ ਕੀਤੇ ‘ਸੰਸਾਰ ਭੁੱਖ ਸੁਚਕਾਂਕ’ (ਗਲੋਬਲ ਹੰਗਰ ਇੰਡੈਕਸ) 2008 ਅਨੁਸਾਰ ਦੁਨੀਆਂ ਦੇ 88 ਦੇਸ਼ਾਂ ’ਚ ਭਾਰਤ ਦਾ 66ਵਾਂ ਸਥਾਨ ਹੈ। ਅਫਰੀਕੀ ਦੇਸ਼ਾਂ ਅਤੇ ਬੰਗਲਾ ਦੇਸ਼ ਨੂੰ ਛੱਡ ਕੇ ਭੁੱਖੇ ਲੋਕਾਂ ਸਬੰਧੀ ਭਾਰਤ ਸਭ ਦੇਸ਼ਾਂ ਤੋਂ ਪਿੱਛੇ ਹੈ ਅਤੇ 2015 ਤੱਕ ਭੁੱਖ ਦੀ ਸਮੱਸਿਆ ਮਿਟਾ ਦੇਣ ਦੀ ਸੰਯੁਕਤ ਰਾਸ਼ਟਰ ਸੰਘ ਦੀ ਮੁਹਿੰਮ ਦੇ ਬਾਵਜੂਦ 2030 ਤਕ ਇਹਨਾਂ ਦੀ ਗਿਣਤੀ ਵਧ ਕੇ 80 ਕਰੋੜ ਹੋ ਜਾਣ ਦਾ ਅੰਦਾਜਾ ਹੈ। ਇਸ ਅਬਾਦੀ ਦਾ 25 ਫੀਸਦੀ ਹਿੱਸਾ ਸਿਰਫ਼ ਭਾਰਤ ’ਚ ਰਹਿੰਦਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇੱਕ ਰੀਪੋਟ ਅਨੁਸਾਰ ਪੂਰੀ ਦੁਨੀਆਂ ’ਚ 85 ਕਰੋੜ 50 ਲੱਖ ਲੋਕ ਭੁੱਖਮਰੀ, ਕੁਪੋਸ਼ਣ ਤੇ ਨੀਮਪੋਸ਼ਣ ਦੇ ਸ਼ਿਕਾਰ ਹਨ। ਇਹਨਾਂ ਵਿੱਚੋਂ ਲਗਭਗ 35 ਕਰੋੜ ਅਬਾਦੀ ਭਾਰਤੀ ਹੈ। ਹਰ ਤਿੰਨ ਵਿੱਚੋਂ ਇਕ (ਯਾਨੀ 35 ਕਰੋੜ) ਭਾਰਤੀਆਂ ਨੂੰ ਭੁੱਖੇ ਪੇਟ ਸੌਣਾ ਪੈਂਦਾ ਹੈ। ਨਾ ਤਾਂ ਪੂਰੀ ਦੁਨੀਆਂ ਦੇ ਪੱਧਰ ’ਤੇ ਅਤੇ ਨਾ ਹੀ ਭਾਰਤ ਦੇ ਪੱਧਰ ’ਤੇ ਇਸ ਦਾ ਕਾਰਨ ਅਨਾਜ ਦੀ ਘਾਟ ਹੈ ਬਲਕਿ ਵਧਦੀ ਮਹਿੰਗਾਈ ਤੇ ਆਮ ਲੋਕਾਂ ਦੀ ਘਟਦੀ ਅਸਲੀ ਆਮਦਨ ਹੈ। ਸੰਯੁਕਤ ਰਾਸ਼ਟਰ ਸੰਘ ਦੀ ਇਕ ਰੀਪੋਟ ਅਨੁਸਾਰ ਭਾਰਤ ’ਚ 1991 ’ਚ ਪ੍ਰਤੀ ਵਿਅਕਤੀ ਔਸਤ ਅਨਾਜ ਉਪਲੱਭਤਾ 580 ਗ੍ਰਾਮ ਸੀ ਜੋ 2007 ’ਚ ਘਟ ਕੇ 445 ਗ੍ਰਾਮ ਰਹਿ ਗਈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਦੌਰਾਨ

ਸਮਾਜ ਦੇ ਖ਼ੁਸ਼ਹਾਲ ਤਬਕਿਆਂ (ਉਚ ਮੱਧ ਵਰਗ ਤਕ) ਨੇ ਖਾਣ-ਪੀਣ 'ਤੇ ਆਪਣਾ ਖਰਚ ਕਾਫੀ ਵਧਾਇਆ ਹੈ। ਯਾਨੀ ਔਸਤਨ ਅਨਾਜ ਉਪਲਭਤਾ 'ਚ ਉਕਤ ਅਰਸੇ 'ਚ ਦਰਸਾਈ ਗਈ। ਕਮੀ ਤੋਂ ਵੀ ਵੱਧ ਕਟੌਤੀ ਗ਼ਰੀਬਾਂ ਦੇ ਭੋਜਨ 'ਚ ਹੋਈ ਹੈ।

ਇਸ ਰੀਪੋਟ ਮੁਤਾਬਕ ਉਦਾਰੀਕਰਨ ਦੇ ਇਹਨਾਂ 18 ਸਾਲਾਂ ਦੌਰਾਨ ਸਮਾਜ ਦੇ ਗ਼ਰੀਬ ਹਿੱਸੇ ਦੀ ਪ੍ਰਤੀ ਵਿਅਕਤੀ ਕੈਲਰੀ ਖਪਤ 'ਚ ਵੀ ਕਾਫ਼ੀ ਕਮੀ ਆਈ ਹੈ। ਜਿੱਥੇ ਵਿਕਸਤ ਦੇਸ਼ਾਂ ਦੇ ਲੋਕ ਔਸਤਨ ਆਪਣੀ ਕੁੱਲ ਆਮਦਨੀ ਦਾ 10 ਤੋਂ 20 ਫੀਸਦੀ ਭੋਜਨ 'ਤੇ ਖਰਚ ਕਰਦੇ ਹਨ। ਉਥੋਂ ਭਾਰਤ ਦੇ ਲੋਕ ਆਪਣੀ ਕੁੱਲ ਕਮਾਈ ਦਾ ਔਸਤਨ ਕਰੀਬ 55 ਫੀਸਦੀ ਹਿੱਸਾ ਖਾਣੇ 'ਤੇ ਖਰਚ ਕਰਦੇ ਹਨ। ਪਰ ਘੱਟ ਆਮਦਨ ਵਰਗ ਦੇ ਭਾਰਤੀ ਨਾਗਰਿਕ ਆਪਣੀ ਆਮਦਨ ਦਾ 70 ਫੀਸਦੀ ਭਾਗ ਭੋਜਨ 'ਤੇ ਖਰਚ ਕਰਦੇ ਹਨ ਅਤੇ ਫਿਰ ਵੀ ਉਹਨਾਂ ਨੂੰ ਦੋ ਡੰਗ ਨਾ ਤਾਂ ਭਰ ਪੇਟ ਭੋਜਨ ਮਿਲਦਾ ਹੈ ਤੇ ਨਾ ਹੀ ਤਾਕਤਵਰ ਖੁਰਾਕ। ਔਸਤਨ ਇਕ ਆਮਦਨੀ ਨੂੰ ਰੋਜਾਨਾ 50 ਗ੍ਰਾਮ ਦਾਲ ਚਾਹੀਦੀ ਹੈ ਪਰ ਭਾਰਤ ਦੀ ਹੇਠਾਂ ਦੀ 30 ਫੀਸਦੀ ਅਬਾਦੀ ਨੂੰ ਔਸਤਨ 13 ਗ੍ਰਾਮ ਹੀ ਨਸੀਬ ਹੁੰਦਾ ਹੈ। ਸਾਲ 2006 ਤੋਂ 2007 ਦਰਮਿਆਨ ਦਾਲ ਦੀਆਂ ਕੀਮਤਾਂ 'ਚ 110 ਫੀਸਦੀ ਦਾ ਵਾਧਾ ਹੋਇਆ। ਮੁੱਠੀਭਰ ਮੌਸਮੀ ਸਬਜੀਆਂ ਨੂੰ ਛੱਡ ਕੇ ਹਰੀਆਂ ਸਬਜੀਆਂ ਤਾਂ ਗਰੀਬ ਖਾ ਹੀ ਨਹੀਂ ਸਕਦਾ। ਪਿਆਜ, ਟਮਾਟਰ ਤੇ ਆਲੂ ਤਕ ਖਰੀਦਣਾ ਵੀ ਸਾਲ ਦੇ ਜ਼ਿਆਦਾਤਰ ਹਿੱਸੇ 'ਚ ਇਸ ਲਈ ਮੁਸ਼ਕਲ ਹੁੰਦਾ ਹੈ। ਅੱਜ ਤੋਂ 50 ਸਾਲ ਪਹਿਲਾਂ ਪਹਿਲੇ 5 ਵਿਅਕਤੀਆਂ ਦਾ ਪ੍ਰੀਵਾਰ ਇਕ ਸਾਲ 'ਚ ਔਸਤਨ ਜਿੰਨਾ ਅਨਾਜ ਖਾਂਦਾ ਸੀ। ਅੱਜ ਉਸ ਤੋਂ 200 ਕਿਲੋ ਘੱਟ ਖਾਂਦਾ ਹੈ। ਪ੍ਰਸਿੱਧ ਅਰਥ ਸਾਸ਼ਤਰੀ ਉਤਸਾ ਪਟਨਾਇਕ ਅਨੁਸਾਰ ਖਾਸ ਕਰਕੇ 1991 'ਚ ਨਿੱਜੀਕਰਣ-ਉਦਾਰੀਕਰਨ ਦੀਆਂ ਨੀਤੀਆਂ ਲਾਗੂ ਕਰਨ ਪਿਛੋਂ ਤੋਂ ਅਨਾਜ ਦੀ ਖਪਤ 'ਚ ਭਾਰੀ ਗਿਰਾਵਟ ਆਈ ਹੈ। 1991 'ਚ ਪੰਜ ਵਿਅਕਤੀਆਂ ਦਾ ਔਸਤ ਪ੍ਰੀਵਾਰ ਇਕ ਸਾਲ 'ਚ ਕਰੀਬ 880 ਕਿਲੋ ਅਨਾਜ ਖਾਂਦਾ ਸੀ। ਜੋ 2008 'ਚ ਘਟ ਕੇ 770 ਕਿਲੋ ਹੀ ਰਹਿ ਗਿਆ। ਸੰਯੁਕਤ ਰਾਸ਼ਟਰ ਸੰਘ ਦੀ ਰੀਪੋਟ ਅਨੁਸਾਰ ਦੁਨੀਆਂ 'ਚ ਭੁੱਖਮਰੀ ਦੇ ਸ਼ਿਕਾਰ ਲੋਕਾਂ 'ਚੋਂ ਅੱਧੇ ਲੋਕ ਭਾਰਤ 'ਚ ਰਹਿੰਦੇ ਹਨ। ਇਸ ਰੀਪੋਟ ਮੁਤਾਬਕ ਭਾਰਤ ਦੇ ਕੁੱਝ ਬੱਚਿਆਂ ਵਿਚੋਂ 46 ਫੀਸਦੀ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਸੰਘ ਦੀ ਮਹਾਂ ਸ਼ਤਾਬਦੀ ਟੀਚਾ ਸਮੀਖਿਆ ਰੀਪੋਟ ਅਨੁਸਾਰ ਹਰ ਸਾਲ ਦੇਸ਼ 'ਚ 15 ਲੱਖ ਬੱਚੇ ਆਪਣੇ ਪਹਿਲੇ ਜਨਮ ਦਿਨ ਤੋਂ ਪਹਿਲਾਂ ਹੀ ਮੌਤ ਦੇ ਮੂੰਹ 'ਚੋਂ ਸਮੋ ਜਾਂਦੇ ਹਨ। ਪੈਦਾ ਹੋਣ ਵਾਲੇ ਹਰ 1000 ਬੱਚਿਆਂ ਵਿੱਚੋਂ 74 ਬੱਚੇ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

# ਕੀ ਹੈ ਮੌਜੂਦਾ ਨਿਆਂ ਪ੍ਰਣਾਲੀ ਦਾ ਘਿਨੌਣਾ ਚਿਹਰਾ?

ਗੁਜਰਾਤ 'ਚ ਹਜ਼ਾਰਾਂ ਬੇਗੁਨਾਹਾਂ ਦੇ ਕਤਲ ਆਮ ਦੇ ਕਰੀਬ 9 ਸਾਲ ਬੀਤ ਜਾਣ ਪਿਛੋਂ ਵੀ ਇਸ ਦੇ ਦੋਸ਼ੀਆਂ ਨੂੰ ਸਜਾ ਨਹੀਂ ਮਿਲ ਸਕੀ ਹੈ। ਇਸ ਦੀ ਉਮੀਦ ਵੀ ਘੱਟ ਹੀ ਹੈ ਕਿ ਇਸ ਦੀ ਸਜਾ ਮਿਲੇਗੀ। ਵਿੱਚੋਂ ਕੁਝ ਖੁਲਾਸੇ, ਵੱਖ-ਵੱਖ ਅਦਾਲਤਾਂ ਦੇ ਫੈਸਲੇ ਅਤੇ ਟਿੱਪਣੀਆਂ ਆਉਂਦੀਆਂ ਰਹਿਣਗੀਆਂ ਤੇ ਹਰ ਵਾਰੀ ਗੁਜਰਾਤ ਦੇ ਨੀਰ ਨਰੇਂਦਰ ਮੋਦੀ 'ਤੇ ਉਂਗਲਾਂ ਉਠਣਗੀਆਂ। ਪਰ ਪੂੰਜੀਵਾਦ ਨਿਆਂ ਪ੍ਰਣਾਲੀ ਤੋਂ ਇਸ ਪੂਰੇ ਮਾਮਲੇ 'ਚ ਮੋਦੀ ਨੂੰ ਕਦੀ ਸਜਾ ਮਿਲ ਸਕੇਗੀ, ਇਸ ਦੀ ਉਮੀਦ ਘੱਟ ਹੀ ਹੈ। ਭਾਰਤ ਦੀ ਪੂੰਜੀਵਾਦੀ ਨਿਆਂ ਵਿਵੱਸਥਾ ਅਜੇਹਾ ਕਰਕੇ ਭਾਰਤ ਦੇ ਫਾਸ਼ੀਵਾਦੀਆਂ ਮੂਹਰੇ ਕੋਈ ਬੁਰੀ ਮਿਸ਼ਾਲ ਨਹੀਂ ਪੇਸ਼ ਕਰੇਗੀ। ਜਿਸ ਦੀ ਵਰਤੋਂ ਸੰਕਟ ਸਮੇਂ ਹਮੇਸ਼ਾ ਇਸ ਨੂੰ ਕਰਨੀ ਪੈਂਦੀ ਹੈ। ਸਾਰੇ ਗਵਾਹਾਂ ਤੇ ਸਬੂਤਾਂ ਨੂੰ ਸਾਹਮਣੇ ਰੱਖਣ ਪਿੱਛੋਂ ਵੀ ਕੀ ਉਮਾ ਭਾਰਤੀ, ਜੋਸ਼ੀ ਤੇ ਅਡਵਾਨੀ ਸਮੇਤ ਹੋਰ ਸੰਘੀ ਧਰਮ ਧਵੱਜ ਧਾਰੀਆਂ ਨੂੰ ਬਾਬਰੀ ਮਸਜਿਦ ਢਾਹੁਣ ਦੇ ਕੇਸ 'ਚ ਸਜਾ ਮਿਲੀ? ਕੀ ਅਮਿਤ ਸ਼ਾਹ ਨੂੰ ਸੋਹਰਾਬੁਦੀਨ ਅਤੇ ਕੌਸਰ ਬੀ ਦੇ ਕੇਸ 'ਚ ਸਜਾ ਮਿਲੀ? ਦੂਜੇ ਪਾਸੇ ਇਕ ਵੀ ਗਵਾਹ ਨਾ ਹੋਣ ਦੇ ਬਾਵਜੂਦ ਬਿਨਾਇਕ ਸੇਨ, ਸੁਧੀਰ ਧਵਲੇ ਤੇ ਅਸਿਤ ਸੇਨ ਵਰਗੇ ਕਿੰਨੇ ਅਰਸੇ ਤਕ ਜੇਹਲਾਂ ਵਿੱਚ ਸੜਦੇ ਰਹੇ। ਅਤੀ ਸਨਮਾਨਿਤ ਭਾਰਤੀ ਨਿਆਂ-ਪ੍ਰਣਾਲੀ ਦਾ ਕਿਰਦਾਰ ਅੱਜ ਸਾਫ਼ ਤੌਰ 'ਤੇ ਉਜਾਗਰ ਹੋ ਚੁੱਕਿਆ ਹੈ। ਇਹ ਫਾਸ਼ੀ ਵਾਦੀਆਂ ਨੂੰ ਕਦੀ ਸਜਾ ਨਹੀਂ ਦੇਵੇਗੀ। ਨਿਆਂ ਦਾ ਢੌਂਗ ਰਚਣ ਲਈ ਇਹ ਮੁੱਦੇ ਨੂੰ ਜਿਉਂਦਾ ਰੱਖਦੀ ਹੈ ਅਤੇ ਉਸ ਨੂੰ ਦੋਸ਼ ਮੁਕਤ ਵੀ ਦੇਰ ਨਾਲ ਹੀ ਕਰਦੀ ਹੈ। ਪਰ ਨਿਆਂ ਦੀ ਉਮੀਦ ਕਰਨਾ ਇੱਥੇ ਮਿਰਗ ਤ੍ਰਿਸ਼ਨਾ ਵਾਂਗੂੰ ਹੀ ਹੈ। ਗੁਜਰਾਤ ਦੇ ਦੰਗਿਆਂ ਸਬੰਧੀ ਇਨਸਾਫ ਦੀ ਕਹਾਣੀ ਐਸੀ ਹੀ ਹੈ। ਅੱਜਕਲ੍ਹ ਕਤਲੇਆਮ ਸਬੰਧੀ ਵੱਖ-ਵੱਖ ਅਦਾਲਤਾਂ ਤੇ ਜਾਂਚ ਏਜੰਸੀਆਂ ਨੇ ਨਿਆਂ ਅਤੇ ਜਾਂਚ ਦੇ ਬਹਾਨੇ ਸਿਰਫ਼ ਖਾਨਾ ਪੂਰਤੀ ਕੀਤੀ ਹੈ। ਅਤੇ ਘੱਟ ਗਿਣਤੀਆਂ ਦੇ ਜਖਮਾਂ 'ਤੇ ਨਮਕ ਛਿੜਕਦਿਆਂ ਬਹੁਗਿਣਤੀਆਂ ਦੇ ਹਿੱਤਾਂ ਦੀ ਪੈਰਵੀ ਕੀਤੀ ਹੈ। ਗੁਜਰਾਤ ਦੰਗਿਆਂ ਵਿੱਚ ਘੱਟ-ਗਿਣਤੀਆ ਨੂੰ ਨਿਆਂ ਦੇਣ ਲਈ ਐਸੀਆਂ ਹੀ ਕਈ ਅਦਾਲਤਾਂ ਤਾਂ ਜਾਂਚ ਏਜੰਸੀਆ ਦਾ ਗਠਨ ਹੋਇਆ ਤੇ ਉਹਨਾਂ ਵਿਚ ਕਾਰਵਾਈ ਵੀ ਚੱਲੀ ਪਰ ਅੱਜ ਤਕ ਕਿਸੇ ਵੀ ਫਿਰਕੂ ਫਾਸ਼ੀਵਾਦੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਿਆ ਹੈ। ਜਦਕਿ ਉਹਨਾਂ ਖਿਲਾਫ਼ ਅਨੇਕਾਂ ਸਬੂਤ ਤੇ ਗਵਾਹ ਸਨ ਪਰ ਕਾਨੂੰਨ ਆਪਣੀ ਹੀ ਦਲੀਲ ਦਿੰਦੇ ਹੋਏ ਸਭ ਨੂੰ ਬਰੀ ਕਰਦਾ ਰਿਹਾ। ਆਓ ਵੇਖੀਏ ਕੁਝ ਫੈਸਲੇ ਅਦਾਲਤਾਂ ਦੇ ਅਤੇ ਉਹਨਾਂ ਦੀਆਂ ਪੱਖਪਾਤੀ ਦਲੀਲਾਂ ਜਿਹਨਾਂ ਦੀ ਆਪਣੀ ਹੀ ਭਾਸ਼ਾ ਹੈ। ਆਪਣਾ ਹੀ ਰਾਗ ਹੈ।

1. ਕੋਰਟਾਂ ਜਿੱਥੇ ਮੁਕੱਦਮਾ ਚਲਦਾ ਹੈ (ਟਰਾਇਲ ਕੋਰਟਾਂ) - ਕੋਰਟਾਂ ਨੇ ਮੰਨਿਆ - "27/2/02 ਨੂੰ ਅਯੋਧਿਆ ਰਾਮਜਨਮ ਭੂਮੀ ਤੋਂ ਵਾਪਸ ਆ ਰਹੀ ਸਾਬਰਮਤੀ ਐਕਸਪ੍ਰੈਸ ਦੇ ਕੋਚ 5-6 ਨੂੰ ਅੱਗ ਲਾਏ ਜਾਣ ਜਿਸ 'ਚ ਕਾਰ ਸੇਵਕ ਸਫ਼ਰ ਕਰ ਰਹੇ ਸਨ ਦੇ ਕਾਰਣ ਹੋਏ ਕਤਲੇਆਮ ਦੇ ਫੌਰਨ ਪਿੱਛੋਂ। ਗੋਦਰਾ ਦੀ ਰੇਲਵੇ ਸੀਮਾ ਅੰਦਰ ਇਕ ਮਾਰਚ 2002 ਦੀ ਸ਼ਾਮ 5.30 ਵਜੇ ਪੁਲਸ ਕਮਿਸ਼ਨਰ ਵਲੋਂ

ਬੜੋਦਰਾ ਦੀ ਹਥਿਆਰਬੰਦ ਭੀੜ ਇਕੱਠੀ ਕਰਨ 'ਤੇ ਲੱਗੀ ਪਾਬੰਦੀ ਦੇ ਬਾਵਜੂਦ ਦੋਸ਼ੀਆਂ ਨੇ 1000 ਤੋਂ 2000 ਦੀ ਭੀੜ ਦੇ ਨਾਲ ਹੁਕਮਾਂ ਦੀ ਉਲੰਘਣਾ ਕੀਤੀ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਜਾਨ ਤੇ ਜਾਇਦਾਦ ਨੂੰ ਨਸ਼ਟ ਕਰਨ ਦੇ ਆਪਣੇ ਸਮੂਹਕ ਮਕਸਦ ਨਾਲ ਸਾਰੇ ਦੋਸ਼ੀ ਜੋ ਕਿ ਘਾਤਕ ਹਥਿਆਰਾਂ ਨਾਲ ਅਤੇ ਜਲਨਸ਼ੀਲ ਪਦਾਰਥਾਂ ਨਾਲ ਲੈਸ ਸਨ, ਇਕ ਗੈਰ ਕਾਨੂੰਨੀ ਹਜੂਮ ਬਣਾਉਂਦਿਆਂ ਹੋਇਆ ਗਜਰਾਵਾੜੀ, ਸ਼ਿਵਨਗਰ, ਗਣੇਸ, ਨਗਰ ਤੇ ਹਨੂਮਾਨ ਟੇਕਰੀ ਇਲਾਕੇ 'ਚ ਆਏ। ਉਹ ਭੜਕਾਊ ਭਾਸ਼ਣ ਬੋਲ ਰਹੇ ਸਨ। ਜਿਵੇਂ 'ਮਾਰੋ, ਕੁੱਟੋ, ਮੁਸਲਮਾਨਾ ਨੂੰ ਭਜਾਓ' 'ਮੁਸਲਮਾਨਾ ਦੇ ਘਰਾਂ ਨੂੰ ਅੱਗੇ ਲਾਓ' ਉਹਨਾਂ ਨੇ ਅਨੇਕਾਂ ਘਰਾਂ ਨੂੰ ਲੁੱਟਿਆ, ਅੱਗ ਲਾਈ ਉਸ ਪਿੱਛੋਂ ਦੋਸ਼ੀਆਂ ਨੇ ਬੈਸਟ ਬੇਕਰੀ ਦੀ ਇਮਾਰਤ 'ਤੇ ਹਮਲਾ ਕੀਤਾ, ਪੱਥਰ ਸੁੱਟੇ ਅਤੇ ਉਸ ਦੇ ਸਾਹਮਣੇ ਸਥਿਤ ਲਾਲ ਮੁਹੰਮਦ ਖੁਦਾਬਾਜ ਦੇ ਗੁਦਾਮ ਨੂੰ ਅੱਗ ਲਾਈ। ਜਿਸ ਨਾਲ 130000 ਰੁਪਏ ਦਾ ਨੁਕਸਾਨ ਹੋਇਆ ਅਤੇ ਅਸਲਮ ਭਾਈ ਸ਼ੇਖ ਦੇ ਘਰ ਨੂੰ ਵੀ ਨੁਕਸਾਨ ਪਹੁੰਚਾਇਆ। ਉਸ ਦੀਆਂ ਘਰੇਲੂ ਚੀਜ਼ਾਂ ਨੂੰ ਅੱਗ ਲਾ ਦਿੱਤੀ। ਜਿਸ ਵਿੱਚ 155000 ਰੁਪਏ ਤੱਕ ਦਾ ਨੁਕਸਾਨ ਹੋਇਆ ਅਤੇ ਦੋਸ਼ੀਆਂ ਨੇ ਪੂਰੀ ਰਾਤ ਬੈਸਟ ਬੇਕਰੀ ਦੀ ਇਮਾਰਤ ਨੂੰ ਘੇਰੀ ਰੱਖਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਨਜ਼ਰਬੰਦ ਰੱਖਿਆ। ਸੁਭਾ ਜਦ ਇਹਨਾਂ ਨਜ਼ਰਾਬੰਦ ਵਿਅਕਤੀਆਂ 'ਚੋਂ ਜਦ ਲੋਕ ਹੇਠਾਂ ਆਏ ਤੇ ਸਹਾਰਾਬੇਨ ਦੇ ਗਲੇ 'ਚੋਂ ਚੇਨੀ ਲੁੱਟ ਲਈ ਅਤੇ ਉਸ ਵਕਤ ਯਾਸਮੀਨ ਦੇ ਗਲੇ 'ਚੋਂ ਚਾਂਦੀ ਦੀ ਚੇਨ ਖੋਹ ਲਈ ਤੇ ਉਸ ਵਕਤ ਫਿਰੋਜ਼ ਅਖਤਰ ਖਾਨ ਤੇ ਨਸ਼ਰੂ ਪਠਾਨ ਜੋ ਉਥੋਂ ਭੱਜਣਾ ਚਾਹੁੰਦੇ ਸਨ ਤੇ ਜੋ ਨਜਦੀਕ ਖੇਤਾਂ 'ਚ ਆ ਗਏ ਸਨ। ਉਹ ਘਾਤਕ ਹਥਿਆਰਾਂ ਨਾਲ ਜ਼ਖਮੀ ਹੋ ਗਏ ਅਤੇ ਉਹਨਾਂ ਨੂੰ ਅੱਗ ਲਾ ਦਿੱਤੀ ਗਈ ਤੇ ਮਾਰ ਦਿੱਤਾ ਗਿਆ। ਇਸ ਤਰ੍ਹਾਂ ਜੋ ਲੋਕ ਬੇਕਰੀ ਦੇ ਘਰ ਵਿਚੋਂ ਬਾਹਰ ਆਏ ਉਹਨਾਂ 'ਤੇ ਘਾਤਕ ਹਥਿਆਰਾਂ ਨਾਲ ਦੋਸ਼ੀਆਂ ਸਮੇਤ ਭੀੜ ਨੇ ਹਮਲਾ ਕੀਤਾ, ਉਹਨਾਂ ਉਪਰ ਲਕੜੀਆਂ ਤੇ ਝਾੜੀਆਂ ਆਦਿ ਸੁੱਟੀਆਂ ਗਈਆਂ ਤੇ ਫੇਰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਅਤੇ ਇਸ ਤਰ੍ਹਾਂ ਨਸੀਬ ਉਲਾ, ਤੁਫੈਲ, ਰਈਸ ਤੇ ਸ਼ਾਹ ਜਾਦਖਾਨ ਨੂੰ ਗੰਭੀਰ ਸੱਟਾਂ ਆਈਆਂ ਅਤੇ ਪ੍ਰਕਾਸ਼ ਧੋਬੀ, ਬਲੀਰਾਮ ਵਰਗਾ ਤੇ ਰਾਜੂ ਉਰਫ ਰਮੇਸ਼ ਦੀ ਅੱਗ ਲਾ ਕੇ ਹੱਤਿਆ ਕਰ ਦਿੱਤੀ। ਉਸ ਸਮੇਂ ਉਹਨਾਂ ਨੇ ਕੌਸਰ ਭਾਈ ਸ਼ੇਖ, ਲੂਲਾ ਉਰਫ ਅਸਰਤ ਸ਼ੇਖ ਸੁਭਾਨ (ਬੱਚਾ), ਮੇਤਰ (ਬੱਚਾ), ਬੱਚੀ ਸਿਪਾਲੀ ਨੂੰ ਵੀ ਅੱਗ ਲਾ ਕੇ ਸਾੜ ਦਿੱਤਾ ਅਤੇ ਇਸ ਤਰ੍ਹਾਂ ਦੋਸ਼ੀਆਂ ਨੇ ਭਾਰਤੀ ਦੰਡ ਸੰਹਿਤਾ ਦੀ ਧਾਰਾ 147, 148, 149, 188, 504, 342, 427, 436, 395, 307, 302 ਅਤੇ ਮੁੰਬਈ ਪੁਲਸ ਐਕਟ ਦੀ ਧਾਰਾ 135 ਦੇ ਤਹਿਤ ਅਪਰਾਧ ਕੀਤੇ ਹਨ ਅਤੇ ਇਸ ਪੁਲਸ ਕੇਸ 'ਚ ਦੋਸ਼ੀਆਂ ਖਿਲਾਫ਼ ਚਾਰਜ ਵੀ ਨਿਰਧਾਰਿਤ ਕੀਤਾ ਗਿਆ ਹੈ।

ਆਖਰੀ ਫੈਸਲਾ :-ਇਸ ਸਭਿਅਕ ਸ਼ਹਿਰ ਦੇ ਨਿਵਾਸੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ ਘਟਨਾ ਉਹਨਾਂ ਨੂੰ ਸਿੱਖਿਆ ਦਿੰਦੀ ਕਿ ਉਹ ਚੌਕਸ ਰਹਿਣ ਤਾਂ ਕਿ ਭਵਿੱਖ 'ਚ ਐਸੀ ਸ਼ਰਮਨਾਕ ਘਟਨਾ ਦੁਬਾਰਾ ਨਾ ਵਾਪਰੇ ਅਤੇ ਇਸ ਮੁਕੱਦਮੇ 'ਚ ਇਸ ਕੇਸ ਦੇ ਰਿਕਾਰਡ 'ਚ ਸਬੂਤਾਂ ਤੇ ਯੋਗਤਾ ਦੇ ਆਧਾਰ 'ਤੇ ਹੇਠ ਲਿਖਿਆ ਹੁਕਮ ਪਾਸ ਕੀਤਾ ਜਾਂਦਾ ਹੈ ਕਿ - ਦੋਸ਼ੀਆਂ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ

ਜਾਂਦਾ ਹੈ ਕਿਉਂਕਿ ਦੋਸ਼ੀਆਂ ਵਿਰੁੱਧ ਕੇਸ ਸਿੱਧ ਨਹੀਂ ਹੋਇਆ। - ਦੋਸ਼ੀ ਰਵੀ ਰਾਜਾਰਾਮ ਚੌਹਾਨ ਜਮਾਨਤ 'ਤੇ ਹੈ ਉਸ ਦੀ ਜਮਾਨਤ ਰਾਸ਼ੀ ਰੱਦ ਕੀਤੀ ਜਾਂਦੀ ਹੈ। ਬਾਕੀਆਂ ਦੋਸ਼ੀਆਂ ਨੂੰ ਵੀ ਜੇਹਲ ਤੋਂ ਰਿਹਾਅ ਕੀਤਾ ਜਾਂਦਾ ਹੈ ਜੇ ਉਹਨਾਂ ਦੀ ਕਿਸੇ ਹੋਰ ਕਿਸੇ 'ਚ ਲੋੜ ਨਹੀਂ ਹੈ। - ਅਪੀਲ ਦੀ ਸਮਾਂ-ਸੀਮਾ ਖ਼ਤਮ ਹੋਣ 'ਤੇ ਇਸ ਕੇਸ 'ਚ ਜੋ ਵੀ ਚੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਉਹਨਾਂ ਨੂੰ ਨਸ਼ਟ ਕਰ ਦਿੱਤਾ ਜਾਵੇ। (27 ਜੂਨ 2003 ਖੁਲੀ ਅਦਾਲਤ 'ਚ ਜਾਰੀ)

2. ਗੁਜਰਾਤ ਹਾਈ ਕੋਰਟ

ਅਦਾਲਤ ਦੀਆਂ ਦਲੀਲਾਂ - 26 ਨਵੰਬਰ 2003 ਨੂੰ ਗੁਜਰਾਤ ਹਾਈਕੋਰਟ 'ਚ ਨਿਆਂ ਮੂਰਤੀ ਸੇਠਨਾ ਤੇ ਨਿਆਂ ਮੂਰਤੀ ਜੇ. ਆਰ. ਵੋਹਰਾ ਨੇ ਗੁਜਰਾਤ ਸਰਕਾਰ ਦੀ ਅਪਰਾਧਿਕ ਅਪੀਲ (ਨੰ 956, 2003) ਤੇ ਦੋ ਅਪਰਾਧਿਕ ਵੱਖ-ਵੱਖ ਪਟੀਸ਼ਨਾ ਨੂੰ ਰੱਦ ਕਰ ਦਿੱਤਾ। ਸਭ ਦੋਸ਼ੀਆਂ ਨੂੰ ਬਰੀ ਕਰਨ ਵਾਲੇ ਟਰਾਇਲ ਕੋਰਟ ਦੇ ਫੈਸਲੇ 'ਤੇ ਗੁਜਰਾਤ ਸਰਕਾਰ ਨੇ ਬੜੇ ਭਰੇ ਮਨ ਨਾਲ ਇਹ ਅਪੀਲ ਤੇ ਪਟੀਸ਼ਨਾਂ ਦਾਇਰ ਕੀਤੀਆਂ ਸਨ। ਇਹਨਾਂ ਨੂੰ ਰੱਦ ਕਰਦਿਆਂ ਜੋ ਕਾਰਨ ਹਾਈਕੋਰਟ ਨੇ ਦਿੱਤੇ ਹਨ। ਉਹਨਾਂ ਤੋਂ ਸਾਫ਼ ਪਤਾ ਲਗਦਾ ਹੈ ਕਿ ਇਹ ਕਿਸੇ ਦਾ ਪੱਖ ਲੈਂਦੀ ਹੈ। ਹਾਈਕੋਰਟ ਅਨੁਸਾਰ ਤਾ ਗਵਾਹਾਂ, ਜੋ ਆਪਣੇ ਪਹਿਲੇ ਬਿਆਨਾ ਤੋਂ ਮੁਕਰ ਗਏ ਹਨ, ਵਿਚੋਂ 7 ਗਵਾਹ ਅਜੇਹੇ ਹਨ ਜੋ ਕਿ ਨਾ ਸਿਰਫ਼ ਪੀੜਤ ਹਨ ਬਲਕਿ "ਉਹਨਾਂ ਵਿੱਚੋਂ ਕੁਝ ਜਖਮੀ ਸਨ ਅਤੇ ਇਸ ਦੁਰਘਟਨਾ 'ਚ ਉਹਨਾਂ ਨੇ ਆਪਣੇ ਨੇੜੇ ਰਿਸ਼ਤੇਦਾਰਾਂ ਤੋਂ ਹੱਥ ਧੋਤੇ ਸਨ। ਜੇ ਉਹਨਾਂ ਨੇ 1000-1500 ਦੀ ਭੀੜ ਵਿੱਚੋਂ ਦੋਸ਼ੀਆਂ ਨੂੰ ਵੇਖਿਆ ਹੁੰਦਾ ਤਾਂ ਇਹ ਉਹਨਾਂ ਲਈ ਉਤਮ ਮੌਕਾ ਸੀ ਕਿ ਉਹ ਦੋਸ਼ੀਆਂ ਖਿਲਾਫ਼ ਬੋਲਦੇ ਕਿਉਂਕਿ ਉਹ ਦੋਸ਼ੀ ਅਦਾਲਤ 'ਚ ਹਾਜ਼ਰ ਸਨ ਅਤੇ ਅਦਾਲਤ 'ਚ ਕੋਈ ਜਬਰਦਸਤੀ ਜਾਂ ਧਮਕੀ ਨਹੀਂ ਸੀ।" ਇਕ ਹੋਰ ਹਾਸੋਹੀਣਾ ਮੁੱਦਾ ਹਾਈਕੋਰਟ ਨੇ ਉਠਾਇਆ। ਉਹਨਾਂ ਅਨੁਸਾਰ "ਜੇ ਬਿਆਨ ਦਰਜ ਕਰਨ ਤੋਂ ਪਹਿਲਾਂ ਉਹਨਾਂ ਨੂੰ ਸੱਚ ਮੁੱਚ ਧਮਕੀ ਦਿੱਤੀ ਗਈ ਸੀ ਤਾਂ ਉਸ ਬਾਰੇ ਉਹਨਾਂ ਨੇ ਕਿਸੇ ਇਕ ਨੂੰ ਦੱਸਿਆ ਹੁੰਦਾ ਪਰ ਅਜਿਹਾ ਨਹੀਂ ਸੀ।" ਜਾਹਿਰਾ ਬੀਬੀ ਦੇ ਇਸ ਬਿਆਨ 'ਤੇ ਕਿ ਉਹ ਆਪਣੇ ਬਿਆਨ ਤੋਂ ਇਸ ਲਈ ਮੁਕਰ ਗਈ ਕਿਉਂਕਿ ਉਸ ਨੂੰ ਖ਼ਤਰਾ ਸੀ, ਕੋਰਟ ਦਾ ਮੰਨਣਾ ਸੀ "ਸਾਨੂੰ ਗੰਭੀਰ ਸ਼ੱਕ ਹੈ। ਜੇ ਉਹ ਫੈਸਲੇ ਦੇ ਦਿਨ ਦੇ ਅਗਲੇ ਦਿਨ ਇਹ ਬਿਆਨ ਦੇ ਸਕਦੀ ਹੈ ਕਿ ਉਸ ਨੂੰ ਧਮਕਾਇਆ ਗਿਆ ਸੀ ਤਾਂ ਸੁਆਲ ਇਹ ਹੈ ਕਿ ਉਸ ਨੇ 27/6/2003 ਤਕ ਇਹ ਬਿਆਨ ਕਿਉਂ ਨਹੀਂ ਦਿੱਤਾ?" ਅਦਾਲਤ ਦਾ ਮੰਨਣਾ ਹੈ ਕਿ "ਅਜੇਹਾ ਪ੍ਰਤੀਤ ਹੁੰਦਾ ਹੈ ਕਿ ਗਵਾਹ ਜਾਹਿਰਾ ਬੀਬੀ ਜੋ ਕਿ ਸਿਰਫ਼ 19 ਸਾਲ ਦੀ ਹੈ, ਨੂੰ ਵਰਤਣ ਦੀ ਇਕ ਖਾਸ ਸਕੀਮ ਤੇ ਸਾਜਿਸ਼ ਹੈ ਜਿਸ ਨਾਲ ਲੋਕਾਂ ਨੂੰ ਬਦਨਾਮ ਕੀਤਾ ਜਾ ਸਕੇ। ਇਹ ਅਸਾਨੀ ਨਾਲ ਕਿਸੇ ਦਾ ਸ਼ਿਕਾਰ ਬਣ ਸਕਦੀ ਹੈ। ਅਤੇ ਗੈਰ ਸਮਾਜ ਤੇ ਕੌਮ ਵਿਰੋਧੀ ਤੱਤਾਂ ਦੇ ਗੰਦੇ ਹੱਥਾਂ 'ਚ ਖੇਡ ਸਕਦੀ ਹੈ।" ਇਕ ਮੁਸਲਮਾਨ ਗ਼ਰੀਬ ਔਰਤ ਹਿੰਦੁਸਤਾਨ 'ਚ ਰਹਿ ਕੇ ਕੀ ਕਰ ਸਕਦੀ ਹੈ ਸਿਵਾਏ ਕੌਮ ਧ੍ਰੋਹੀ ਸਰਗਰਮੀ 'ਚ ਸ਼ਾਮਲ ਹੋਣ ਦੇ? ਕੁਝ ਚਸ਼ਮਦੀਦ ਗਵਾਹਾਂ ਦੇ ਬਿਆਨ ਇਹ ਕਹਿ ਕੇ ਦਰਜ ਨਹੀਂ ਕੀਤੇ ਗਏ ਸਨ ਕਿ ਉਹਨਾਂ ਦੀ ਮਾਨਸਿਕ ਹਾਲਤ ਠੀਕ ਨਹੀਂ, ਸੁਆਲ ਇਹ ਸੀ ਕਿ ਜੱਜ ਨੇ ਬਿਨਾਂ ਕਿਸੇ ਡਾਕਟਰੀ ਜਾਂਚ ਦੇ ਕਿਵੇਂ ਮੰਨ ਲਿਆ

ਕਿ ਅਜੇ ਉਹਨਾਂ ਦੀ ਮਾਨਸਿਕ ਹਾਲਤ ਠੀਕ ਨਹੀਂ ਹੈ। ਇਸ ਤੋਂ ਇਲਾਵਾ ਹੇਠ ਲਿਖੇ ਨਮੂਨੇ ਵੀ ਵੇਖੋ ਜੋ 'ਅਜਾਦ' ਭਾਰਤ 'ਚ ਦੋਸ਼ੀਆਂ ਨੂੰ ਬਚਾਉਣ ਲਈ ਸਭ ਤੋਂ ਸ਼ਰਮਨਾਕ ਢੰਗ ਦੀ ਕੋਸ਼ਿਸ਼ ਹੈ -"ਜੇ ਦੋਸ਼ੀ ਹੀ ਅਸਲੀ ਅਪਰਾਧੀ ਹਨ ਤਾਂ ਉਹਨਾਂ ਨੇ ਬੈਸਟ ਬੇਕਰੀ 'ਚ ਰਹਿਣ ਵਾਲਿਆ ਨੂੰ ਮਾਰਨ ਤੇ ਹਮਲਾ ਕਰਨ ਲਈ ਪੂਰੀ ਰਾਤ ਯਾਨੀ 1.3.2002 ਸ਼ਾਮ 7 ਵਜੇ ਤੋਂ ਲੈ ਕੇ 2.3.2002 ਸਵੇਰੇ 10 ਵਜੇ ਤਕ ਉਡੀਕ ਕਿਉਂ ਕੀਤੀ? ਪੂਰੀ ਰਾਤ ਉਹਨਾਂ ਕੋਲ ਸੀ ਅਤੇ ਜੇ ਉਹ ਬੈਸਟ ਬੇਕਰੀ ਦੇ ਰਿਹਾਂਇਸ਼ੀਆਂ ਨੂੰ ਮਾਰਨਾ ਚਾਹੁੰਦੇ ਤਾਂ ਰਾਤ ਦੇ ਹਨੇਰੇ ਦਾ ਫਾਇਦਾ ਉਠਾਕੇ ਉਹ ਅਜਿਹਾ ਕਰ ਸਕਦੇ ਸਨ। ਤਾਂ ਕਿ ਹਮਲੇ 'ਚ ਬਚ ਨਿਕਲਣ ਵਾਲਾ ਉਹਨਾਂ ਨੂੰ ਪਹਿਚਾਣ ਨਾ ਸਕੇ। ਉਹਨਾਂ 'ਤੇ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਮ੍ਰਿਤਕ ਵਿਅਕਤੀਆਂ ਤੇ ਜਖ਼ਮੀਆਂ ਸਮੇਤ ਕੁਝ ਚਮਸ਼ਦੀਦ ਗਵਾਹਾਂ ਨੂੰ ਦੋਸ਼ੀਆਂ ਤੇ ਭੀੜ ਨੇ ਬੰਨ ਦਿੱਤਾ ਸੀ ਤਾਂ ਕਿ ਉਹਨਾਂ ਨੂੰ ਜਿਉਂਦਿਆਂ ਜਲਾਇਆ ਜਾ ਸਕੇ ਅਤੇ ਉਹਨਾਂ ਨੂੰ ਲਾਠੀਆਂ, ਤਲਵਾਰਾਂ ਆਦਿ ਨਾਲ ਮਾਰਿਆ ਗਿਆ। ਜੇ ਅਜੇਹਾ ਹੋਇਆ ਸੀ ਤਾਂ ਉਹ ਕਿਵੇਂ ਹੋ ਗਿਆ ਕਿ ਸੱਤ ਚਸ਼ਮਦੀਦ ਗਵਾਹਾਂ ਵਿਚੋਂ ਚਾਰ ਪੂਰੀ ਤਰ੍ਹਾਂ ਬਿਨਾਂ ਕਿਸੇ ਚੋਟ ਦੇ ਬਚ ਨਿਕਲੇ? ਅਦਾਲਤ ਦਾ ਧਿਆਨ ਇਸ 'ਤੇ ਗਿਆ ਕਿ ਕੁਝ ਬਚ ਕਿਉਂ ਗਏ ਇਸ 'ਤੇ ਨਹੀਂ ਕਿ ਏਨੇ ਸਾਰੇ ਸੱਚਮੁੱਚ ਜਿਉਂਦੇ ਸਾੜੇ ਗਏ।

ਅਦਾਲਤ ਦਾ ਫੈਸਲਾ :- ਅੰਤ 'ਚ ਹਾਈਕੋਰਟ ਨੇ ਐਫ. ਐਸ. ਐਲ. ਰਿਪੋਟ ਦਾ ਹਵਾਲਾ ਦਿੱਤਾ ਕਿ ਕਿਸੇ ਵੀ ਹਥਿਆਰ 'ਤੇ ਖ਼ੂਨ ਦੇ ਨਿਸ਼ਾਨ ਨਹੀਂ ਸਨ। ਇਸ ਲਈ ਟਰਾਇਲ ਕੋਰਟ ਦੇ ਦੋਸ਼ੀਆਂ ਨੂੰ ਬਰੀ ਕਰਨ ਦੇ ਫੈਸਲੇ ਨੂੰ ਸਹੀ ਠਹਿਰਾਇਆ।

ਸੁਪਰੀਮ ਕੋਰਟ :- ਕੋਰਟ ਨੇ ਮੰਨਿਆ - ਮੌਜੂਦਾ ਅਪੀਲਾਂ ਵਿੱਚ ਅਨੇਕਾਂ ਓਪਰੀਆਂ ਗੱਲਾਂ ਹਨ ਅਤੇ ਉਹਨਾਂ ਵਿਚੋਂ ਕੁਝ ਦੂਰਗਾਮੀ ਸਿੱਟਿਆਂ ਵਾਲੇ ਗੰਭੀਰ ਸੁਆਲ ਖੜ੍ਹੇ ਕਰਦੀਆਂ ਹਨ। ਇਹ ਮਾਮਲਾ ਆਮ ਤੌਰ 'ਤੇ "ਬੈਸਟ ਬੇਕਰੀ ਕੇਸ" ਵਜੋਂ ਜਾਣਿਆ ਜਾਂਦਾ ਹੈ। ਇਹਨਾਂ ਅਪੀਲਾਂ 'ਚ ਇਕ ਜਾਹਿਰਾ ਬੀਬੀ ਦੀ ਹੈ ਜਿਸ ਦਾ ਦਾਅਵਾ ਹੈ ਕਿ ਇਹ ਫਿਰਕੂ ਜਨੂੰਨ ਦੇ ਕਥਿਤ ਸਿੱਟੇ ਵਜੋਂ ਹੋਈਆਂ ਭਿਅੰਕਰ ਹੱਤਿਆਵਾਂ ਦੀ ਚਸ਼ਮਦੀਦ ਗਵਾਹ ਹੈ। ਉਸ ਨੇ ਹੇਠਲੀ ਅਦਾਲਤ 'ਚ ਸੁਣਵਾਈ ਖ਼ਤਮ ਹੋਣ ਅਤੇ ਫੈਸਲਾ ਸੁਣਾਏ ਜਾਣ ਪਿਛੋਂ ਬਿਆਨ ਦਿੱਤਾ ਅਤੇ ਹਲਫਨਾਮਾ ਦਾਖਲ ਕੀਤਾ। ਉਸ ਨੇ ਦੋਸ਼ ਲਾਇਆ ਕਿ ਸੁਣਵਾਈ ਦੌਰਾਨ ਧਮਕੀਆਂ ਤੇ ਦਬਾਵਾਂ ਨਾਲ ਉਸ ਨੂੰ ਗਲਤ ਬਿਆਨ ਦੇਣ ਤੇ ਮੁਕਰ ਜਾਣ ਲਈ ਮਜ਼ਬੂਰ ਕੀਤਾ ਗਿਆ। ਉਸ ਨੇ ਅਦਾਲਤ ਦੇ ਸਾਹਮਣੇ ਪੇਸ਼ ਗਵਾਹੀ ਦੀ ਗਣਵੰਨਤਾ ਤੇ ਯਕੀਨੀ ਤੋਂ ਇਲਾਵਾ ਗਵਾਹਾਂ ਦੀ ਰਾਖੀ ਦਾ ਮਹੱਤਵਪੂਰਨ ਸਵਾਲ ਖੜ੍ਹਾ ਕਰ ਦਿੱਤਾ ਹੈ।

ਦਿਲਚਸਪ ਗੱਲ ਇਹ ਹੈ ਕਿ ਖੁਦ ਗੁਜਰਾਤ ਸਰਕਾਰ ਨੇ ਜੋ ਇਕ ਓਪਰਾ ਜਿਹਾ ਸੁਆਲ ਖੜ੍ਹਾ ਕੀਤਾ ਕਿ ਉਹ ਸਰਕਾਰੀ ਵਕੀਲ ਰਾਹੀਂ ਮੁਕਦਮੇ ਦੀ ਪੂਰੀ ਕਾਰਵਾਈ ਨਾਲ ਜੁੜਿਆ ਹੈ। ਆਖਰ 'ਚ ਪਰ ਇਹ ਕੰਮ ਮਹੱਤਵਪੂਰਨ ਨਹੀਂ ਕਿ ਖੁਦ ਜਾਂਚ ਕਰਨ ਵਾਲੀ ਏਜੰਸੀ ਦੀ ਭੂਮਿਕਾ-ਲਾਹਪ੍ਰਵਾਹ ਹੈ ਅਤੇ ਨਿਰਪੱਖ ਨਹੀਂ ਹੈ। ਹਾਲਾਂਕਿ ਵੱਖ-ਵੱਖ ਪੱਖ ਉਸ ਦੀ ਭੂਮਿਕਾ ਨੂੰ ਵੱਖ-ਵੱਖ ਤਰ੍ਹਾਂ ਵੇਖਦੇ ਹਨ। ਉਹਨਾਂ ਦੇ ਰੁਖ ਵਿੱਚ ਇਸ ਗੱਲ 'ਤੇ ਸਹਿਮਤੀ ਹੈ ਕਿ ਇਹ ਦੂਸ਼ਿਤ ਤੇ ਪੱਖਪਾਤੀ ਹੈ ਅਤੇ

ਨਿਰਪੱਖ ਨਹੀਂ ਹੈ ਜਿੱਥੇ ਦੋਸ਼ੀ ਉਸ ਤੇ ਕਥਿਤ ਰੂਪ ਨਾਲ ਫਰਜੀ ਕੇਸਾਂ 'ਚ ਫਸਾਉਣ ਦਾ ਦੋਸ਼ ਲਾਉਂਦੇ ਹਨ। ਜਾਹਿਰਾ ਵਰਗੇ ਪੰਡਦ ਦੇ ਪੁਰਖਿਆਂ ਦਾ ਦਾਅਵਾ ਹੈ ਕਿ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਮਕਸਦ ਸਿਰਫ਼ ਦੋਸ਼ੀਆਂ ਨੂੰ ਸ਼ਹਿ ਦੇਣ ਦਾ ਸੀ। ਸੰਖੇਪ 'ਚ ਅਭਿਯੋਗ ਪੱਖ ਦੇ ਜਿਸ ਵੇਰਵੇ ਦੇ ਆਧਰ 'ਤੇ ਦੋਸ਼ੀਆਂ 'ਤੇ ਮੁਕੱਦਮਾ ਚਲਾਇਆ ਗਿਆ ਉਹ ਇਸ ਪ੍ਰਕਾਰ ਹੈ :-

ਇੱਕ ਮਾਰਚ 2002 ਦੇ 8.30 ਵਜੇ ਰਾਤ ਅਤੇ ਦੋ ਮਾਰਚ 2002 ਦੀ ਸੁਭਾ ਬਡੋਦਰਾ 'ਚ ਭਾਰੀ ਗਿਣਤੀ 'ਚ ਲੋਕਾਂ ਦੀ ਇਕ ਦੰਗਾਕਾਰੀ ਭੀੜ ਨੇ ਬੈਸਟ ਬੇਕਰੀ ਦੇ ਨਾਂ ਨਾਲ ਮਸ਼ਹੂਰ ਇਕ ਵਪਾਰਕ ਸੰਸਥਾ ਜਲਾ ਦਿੱਤੀ। ਇਹਨਾਂ ਹਮਲਿਆਂ ਨੂੰ ਸਾਬਰਮਤੀ ਐਕਸਪ੍ਰੈਸ 'ਚ 56 ਲੋਕਾਂ ਨੂੰ ਜਲਾ ਕੇ ਮਾਰਨ ਦਾ ਬਦਲਾ ਲੈਣ ਲਈ ਕੀਤੀ ਗਈ ਕਾਰਵਾਈ ਦੱਸਿਆ ਗਿਆ। ਜਾਹਿਰ ਮੁਖ ਚਸ਼ਮਦੀਦ ਗਵਾਹ ਸੀ ਜਿਸ ਨੇ ਇਸ ਭਿਅੰਕਰ ਕਾਂਡ 'ਚ ਲਾਚਾਰ ਔਰਤਾਂ ਤੇ ਮਾਸੂਮ ਬੱਚਿਆਂ ਸਮੇਤ ਮਾਪੇ ਖੋਹੇ। ਜਾਹਿਰਾ ਤੋਂ ਇਲਾਵਾ ਕਈ ਹੋਰ ਚਸ਼ਮਦੀਦ ਗਵਾਹ ਹਨ। ਦੋਸ਼ੀ ਅਪਰਾਧ ਦੇ ਕਰਤਾ-ਧਰਤਾ ਸਨ। ਜਾਂਚ ਪਿੱਛੋਂ ਜੂਨ 2002 'ਚ ਦੋਸ਼ ਪੱਤਰ ਦਾਖਲ ਕੀਤਾ ਗਿਆ।

ਆਖ਼ਰੀ ਫੈਸਲਾ - ਬੈਸਟ ਬੇਂਕਰੀ ਮਾਮਲੇ 'ਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਸਭ ਦੋਸ਼ੀਆਂ ਦੇ ਖਿਲਾਫ਼ ਮੁਕੱਦਮੇ ਗੁਜਰਾਤ ਦੇ ਬਾਹਰ ਮਹਾਂਰਾਸ਼ਟਰ 'ਚ ਚਲਾਏ ਜਾਣ। ਉਪਰੋਕਿਤ ਅਦਾਲਤਾਂ ਦੀਆਂ ਦਲੀਲਾਂ ਤੇ ਕਾਰਵਾਈਆਂ ਤੋਂ ਸਾਫ਼ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਮੁਕੱਦਮੇ ਦੀਆਂ ਵੱਖ-ਵੱਖ ਕਾਨੂੰਨੀ ਤਿਕੜਮਾ ਤੇ ਲੇਟਲਤੀਫੀ ਨਾਲ ਲਗਾਤਾਰ ਕਮਜ਼ੋਰ ਕੀਤਾ ਜਾਂਦਾ ਰਿਹਾ। ਇਸ ਤਰ੍ਹਾਂ ਗੁਜਰਾਤ ਦੰਗਿਆ ਸਬੰਧੀ ਗੁਜਰਾਤ ਸਰਕਾਰ ਤੇ ਨਰੇਂਦਰ ਮੋਦੀ ਦੀ ਭੂਮਿਕਾ 'ਤੇ ਵੀ ਮਿੱਟੀ ਪਾਉਣ ਦਾ ਕੰਮ ਕੀਤਾ ਗਿਆ। ਆਓ ਵੇਖਦੇ ਹਾਂ ਸੁਪਰੀਮ ਕੋਰਟ 'ਚ ਜਮ੍ਹਾ ਕੀਤੀ ਗਈ ਐਸ. ਆਈ. ਟੀ. ਰੀਪੋਟ ਜਿਸ ਦੀ ਜਾਂਚ ਤਾਂ ਨਰੇਂਦਰ ਮੋਦੀ ਤੇ ਉਸ ਦੀ ਸਰਕਾਰ ਨੂੰ ਦੋਸ਼ੀ ਮੰਨਦੀ ਹੈ ਪਰ ਅੰਤ 'ਚ ਉਹਨਾਂ ਨੂੰ ਦੋਸ਼ ਮੁਕਤ ਕਰਾਰ ਦਿੰਦੀ ਹੈ। ਐਸੀ ਆਈ. ਟੀ. ਦਾ ਗਠਨ ਸੁਪਰੀਮ ਕੋਰਟ ਦੇ ਹੁਕਮ ਪਿੱਛੋਂ ਹੋਇਆ ਸੀ ਤੇ ਇਸ ਰੀਪੋਟ 'ਚ ਮੋਦੀ ਨੂੰ ਕਲੀਨ ਚਿਟ ਦੇਣ ਦੀ ਗੱਲ ਤਾਂ ਦੂਰ ਉਹਨਾਂ ਨੂੰ ਕਈ ਢੰਗਾਂ ਨਾਲ ਦੋਸ਼ੀ ਪਾਇਆ ਗਿਆ ਹੈ। ਉਹਨਾਂ 'ਤੇ ਫਿਰਕੂ ਮਾਨਸਿਕਤਾ ਦੇ ਹੋਣ, ਭੜਕਾਊ ਭਾਸ਼ਣ ਦੇਣ, ਅਹਿਮ ਸਬੂਤਾਂ ਨੂੰ ਨਸ਼ਟ ਕਰਨ ਸਰਕਾਰੀ ਵਕੀਲ ਵਜੋਂ ਸੰਘ ਪ੍ਰੀਵਾਰ ਦੇ ਮੈਂਬਰਾਂ ਦੀ ਨਿਯੁਕਤੀ ਕਰਨ, ਦੰਗਿਆਂ ਦੌਰਾਨ ਪੁਲਸ ਕੰਟਰੋਲ ਰੂਮ 'ਚ ਗੈਰ-ਕਾਨੂੰਨੀ ਮੌਜੂਦਗੀ ਯਕੀਨੀ ਬਣਾਉਣ ਤੇ ਅਧਿਕਾਰੀਆਂ ਦੀ ਲੁੱਟ ਘਸੁੱਟ ਕਰਨ ਦੇ ਦੋਸ਼ ਹਨ। ਐਸ. ਆਈ. ਟੀ. ਦੀ ਰੀਪੋਟ 'ਚ ਮੋਦੀ ਤੇ ਉਸ ਦੀ ਸਰਕਾਰ ਬਾਰੇ ਮਹੱਤਵਪੂਰਨ ਜਾਣਕਾਰੀਆਂ ਇਸ ਪ੍ਰਕਾਰ ਹਨ-

1. ਰੀਪੋਟ 'ਚ ਕਿਹਾ ਗਿਆ ਹੈ ਕਿ ਇਹ ਤੱਥ ਸਾਹਮਣੇ ਆਉਣ ਦੇ ਬਾਵਜੂਦ ਕਿ ਗੁਲਬਰਗ ਸੁਸਾਇਟੀ ਤੇ ਦੂਜੀਆਂ ਥਾਵਾਂ ਤੇ ਮੁਸਲਮਾਨਾਂ 'ਤੇ ਭਿਅੰਕਰ ਤੇ ਹਿੰਸਕ ਹਮਲੇ ਹੋਏ ਹਨ। ਸਰਕਾਰ ਦੀ ਪ੍ਰਤੀਕ੍ਰਿਆ ਜਿਹੋ ਜਿਹੀ ਹੋਣੀ ਚਾਹੀਦੀ ਸੀ, ਵੈਸੀ ਨਹੀਂ ਸੀ। ਮੁਖ ਮੰਤਰੀ ਨੇ ਗੁਲਬਰਗ ਸੁਸਾਇਟੀ ਨਰੋਦਾ ਪਾਟਿਆ ਤੇ ਦੂਜੀਆਂ ਥਾਵਾਂ 'ਤੇ ਹੋਈਆਂ ਵਾਰਦਾਤਾਂ ਦੀ ਗੰਭੀਰਤਾ ਇਹ ਕਹਿ ਕੇ ਘੱਟ ਕਰ ਦਿੱਤੀ ਕਿ ਹਰ ਕ੍ਰਿਆ ਦੀ ਬਰਾਬਰ ਤੇ ਉਲਟੀ ਪ੍ਰਤੀਕ੍ਰਿਆ ਹੁੰਦੀ ਹੈ। ਐਸ. ਆਈ. ਟੀ.

ਦੇ ਚੇਅਰਮੈਨ ਆਰ. ਕੇ ਰਘਵਨ ਅੱਗੇ ਇਹ ਕਹਿੰਦੇ ਹਨ ਕਿ ਮੋਦੀ ਦਾ ਇਹ ਬਿਆਨ ਜਿਸ 'ਚ ਉਹਨਾਂ ਨੇ ਗੋਧਰਾ ਤੇ ਉਸ ਦੇ ਆਸ ਪਾਸ ਦੇ ਲੋਕਾਂ ਵਿੱਚ ਅਪਰਾਧਿਕ ਰੁਝਾਣ ਹੋਣ ਦੇ ਦੋਸ ਲਾਏ ਸਨ। ਕਿਸੇ ਮੁਖ ਮੰਤਰੀ ਦੇ ਬਿਆਨ ਦੇ ਲਿਹਾਜ ਨਾਲ ਗਲਤ ਤੇ ਬੇਹੱਦ ਭੜਕਾਊ ਸੀ ਖਾਸ ਕਰਕੇ ਤਦ ਜਦ ਹਿੰਦੂ-ਮੁਸਲਮਾਨਾ ਵਿਚਕਾਰ ਤਣਾਅ ਬਹੁਤ ਜ਼ਿਆਦਾ ਸੀ।

2. ਰੀਪੋਟ ਦੇ ਇਕ ਹਿੱਸੇ 'ਚ ਕਿਹਾ ਗਿਆ ਹੈ ਕਿ ਬੇਹੱਦ ਝਮੇਲੇ ਵਾਲੇ ਫੈਸਲੇ ਦੇ ਤਹਿਤ ਦੰਗਿਆਂ ਦੌਰਾਨ ਗੁਜਰਾਤ ਸਰਕਾਰ ਦੇ ਦੋ ਉਘੇ ਮੰਤਰੀਆਂ ਅਸ਼ੋਕ ਭੱਟ ਅਤੇ ਆਈ ਕੇ ਜਡੇਜਾ ਨੂੰ ਅਹਿਮਦਾਬਾਦ ਦੇ ਸਿਟੀ ਪੁਲਸ ਕੰਟਰੋਲ ਰੂਮ ਤੇ ਸਟੇਟ ਪੁਲਸ ਕੰਟਰੋਲ ਰੂਮ 'ਚ ਤਾਇਨਾਤ ਕੀਤਾ ਸੀ।

3. ਰੀਪੋਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਜੋ ਪੁਲਸ ਅਧਿਕਾਰੀ ਦੰਗਿਆਂ ਦੌਰਾਨ ਚੌਕਸ ਸਨ ਜਾਂ ਦੰਗੇ ਰੋਕਣ ਦੀ ਕੋਸ਼ਿਸ਼ ਕਰ ਰਹੇ ਸਨ। ਸਰਕਾਰ ਨੇ ਉਹਨਾਂ ਦੀ ਬਦਲੀ ਕਰਨ ਉਹਨਾਂ ਨੂੰ ਖੁੱਡੇ ਲਾਈਨ ਲਾ ਦਿੱਤਾ।

4. ਰੀਪੋਟ ਕਹਿੰਦੀ ਹੈ ਕਿ ਗੁਜਰਾਤ ਸਰਕਾਰ ਨੇ ਦੰਗਿਆਂ ਦੌਰਾਨ ਵਾਇਰਲੈਸ 'ਤੇ ਹੋਈ ਗੱਲਬਾਤ ਦੇ ਰਿਕਾਰਡ ਨਸ਼ਟ ਕਰ ਦਿੱਤੇ ਹਨ। ਇਸ ਪ੍ਰਸੰਗ 'ਚ ਅੱਗੇ ਕਿਹਾ ਗਿਆ ਹੈ ਕਿ ਦੰਗਿਆਂ ਦੌਰਾਨ ਸਰਕਾਰ ਵਲੋਂ ਕਾਨੂੰਨ ਤੇ ਪ੍ਰਸ਼ਾਸਨ ਨਾਲ ਜੁੜੀਆਂ ਮਹੱਤਵਪੂਰਨ ਮੀਟਿੰਗਾਂ ਦਾ ਕੋਈ ਵੀ ਰਿਕਾਰਡ ਦਸਤਾਵੇਜ ਅਤੇ ਮਿਨਟਸ ਸੁਰੱਖਿਅਤ ਨਹੀਂ ਰੱਖੇ ਗਏ ਸਨ।

5. ਰੀਪੋਟ ਦਸਦੀ ਹੈ ਕਿ ਮੋਦੀ ਨੇ ਅਹਿਮਦਾਬਾਦ ਦੇ ਦੰਗਾ ਪ੍ਰਭਾਵਿਤ ਖੇਤਰ, ਜਿੱਥੇ ਕਾਫੀ ਗਿਣਤੀ 'ਚ ਮੁਸਲਮਾਨ ਮਾਰੇ ਗਏ ਸਨ, ਦਾ ਦੌਰਾ ਨਹੀਂ ਕੀਤਾ ਤੇ ਭੇਦਭਾਵ ਪੂਰਨ ਰਵੱਈਆ ਅਪਣਾਇਆ ਜਦਕਿ ਉਹ 300 ਕਿ. ਮੀ. ਦੂਰ ਸਥਿਤ ਗੋਦਰਾ ਉਸ ਦਿਨ ਪਹੁੰਚ ਗਏ ਸੀ।

6. ਰੀਪੋਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਸਰਕਾਰ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਆਰ. ਐਸ. ਐਸ. ਨਾਲ ਸਬੰਧਤ ਵਕੀਲਾਂ ਨੂੰ ਦੰਗਿਆਂ ਨਾਲ ਜੁੜੇ ਸੰਵੇਦਨਸ਼ੀਲ ਮਾਮਲਿਆਂ 'ਚ ਸਰਕਾਰੀ ਬੁਲਾਰੇ ਨਿਯੁਕਤ ਕੀਤਾ। ਰੀਪੋਟ ਕਹਿੰਦੀ ਹੈ ਕਿ ਅਜੇਹਾ ਲਗਦਾ ਹੈ ਕਿ ਸਰਕਾਰੀ ਬੁਲਾਰੇ ਵਜੋਂ ਨਿਯੁਕਤੀ ਲਈ ਵਕੀਲਾਂ ਦੇ ਰਾਜਸੀ ਝੁਕਾਅ ਨੂੰ ਸਰਕਾਰ ਨੇ ਧਿਆਨ 'ਚ ਰੱਖਿਆ। ਐਸ. ਆਈ. ਟੀ. ਦੇ ਚੇਅਰਮੈਨ ਦਾ ਕਹਿਣਾ ਹੈ ਕਿ ਪਹਿਲਾਂ ਨਿਯੁਕਤ ਕੀਤੇ ਗਏ ਲੋਕਾਂ ਵਿੱਚ ਕੁਝ ਜਾਂ ਤਾਂ ਹਕੂਮਤੀ ਪਾਰਟੀ ਜਾਂ ਉਸ ਨਾਲ ਸਬੰਧਤ ਜਥੇਬੰਦੀਆਂ ਨਾਲ ਜੁੜੇ ਹੋਏ ਸਨ।

7. ਰੀਪੋਟ ਮੁਤਾਬਕ ਗੁਜਰਾਤ ਸਰਕਾਰ ਨੇ 28 ਫਰਵਰੀ 2002 ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਗੈਰ-ਕਾਨੂੰਨੀ ਬੰਦ ਨੂੰ ਰੋਕਣ ਲਈ ਕੋਈ ਕਦਮ ਨਹੀਂ ਚੁੱਕਿਆ। ਬਲਕਿ ਭਾਜਪਾ ਨੇ ਇਸ ਦੀ ਹਮਾਇਤ ਕੀਤੀ ਸੀ।

8. ਰੀਪੋਟ ਮੁਤਾਬਕ ਇਹ ਹੈਰਾਨੀ ਵਾਲੀ ਗੱਲ ਸੀ ਕਿ ਪੁਲਸ ਪ੍ਰਸ਼ਾਸਨ ਨੇ 28 ਫਰਵਰੀ 2002 ਨੂੰ ਨਰੋਦਾ 'ਚ ਦੁਪਹਿਰ 12 ਵਜੇ ਅਤੇ ਅਹਿਮਦਾਬਾਦ ਦੇ ਮੇਘਨੀ ਨਗਰ 'ਚ ਦੁਪਹਿਰੇ 2 ਵਜੇ ਤੋਂ ਪਹਿਲਾਂ ਕਰਫਿਊ ਨਹੀਂ ਲਾਇਆ ਤਦ ਤਕ ਦੋਨੋਂ ਥਾਵਾਂ 'ਤੇ ਹਾਲਾਤ ਕਾਫੀ ਖਰਾਬ ਹੋ ਚੁੱਕੇ ਸਨ।

9. ਐਸ. ਆਈ. ਟੀ. ਦੀ ਰੀਪੋਟ ਕਹਿੰਦੀ ਹੈ ਕਿ ਸਟੇਟ ਇੰਟੈਲੀਜੈਂਸ ਬਿਊਰੋ

ਦੇ ਫੀਲਡ ਅਧਿਕਾਰੀਆਂ ਨੇ ਮੋਦੀ ਨੂੰ ਇਹ ਰੀਪੋਟ ਦਿੱਤੀ ਸੀ ਕਿ ਰਾਜ 'ਚ ਪ੍ਰਿੰਟ ਮੀਡੀਆ ਦਾ ਇਕ ਤਬਕਾ ਫਿਰਕੂ ਪ੍ਰਸਤੀ ਤੇ ਭਵਨਾਵਾਂ ਨੂੰ ਭੜਕਾਉਣ ਵਾਲੀਆਂ ਖ਼ਬਰਾਂ ਛਾਪ ਰਿਹਾ ਸੀ, ਪਰ ਮੋਦੀ ਇਸ 'ਤੇ ਕਾਰਵਾਈ ਕਰਨ 'ਚ ਅਸਫਲ ਰਹੇ। ਇਸ ਨਾਲ ਸੂਬੇ 'ਚ ਫਿਰਕੂ ਤਣਾਅ ਹੋਰ ਵਧਿਆ।

ਐਸ. ਆਈ. ਟੀ. ਨੇ ਅਹਿਮਦਾਬਾਦ ਦੇ ਸਾਬਕਾ ਸੰਯੁਕਤ ਪੁਲਸ ਕਮਿਸ਼ਨਰ ਐਮ. ਕੇ. ਟੰਡਨ ਜਿਹਨਾਂ ਦੇ ਇਲਾਕੇ 'ਚ 200 ਨਿਰਦੋਸ਼ ਮੁਸਲਮਾਨ ਮਾਰੇ ਗਏ ਸਨ, ਨੂੰ ਲਾਹਪ੍ਰਵਾਹੀ ਵਰਤਣ ਦਾ ਦੋਸ਼ੀ ਪਾਇਆ ਗਿਆ। ਦੰਗਿਆ ਪਿੱਛੋਂ ਟੰਡਨ 'ਤੇ ਕਾਰਵਾਈ ਦੀ ਬਜਾਏ ਉਹਨਾਂ ਨੂੰ ਕਈ ਤਰੱਕੀਆਂ ਦਿੱਤੀਆ ਗਈਆਂ ਅਤੇ ਉਹ 2007 'ਚ ਵਧੀਕ ਪੁਲਸ ਮਹਾਂ ਨਿਰੇਦਕ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਉਹਨਾਂ ਦੇ ਅਧੀਨ ਸਾਬਕਾ ਪੁਲਸ ਡਿਪਟੀ. ਪੁਲਸ ਕਮਿਸ਼ਨਰ ਪੀ ਕੇ ਗੋਦੀਆ ਨੂੰ ਵੀ ਜਾਣ ਬੁਝ ਕੇ ਦੰਗੇ ਨਾ ਰੋਕਣ ਦਾ ਦੋਸ਼ੀ ਪਾਇਆ ਗਿਆ। ਐਸ. ਆਈ. ਟੀ. ਦਾ ਕਹਿਣਾ ਹੈ ਕਿ ਜੇ ਇਹਨਾਂ ਦੋਹਾਂ ਨੇ ਆਪਣਾ ਫਰਜ ਨਿਭਾਇਆ ਹੁੰਦਾ ਤਾਂ ਸੈਂਕੜੇ ਲੋਕਾਂ ਦੀ ਜਾਨ ਬਚਾਈ ਜਾ ਸਕਦੀ ਸੀ। ਇਹਨਾਂ 'ਚੋਂ ਕਿਸੇ ਨੂੰ ਵੀ ਮੋਦੀ ਸਰਕਾਰ ਨੇ ਜ਼ਿੰਮੇਵਾਰ ਨਹੀਂ ਠਹਿਰਾਇਆ। ਇਹ ਫਾਸਿਸਟ ਤੇ ਸੱਤਾਧਾਰੀ ਲੋਕਾਂ ਖਿਲਾਫ਼ ਸੋਚ 'ਚ ਆਉਣ ਵਾਲੀਆਂ ਮੁਸ਼ਕਲਾਂ ਦਾ ਸੰਕੇਤ ਹੈ ਕਿ ਏਨੀਆਂ ਹੈਰਾਨ ਕੁੰਨ ਜਾਣਕਾਰੀਆਂ ਦੇ ਬਾਵਜੂਦ ਵੀ ਐਸ. ਆਈ. ਟੀ. ਨੇ ਜਿੱਥੇ ਟੰਡਨ ਤੇ ਗੋਦੀਆ ਵਰਗੇ ਪੁਲਸ ਅਧਿਕਾਰੀਆਂ ਤੇ ਕਦੀ ਰਾਜ ਦੀ ਰਾਜਨੀਤੀ 'ਚ ਬੇਹੱਦ ਤਾਕਤਵਰ ਰਹੇ ਝੜਕਿਆ ਖਿਲਾਫ਼ ਜਾਂਚ ਦੀ ਇੱਛਾ ਜਾਹਰ ਕੀਤੀ ਤਾਂ ਉਥੇ ਮੋਦੀ ਦੇ ਖਿਲਾਫ਼ ਜਾਂਚ ਨੂੰ ਲੈ ਕੇ ਉਸ ਵਿੱਚ ਇਕ ਕਿਸਮ ਦੀ ਅਣਦੇਖੀ ਵੀ ਦਿਸਦੀ ਹੈ। ਆਪਣੇ ਸਮਾਪਤੀ ਸਿੱਟੇ 'ਚ ਐਸ. ਆਈ. ਟੀ. ਦੇ ਆਰ. ਕੇ ਰਾਘਵਨ ਕਹਿੰਦੇ ਹਨ ਕਿ ਇਸ ਮੁਢਲੀ ਜਾਂਚ ਦੌਰਾਨ 32 ਦੋਸ਼ੀਆਂ ਦੀ ਪੜਤਾਲ ਕੀਤੀ ਗਈ ਸੀ। ਇਹ ਦੋਸ਼ ਰਾਜ ਸਰਕਾਰ ਤੇ ਇਸ ਦੇ ਅੰਗਾਂ ਦੀ ਸ਼ਹਿ ਨਾਲ ਸਬੰਧਤ ਸਨ। ਜਿਹਨਾਂ 'ਚ ਮੁਖ ਮੰਤਰੀ ਵੀ ਸ਼ਾਮਲ ਹੈ। ਇਹਨਾਂ 'ਚੋਂ ਕੁਝ ਦੋਸ਼ਾਂ ਦੀ ਹੀ ਪੁਸ਼ਟੀ ਹੋ ਸਕੀ। ਅੱਗੇ ਕਹਿੰਦੇ ਹਨ ਕਿ ਇਹਨਾਂ ਦੋਸ਼ਾਂ ਦੀ ਹਮਾਇਤ 'ਚ ਵੀ ਅਜੇਹੀ ਸਮੱਗਰੀ ਨਹੀਂ ਮਿਲ ਸਕੀ ਜਿਸ ਦੇ ਆਧਾਰ 'ਤੇ ਕਾਨੂੰਨ ਤਹਿਤ ਅੱਗੇ ਕਾਰਵਾਈ ਦਾ ਅਧਾਰ ਬਣਦਾ ਹੋਵੇ। ਇਹ ਸਿੱਟਾ ਪੱਖਪਾਤੀ ਤੇ ਮਾਮਲਿਆਂ ਨੂੰ ਦਬਾਉਣ ਵਾਲਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਜਦ ਗਵਾਹਾਂ ਦੇ ਬਿਆਨ ਮੀਡੀਆ ਰੀਪੋਟ ਤੇ ਹੁਣ Sit ਦੀ ਆਪਣੀ ਪੜਤਾਲ ਵੀ ਸਾਫ਼-ਸਾਫ਼ ਇਹ ਕਹਿ ਰਹੀ ਹੈ ਕਿ ਕਈ ਮਾਮਲਿਆਂ 'ਚ ਦੰਗਾਈਆਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ। ਉਹਨਾਂ ਨੂੰ ਸਿੱਧੀ ਮਦਦ ਪਹੁੰਚਾਈ ਗਈ ਤਾਂ ਫਰਜ ਦੀ ਇਸ ਤੋਂ ਵੱਧ ਕੀ ਉਲੰਘਣਾ ਹੋ ਸਕਦੀ ਹੈ? ਇਹ ਸਾਫ਼ ਹੈ ਕਿ ਦੰਗੇ ਰੋਕਣ ਪਿਛੋਂ ਅਨਿਆਂ ਦਾ ਦੂਜਾ ਦੌਰ ਸ਼ੁਰੂ ਹੋਇਆ। ਜਿਹਨਾਂ ਅਧਿਕਾਰੀਆਂ ਨੂੰ ਸਜਾ ਮਿਲਣੀ ਚਾਹੀਦੀ ਸੀ। ਉਹਨਾਂ ਨੂੰ ਇਨਾਮ ਮਿਲੇ। ਜਿਹਨਾਂ ਨੇ ਆਪਣਾ ਫਰਜ ਨਿਭਾਇਆ ਉਹਨਾਂ ਨੂੰ ਸਜਾ ਮਿਲੀ। ਅਧਿਕਾਰਿਤ ਦਸਤਾਵੇਜ ਨਸ਼ਟ ਕੀਤੇ ਗਏ। ਇਕ ਨਿਰਪੱਖ ਤੇ ਨਿਆਂਪੂਰਨ ਵਿਵਸਥਾ ਨੂੰ ਢਾਹ ਲਾਉਣ ਦੇ ਇਸ ਅਮਲ ਦੀ ਪੂਰਤੀ ਮੋਦੀ ਦੀਆਂ ਅੱਖਾਂ ਮੂਹਰੇ ਹੀ ਹੋਈ। ਰਾਜ ਦਾ ਗ੍ਰਹਿ ਮੰਤਰੀ ਦਾ ਚਾਰਜ ਉਹਨਾਂ ਪਾਸ ਹੋਣ ਕਰਕੇ ਪੁਲਸ ਤੇ ਖੁਫੀਆ ਵਿਭਾਗ ਦੀ ਕਮਾਨ ਉਹਨਾਂ

ਦੇ ਹੱਥ ਵਿੱਚ ਸੀ। ਸੁਆਲ ਪੈਦਾ ਹੁੰਦਾ ਹੈ ਕਿ ਭਾਰਤ ਦੇ ਸੰਵਿਧਾਨ ਤਹਿਤ ਚੁਣੇ ਗਏ ਕਿਸੇ ਪ੍ਰਤੀਨਿਧ ਨੂੰ ਕਿੰਨਾ ਹੋਰ ਦੋਸ਼ੀ ਵਿਖਾਉਣ ਦੀ ਲੋੜ ਹੈ ਕਿ ਉਸ ਦੇ ਖਿਲਾਫ਼ ਕੋਈ ਕਾਰਵਾਈ ਹੋਵੇ? ਆਖਰ ਮੋਦੀ ਖੁਦ ਤਾਂ ਖੁਲ੍ਹ ਕੇ ਜਨੂੰਨੀ ਭੀੜ ਦੇ ਨਾਲ ਮਾਰਧਾੜ ਤਾਂ ਬਚਾ ਨਹੀਂ ਸਕਦੇ ਸਨ। ਉਹਨਾਂ ਦੀ ਪੜਦੇ ਪਿਛਿਉਂ ਭੂਮਿਕਾ ਨਿਭਾਉਣਾ ਹੀ ਕਾਫੀ ਸੀ। ਇਹ ਪੂੰਜੀਵਾਦੀ ਨਿਆਂ-ਪ੍ਰਣਾਲੀ ਦਾ ਘਿਨੌਣਾ ਸੱਚ ਤੇ ਦੋਗਲਾਪਣ ਹੀ ਹੈ ਕਿ ਗੋਦਰਾ ਕਾਂਡ 'ਚ ਫੜੇ ਗਏ ਦੋਸ਼ੀਆਂ ਨੂੰ ਬੜੀ ਤੇਜ ਰਫਤਾਰ ਨਾਲ ਅਤੇ ਬਹੁਗਿਣਤੀ ਦੇ ਹਿੱਤਾਂ ਦੀ ਚਿੰਤਾ ਕਰਦੇ ਹੋਇਆ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਜਦ ਕਿ ਇਹਨਾਂ ਦੋਸ਼ੀਆਂ ਸਬੰਧੀ ਤੇ ਇਸ ਘਟਨਾ ਬਾਰੇ ਵੱਖ-ਵੱਖ ਜਾਂਚ ਏਜੰਸੀਆਂ 'ਚ ਭਾਰੀ ਮਤਭੇਦ ਸਨ। ਜਿਵੇਂ ਕਿ ਗੋਦਰਾ ਦੀ ਘਟਨਾ 'ਚ ਜਿੱਥੇ ਨਾਨਾਵਤੀ ਰੀਪੋਟ "ਗੋਦਰਾ ਕਾਂਡ ਨੂੰ ਮੁਸਲਮਾਨਾਂ ਵਲੋਂ ਕੀਤੀ ਗਈ ਸਾਜਿਸ਼" ਦਸਦੀ ਅਤੇ ਕਹਿੰਦੀ ਹੈ ਕਿ "ਐਸ 5-6 ਕੋਚ ਵਿੱਚ ਬਾਹਰੋਂ ਜਲਣਸ਼ੀਲ ਪਦਾਰਥ ਸੁਟਿਆ ਗਿਆ ਅਤੇ ਕੋਚ ਦੇ ਦਰਵਾਜੇ ਬਾਹਰੋ ਬੰਦ ਕੀਤੇ ਗਏ।"

ਉਥੇ ਬੈਨਰਜੀ ਰੀਪੋਟ ਇਸ ਨਾਲ ਮੇਲ ਨਹੀਂ ਖਾਂਦੀ। ਇਹ ਰੀਪੋਟ ਕਹਿੰਦੀ ਹੈ ਕਿ ਜਲਣਸ਼ੀਲ ਪਦਾਰਥ ਬਾਹਰੋਂ ਨਹੀਂ ਸੁੱਟਿਆ ਗਿਆ ਤੇ ਨਾ ਹੀ ਕੋਚ ਦੇ ਦਰਵਾਜੇ ਬਾਹਰੋਂ ਬੰਦ ਸਨ ਕਿਉਂਕਿ ਭਾਰਤੀ ਰੇਲ ਦੀਆਂ ਬੋਗੀਆਂ ਨੂੰ ਬਾਹਰੋਂ ਬੰਦ ਨਹੀਂ ਕੀਤਾ ਜਾ ਸਕਦਾ। ਫਾਰੇਂਸਿਕ ਸਾਇੰਸ ਲਬਾਟਰੀ (FSL) ਗਾਂਧੀ ਨਗਰ 17 ਫਰਵਰੀ 2002 ਦੀ ਰੀਪੋਟ ਵੀ ਬੈਨਰਜੀ ਦੀ ਰੀਪੋਟ ਨੂੰ ਸਹੀ ਸਾਬਤ ਕਰਦੀ ਹੈ। ਇਹ ਰੀਪੋਟ ਦਸਦੀ ਹੈ ਕਿ ਅੱਗ 'ਚ ਤੇਜ਼ਾਬ ਵਰਗੇ ਕਿਸੇ ਘਾਤਕ ਪਦਾਰਥ ਦੀ ਵਰਤੋਂ ਦੇ ਕੋਈ ਸੰਕੇਤ ਨਹੀਂ ਸਨ। ਅੱਗ ਸਮੇਂ ਬੋਗੀ ਦੀ ਖਿੜਕੀਆਂ ਅੰਦਰੋਂ ਬੰਦ ਸਨ। ਜਿਸ ਥਾਂ ਟ੍ਰੇਨ ਰੁੱਕੀ ਸੀ ਉਥੋਂ ਬੋਗੀ ਦੀਆਂ ਖਿੜਕੀਆਂ ਜ਼ਮੀਨ ਤੋਂ ਸੱਤ ਫੁੱਟ ਦੀ ਉਚਾਈ 'ਤੇ ਸਨ। ਇਸ ਹਾਲਤ 'ਚ ਬਾਹਰੋਂ ਜਲਣਸ਼ੀਲ ਤਰਲ ਦਾ ਇਕ ਵੱਡਾ ਹਿੱਸਾ ਬਾਹਰ ਪਟੜੀ ਦੇ ਨੇੜੇ-ਨੇੜੇ ਡਿੱਗਿਆ ਹੁੰਦਾ ਅਤੇ ਬੋਗੀ ਦੇ ਬਾਹਰੀ ਹੇਠਲੇ ਹਿੱਸੇ ਨੇ ਵੀ ਅੱਗ ਫੜ ਲਈ ਹੁੰਦੀ ਪਰ ਬੋਗੀ ਤੇ ਪਟੜੀ ਦੀ ਜਾਂਚ 'ਚ ਅਜੇਹਾ ਕੁਝ ਨਹੀਂ ਪਾਇਆ ਗਿਆ। ਇਸ ਲਈ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬਾਹਰੋਂ ਕੋਈ ਜਲਣਸ਼ੀਲ ਤਰਲ ਬੋਗੀ ਅੰਦਰ ਨਹੀਂ ਸੁਟਿਆ ਗਿਆ। ਇਸ ਤੋਂ ਇਲਾਵਾ ਗੋਦਰਾ ਕਾਂਡ 'ਚ ਪੁਲਸ ਨੇ ਜਿਹਨਾਂ ਲੋਕਾਂ ਨੂੰ ਗਵਾਹ ਬਣਾਇਆ ਉਹਨਾਂ ਦੇ ਤਹਿਲਕਾ ਕੈਮਰੇ ਦੇ ਸਾਹਮਣੇ ਕੁਝ ਵੱਖਰੇ ਹੀ ਬਿਆਨ ਸਾਹਮਣੇ ਆਏ ਹਨ। ਜਿਵੇਂ ਕਿ "ਨਾਨਾਵਤੀ ਬਹੁਤ ਚਲਾਕ ਹੈ, ਉਸ ਨੂੰ ਪੈਸੇ ਨਾਲ ਪਿਆਰ ਹੈ, ਕੇ. ਜੀ. ਸ਼ਾਹ ਬਹੁਤ ਅਕਲਮੰਦ ਹੈ, ਉਹ ਸਾਡੇ ਵੱਲ ਹੈ - ਅਰਵਿੰਦ ਪਾਂਡੇ (ਸਰਕਾਰੀ ਵਕੀਲ) "ਪੁਲਸ ਨੇ ਮੈਨੂੰ ਟ੍ਰੇਨ 'ਚ ਅਗਜਨੀ ਦਾ ਗਵਾਹ ਬਣਾਇਆ ਹੈ ਜਦਕਿ ਮੈਂ ਤਾਂ ਪਲੇਟ ਫਾਰਮ 'ਤੇ ਹੈ ਹੀ ਨਹੀਂ ਸੀ। ਮੈਂ ਆਪਣੇ ਘਰ ਸੌਂ ਰਿਹਾ ਸੀ। ਸਾਨੂੰ ਦੋ ਮਹੀਨੇ ਬਾਅਦ ਪਤਾ ਲੱਗਿਆ ਕਿ ਪੁਲਸ ਨੇ ਸਾਨੂੰ ਚਸ਼ਮਦੀਦ ਗਵਾਹ ਬਣਾਇਆ ਹੈ।"

ਮੁਰਲੀ ਮੂਲਚੰਦਾਨੀ (ਮੀਤ ਪ੍ਰਧਾਨ ਗੋਦਰਾ ਨਗਰ ਪਾਲਿਕਾ ਪ੍ਰੀਸ਼ਦ) "ਕੋਈ ਖੁਲਾ ਪੈਟਰੋਲ ਨਹੀਂ ਵਿਕਿਆ ਸੀ। ਨੋ ਏ ਐਲ ਪਰਮਾਰ ਨੇ ਮੈਨੂੰ ਬਿਆਨ ਬਦਲਣ ਲਈ ਪੰਜਾਹ ਹਜ਼ਾਰ ਰੁਪੈ ਦਿੱਤੇ ਅਤੇ ਸਲੀਮ ਪਾਨਵਾਲਾ ਨੂੰ ਪਹਿਚਾਨਣ ਨੂੰ ਕਿਹਾ।"

ਰਣਜੀਤ ਸਿੰਘ ਪਟੇਲ (ਪੈਟਰੋਲ ਪੰਪ ਕਰਮੀ)

ਜਾਂਚ ਏਜੰਸੀਆਂ ਨੇ ਇਹਨਾਂ ਭਾਰੀ ਮਤਭੇਦਾਂ ਤੇ ਬਣਾਉਟੀ ਗਵਾਹਾਂ ਦੇ ਝੂਠੇ ਬਿਆਨਾਂ ਦੇ ਬਾਵਜੂਦ ਅਦਾਲਤ ਨੇ ਦੋਸ਼ੀਆਂ ਨੂੰ ਜ਼ਿੰਮੇਵਾਰ ਮੰਨਦਿਆਂ ਹੋਇਆ ਸਜ਼ਾਵਾਂ ਦਿੱਤੀਆਂ ਜਦਕਿ ਇਸ ਦੇ ਉਲਟ ਗੁਜਰਾਤ ਦੰਗਿਆ (ਖਾਸ ਕਰਕੇ ਬੈਸਟ ਬੇਕਰੀ) 'ਚ ਜਿੱਥੇ ਹਜ਼ਾਰਾਂ ਘੱਟ ਗਿਣਤੀ ਲੋਕ ਮਾਰੇ ਗਏ। ਜਿੱਥੇ ਹੈਵਾਨੀਅਤ ਦਾ ਨੰਗਾ ਨਾਚ ਕੀਤਾ ਗਿਆ। ਜਿੱਥੇ ਮਾਨਵਜਾਤੀ ਨੂੰ ਸ਼ਰਮਸਾਰ ਕੀਤਾ ਗਿਆ ਜਿੱਥੇ ਛੋਟੇ-ਛੋਟੇ ਬੱਚਿਆਂ ਤਕ ਨੂੰ ਵੀ ਨਹੀਂ ਛੱਡਿਆ ਗਿਆ। ਜਿੱਥੇ ਉਹ ਚੀਖਦੇ ਚਿਲਾਉਂਦੇ ਰਹੇ, ਜਿੱਥੇ ਹਜ਼ਾਰਾਂ ਸਬੂਤ ਚੀਖ-ਚੀਖ ਕੇ ਅੱਜ ਵੀ ਉਸ ਮੰਜਰ ਦੀ ਹੂ-ਬ-ਹੂ ਕਹਾਣੀ ਕਹਿ ਰਹੇ ਹਨ, ਉਥੇ ਇਹ ਨਿਆ-ਪ੍ਰਣਾਲੀ ਅਪਾਹਜ ਨਜ਼ਰ ਆਉਂਦੀ ਹੈ। ਸ਼ੈਤਾਨਾਂ ਦੇ ਪੱਖ 'ਚ ਖੜ੍ਹੀ ਨਜ਼ਰ ਆਉਂਦੀ ਹੈ। ਪੀੜਤਾਂ ਤੋਂ ਦੂਰ ਨਜ਼ਰ ਆਉਂਦੀ ਹੈ।

# ਇਤਿਹਾਸ ਦੇ ਪੰਨੇ

# ਉਚ ਜਾਤੀਆਂ ਗੁਜਰਾਤ ਦੇ ਪੈਰਾਂ ਹੇਠ ਕਿਵੇਂ?

ਗੁਜਰਾਤ 'ਚ 24 ਜਨਵਰੀ 2011 ਨੂੰ ਉਸ ਹਲਕੀ ਜਿਹੀ ਹਲਚਲ 'ਤੇ ਕਿਸੇ ਨੇ ਨਹੀਂ ਗੌਰ ਕੀਤਾ ਜੋ ਪੂਰੇ ਦੇਸ਼ 'ਚ ਭੂਚਾਲ ਪੈਦਾ ਕਰਨ ਦੀ ਯੋਗਤਾ ਰੱਖਦੀ ਹੈ। ਉਤਰੀ ਗੁਜਰਾਤ ਦੇ ਬਨਾਸਕਾਂ ਡਾ. ਜਿਲੇ ਦੀ ਦੀਵਾਣ ਤਹਿਸੀਲ 'ਚ ਸਥਿਤ ਅਗਿਆਤ ਪਿੰਡ ਜੋਰਾ ਦਿਆਰੀ 'ਚ ਜੋ ਰਾਜਸਥਾਨ ਤੇ ਪਾਕਿਸਤਾਨ ਦੀ ਸਰਹੱਦ 'ਤੇ ਸਥਿਤ ਹੈ, ਕਰੀਬ 200 ਦੇ ਲਿਤਾਨੇ ਢੋਲ ਵਜਾ ਕੇ ਅਤੇ 'ਅੰਬੇਦਕਰ ਜਿੰਦਾਬਾਦ' ਦੇ ਨਾਹਰਿਆਂ ਨਾਲ ਜਮੀਨ 'ਤੇ ਇੱਕ ਦਲਿਤ ਦੇ ਕਬਜੇ ਨੂੰ ਮੁੜ ਬਹਾਲ ਕਰਨ ਲਈ ਉਸ ਫਾਰਮ ਵੱਲ ਕੂਚ ਕੀਤਾ ਜੋ ਇੱਕ ਰਬਾਰੀ ਦੇ ਗੈਰ-ਕਾਨੂੰਨੀ ਕੰਟਰੋਲ 'ਚ ਹੈ। ਅਹਿਮਦਾਬਾਦ ਸਥਿਤ ਕਾਉਂਸਲਿੰਗ ਫਾਰਸੋਸ਼ਲ ਜਸਟਿਸ (ਸੀ. ਐਸ. ਜੇ.) ਨੇ ਇਸ ਸੰਘਰਸ਼ ਨੂੰ ਅਗਵਾਈ ਮੁਹੱਈਆ ਕੀਤਾ ਸੀ। ਉਹਨਾਂ ਦਾ ਇਹ ਡਰ ਵਾਜਿਬ ਹੀ ਸੀ ਕਿ ਉਸ ਦੇ ਲਾਭਾਰਥੀ ਇਸ ਹਿੰਮਤੀ ਕਦਮ ਦੇ ਜ਼ਰੀਏ, ਉਚ ਜਾਤੀ ਦੇ ਜਾਬਰਾਂ ਨੂੰ ਲਲਕਾਰ ਸਕਣਗੇ ਤੇ ਇਸ ਲਈ ਉਹਨਾਂ ਨੇ ਜੇਤੂ ਮੁਜਾਹਰਾ ਕੱਢਣ ਤੋਂ ਪਹਿਲਾਂ ਵਾਵ ਤਹਿਸੀਲ 'ਤੇ ਰੈਲੀ ਲਈ ਸਭ ਪਿੰਡਾਂ ਦੇ ਦਲਿਤਾਂ ਨੂੰ ਇਕੱਠੇ ਕਰਨ ਦੀ ਰਣਨੀਤੀ ਤਿਆਰ ਕੀਤੀ ਸੀ।

ਅਸਲ 'ਚ ਲਾਭਪਾਤਰੀ ਦਲਿਤ ਪ੍ਰੀਵਾਰ, ਪਿਛਲੇ 28 ਸਾਲਾਂ ਤੋਂ ਜਮੀਨ ਦਾ ਕਾਨੂੰਨਣ ਮਾਲਕ ਅਸਲ 'ਚ ਜਮੀਨ 'ਤੇ ਕਬਜਾ ਲੈਣ ਲਈ ਇਕ ਛੋਟਾ ਜਿਹਾ ਹੰਭਲਾ ਮਾਰਨ ਲੱਗਿਆ ਵੀ ਕੰਬਦਾ ਸੀ। ਲੋਕਾਂ ਨੂੰ ਆਪਣੀ ਖੁਦ ਦੀ ਜਮੀਨ 'ਤੇ ਕਬਜੇ ਲੈਣ ਲਈ ਢਾਰਸ ਬਨਾਉਣ ਲਈ ਸ਼ਾਮ ਤੱਕ ਅਜੇਹੇ ਹੋਰ ਵੀ ਜ਼ਮੀਨੀ ਦਖਲ ਕੀਤੇ ਗਏ ਜਿਹਨਾਂ ਤੇ ਗੈਰ-ਕਾਨੂੰਨੀ ਢੰਗ ਨਾਲ ਉਚ ਜਾਤੀਆਂ ਵਲੋਂ ਖੇਤੀ ਕੀਤੀ ਜਾ ਰਹੀ ਸੀ। ਵਾਵ ਤਹਿਸੀਲ 'ਚ ਵੀ 35 ਦਲਿਤ ਪ੍ਰੀਵਾਰ 150 ਏਕੜ ਜ਼ਮੀਨ ਦੀ ਮਾਲਕੀ ਤੋਂ ਫਾਇਦਾ ਉਠਾ ਸਕਣਗੇ। ਦਲਿਤ ਵੀ ਇਸ ਗੱਲ ਤੋਂ ਵਾਕਿਫ ਨਹੀਂ ਹਨ ਪਰ ਇਹ ਘਟਨਾ ਇਕ ਮੀਲ ਪੱਥਰ ਵਰਗੀ ਸੀ। ਜਿਸ ਦੀ ਤੁਲਨਾ ਬਹੁਤ ਕੁਝ 20 ਮਾਰਚ 1927 ਨੂੰ ਮਹਾੜ 'ਚ ਹੋਈ ਘਟਨਾ ਦੇ ਨਾਲ ਕੀਤੀ ਜਾ ਸਕਦੀ ਹੈ। ਜਦ ਬਹਿਸ ਹਿੱਤ ਸੰਮੇਲਨ ਦੇ ਨੁਮਾਇੰਦਿਆਂ ਨੇ ਉਥੇ ਆਪਣੇ ਨੇਤਾ ਅੰਬੇਦਕਰ ਦੀ ਅਗਵਾਈ 'ਚ ਚਾਵਦਾਰ ਤਲਾਅ ਵੱਲ ਕੂਚ ਕੀਤਾ ਸੀ ਤੇ ਇਸ ਦੇ ਪਾਣੀ ਦੀ ਵਰਤੋਂ ਲਈ ਆਪਣੇ ਸ਼ਹਿਰੀ ਅਧਿਕਾਰ ਦੀ ਦਾਅਵੇਦਾਰੀ ਦਰਸਾਈ ਸੀ।

ਭੂਮੀ ਸੁਧਾਰ ਦੀ ਜਾਤੀਗਤ ਰਹਿੰਦ-ਖੂੰਦ - 1947 'ਚ ਸਤਾ ਬਦਲੀ ਸਮੇਂ ਭੂਮੀ ਦੀ ਮਾਲਕੀ ਮੁਠੀਭਰ ਜ਼ਮੀਨਦਾਰਾਂ ਦੇ ਹੱਥਾਂ 'ਚ ਸੀ ਜੋ ਪਹਿਲਾਂ ਦੇ ਜਾਗੀਰਦਾਰ ਸਨ। ਅਜਾਦੀ ਦੀ ਲੜਾਈ ਦੇ ਅਮਲ ਦੌਰਾਨ ਨਵੇਂ ਹਾਕਮਾਂ ਨੇ ਜਿੰਮੀਦਾਰੀ ਹਟਾਉਣ ਤੇ ਹਲਵਾਹਕਾਂ ਨੂੰ ਵਾਧੂ ਜਮੀਨ ਦੀ ਵੰਡ ਵਰਗੀਆਂ ਨੀਤੀਆਂ ਦਾ ਐਲਾਨ ਕੀਤਾ ਸੀ। ਇਸ ਦਾ ਹਾਕਮਾਂ ਨੂੰ ਫਾਇਦਾ ਵੀ ਹੋਇਆ ਕਿਉਂਕਿ ਇਸ ਦਾ ਭੂਮੀ ਸੁਧਾਰਾਂ ਦੀ ਮੰਗ ਕਰਨ ਵਾਲੇ ਪ੍ਰੀਵਰਤਨਕਾਰੀ ਕਿਸਾਨਾਂ ਸੰਘਰਸ਼ਾਂ ਨੂੰ ਸ਼ਾਂਤ ਕਰਨ ਉਹਨਾਂ ਨੂੰ ਮੂਰਖ ਬਣਾਉਣ ਵਾਲਾ ਅਸਰ ਪਿਆ। ਮਿਸਾਲ ਵਜੋਂ ਇਹਨਾਂ ਨੀਤੀਗਤ ਐਲਾਨਾ ਕਰਕੇ ਹੀ ਕਮਿਊਨਿਸਟਾਂ ਵਲੋਂ ਗੌਰਵਸ਼ਾਲੀ ਤਿਲੰਗਾਨਾ ਸੰਘਰਸ਼ ਵਾਪਸ ਲੈ ਲਿਆ

ਤੇ ਉਹ ਉਸ ਪਾਰਲੀਮਾਨੀ ਰਾਹ 'ਤੇ ਚਲ ਪਏ ਜੋ ਕਦੀ ਵੀ ਇਨਕਲਾਬੀ ਮੰਜਿਲ ਤੱਕ ਨਹੀਂ ਪਹੁੰਚ ਸਕੇਗਾ ਜਿਸ ਦਾ ਸਪਨਾ ਉਹ ਲੈਂਦੇ ਹਨ। ਭੂਮੀ ਸੁਧਾਰ ਤਾਂ ਹੋਇਆ ਪਰ ਇਕ ਹਿਸਾਬ ਨਾਲ ਅਤੇ ਮਾੜੇ ਮੋਟੇ ਰੂਪ 'ਚ ਉਪਰਲੀ ਜਾਤੀ ਦੇ ਜਿੰਮੀਦਾਰਾਂ ਤੋਂ ਕੁਝ ਜ਼ਮੀਨ ਲਈ ਗਈ ਤੇ ਮੱਧਵਰਗ ਦੇ ਕਿਸਾਨਾਂ 'ਚ ਇਸ ਦੀ ਵੰਡ ਕਰ ਦਿੱਤੀ ਗਈ। ਇਸ ਘਟਨਾਕ੍ਰਮ ਦੇ ਦੂਰਗਾਮੀ ਸਿੱਟਿਆਂ ਨੂੰ ਕੋਈ ਵੀ ਪੂਰੀ ਤਰ੍ਹਾਂ ਸਮਝ ਨਹੀਂ ਸਕਿਆ ਜੋ ਪੇਂਡੂ ਭਾਰਤ ਦੇ ਬੁਨਿਆਦ ਨੂੰ ਬਦਲ ਦੇਣ ਵਾਲਾ ਸੀ।

ਇਸ ਦੇ ਤੁਰੰਤ ਪਿੱਛੋਂ ਹਰੇ ਇਨਕਲਾਬ ਦੀ ਬੁਨਿਆਦੀ ਰਣਨੀਤੀ ਅਪਣਾਈ ਗਈ ਅਤੇ ਜਿਹਨਾਂ ਨੇ ਇਸ ਨੂੰ ਕੌਮੀ ਜੀਵਨ ਦੇ ਬਹੁਤੇ ਖੇਤਰਾਂ 'ਚ ਆਪਣਾ ਦਬਦਬਾ ਕਾਇਮ ਕਰਨ ਲਈ ਬਹਾਨੇ ਵਜੋਂ ਵਰਤਿਆ। ਗੁਜਰਾਤ ਦੀ ਗੱਲ ਕਰੀਏ ਤਾਂ ਯੂ ਐਨ ਬੇਘਾਰ ਉਸ ਵੇਲੇ ਦੇ ਸੌ ਰਾਸ਼ਟਰ ਪ੍ਰਾਂਤ ਦੇ ਮੁਖ ਮੰਤਰੀ ਨੇ ਸੌ ਰਾਸ਼ਟਰ ਭੂਮੀ ਸੁਧਾਰ ਐਕਟ 1952 ਲਾਗੂ ਕੀਤਾ ਸੀ ਜਿਸ ਤਹਿਤ 1726 ਪਿੰਡਾਂ 'ਚ ਫੈਲੇ ਗਿਰਾਸਦਾਰਾਂ ਦੀ 29 ਲੱਖ ਏਕੜ ਜ਼ਮੀਨ ਵਿੱਚੋਂ 55000 ਵਟਾਈ ਕਾਸ਼ਤਕਾਰਾਂ ਨੂੰ 12 ਲੱਖ ਏਕੜ ਜ਼ਮੀਨ 'ਤੇ ਕਬਜ਼ੇ ਦਾ ਹੱਕ ਦਿੱਤਾ ਗਿਆ ਸੀ ਅਤੇ ਬਾਕੀ ਜ਼ਮੀਨ ਉਹਨਾਂ ਵਲੋਂ ਨਿੱਜੀ ਖੇਤੀ ਲਈ ਛੱਡ ਦਿੱਤੀ ਗਈ ਸੀ। ਗਿਰਾਸਦਾਰ ਮੁਖ ਤੌਰ 'ਤੇ ਉੱਪਰਲੀ ਜਾਤੀ ਦੇ ਖੱਤਰੀ ਸਨ ਜਿਹਨਾਂ ਨੂੰ ਦਰਬਾਰ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਜਿਸ ਦਾ ਸ਼ਬਦੀ ਅਰਥ ਹੈ ਹਾਕਮਾ ਬਟਾਈ 'ਤੇ ਖੇਤੀ ਕਰਨ ਵਾਲੇ ਮੁਖ ਤੌਰ 'ਤੇ ਪਟੇਲ ਜਾਤੀ ਦੇ ਸਨ। ਜੋ ਇਸ ਜ਼ਮੀਨ ਦੇ ਮਾਲਕ ਬਣੇ। ਪਟੇਲਾਂ ਨੇ ਮੂੰਗਫਲੀ, ਕਪਾਹ, ਜੀਰਾ ਵਰਗੀਆਂ ਨਕਦੀ ਫਸਲਾਂ ਦੀ ਵੱਡੇ ਪੈਮਾਨੇ 'ਤੇ ਖੇਤੀ ਕੀਤੀ ਆਪਣੇ ਆਪ ਨੂੰ ਪੈਰਾਂ 'ਤੇ ਖੜ੍ਹਾ ਕੀਤਾ। ਅੱਗੇ ਚੱਲ ਕੇ ਕਪਾਹ ਮਿਲ, ਤੇਲ ਮਿਲ ਤੇ ਹੋਰ ਸਨਅਤਾਂ ਦੀ ਸਥਾਪਨਾ ਕੀਤੀ।

ਇਸ ਤਰ੍ਹਾਂ ਸੌ ਰਾਸ਼ਟਰ ਦੀ ਪਟੇਲ ਲਾਬੀ ਦਾ ਕ੍ਰਮਵਾਰ ਵਿਕਾਸ ਹੋਇਆ ਜਿਹਨਾਂ ਨੂੰ ਤੇਲ ਕਿੰਗ (ਤੇਲੀ ਰਾਜਾ) ਦੇ ਨਾਂ ਨਾਲ ਜਾਣਿਆ ਜਾਂਦੈ। ਇਹਨਾਂ ਨੇ ਗੁਜਰਾਤ ਦੀ ਰਾਜਨੀਤੀ 'ਚ ਵੀ ਦਬਦਬਾ ਕਾਇਮ ਕਰ ਲਿਆ। ਆਪਣੀ ਸਮਾਜਿਕ ਪੂੰਜੀ ਦੇ ਆਸਰੇ ਅਤੇ ਹਾਕਮਾਂ ਦੀ ਹਮਾਇਤ ਨਾਲ ਉਹ ਰਾਜ 'ਚ ਖੇਤੀ ਯੋਗ ਜ਼ਮੀਨ ਦੇ ਵੱਡੇ-ਵੱਡੇ ਫਾਰਮਾਂ ਨੂੰ ਹੜੱਪਣ ਲੱਗੇ। ਖਾਸ ਕਰਕੇ ਦੱਖਣੀ ਗੁਜਰਾਤ ਦੇ ਆਦੀਵਾਸੀ ਖੇਤਰ 'ਚ ਇਹ ਇਕ ਦਰਾ ਸਾਫ਼ ਦਿਸਦਾ ਹੈ। ਇਸ ਜ਼ਮੀਨ ਹੜੱਪਣ ਨੂੰ ਸੌਖਾ ਕਰਨ ਲਈ ਕਾਨੂੰਨ 'ਚ ਬਣਦੀ ਸੋਧਾਂ ਕੀਤੀਆਂ ਗਈਆਂ। ਕਾਨੂੰਨ 'ਚ ਦੋ ਗਿਣਨਯੋਗ ਜਾਂ ਜ਼ਿਕਰਯੋਗ ਸੋਧਾਂ ਸਨ : -

ਪਹਿਲੀ : ਕੋਈ ਕਿਸਾਨ ਆਪਣੇ ਰਿਹਾਇਸ਼ੀ ਸਥਾਨ ਤੋਂ 8 ਕਿਲੋ ਮੀਟਰ ਦੀ ਹੱਦ ਅੰਦਰ ਹੀ ਖੇਤੀ ਜਮੀਨ ਰੱਖ ਸਕਦਾ ਸੀ। ਸੋਧੇ ਹੋਏ ਕਾਨੂੰਨ 'ਚ ਇਸ ਹੱਦ ਨੂੰ ਖਤਮ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਗੈਰ ਹਾਜ਼ਰ ਜ਼ਮੀਨੀ ਮਾਲਕੀ ਇਜਾਜ਼ਤ ਦੇ ਦਿੱਤੀ ਗਈ ਸੀ।

ਦੂਜਾ : ਸਰਕਾਰੀ ਵਾਧੂ ਜ਼ਮੀਨ ਤੇ ਖੇਤੀ ਕਰਨ ਦੇ ਅਧਿਕਾਰ ਲਈ ਤਰਜੀਹ ਦੇ ਕੰਮ ਨੂੰ ਅਨਸੂਚਿਤ ਜਨਜਾਤੀ (ਐਸ. ਟੀ.) ਅਨਸੂਚਿਤ ਜਾਤੀ (ਐਸ ਸੀ) ਤੇ ਹੋਰ ਪਿਛੜੇ ਵਰਗ (ਓ. ਬੀ. ਸੀ.) ਤੋਂ ਬਦਲ ਕੇ ਮੂਲ ਨਿਵਾਸੀ ਕਰ ਦਿੱਤਾ ਗਿਆ।

ਇਕ ਹੋਰ ਕਾਨੂੰਨ (ਇਸਟੇਟ ਇਕਵਾਇਰ ਐਕਟ) ਰਾਹੀਂ ਸਰਕਾਰ ਨੇ ਗਿਰਾਸਦਾਰਾਂ ਨੂੰ ਮੁਆਵਜਾ ਦੇ ਕੇ ਖੇਤੀ ਯੋਗ ਤੇ 'ਖੇਤੀ ਲਈ ਆਯੋਗ' ਗੋਚਰ ਜ਼ਮੀਨ (ਪਸ਼ੂ ਚਾਰਣ ਵਾਲੀ ਪਿੰਡ ਦੀ ਜ਼ਮੀਨ) ਤੇ ਹੋਰ ਦੌਲਤ ਨੂੰ ਹੜੱਪਿਆ। ਇਸ ਤਰ੍ਹਾ ਸਰਕਾਰ ਦਾ ਵੱਡੇ ਪੈਮਾਨੇ 'ਤੇ ਜਮੀਨ ਉਪਰ ਅਧਿਕਾਰ ਹੋ ਗਿਆ। ਇਹ ਜ਼ਮੀਨ 1960 ਦੇ ਦਹਾਕੇ 'ਚ ਅਹਿਮਦਾਬਾਦ ਦੇ ਦਲਿਤ ਟੈਕਸਟਾਈਲ ਮਿਲ ਮਜ਼ਦੂਰਾਂ ਦੀ ਅਗਵਾਈ 'ਚ ਦਲਿਤ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਵਲੋਂ ਜ਼ਮੀਨੀ ਦਖ਼ਲ ਦਾ ਰੰਗਮੰਚ ਬਣ ਗਿਆ। ਉਕਤ ਸੰਘਰਸ਼ ਦੇ ਇਕ ਪ੍ਰਭਾਵਸ਼ਾਲੀ ਆਗੂ ਮਿਸਟਰ ਸੋਮਚਨ ਭਾਈ ਮਕਵਾਨ ਦੇ ਸ਼ਬਦਾਂ ਵਿੱਚ ਦਲਿਤਾਂ ਤੇ ਹੋਰ ਪਿਛੜੀਆਂ ਜਾਤੀਆਂ ਵਲੋਂ ਲਗਭਗ ਦੋ ਲੱਖ ਏਕੜ ਜ਼ਮੀਨ 'ਚ ਦਖਲ ਦਿੱਤਾ ਗਿਆ ਸੀ ਜੋ ਅੱਜ ਵੀ ਉਹਨਾਂ ਦੇ ਕਬਜ਼ੇ 'ਚ, ਹਾਲਾਂਕਿ ਸਰਕਾਰ ਵਲੋਂ ਹੁਣ ਤਕ ਉਸ ਦਾ ਨਿਯਮਤੀਕਰਨ ਨਹੀਂ ਕੀਤਾ ਗਿਆ ਹੈ।

ਇਸ ਸਾਰੇ ਮਾਮਲੇ 'ਚ ਦਲਿਤ ਤੇ ਹੋਰ ਪਿਛੜੀਆਂ ਜਾਤੀਆਂ (OBC) ਦੇ ਕਿਸਾਨਾਂ ਅਤੇ ਜਾਂ ਉਹਨਾਂ ਦੀਆਂ ਸਹਿਕਾਰੀ ਸੰਮਤੀਆਂ ਨੂੰ, ਜੋ ਸਰਕਾਰ ਦੀ ਇਕ ਸਾਲਾ ਯੋਜਨਾ (ਹਰੇਕ ਸਾਲ ਹਲ ਵਾਹੁਣ ਦੇ ਅਧਿਕਾਰ ਦੇ ਨਵੀਨੀਕਰਨ ਦੀ ਯੋਜਨਾ) ਦੇ ਤਹਿਤ ਕਈ ਦਹਾਕਿਆਂ ਤੋਂ ਜ਼ਮੀਨ ਵਾਹ ਰਹੇ ਸਨ। ਉਹਨਾਂ ਨੂੰ ਬੇਦਖਲ ਕਰ ਦਿੱਤਾ ਗਿਆ ਅਤੇ ਜ਼ਮੀਨ ਨੂੰ 'ਅਸਲੀ' ਉਪਰਲੀ ਜਾਤ ਦੇ ਜਿੰਮੀਦਾਰਾਂ ਨੂੰ ਵਾਪਸ ਕਰ ਦਿੱਤਾ ਗਿਆ। ਗੁਜਰਾਤ ਦੀ ਰਾਜਧਾਨੀ, ਗਾਂਧੀਨਗਰ ਇਸ ਗੱਲ ਦਾ ਗਵਾਹ ਹੈ ਕਿ ਪਿਛਲੇ ਤਿੰਨ ਸਾਲਾਂ ਤੋਂ ਕਈ ਦਲਿਤ ਪ੍ਰੀਵਾਰ ਇਸ ਸਾਜਿਸ਼ ਖਿਲਾਫ਼ ਵਿਧਾਨ ਸਭਾ ਦੇ ਨੇੜੇ ਫੁਟਪਾਥ 'ਤੇ ਸੰਘਰਸ਼ ਕਰ ਰਹੇ ਹਨ। ਭੂਮੀ ਸੁਧਾਰ ਕਾਨੂੰਨਾਂ 'ਚ ਜਿਹਨਾਂ ਸੋਧਾਂ ਦਾ ਜ਼ਿਕਰ ਉਪਰ ਕੀਤਾ ਹੈ। ਉਸ ਨਾਲ ਉਚ ਜਾਤੀਆਂ ਤੇ ਰਾਜ ਮਸ਼ੀਨਰੀ ਦਾ ਹੌਂਸਲਾ ਵਧ ਗਿਆ ਹੈ ਤੇ ਉਹ ਦਲਿਤਾਂ ਨੂੰ ਅਜੇਹੀ ਜ਼ਮੀਨ ਤੋਂ ਜਬਰੀ ਉਜਾੜ ਜਾ ਰਹੇ ਹਨ। ਜਿਸ ਉਪਰ ਉਹ ਕਈ ਦਹਾਕਿਆਂ ਤੋਂ ਖੇਤੀ ਕਰਦੇ ਆ ਰਹੇ ਹਨ। ਇਸ ਦਾ ਇਜ਼ਹਾਰ 27 ਨਵੰਬਰ 1999 ਨੂੰ ਸੌਰਾਸ਼ਟਰ ਦੇ ਪਖਾਨ ਪਿੰਡ ਦੀ ਭਿਅੰਕਰ ਘਟਨਾ ਵਜੋਂ ਹੋਇਆ ਸੀ। ਜਿੱਥੇ ਉਪਰਲੀ ਜਾਤੀ ਦੇ 800 ਲੋਕਾਂ ਦੀ ਭੀੜ ਨੇ ਤਲਵਾਰਾਂ ਭਾਲਿਆ, ਪਾਈਪਾਂ ਤੇ ਆਗਨੇ ਸਾਸਤਰਾ ਨਾਲ ਲੈਸ ਹੋ ਕੇ ਦਲਿਤਾਂ 'ਤੇ ਹਮਲਾ ਕੀਤਾ ਸੀ ਅਤੇ 60 ਪੁਰਸ਼ਾ ਤੇ ਔਰਤਾਂ ਨੂੰ ਗੰਭੀਰ ਰੂਪ 'ਚ ਜ਼ਖਮੀ ਕਰ ਦਿੱਤਾ ਸੀ ਤੇ ਉਹਨਾਂ ਨੂੰ 125 ਏਕੜ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਸੀ।

ਇੱਕ ਅਨੋਖਾ ਜ਼ਮੀਨੀ ਸੰਘਰਸ਼ :- 1997 'ਚ ਸੁਰੰਦਰ ਨਗਰ ਜਿਲੇ ਦੇ ਭਾਰਤ ਪਿੰਡ ਦੇ 40 ਦਲਿਤਾਂ ਨੂੰ ਕੁਲ 150 ਏਕੜ ਜ਼ਮੀਨ ਲਈ ਪਟਾ ਦਿੱਤਾ ਗਿਆ ਸੀ। ਇਹਨਾਂ 40 ਲੋਕਾਂ ਵਿੱਚੋਂ ਦੋ ਲੋਕਾਂ ਨੇ ਦੇਵਜੀ ਭਾਈ ਤੇ ਕਾਨਾਭਾਈ (ਇਕ ਅੰਨਾ ਖੇਤ ਮਜ਼ਦੂਰ) ਨੇ ਉਪਰਲੀ ਜਾਤੀ ਦੇ ਪਟੇਲ ਤੋਂ ਉਹਨਾਂ ਨੂੰ ਅਲਾਟ ਜ਼ਮੀਨ ਖਾਲੀ ਕਰਨ ਲਈ ਕਿਹਾ। ਉਚ ਜਾਤੀ ਦੇ ਜ਼ਮੀਨ ਮਾਲਕਾਂ ਨੇ ਇਸ ਦਾ ਜੁਆਬ ਹਿੰਸਾ ਵਿੱਚ ਦਿੱਤਾ ਪਰ ਉਹਨਾਂ ਨੂੰ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਦੇਵ ਜੀ ਭਾਈ ਨੂੰ ਪਾਸਾ ਐਕਟ (ਗੈਰ ਸਮਾਜੀ ਸਰਗਰਮੀ ਰੋਕੂ ਕਾਨੂੰਨ) ਦੇ ਤਹਿਤ ਗ੍ਰਿਫ਼ਤਾਰ ਕਰਕੇ ਜੇਹਲ 'ਚ ਬੰਦ ਕਰ ਦਿੱਤਾ ਗਿਆ ਕਿਉਂਕਿ ਉਸ ਨੇ ਉਸ ਜ਼ਮੀਨ 'ਤੇ ਕਦਮ ਰੱਖਣ ਦੀ ਹਿੰਮਤ ਕੀਤੀ ਸੀ ਜਿਸਦਾ ਉਹ ਕਾਨੂੰਨੀ ਤੌਰ 'ਤੇ ਮਾਲਕ

ਸੀ। ਸ. ਮੌੜ ’ਤੇ ਸੀ. ਜੇ. ਐਸ. (ਕਾਊਂਸਲਿੰਗ ਫਾਰ ਸੋਸ਼ਲ ਜਸਟਿਸ ਜਾਂ ਸਮਾਜਕ ਨਿਆਂਪ੍ਰੀਸ਼ਦ) ਸਾਹਮਣੇ ਆਇਆ ਸੀ। ਸੀ. ਜੇ. ਐਸ. ਨੇ ਕਾਨੂੰਨੀ ਤੇ ਅੰਦੋਲਨਾਤਮਕ ਰਣ ਨੀਤੀਆਂ ਨੂੰ ਰਚਨਾਤਮਕ ਤੌਰ ’ਤੇ ਜੋੜ ਕੇ ਦੇਵ ਜੀ ਭਾਈ ਨੂੰ ਰਿਹਾਅ ਕਰਵਾਇਆ। ਉਸ ਨੇ ਦਲਿਤਾਂ ਦੀ ਹਮਾਇਤ ਹਾਸਲ ਕਰਨ ਲਈ 28 ਪਿੰਡਾਂ ’ਚ ਸੱਤ ਦਿਨਾਂ ਤੱਕ ‘ਅੰਬੇਦਕਰ ਰਥ’ ਕੱਢਿਆ ਜਿਸ ਦੀ ਸਮਾਪਤੀ ਅੰਬੇਦਕਰ ਦੀ ਮੌਤ ਵਾਲੇ ਦਿਨ 6 ਦਸੰਬਰ 1999 ਨੂੰ ਇਕ ਵਿਸ਼ਾਲ ਰੈਲੀ ਵਜੋਂ ਕੀਤੀ ਗਈ। ਜਿਸ ਵਿੱਚ 10000 ਤੋਂ ਵੱਧ ਬੇਜ਼ਮੀਨੇ ਦਲਿਤਾਂ ਨੇ ਭਾਗ ਲਿਆ ਸੀ। ਖੇਤੀ ਭੂਮੀ ਹੱਦਬੰਦੀ ਐਕਟ ਤਹਿਤ ਵਾਧੂ ਐਲਾਨੀ ਸੰਪੂਰਨ 12428 ਏਕੜ ਉਪਜਾਊ ਖੇਤੀ ਭੂਮੀ ਸਬੰਧੀ ਸੰਘਰਸ਼ ਸ਼ੁਰੂ ਹੋਇਆ। ਇਸ ਜ਼ਮੀਨ ’ਤੇ 2398 ਦਲਿਤ ਪ੍ਰੀਵਾਰਾਂ ਅਤੇ 50 ਆਦੀਵਾਸੀਆਂ ਪ੍ਰੀਵਾਰਾਂ ਨੂੰ 3 ਤੋਂ 10 ਸਾਲ ਪਹਿਲਾਂ ਪਟਾ ਦਿੱਤਾ ਗਿਆ ਸੀ ਪਰ ਇਹ ਉਹਨਾਂ ਦੇ ਅਸਲੀ ਕਬਜੇ ’ਚ ਨਹੀਂ ਸੀ। ਇਹ ਜ਼ਮੀਨ ਬੇਹੱਦ ਉਪਜਾਊ ਹੋਣ ਤੋਂ ਇਲਾਵਾ ਬਹੁਤ ਕੀਮਤੀ ਵੀ ਹੋਣ ਜਾ ਰਹੀ ਸੀ ਕਿਉਂਕਿ ਨਰਮਦਾ ਸਿੰਚਾਈ ਯੋਜਨਾ ਤਹਿਤ ਸੁਰਿੰਦਰ ਨਗਰ ਜ਼ਿਲ੍ਹੇ ਨੂੰ ਸਭ ਤੋਂ ਵੱਧ ਫਾਇਦਾ ਹੋਣ ਵਾਲਾ ਸੀ। ਇਸ ਦੇ ਬਰੋਬਰ ਇਕ ਦੂਜੇ ਪਿੰਡ ਕੌਂਧ ’ਚ ਸੰਘਰਸ਼ ਦੀ ਰੂਪ ਰੇਖਾ ਤਿਆਰ ਹੋ ਰਹੀ ਸੀ। ਜਿੱਥੇ ਅਹਿਮਦਾਬਾਦ ਦੇ ਇਕ ਨੌਜਵਾਨ ਕੱਪੜਾ ਮਿਲ ਮਜ਼ਦੂਰ ਡੂਗਾਰਸੀਭਾਈ ਨੇ ਆਪਣੀ ਨੌਕਰੀ ਛੱਡ ਕੇ ਪਿੰਡ ’ਚ ਆਪਣੇ ਲੋਕਾਂ ਲਈ ਲੜਨ ਦਾ ਬੀੜਾ ਉਠਾਇਆ ਸੀ। ਜ਼ਿਲ੍ਹੇ ਦੇ ਸਭ ਤੋਂ ਵੱਡੇ ਤੇ ਜੁਲਮੀ ਦਰਬਾਰਾ ’ਚੋਂ ਇੱਕ ਦਰਬਾਰ ਦੀ ਉਲੰਘਣਾ ਕਰਦਿਆ (ਜਾਂ ਹੁਕਮ ਅਦੂਲੀ) ਜੋ ਕਰੀਬ, 3000 ਏਕੜ ਜ਼ਮੀਨ ਦਾ ਮਾਲਕ ਸੀ।

ਉਸ ਨੇ ਉਸ ਜ਼ਮੀਨ ’ਤੇ ਟਰੈਕਟਰ ਚਲਾ ਦਿੱਤਾ ਜੋ ਉਸ ਦੇ ਪ੍ਰੀਵਾਰ ਨੂੰ ਪਟੇ ’ਤੇ ਮਿਲੀ ਸੀ ਪਰ ਜਿਸ ’ਤੇ ਉਸ ਸਮੇਂ ਵੀ ਦਰਬਾਰ ਦਾ ਕਬਜਾ ਸੀ ਕਿਉਂਕਿ ਪੂਰੇ ਦਲਿਤ ਉਸ ਦੇ ਪਿੱਛੇ ਆ ਖੜ੍ਹੇ ਹੋਏ ਸਨ ਇਸ ਲਈ ਦਰਬਾਰ ਨੇ ਡੁਗਾਰਸੀਭਾਈ ਨੂੰ ਖੇਤੀ ਤਾਂ ਕਰਨ ਦਿੱਤੀ ਪਰ ਉਹ ਫਸਲ ਲੈ ਗਿਆ। ਸੀ. ਜੇ. ਐਸ. ਨੇ ਇਕ ਅਪਰਾਧਿਕ ਕੇਸ ਦਰਜ ਕਰਵਾਇਆ ਅਤੇ ਤਿੰਨ ਦਰਬਾਰਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ। ਅੱਜ ਡੁਗਾਰਸੀ-ਭਾਈ ਸੁਰਿੰਦਰ ਨਗਰ ਜ਼ਿਲ੍ਹੇ ’ਚ ਸਰਵ ਪ੍ਰਵਾਨਿਤ ਆਗੂ ਮੰਨੇ ਜਾਂਦੇ ਹਨ। ਇਹ ਸੰਘਰਸ਼ ਅਟਪਟੇ ਲਗਦੇ ਹਨ ਕਿਉਂਕਿ ਇਹ ਗੈਰ-ਕਾਨੂੰਨੀ ਕਬਜਾ-ਧਾਰੀਆਂ ਖਿਲਾਫ਼ ਜ਼ਮੀਨ ਦੇ ਕਾਨੂੰਨਣ ਮਾਲਕਾਂ ਵਲੋਂ ਉਸ ’ਤੇ ਆਪਣੇ ਕਬਜਾ ਹਾਸਲ ਕਰਨ ਲਈ ਕੀਤੇ ਗਏ ਸਨ। ਜਿੱਥੇ ਸਰਕਾਰ ਜ਼ਮੀਨੀ ਵੰਡ ਦਾ ਲਾਭਪਾਤਰੀ ਅਨਸੂਚਿਤ ਜਾਤੀਆਂ ਤੇ ਅਨਸੂਚਿਤ ਜਨ-ਜਾਤੀਆਂ ਬਾਰੇ ਜੋਰਦਾਰ ਪ੍ਰਚਾਰ ਕਰਨ ਲਈ ਉਤਸੁਕ ਰਹਿੰਦੀਆਂ ਹਨ। ਇਹ ਉਹ ਜਾਣਬੁਝ ਕੇ ਜਾਂ ਨਾ ਜਾਣੇ ਕਿਸ ਕਾਰਨ ਇਸ ਗੱਲ ਨੂੰ ਅਣਦੇਖੀ ਕਰ ਦਿੰਦੀਆਂ ਹਨ ਕਿ ਉਕਤ ਜ਼ਮੀਨ ’ਤੇ ਉਹਨਾਂ ਨੂੰ ਅਸਲ ’ਚ ਭੌਤਿਕ ਕਬਜੇ ਮਿਲੇ। ਅਸਲ ’ਚ ਭੌਤਿਕ ਕਬਜਾ ਦੇਣ ਦਾ ਅਮਲ ’ਚ ਪਿੰਡ ਦੇ ਪਟਵਾਰੀ ਵਲੋਂ ਅਧਿਕਾਰ ਦਾ ਰਿਕਾਰਡ (7/12) ਤੇ ਪਲਾਟ ਦਾ ਮੋਟਾ ਨਕਸ਼ਾ ਤੇ ਉਸ ਦੇ ਨਾਲ-ਨਾਲ ‘ਕਿਸਾਨ ਕਿਤਾਬ’ ਤਿਆਰ ਕਰਨ ਦਾ ਕੰਮ ਸ਼ਾਮਲ ਹੁੰਦਾ ਹੈ। ਕਲੈਕਟਰ ਦਫ਼ਤਰ ਤੋਂ ਇਹਨਾਂ ਦਸਤਾਵੇਜਾਂ ਨੂੰ ਹਾਸਲ ਕਰਨ ਪਿੱਛੋਂ ਜ਼ਮੀਨੀ ਰਿਕਾਰਡ ਦੇ ਜ਼ਿਲ੍ਹਾ ਇੰਸਪੈਕਟਰ (DILR) ਨੂੰ ਅੰਤਿਮ ਨਕਸ਼ਾ ਤਿਆਰ

ਕਰਨ ਭੌਤਿਕ ਤੌਰ ’ਤੇ ਇਸ ਦੀ ਨਿਸ਼ਾਨਦੇਹੀ ਕਰਨ ਤੇ ਜ਼ਿਲ੍ਹਾ ਜੱਜ ਦੇ ਨੁਮਾਇੰਦੇ ਮੂਹਰੇ ਲਾਭਪਾਤਰੀ ਨੂੰ ਉਸ ਦਾ ਕਬਜ਼ਾ ਦਿਵਾਉਣ ਲਈ ਸੁਨੇਹਾ ਭੇਜਣਾ ਹੁੰਦਾ ਹੈ। ਬਹੁਤੇ ਕੇਸਾਂ ’ਚ ਇਸ ਅਮਲ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ। ਲਾਭਪਾਤਰੀ ਨੂੰ ਪ੍ਰਤੀ ਏਕੜ 5000 ਰੁਪਏ ਤੋਂ ਵੀ ਵਾਂਝਾ ਰੱਖਿਆ ਜਾਂਦਾ ਹੈ। ਜੋ ਨਿਯਮਤ ਉਸ ਨੂੰ ਮਿਲਣਾ ਚਾਹੀਦਾ ਹੈ।

1989 ਦੀ ਸਰਕਾਰੀ ਅਧਿਸੂਚਨਾ ਅਨੁਸਾਰ ਇਸ ਲਈ ਜੁਆਬਦੇਹ ਅਧਿਕਾਰੀ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਪਰ ਕੋਈ ਲਾਭਪਾਤਰੀ ਦੇ ਮਾਮਲਿਆਂ ’ਚ ਅਤਿਆਚਾਰ ’ਤੇ ਰੋਕ ਲਈ ਬਣੇ ਕਾਨੂੰਨ ਦੀ ਵੀ ਵਰਤੋਂ ਹੋ ਸਕਦੀ ਹੈ। ਸਮਾਜ ਨਿਆਂ ਪ੍ਰੀਸ਼ਦ ਦੇ ਸੰਘਰਸ਼ ਨਾਲ ਰਾਜ ਮਸ਼ੀਨਰੀ ਹਰਕਤ ’ਚ ਆਈ ਅਤੇ ਵਾਵ ਤਹਿਸੀਲ ਦੇ ਦਲਿਤ ਆਪਣੀ ਜ਼ਮੀਨ ਤੇ ਕਬਜਾ ਲੈ ਸਕੇ ਪਰ ਆਹ ਇਹ ਅਸਰਦਾਰ ਸੰਘਰਸ਼ ਰਾਖਵਾਂਕਰਨ ਦੇ ਦਿਵਾਨੇ ਦਲਿਤਾਂ ਦੇ ਮੱਧਵਰਗ ਨੂੰ ਹੱਲਾਸ਼ੇਰੀ ਦੇਣ ’ਚ ਅਸਫਲ ਰਿਹਾ। ਇਹ ਦਲਿਤ ਵਿਚਕਾਰ ਉਭਰ ਰਹੀ ਕਰੂਪ ਵਰਗ ਵੰਡ ਨੂੰ ਉਜਾਗਰ ਕਰਦਾ ਹੈ।

ਰਾਜ ਦਾ ਦਲਿਤ ਵਿਰੁੱਧ ਰਵੱਈਆਂ :- ਹੋ ਸਕਦਾ ਹੈ ਕਿ ਕਿਸੇ ਵੀ ਹੋਰ ਦਲਿਤ ਉਪਕਥਾ ਦੇ ਬਰਾਬਰ ਇਹ ਵੀ ਇਕ ਸਰਭ ਭਾਰਤੀ ਪ੍ਰੀਘਟਨਾ ਹੈ ਇਸ ਦੇ ਬਾਵਜੂਦ ਗੁਜਰਾਤ ਦਲਿਤਾਂ ਦੇ ਰਾਖਵੇਂਕਰਨ ਸਬੰਧੀ ਹਾਲੀਆ ਖੁਲਾਸਿਆਂ ’ਚ ਅਜੀਬ ਤੌਰ ’ਤੇ ਇਕ ਖਲਨਾਇਕ ਵਜੋਂ ਸਾਹਮਣੇ ਆਉਂਦਾ ਹੈ। ਸਮਾਜਕ ਨਿਆਂ ਪ੍ਰੀਸ਼ਦ ਨੇ ਗੁਜਰਾਤ ਦੇ 16 ਜ਼ਿਲ੍ਹਿਆਂ ’ਚ 1 ਅਪ੍ਰੈਲ 1995 ਤੋਂ ਲੈ ਕੇ ਹੁਣ ਤੱਕ ਵਿਸ਼ੇਸ਼ ਅਦਾਲਤਾਂ ਵਲੋਂ ਦਿੱਤੇ 400 ਫੈਸਲਿਆਂ ਦਾ ਅਧਿਐਨ ਕੀਤਾ ਹੈ। ਇਸ ਅਧਿਐਨ ’ਚ ਐਸ. ਸੀ/ਐਸ. ਟੀ. ਅਤਿਆਚਾਰਾਂ ’ਤੇ ਰੋਕੂ ਕਾਨੂੰਨ ਤਹਿਤ ਦਾਇਰ ਕੇਸਾਂ ਦੇ ਖਾਰਜ ਹੋਣ ਪਿੱਛੇ ਇਕ ਚੌਂਕਾ ਦੇਣ ਵਾਲਾ ਪੈਟਰਨ ਉਜਾਗਰ ਹੁੰਦਾ ਹੈ। ਉਪਰਲੀ ਤਹਿ ਅਤੇ ਹੇਠਲੀ ਤਹਿ ’ਤੇ ਪੁਲਸ ਜਾਂਚ ’ਚ ਵਰਤੀ ਜਾਣ ਵਾਲੀ ਘੋਰ ਲਾਹਪ੍ਰਵਾਹੀ ਅਤੇ ਸਰਕਾਰੀ ਵਕੀਲ ਵਲੋਂ ਸਾਫ਼ ਤੌਰ ’ਤੇ ਨਿਭਾਈ ਜਾਣ ਵਾਲੀ ਦੁਸ਼ਮਣਾਨਾ ਭੂਮਿਕਾ।

ਅਧਿਐਨ ’ਚ ਪਾਇਆ ਗਿਆ ਕਿ ਲਗਭਗ 95 ਫੀਸਦੀ ਕੇਸਾਂ ’ਚ ਜਾਂਚ ਤੇ ਤਕਨੀਕੀ ਨੁਕਸਾਂ ਦੀ ਵਜਾਹ ਕਰਕੇ ਅਪਰਾਧੀ ਬਰੀ ਕਰ ਦਿੱਤੇ ਗਏ ਅਤੇ ਬਾਕੀ ਬਚੇ 5 ਫੀਸਦੀ ਕੇਸਾਂ ’ਚ ਸਰਕਾਰ ਵਲੋਂ ਅਦਾਲਤ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ। ਸਰਕਾਰ ਦਾ ਲਾਹਪ੍ਰਵਾਹ ਰਵੱਈਆ ਇਸ ਦੇ ਮੁਖ ਮੰਤਰੀ ਵਲੋਂ ਵਿਧਾਨ ਸਭਾ ’ਚ ਦਿੱਤੇ ਬਿਆਨ ਤੋਂ ਜਾਹਰ ਹੁੰਦਾ ਹੈ। ਜਿੱਥੇ ਉਹਨਾਂ ਨੇ ਨਿਯਮਾਂ ਵਿਰੁੱਧ ਕਿਹਾ ਸੀ ਕਿ ਅਤਿਆਚਾਰਾਂ ’ਤੇ ਰੋਕੂ ਕਾਨੂੰਨ ਦੇ ਤਹਿਤ ਮਾਮਲਿਆਂ ਦੀ ਜਾਂਚ ਇਕ ਅਜੇਹੇ ਅਫਸਰ ਵਲੋਂ ਕੀਤੀ ਜਾਵੇ ਜੋ ਡੀ. ਐਸ. ਪੀ. ਰੈਂਕ ਤੋਂ ਉਪਰ ਹੋਵੇ। ਕੋਈ ਸੋਚ ਸਕਦਾ ਹੈ ਕਿ ਗੁਜਰਾਤ ਸਰਕਾਰ ਦੇ ਹੱਥੋਂ ਹੋ ਰਹੀ ਦਲਿਤਾਂ ਦੀ ਇਹ ਦੁਰਦਸ਼ਾ ਹਿੰਦੂਤਵ ਪ੍ਰਤੀ ਉਹਨਾਂ ਦੇ ਵਿਚਾਰਕ ਲਗਾਅ ਕਾਰਨ ਹੈ ਜਾਂ ਉਸ ਦੀ ਨਵ-ਉਦਾਰਵਾਦੀ ਸੁਭਾਅ ਕਰਕੇ। ਜਿਵੇਂ ਨਜ਼ਰ ਆਉਂਦਾ ਹੈ ਕਿ ਸ਼ਾਇਦ ਇਹ ਇਕ ਦੂਜੇ ਨੂੰ ਆਪਸੀ ਤਾਕਤ ਮੁਹੱਈਆ ਕਰਨ ਵਾਲੀਆਂ ਉਪਰੋਕਿਤ ਦੋਨੋ ਗੱਲਾਂ ਦਾ ਮਿਲਿਆ-ਜੁਲਿਆ ਨਤੀਜਾ ਹੈ ਉਸ ਦੀ ਇਕ ਕਿਸਮ ਦੀ ਘਿਨੌਣੀ ਮਿਸਾਲ ਹੈ।

# ਬਿਨਾਇਕ ਸੇਨ ਕੇਸ ਬਨਾਮ ਜਮਹੂਰੀ ਹੱਕ

ਦੇਸ਼ ਵਿਦੇਸ਼ 'ਚ ਚਲ ਰਹੀ ਪੁਰਜ਼ੋਰ ਮੁਹਿੰਮ ਦੇ ਬਾਵਜੂਦ ਪਿਛਲੀ 10 ਫਰਵਰੀ ਨੂੰ ਛਤੀਸ਼ਗੜ੍ਹ ਹਾਈਕੋਰਟ ਨੇ ਬਿਨਾਇਕ ਸੇਨ ਨੂੰ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਅਦਾਲਤ ਤੋਂ ਇਸ ਤੋਂ ਇਲਾਵਾ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਸੀ ਜਿਸ 'ਚ ਜੱਜ ਦੀ ਕੁਰਸੀ 'ਤੇ ਉਹ ਬੰਦਾ ਬੈਠਾ ਸੀ ਜਿਸ ਦੇ ਦਸਖਤ ਨਾਲ ਛਤੀਸ਼ਗੜ੍ਹ ਲੋਕ ਸੁਰੱਖਿਆ ਕਾਨੂੰਨ ਨੂੰ ਜਾਰੀ ਕੀਤਾ ਗਿਆ ਸੀ। ਬਿਨਾਇਕ ਸੇਨ ਨੂੰ ਉਮਰ ਕੈਦ ਦੇਣ ਦਾ ਫੈਸਲਾ ਨਾ ਸਿਰਫ਼ ਦੇਸ਼ ਪੱਧਰ 'ਤੇ ਬਲਕਿ ਕੌਮਾਂਤਰੀ ਪੱਧਰ 'ਤੇ ਜਮਹੂਰੀ ਹੱਕਾਂ ਦੀ ਲੜਾਈ ਦਾ ਇਕ ਅਹਿਮ ਹਿੱਸਾ ਬਣ ਚੁੱਕਿਆ ਹੈ। ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ 'ਤੇ ਆਪਣੇ ਹੀ ਲੋਕਾਂ ਖਿਲਾਫ਼ ਜੰਗ ਚਲਾ ਰਹੀ ਭਾਰਤ ਸਰਕਾਰ ਅੱਤਵਾਦੀ ਤੇ ਰਾਜਧ੍ਰੋਹੀ ਐਲਾਨ ਨੇ ਹਰ ਉਸ ਆਵਾਜ਼ ਨੂੰ ਖਾਮੋਸ਼ ਕਰਨ 'ਤੇ ਉਤਾਰੂ ਹੈ ਜੋ ਲੋਕਾਂ ਦੇ ਹੱਕਾਂ ਦੀ ਗੱਲ ਉਠਾਉਂਦੀ। ਬਿਨਾਇਕ ਸੇਨ ਦੇ ਮੁਕੱਦਮੇ ਦੀ ਅਹਿਮੀਅਤ ਇਹ ਹੈ ਕਿ ਉਸ ਨੇ ਭਾਰਤੀ ਰਾਜਸੱਤਾ ਦੀ ਬੇਰਹਿਮੀ ਵਿਰੁੱਧ ਜਮਹੂਰੀ ਸ਼ਹਿਰੀਆਂ ਨੂੰ ਇਕਜੁੱਟ ਕਰਨ ਤੇ ਬੁਲਾਰੇ ਬਣਨ 'ਚ ਇਕ ਅਹਿਮ ਭੂਮਿਕਾ ਨਿਭਾਈ ਹੈ। ਪਰ ਠੀਕ ਇੱਥੇ ਰੁਕ ਕੇ ਸਾਨੂੰ ਇਸ ਗੱਲ 'ਤੇ ਵੀ ਸੋਚਣਾ ਪਵੇਗਾ ਕਿ ਜਿਸ ਸੰਘਰਸ਼ ਨੂੰ ਛਤੀਸ਼ਗੜ੍ਹ ਲੋਕ ਸੁਰੱਖਿਆ ਕਾਨੂੰਨ ਸਮੇਤ ਸਾਰੇ ਕਾਲੇ ਕਾਨੂੰਨਾਂ ਸਲਵਾ ਜੂਡਮ ਤੇ ਰਾਜਸੀ-ਸਮਾਜਕ ਕਾਰਕੁੰਨਾਂ ਦੇ ਜਬਰ ਵਿਰੁੱਧ ਇਕ ਵਿਆਪਕ ਲੜਾਈ ਵਿੱਚ ਬਦਲਿਆ ਜਾ ਸਕਦਾ ਸੀ।

ਉਸਨੂੰ ਸਿਰਫ਼ ਇਕ ਬੰਦੇ ਦੀ ਰਿਹਾਈ ਦੀ ਮੁਹਿੰਮ ਤਕ ਸੀਮਤ ਕਰ ਦੇਣ ਨਾਲ ਕਿੰਨਾ ਭਲਾ ਹੋ ਰਿਹਾ ਹੈ। ਇਹ ਮਾਮਲਾ ਸਾਨੂੰ ਜਮਹੂਰੀ ਅਧਿਕਾਰਾਂ ਤੇ ਸ਼ਹਿਰੀ ਆਜ਼ਾਦੀ ਦੇ ਸੰਘਰਸ਼ ਦੀ ਦਿਸ਼ਾ ਅਤੇ ਰੂਪ ਨਾਲ ਜੁੜੇ ਕੁਝ ਬੁਨਿਆਦੀ ਮੁੱਦਿਆ 'ਤੇ ਵੀ ਵਿਚਾਰ ਕਰਨ ਲਈ ਮਜ਼ਬੂਰ ਕਰ ਰਿਹਾ ਹੈ। ਮੁੱਦਾ ਇਕ ਬਿਨਾਇਕ ਸੇਨ 'ਤੇ ਚਲ ਰਹੇ ਮੁਕੱਦਮੇ ਨੂੰ ਉਠਾਉਣ ਜਾਂ ਅਨਿਆਪੂਰਨ ਫੈਸਲੇ ਨੂੰ ਮੁੜ ਵਿਚਾਰਨ ਦਾ ਹੀ ਨਹੀਂ ਹੈ। ਸਭ ਤੋਂ ਬੁਨਿਆਦੀ ਸੁਆਲ ਫਾਸੀਵਾਦੀ ਰੁਝਾਣ ਦੇ ਛਤੀਸ਼ਗੜ੍ਹ ਲੋਕ ਸੁਰੱਖਿਆ ਕਾਨੂੰਨ, ਗੈਰ ਕਾਨੂੰਨ ਸਰਗਰਮੀਆਂ ਰੋਕੂ ਕਾਨੂੰਨ, ਅਗ੍ਰੇਜ਼ਾਂ ਦੇ ਜ਼ਮਾਨੇ ਦੇ ਰਾਜਧ੍ਰੋਹ ਦੇ ਕਾਨੂੰਨ ਵਿਰੁੱਧ ਸੰਘਰਸ਼ ਦਾ ਹੈ। ਬੁਨਿਆਦੀ ਸੁਆਲ ਇਹ ਹੈ ਕਿ ਸੰਵਿਧਾਨ 'ਚ ਦਿੱਤੇ ਗਏ ਜਮਹੂਰੀ ਅਧਿਕਾਰਾਂ ਦਾ ਆਮ ਲੋਕਾਂ ਲਈ ਭਲਾ ਕੀ ਮਤਲਬ ਹੈ? ਸੁਆਲ ਇਹ ਹੈ ਕਿ ਕਾਨੂੰਨ ਨਿਆਂ ਪ੍ਰਣਾਲੀ ਤੇ ਪੁਲਸ ਤੰਤਰ ਦੇ ਬਸਤੀਵਾਦੀ ਕਿਰਦਾਰ ਦੇ ਬਣੇ ਰਹਿੰਦਿਆਂ ਕੀ ਆਮ ਆਦਮੀ ਨੂੰ ਨਿਆਂ ਮਿਲ ਸਕਦਾ ਹੈ? ਬਿਨਾਇਕ ਸੇਨ ਦਾ ਮੁੱਦਾ ਸਿਰਫ਼ ਇਕ ਲੋਕ ਪੱਖੀ ਬੁੱਧੀਜੀਵੀ, ਡਾਕਟਰ ਤੇ ਨਾਗਰਿਕ ਅਧਿਕਾਰ ਕਰਮੀ ਦੇ ਨਾਲ ਹੋਏ ਅਨਿਆ ਦਾ ਹੀ ਮੁੱਦਾ ਨਹੀਂ ਹੈ।

ਇਹ ਪੁਲਸ ਪ੍ਰਸਾਸ਼ਨ ਤੇ ਨਿਆਂ ਤੰਤਰ ਵਿਰੁੱਧ ਤੇ ਅਤਿਆਚਾਰੀ ਕਾਲੇ ਕਾਨੂੰਨਾਂ ਵਿਰੁੱਧ ਸੰਘਰਸ਼ ਦਾ ਇੱਕ ਹਿੱਸਾ ਹੈ। ਇਹ ਆਪਣੇ ਹੀ ਲੋਕਾਂ ਵਿਰੁੱਧ ਜੰਗ ਛੇੜਨ ਵਾਲੀ ਸਰਕਾਰ ਦੀ ਵਾਜਬੀਅਤ 'ਤੇ ਸੁਆਲ ਖੜ੍ਹੇ ਕਰਨ ਦਾ ਸਮਾਂ ਹੈ। ਇਹ ਅਜਿਹਾ ਮੌਕਾ ਹੈ ਜਦ ਸਰਕਾਰ ਅੰਦੋਲਨ ਨੂੰ ਵਿਅਕਤੀ ਕੇਂਦਰਿਤ ਨਹੀਂ ਬਲਕਿ ਮੱਕਾ ਕੇਂਦਰਿਤ ਬਣਾਇਆ ਜਾਵੇ ਪਰ ਹੋ ਠੀਕ ਇਸ ਦੇ ਉਲਟ ਰਿਹਾ ਹੈ। ਇਹ ਇਕ ਅੱਛੀ

ਗੱਲ ਹੈ ਕਿ ਬਿਨਾਇਕ ਸੇਨ ਨਾਲ ਹੋ ਰਹੇ ਵਰਤਾਅ ਨੇ ਉਹਨਾਂ ਲੋਕਾਂ ਨੂੰ ਵੀ ਅੱਗੇ ਆਉਣ ਲਈ ਮਜ਼ਬੂਰ ਕਰ ਦਿੱਤਾ ਹੈ। ਜੋ ਸਰਕਾਰੀ ਜ਼ਬਰ ਸਬੰਧੀ ਆਮ ਤੌਰ ’ਤੇ ਚੁੱਪ ਹੀ ਰਹਿੰਦੇ ਸਨ ਪਰ ਇਹਨਾਂ ’ਚੋਂ ਜ਼ਿਆਦਾਤਰ ਲੋਕ ਉਹਨਾਂ ਅਣਗਿਣਤ ਲੋਕਾਂ ਦੇ ਸੁਆਲ ’ਤੇ ਫਿਰ ਚੁੱਪ ਰਹਿ ਜਾਂਦੇ ਹਨ ਜੋ ਭਾਰਤੀ ਰਾਜ ਦੀਆਂ ਲੁਟੇਰੀਆਂ ਨੀਤੀਆਂ ਖਿਲਾਫ਼ ਆਵਾਜ਼ ਉਠਾਉਣ ਦੀ ਸਜ਼ਾ ਭੁਗਤ ਰਹੇ ਹਨ। ਹੋਰ ਤਾਂ ਹੋਰ ਡਾ. ਸੇਨ ਦੇ ਹੀ ਨਾਲ ਦੇਸ਼ ਧ੍ਰੋਹ ਦੀ ਪਾਉਣ ਵਾਲੇ ਬਜ਼ੁਰਗ ਤੇ ਬੀਮਾਰ ਨਰਾਇਣ ਸਨਿਆਲ ਤੇ ਪਿਊਸੇ ਗੁਹਾ ਦੇ ਕੇਸ ਵੀ ਪਿਛੋਕੜ ’ਚ ਚਲੇ ਗਏ ਹਨ। ਜਿਸ ਦਿਨ ਬਿਨਾਇਕ ਨੂੰ 20 ਸਾਲ ਦੀ ਕੈਦ ਦੀ ਸਜਾ ਸੁਣਾਈ ਗਈ। ਉਸੇ ਦਿਨ ਰਾਏਪੁਰ ਦੀ ਇੱਕ ਹੋਰ ਅਦਾਲਤ ਨੇ ‘ਏ ਵਰਲਡ ਟੂ ਵਿਨ’ ਮੈਗਜ਼ੀਨ ਦੇ ਸੰਪਾਦਕ ਅਸਿਤ ਸੇਨ ਗੁਪਤਾ ਨੂੰ ਵੀ ਰਾਜ ਧ੍ਰੋਹ ਦਾ ਦੋਸ਼ੀ ਮੰਨਦਿਆਂ 11 ਸਾਲਾਂ ਦੀ ਸਜ਼ਾ ਸੁਣਾਈ ਗਈ।

ਉਸ ਦਾ ਜੁਰਮ ਇਹ ਸੀ ਕਿ ਉਹ ਇਨਕਲਾਬੀ ਵਿਚਾਰਾਂ ਨੂੰ ਪ੍ਰਸਾਰਿਤ ਕਰਨ ਵਾਲੇ ਮੈਗਜ਼ੀਨ ਤੇ ਪੁਸਤਕਾਂ ਪ੍ਰਕਾਸ਼ਿਤ ਕਰਦੇ ਸਨ ਜਦ ਕਿ ਇਹ ਪ੍ਰਕਾਸ਼ਨ ਭਾਰਤ ਸਰਕਾਰ ਦੇ ਕਾਨੂੰਨਾਂ ਤਹਿਤ ਖੁੱਲ੍ਹੇ ਢੰਗ ਨਾਲ ਚਲ ਰਹੇ ਸਨ ਤੇ ਮੰਨਜ਼ੂਰਸ਼ਦਾ ਵੀ ਸਨ। ਇਸ ਦੇ ਕੁਝ ਹੀ ਦਿਨਾਂ ਬਾਅਦ ਮਹਾਂ-ਰਾਸ਼ਟਰ ਦੇ ਲੇਖਕ ਤੇ ਸਮਾਜਕ ਵਰਕਰ ਸੁਧੀਰ ਢਲਵੇ ਨੂੰ ਨਾਗੁਪਰ ’ਚ ਗ੍ਰਿਫਤਾਰ ਕਰ ਲਿਆ ਗਿਆ। ਉਹਨਾਂ ’ਤੇ ਵੀ ਮਾਓਵਾਦੀ ਹੋਣ ਦਾ ਦੋਸ਼ ਮੜ੍ਹ ਦਿੱਤਾ ਗਿਆ ਹੈ। ਇਲਾਹਾਬਾਦ ’ਚ ਪੀ. ਯੂ. ਸੀ. ਐਲ. ਦੀ ਸਰਗਰਮ ਵਰਕਰ ’ਤੇ ‘ਦਸਤਕ’ ਮੈਗਜ਼ੀਨ ਦੀ ਸੰਪਾਦਕ ਸੀਮਾ ਅਜ਼ਾਦ ਤੇ ਉਹਨਾਂ ਦੇ ਪਤੀ ਵਿਸ਼ਵ ਵਿਜੈ ਇਸ ਸਾਲ ਤੋਂ ਵੱਧ ਸਮੇਂ ਤੋਂ ਜੇਹਲ ’ਚ ਹਨ। ਪਤ੍ਰਕਾਰ ਤੇ ਸਮਾਜਸੇਵੀ ਪ੍ਰਸ਼ਾਂਤ ਰਾਹੀਂ ਪਿਛਲੇ ਕਈ ਸਾਲ ਤੋਂ ਉਤਰਾਖੰਡ ਦੀ ਜੇਹਲ ’ਚ ਬੰਦ ਹਨ। ਇਹ ਤਾਂ ਕੁਝ ਕੇਸ ਹੀ ਹਨ ਜੋ ਮੀਡੀਆ ਰਾਹੀਂ ਲੋਕਾਂ ਤਕ ਪਹੁੰਚ ਹਨ ਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ ਹਜ਼ਾਰਾਂ ਵਰਕਰ ਬਿਨਾਂ ਮੁਕੱਦਮਾ ਚਲਾਏ ਕਈ ਸਾਲਾਂ ਤੋਂ ਜ਼ੇਲ੍ਹ ’ਚ ਸੜ ਰਹੇ ਹਨ।

ਬਿਨਾਇਕ ਸੇਨ ਦੇ ਕੇਸ ਨੇ ਜਿਵੇਂ ਵੱਡੀ ਪੱਧਰ ’ਤੇ ਲੋਕਾਂ ਨੂੰ ਝੰਜੋੜਿਆ ਹੈ। ਇਸ ਨੂੰ ਮਿਸਾਲ ਬਣਾ ਕੇ ਇਹਨਾਂ ਸਾਰੇ ਸੁਆਲਾਂ ਬਾਰੇ ਰਾਜਕੀ ਜਬਰ ਵਿਰੁੱਧ ਵਿਆਪਕ ਅੰਦੋਲਨ ਖੜ੍ਹਾ ਕਰਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਇਸ ਸੰਘਰਸ਼ ਦੀ ਪਹਿਲੀ ਮੰਗ ਹੋਣੀ ਚਾਹੀਦੀ ਹੈ। ਦੇਸ਼ ਧਰੋਹ ਦੇ ਸਦੀਆਂ ਪੁਰਾਣੇ ਬਸਤੀਵਾਦੀ ਕਾਨੂੰਨ ਛਤੀਸ਼ਗੜ੍ਹ ਜਨ ਸੁਰੱਖਿਆ ਕਾਨੂੰਨ ਤੇ ਸਾਰੇ ਅਜਿਹੇ ਕਾਲੇ ਕਾਨੂੰਨਾਂ ਦਾ ਖਾਤਮਾ। ਛਤੀਸ਼ਗੜ੍ਹ ਵਿੱਚ ਅਤੇ ਦੇਸ਼ ਦੇ ਹੋਰਨਾਂ ਹਿੱਸਿਆਂ ’ਚ ਕਈ ਹੋਰ ਬੁੱਧੀਜੀਵੀਆਂ, ਰਾਜਸੀ ਵਰਕਰਾਂ ਤੇ ਆਮ ਲੋਕਾਂ ’ਤੇ ਅਜਿਹੇ ਹੀ ਕਾਲੇ ਕਾਨੂੰਨਾਂ ਦੇ ਤਹਿਤ ਫਰਜੀ ਮੁਕੱਦਮੇ ਚਲ ਰਹੇ ਹਨ ਉਹਨਾਂ ਨੂੰ ਸ਼ਲਾਖਾਂ ਪਿੱਛੇ ਤਸੀਹੇ ਦਿੱਤੇ ਜਾ ਰਹੇ ਹਨ। ਫਰਜੀ ਮੁਕਾਬਲਿਆਂ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਪਿੱਛੇ ਜਿਹੇ ਇਕ ਹੋਰ ਕੇਸ ਦੀ ਸੁਣਵਾਈ ਸਮੇਂ ਸੁਪਰੀਮ ਕੋਰਟ ਨੇ ਵੀ ਕਿਹਾ ਹੈ ਕਿ ਸਿਰਫ਼ ਬੰਦੀ ਸ਼ੁਧਾ ਜਥੇਬੰਦੀ ਨਾਲ ਜੁੜੇ ਹੋਣ ਕਰਕੇ ਹੀ ਕਿਸੇ ਬੰਦੇ ’ਤੇ ਦੇਸ਼ ਧ੍ਰੋਹ ਜਾਂ ਦਹਿਸ਼ਤਗਰਦੀ ਦਾ ਕੇਸ ਦਰਜ ਨਹੀਂ ਕੀਤਾ ਜਾ ਸਕਦਾ ਜਦ ਤੱਕ ਅਜਿਹੇ ਕਿਸੇ ਕੇਸ ’ਚ ਉਸਦੀ ਸ਼ਮੂਲੀਅਤ ਸਾਬਤ ਨਾ ਹੋਵੇ। ਇਹਨਾਂ ਅਧਾਰਾਂ ’ਤੇ ਨਰਾਇਣ ਸਨਿਆਲ ਤੇ ਪੀਊਸ ਗੁਹਾ ਦੀ

ਰਿਹਾਈ ਲਈ ਆਵਾਜ਼ ਉਠਣੀ ਚਾਹੀਦੀ ਹੈ।

ਇਸ ਮੁਕੱਦਮੇ ਦੀ ਸੁਣਵਾਈ ਦੌਰਾਨ ਯੂਰਪੀ ਸੰਘ ਦੇ ਸਾਮਰਾਜੀ ਦੇਸ਼ਾਂ ਦੇ ਕੁਝ ਸਾਂਸਦ ਵੀ ਹਾਜ਼ਰ ਹੋਣ ਪਹੁੰਚੇ ਸਨ। ਪੁੱਛਿਆ ਜਾਣਾ ਚਾਹੀਦਾ ਹੈ ਕਿ ਪ੍ਰਤੀਨਿਧੀ ਮੰਡਲ ਕਾਰਪੋਰੇਟ ਘਰਾਣਿਆਂ ਦੇ ਇਸ਼ਾਰਿਆਂ ’ਤੇ ਆਪਣੀ ਜ਼ਮੀਨ ਤੋਂ ਜਬਰੀ ਉਜਾੜੇ ਜਾ ਰਹੇ ਆਦਿਵਾਸੀਆਂ ਦੇ ਇਲਾਕਿਆਂ ਦਾ ਵੀ ਦੌਰਾ ਕਰੇਗਾ? ਕੀ ਇਹ ਸਲਵਾ ਜੂਡਮ ਦੇ ਸ਼ਿਕਾਰ ਲੱਖਾਂ ਆਦਿ-ਵਾਸੀਆਂ ਦੀ ਸੁਧ ਲਵੇਗਾ? ਸੁਆਲ ਤਾਂ ਇਹ ਵੀ ਹੈ ਕਿ ਡਾ. ਸੇਨ ਦੇ ਮੁਕੱਦਮੇ ਦੀ ਪੈਰਵੀ ਲਈ ਰਾਮਜੇਠ ਮਲਾਨੀ ਦੀ ਸੇਵਾ ਕਿਉਂ ਲਈ ਗਈ? ਬੇਸ਼ਕ ਇਹ ਸੇਵਾ ਸੇਵਾਇਛੁੱਕ ਸੀ ਪਰ ਕੀ ਇਕ ਫਾਸਿਸਟ ਪਾਰਟੀ ਨਾਲ ਜੁੜੇ ਤੇ ਵੱਖ-ਵੱਖ ਮੁੱਦਿਆਂ ’ਤੇ ਘੋਰ ਪਿਛਾਖੜੀ ਵਿਚਾਰ ਰੱਖਣ ਵਾਲੇ ਵਕੀਲ ਨੂੰ ਨਰਮੀ ਨਾਲ ਮਨਾ ਨਹੀਂ ਕੀਤਾ ਜਾ ਸਕਦਾ ਸੀ। ਕੀ ਡਾਕਟਰ ਸੇਨ ਦੀ ਪੈਰਵੀ ਕਰਨ ਵਾਲੇ ਵੱਡੇ ਵਕੀਲਾਂ ਦੀ ਕੋਈ ਕਮੀ ਸੀ? ਬਿਨਾਇਕ ਸੇਨ ਦੀ ਰਿਹਾਈ ਦਾ ਮੁੱਦਾ ਇੱਕ ਕੌਮਾਂਤਰੀ ਮੁੱਦਾ ਬਣਦਾ ਜਾ ਰਿਹਾ ਹੈ ਪਰ ਲੋਕ ਮੁੱਦਿਆਂ ਤੋਂ ਇਸ ਦੇ ਕੱਟੇ ਜਾਣ ਦੀ ਵੀ ਜੋਖਮ ਪੈਦਾ ਹੋ ਗਿਆ ਹੈ। ਵਾਰ-ਵਾਰ ਇਹ ਸਾਬਤ ਹੋ ਚੁੱਕਿਆ ਹੈ ਕਿ ਸਿਰਫ਼ ਪਟੀਸ਼ਨਾ, ਈਮੇਲ ਮੁਹਿੰਮਾ, ਦਸਖਤੀ ਮੁਹਿੰਮਾ ਤੇ ਕੌਮਾਂਤਰੀ ਹਮਾਇਤ ਦੇ ਆਸਰੇ ਜਮਹੂਰੀ ਅਧਿਕਾਰਾਂ ਦੀ ਲੜਾਈ ਨਹੀਂ ਲੜੀ ਜਾ ਸਕਦੀ।

ਲੋਕ ਹਮਾਇਤ ਨਾਲ ਹੀ ਇਹ ਜੰਗ ਲੜੀ ਜਾਣੀ ਚਾਹੀਦੀ ਹੈ ਤੇ ਇਸ ਦੁਆਲੇ ਵਿਸ਼ਾਲ ਜਨਤਕ ਅਧਾਰ ਵਾਲੀ ਜਮਹੂਰੀ ਲਹਿਰ ਉਸਾਰੀ ਜਾਣੀ ਚਾਹੀਦੀ ਹੈ। ਜਮਹੂਰੀ ਅਧਿਕਾਰ ਸਿਰਫ਼ ਬੁੱਧੀਜੀਵੀਆਂ ਦੇ ਹੀ ਨਹੀਂ ਖੋਹੇ ਜਾ ਰਹੇ ਬਲਕਿ ਆਮ ਲੋਕਾਈ ’ਤੇ ਵੀ ਜ਼ਬਰ ਹੋ ਰਿਹਾ ਹੈ। ਘਟ ਗਿਣਤੀਆਂ ਦਲਿਤਾਂ, ਪਿਛੜਿਆਂ, ਔਰਤਾਂ ਨੂੰ ਰੋਜਾਨਾ ਪੁਲਸੀ ਤੇ ਗੈਰ-ਪੁਲਸੀ ਜਬਰ ਝਲਣਾ ਪੈ ਰਿਹਾ ਹੈ। ਜਮਹੂਰੀ ਅਧਿਕਾਰਾਂ ਦੇ ਸੰਘਰਸ਼ ਨੂੰ ਇਕ ਤੰਗ ਕਾਨੂੰਨੀ ਦਾਇਰ ਤੋਂ ਬਾਹਰ ਲਿਆ ਕੇ ਇਕ ਵਿਆਪਕ ਜੁਝਾਰੂ ਸੰਘਰਸ਼ ਵਜੋਂ ਜਥੇਬੰਦ ਕਰਨਾ ਪੈਣਾ ਹੈ।

# ਕੀ ਹੈ ਜਲ, ਜੰਗਲ ਤੇ ਜ਼ਮੀਨ ਅਤੇ ਖਣਿਜਾਂ ਦੀ ਲੁੱਟ ਦਾ ਰਾਜ?

ਭਾਰਤ ਦਾ ਪੂੰਜੀਵਾਦੀ ਮੀਡੀਆ ਤੇ ਇੱਥੋਂ ਦੇ ਦਲਾਲ ਅਰਥ ਸਾਸ਼ਤਰੀ ਅਤੇ ਬੁੱਧੀਜੀਵੀ ਜੀਡੀਪੀ ਭਾਵ ਕੁਲ ਘਰੇਲੂ ਪੈਦਾਵਾਰ ਦੀ ਵਿਕਾਸ ਦਰ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ ਤੇ ਅੰਦਰੋਂ ਅੰਦਰੀ ਬੇਹੱਦ ਖੁਸ਼ ਹੁੰਦੇ ਹਨ। ਉਹ ਕਹਿੰਦੇ ਹਨ ਕਿ 2008 ਤੋਂ ਹੁਣ ਤੱਕ ਸਮਾਰਾਜੀ ਦੇਸ਼ਾਂ 'ਚ ਜਾਰੀ ਵਿੱਤੀ ਸੰਕਟ ਦੇ ਬਾਵਜੂਦ ਸਾਡੇ ਦੇਸ਼ ਦੇ ਅਰਥਚਾਰੇ ਦੀ ਵਿਕਾਸ ਦਰ 8 ਤੋਂ 9 ਫੀਸਦੀ ਦੇ ਉਚੇ ਪੱਧਰ 'ਤੇ ਕਾਇਮ ਹੈ। ਉਹ ਕਹਿੰਦੇ ਹਨ ਕਿ ਇਹ ਮਨਮੋਹਨ ਸਿੰਘ ਐਂਡ ਕੰਪਨੀ ਆਰਥਿਕ ਜਾਦੂਗਰੀ ਦਾ ਸਿੱਟਾ ਹੈ ਜਿਹਨਾਂ ਨੇ ਵਿਸ਼ਵੀਕਰਨ, ਉਦਾਰੀਕਰਨ, ਨਿਜੀਕਰਨ ਰਾਜ ਦੀ ਸ਼ੁਰੂਆਤ ਕੀਤੀ ਸੀ ਅਤੇ ਅਰਥਚਾਰੇ ਨੂੰ ਪੂੰਜੀ ਤੇ ਬਜ਼ਾਰ ਦੀਆਂ ਤਾਕਤਾਂ ਲਈ ਖੋਹਲ ਦਿੱਤਾ ਸੀ ਪਰ ਜੇ ਕੋਈ ਇਹਨਾਂ ਮਹਾਂਪੁਰਸ਼ਾਂ ਤੋਂ ਦੀ ਇਸ ਹਮਲਾਵਰ ਪ੍ਰਚਾਰ ਮੁਹਿੰਮ ਦੀ ਜਬਰਦਸਤ ਚਕਾਚੌਂਧ ਤੋਂ ਬਚਕੇ ਹੌਂਸਲਾ ਕਰਕੇ ਥੋੜ੍ਹੀ ਡੂੰਘਾਈ 'ਚ ਜਾਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਪੱਸ਼ਟ ਹਕੀਕਤ ਸਾਫ਼ ਸਾਹਮਣੇ ਆ ਜਾਂਦੀ ਹੈ ਤੇ ਉਸ ਲਈ ਇਸ ਤੱਥ ਨੂੰ ਸਮਝ ਸਕਣਾ ਮੁਸ਼ਕਲ ਨਹੀਂ ਹੈ ਕਿ ਸੂਚਨਾ ਤਕਨੋਲੋਜੀ (ਆਈ. ਟੀ.) ਦੇ ਖੇਤਰ ਤੋਂ ਇਲਾਵਾ ਕਰੀਬ ਹੋਰ ਸਭ ਖੇਤਰਾਂ 'ਚ ਕਥਿਤ ਕੁਲ ਘਰੇਲੂ ਉਤਪਾਦ (GDP) ਦੀ ਵਿਕਾਸ ਦਰ ਇੱਕ ਨਵੇਂ ਰੂਪ ਚਲ ਰਹੇ "ਆਦਿਮ ਸੰਚੈ" ਵਜੋਂ ਹੋ ਰਹੀ ਹੈ ਯਾਨੀ ਕਿ ਇਹ ਜਾਲ, ਜੰਗਲ, ਜ਼ਮੀਨ ਤੇ ਖਣਿਜ ਵਰਗੀਆਂ ਕੁਦਰਤੀ ਦੌਲਤਾਂ ਦੀ ਬੇਹਿਸਾਬ ਲੁੱਟ ਰਾਹੀ ਹੋ ਰਹੀ ਹੈ। ਵੈਸੇ ਤਾਂ ਸੂਚਨਾ ਤਕਨੋਲੋਜੀ ਦੇ ਖੇਤਰ 'ਚ ਜੋ ਹੋ ਰਿਹਾ ਹੈ ਉਹ ਕੁਸ਼ਲ ਮਨੁੱਖੀ ਵਸੀਲਿਆਂ ਦੀ ਲੁੱਟ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਸਾਮਰਾਜੀ ਕੇਂਦਰਾਂ ਵਲੋਂ "ਆਊਟਸੋਰਸਿੰਗ" ਦੇ ਰਾਹੀਂ ਇਹ ਲੁੱਟ ਕੀਤੀ ਜਾ ਰਹੀ ਹੈ। ਵੈਸੇ ਤਾਂ ਸੂਚਨਾ ਤਕਨੋਲੋਜੀ ਦੇ ਖੇਤਰ 'ਚ ਜੋ ਰਿਹਾ ਹੈ। ਉਹ ਕੁਸ਼ਲ ਮਨੁੱਖੀ ਸਾਧਨਾ ਦੀ ਲੁੱਟ ਤੋਂ ਸਿਵਾਏ ਕੁਝ ਵੀ ਨਹੀਂ ਹੈ। ਸਾਮਰਾਜੀ ਕੇਂਦਰਾਂ ਮਨੁੱਖੀ ਸਾਧਨਾ ਦੀ ਲੁੱਟ ਤੋਂ ਸਿਵਾਏ ਕੁਝ ਵੀ ਨਹੀਂ ਹੈ। ਸਾਮਰਾਜੀ ਕੇਂਦਰਾਂ ਵਲੋਂ ਜਿਸ ਤਰ੍ਹਾਂ ਅਠਾਰਵੀ ਤੇ ਉਨੀਵੀਂ ਸਦੀ 'ਚ ਵਪਾਰੀ ਤੇ ਜਾਗੀਰੂ ਜਮਾਤਾਂ ਵਲੋਂ ਬ੍ਰਿਟਿਸ਼ ਬਸਤੀਵਾਦੀਆਂ ਦੀ ਮਦਦ ਕੀਤੀ ਗਈ ਸੀ। ਅੱਜ ਮਨਮੋਹਨ ਐਂਡ ਕੰਪਨੀ ਦਾ ਇਹ ਕੰਮ ਉਸੇ ਦਾ ਅਧੁਨਿਕ ਰੂਪ ਹੈ। ਕਾਰਪੋਰੇਟ ਘਰਾਣਿਆਂ ਤੇ ਬਹੁ-ਕੌਮੀ ਕੰਪਨੀਆਂ ਨੂੰ ਕੁਦਰਤੀ ਧਨ ਦੌਲਤ ਅਤੇ ਮਨੁੱਖੀ ਵਸੀਲਿਆਂ ਦੀ ਲੁੱਟ ਦੀ ਸਹੂਲਤ ਮੁਹੱਈਆ ਕਰਕੇ ਉਹਨਾਂ ਨੂੰ ਹੁਲਾਰਾ ਦੇਣ ਵਾਲੇ ਦਲਾਲਾਂ ਦੀ ਇਹ "ਘਾਤਕ ਤੇ ਘ੍ਰਿਣਿਤ ਨਵ-ਬਸਤੀਵਾਦੀ ਦਾਸਤਾਂ" ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਇਸ ਰਾਹੀਂ ਅਖੌਤੀ ਆਰਥਿਕ ਚਮਤਕਾਰ ਕੀਤਾ ਜਾ ਰਿਹਾ ਹੈ। ਵੱਖ-ਵੱਖ ਖੇਤਰਾਂ 'ਚ ਇਹ ਲੁੱਟ ਕਿਸ ਪੈਮਾਨੇ 'ਤੇ ਹੋ ਰਹੀ ਹੈ ਜੇ ਇਸ 'ਤੇ ਇਕ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਇਹਨਾਂ ਸਾਮਰਾਜੀ ਦਲਾਲਾਂ ਦੀ ਆਰਥਿਕ ਜਾਦੂਗਰੀ ਖੁਲ ਕੇ ਸਾਹਮਣੇ ਆ ਜਾਵੇਗੀ। ਜੋ ਖੁਦ ਵੀ ਇਸ ਅਮਲ 'ਚ ਵਧਦੇ ਫੁਲਦੇ ਨਜ਼ਰ ਆ ਰਹੇ ਹਨ।

ਪਾਣੀ -ਪੂਰੀ ਦੁਨੀਆਂ 'ਚ ਨਵ-ਉਦਾਰਵਾਦੀ ਨੀਤੀਆਂ ਦੇ ਤਹਿਤ ਪਾਣੀ ਦੀ ਲੁੱਟ ਨਾਲ ਬਹੁਕੌਮੀ ਕੰਪਨੀਆਂ ਤੇ ਉਸ ਦੇ ਸਥਾਨਕ ਏਜੰਟਾਂ ਨੂੰ ਭਾਰੀ

ਮੁਨਾਫਾ ਹੋ ਰਿਹਾ ਹੈ। ਇਕ ਪਾਸੇ ਕੌਮਾਂਤਰੀ ਪੱਧਰ ’ਤੇ ਇਕ ਵੱਡਾ ਪਾਣੀ-ਮਾਫੀਆ ਨੇ ਜਨਮ ਲੈ ਲਿਆ ਹੈ ਜੋ ਇਸ ਲੁੱਟ ’ਚ ਲੱਗਿਆ ਹੋਇਆ ਹੈ ਅਤੇ ਇਸ ਦਾ ਪ੍ਰਭਾਵ ਧਰਤੀ ਦੇ ਹਰ ਕੋਨੇ ਤਕ ਫੈਲਦਾ ਜਾ ਰਿਹਾ ਹੈ। ਭਾਰਤ ਪਾਣੀ ਦੇ ਲੁੱਟ ਦੇ ਸਭ ਤੋਂ ਵੱਡੇ ਕੇਂਦਰਾਂ ਵਿੱਚੋਂ ਇਕ ਬਣ ਗਿਆ ਹੈ। ਪੈਪਸੀ, ਕੋਕਾ ਕੋਲਾ ਤੇ ਉਸ ਦੇ ਸਾਂਝੀਦਾਰਾਂ ਨੇ ਪਿਛਲੇ 20 ਸਾਲਾਂ ’ਚ ਜੋ ਬੇਹਿਸਾਬ ਮੁਨਾਫਾ ਕਮਾਇਆ ਹੈ। ਉਸ ਨਾਲ ਇਸ ਭਾਰੀ ਲੁੱਟ ਦਾ ਖੁਲਾਸਾ ਹੋ ਜਾਂਦਾ ਹੈ। ਜਦ ਪਾਣੀ ਦੀ ਲੁੱਟ ਦੇ ਭਿਆਨਕ ਅੰਕੜੇ ਸਾਹਮਣੇ ਆਏ ਤਾਂ ਦੱਖਣੀ ਅਮਰੀਕਾ ਤੇ ਅਫਰੀਕਾ ’ਚ ਪਾਣੀ ਦੀ ਲੁੱਟ ’ਤੇ ਨਿੱਜੀਕਰਣ ਦਾ ਵਿਰੋਧ ਕਰਨ ਲਈ ਇਕ ਸੰਘਰਸ਼ ਸ਼ੁਰੂ ਹੋਇਆ ਸੀ ਪਰ ਜਿਵੇਂ ਅਕਸਰ ਹੁੰਦਾ ਹੈ। ਸਵੈ-ਸੇਵੀ ਸੰਗਠਨਾ (NGO) ਨੇ ਆਪਣੇ ਵਿਸ਼ਾਲ ਸਾਧਨਾ ਦੇ ਜ਼ੋਰ ’ਤੇ ਇਸ ਮੁਹਿੰਮ ਨੂੰ ਆਪਣੇ ਹੱਥ ਵਿੱਚ ਲੈ ਲਿਆ ਅਤੇ ਫਿਰ ਅੱਗੇ ਚਲ ਕੇ ਇਸ ਤੇ ਪਾਣੀ ਫੇਰ ਦਿੱਤਾ। ਇਸ ਦੌਰਾਨ ਜਿਹਨਾਂ ਦੇਸ਼ਾਂ ’ਚ ਇਹ ਸੰਘਰਸ਼ ਚਲ ਰਹੇ ਸਨ, ਉਥੋਂ ਦੀਆਂ ਸਰਕਾਰਾਂ ਨੇ ਖੁੱਲ੍ਹੇ ਤੌਰ ’ਤੇ ਇਹਨਾਂ ਕੰਪਨੀਆਂ ਦਾ ਪੱਖ ਲੈਣਾ ਸ਼ੁਰੂ ਕਰ ਦਿੱਤਾ ਅਤੇ ਨਿਆਂਪਾਲਿਕਾ ਦੀ ਮਦਦ ਨਾਲ ਉਹਨਾਂ ਨੂੰ ਕਾਨੂੰਨੀ ਸੁਰੱਖਿਆ ਮੁਹਈਆ ਕਰਨ ਲੱਗੇ। ਨਿਆਂਪਾਲਿਕਾ ਦੇ ਸਾਹਮਣੇ ਜਦ ਇਹਨਾਂ ਬਹੁਕੌਮੀ ਕੰਪਨੀਆਂ ਨਾਲ ਸਬੰਧਤ ਮਾਮਲਾ ਆਉਂਦਾ ਸੀ। ਉਹ ਆਪਣੀਆਂ ਅੱਖਾਂ ਫੇਰ ਲੈਂਦੇ ਸਨ। ਸਿੱਟੇ ਵਜੋਂ ਇਹਨਾਂ ਬਹੁਕੌਮੀ ਕੰਪਨੀਆਂ, ਸਨਅਤੀ ਘਰਾਣਿਆਂ ਅਤੇ ਉਹਨਾਂ ਦੇ ਹਿੱਸੇਦਾਰਾਂ ਨੇ ਇਸ ਖੇਤਰ ’ਚ ਦਾਖਲ ਹੋ ਕੇ ਆਪਣੀ ਪਕੜ ਬਣਾ ਲਈ। ਉਹਨਾਂ ਨੇ ‘ਪਾਣੀ ਦੇ ਕਾਰੋਬਾਰ’ ’ਚ ਲੱਗੀਆਂ ਏਜੰਸੀਆਂ ਦਾ ਵਿਸ਼ਾਲ ਨੈਟਵਰਕ ਬਣਾਕੇ ਇਸ ਨੂੰ ਭਾਰੀ ਲੁੱਟ ਦਾ ਖੇਤਰ ਬਣਾ ਦਿੱਤਾ। ਇੱਥੋਂ ਤਕ ਕਿ ਨਦੀਆਂ ਨੂੰ ਵੀ ਨਿੱਜੀ ਹੱਥਾਂ ’ਚ ਸੌਂਪਿਆ ਜਾਣ ਲੱਗਿਆ ਜਿਵੇਂ ਕਿ ਛਤੀਸ਼ਗੜ੍ਹ ’ਚ ਸ਼ਿਵਨਾਥ ਨਦੀ ਦੇ ਨਾਲ ਕੀਤਾ ਗਿਆ ਸੀ। ਦਿੱਲੀ, ਮੁੰਬਈ, ਚੇਨਈ ਸਮੇਤ ਸਾਰੇ ਸ਼ਹਿਰਾਂ ਤੇ ਨਗਰਾਂ ਵਿੱਚ ਜਲ ਸਪਲਾਈ ਦੇ ਕੰਮ ਦਾ ਵੱਡੀ ਪੱਧਰ ’ਤੇ ਨਿੱਜੀਕਰਨ ਕੀਤਾ ਗਿਆ। ਇਹ ਕੰਮ ਸੰਸਾਰ ਬੈਂਕ ਦੀ ਹਦਾਇਤ ’ਤੇ ਕੀਤਾ ਜਾ ਰਿਹਾ ਹੈ। ਹੁਣ ਤਾਂ ਪਾਣੀ ਦਾ ਨਿੱਜੀਕਰਣ ਪਿੰਡਾਂ ਤਕ ਪਹੁੰਚ ਗਿਆ ਹੈ ਜਿਵੇਂ ਕਿ ਪੰਜਾਬ ਤੇ ਹਰਿਆਣਾ ’ਚ ਕੀਤਾ ਜਾ ਰਿਹਾ ਹੈ। ਹੁਣ ਤੱਕ ਪਾਣੀ ਨੂੰ ਸਾਂਝੀ ਸਮਾਜਿਕ ਜਾਇਦਾਦ ਮੰਨਿਆ ਜਾਂਦਾ ਸੀ ਜਿਸ ’ਤੇ ਪੂਰੇ ਸਮਾਜ ਦੀ ਮਾਲਕੀ ਹੁੰਦੀ ਸੀ। ਅੱਜ ਇਸ ਨੂੰ ਨਿੱਜੀ ਜਾਇਦਾਦ ’ਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਨਾਲ ਨਵ-ਉਦਾਰਵਾਦੀ ਨੀਤੀਆਂ ਦੇ ਪੈਰੋਕਾਰਾਂ ਲਈ ਕੁਲ ਘਰੇਲੂ ਪੈਦਾਵਾਰ ਦੀ ਵਾਧਾ ਕਰ, ਵਧਾ ਚੜ੍ਹਾ ਕੇ ਦਖਾਉਣ ’ਚ ਮਦਦ ਮਿਲਦੀ ਹੈ। ਪਰ ਇਸ ਨਾਲ ਵਾਤਾਵਰਣ ਨੂੰ ਭਾਰੀ ਹਰਜਾ ਪਹੁੰਚ ਰਿਹਾ ਤੇ ਲੋਕਾਂ ਦੀ ਗਰੀਬੀ ਵਧ ਰਹੀ ਹੈ। ਵੈਸੇ ਵੀ ਸਾਡੇ ਦੇਸ਼ ’ਚ ਸਰਕਾਰ ਅਜੇ ਤਕ 60 ਫੀਸਦੀ ਪਿੰਡਾਂ ’ਚ ਸਾਫ ਪਾਣੀ ਦਾ ਪ੍ਰਬੰਧ ਨਹੀਂ ਕਰ ਸਕੀ ਹੈ। ਜਿਹਨਾਂ ਇਲਾਕਿਆਂ ’ਚ ਸਨਅਤੀ ਘਰਾਣਿਆਂ ਅਤੇ ਬਹੁਕੌਮੀ ਨਿਗਮਾਂ ਦੇ ਪ੍ਰੋਜੈਕਟਾਂ ’ਤੇ ਕੰਮ ਹੋ ਰਿਹਾ ਹੈ ਜਿਵੇਂ ਕਿ ਜਿੱਥੇ ਵੱਡੇ ਉਦਯੋਗ ਲਗ ਰਹੇ ਹਨ ਉਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਨੇ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਲਿਆ ਹੈ ਕਿਉਂਕਿ ਇਹਨਾਂ ਇਲਾਕਿਆਂ ਦੇ ਜਲ ਸਰੋਤਾਂ ’ਤੇ ਇਹਨਾਂ ਕੰਪਨੀਆਂਦਾ ਕੰਟਰੋਲ ਕਾਇਮ ਹੁੰਦਾ ਜਾ ਰਿਹਾ ਹੈ। ਕਿਉਂਕਿ ਖਣਿਜ ਜਾਇਦਾਦ ਨਾਲ ਭਰਪੂਰ ਇਲਾਕੇ ਜ਼ਿਆਦਾਤਰ ਆਦੀਵਾਸੀ ਖੇਤਰਾਂ ’ਚ

ਹਨ, ਇਸ ਲਈ ਜਲ-ਸਰੋਤਾਂ 'ਤੇ ਆਦੀ ਵਾਸੀਆਂ ਦਾ ਅਧਿਕਾਰ ਖੁਸਦਾ ਜਾ ਰਿਹਾ ਹੈ। ਦੱਖਣੀ ਅਫਰੀਕਾ 'ਚ ਇਕ ਦੇਸ਼ ਹੈ ਬੋਲਿਵਿਆ। ਉਥੇ ਇਵੋ ਮੋਰਾਲੇਸ ਦੀ ਅਗਵਾਈ 'ਚ ਸਥਾਨਕ ਲੋਕਾਂ ਨੇ ਪੈਪਸੀ, ਕੋਲਾ ਤੇ ਕੋਕਾ ਕੋਲਾ ਨੂੰ ਭਜਾਉਣ ਲਈ ਇਕ ਵੱਡਾ ਸੰਘਰਸ਼ ਕੀਤਾ ਸੀ। ਇਸ ਨੇ ਇਕ ਲੋਕ ਉਭਾਰ ਦਾ ਰੂਪ ਲੈ ਲਿਆ ਅਤੇ ਕੌਮੀ ਚੋਣਾ 'ਚ ਇਵੋ ਮੋਰਾਲੈਸ ਨੇ ਰਾਸ਼ਟਰਪਤੀ ਦਾ ਅਹੁੱਦਾ ਜਿੱਤ ਕੇ ਸਰਕਾਰ ਬਣਾਈ। ਬੋਲਿਵਿਆ ਤੇ ਵੈਨਜ਼ੁਵੇਲਾ ਵਰਗੇ ਦੱਖਣੀ ਅਫਰੀਕਾ ਦੇ ਕੁਝ ਦੇਸ਼ਾਂ 'ਚ ਪਾਣੀ ਦੇ ਨਿੱਜੀਕਰਣ ਦੇ ਕੰਮ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਪਾਣੀ ਨੂੰ ਲੋਕਾਂ ਦੀ ਸਾਂਝੀ ਜਾਇਦਾਦ ਐਲਾਨ ਦਿੱਤਾ ਗਿਆ ਹੈ। ਭਾਰਤ 'ਚ ਇਕ ਪਾਸੇ ਤਾਂ ਪਾਣੀ ਦਾ ਨਿੱਜਕਰਣ ਤੇ  ਦੂਜੇ ਪਾਸੇ ਵਿਆਪਕ ਜਨਤਾ ਲਈ ਸਾਫ਼ ਪਾਣੀ ਦੀ ਘਾਟ ਇਕ ਵੱਡੀ ਸਮੱਸਿਆ ਬਣ ਗਈ ਹੈ। ਇਸ ਲਈ ਇਥੇ ਵੀ ਅਜਿਹੇ ਇਕ ਵੱਡੇ ਸੰਘਰਸ਼ ਦੀ ਲੋੜ ਹੈ।

ਜ਼ਮੀਨ ਦੀ ਬੇਲਗਾਮਲੁੱਟ – ਪੱਛਮੀ ਯੂਰਪ ਪਿੱਛੋਂ ਭਾਰਤ ਦੁਨੀਆਂ ਦੀ ਸਭ ਤੋਂ ਵੱਡੀ (ਸੰਘਣੀ) ਅਬਾਦੀ ਵਾਲੇ ਦੇਸ਼ਾਂ 'ਚੋਂ ਇੱਕ ਹੈ। ਜਿੱਥੋਂ ਦੀ ਜ਼ਿਆਦਾਤਰ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ। ਨਵ-ਉਦਾਰਵਾਦੀ ਰਾਜ ਦੇ ਤਹਿਤ ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਨਿਗਮਾ ਦੇ ਅਨੇਕਾਂ ਪ੍ਰੋਜੈਕਟਾਂ 'ਤੇ ਅਮਲ ਹੋ ਰਿਹਾ ਹੈ। ਬੁਨਿਆਦੀ ਢਾਂਚੇ ਦਾ ਵੱਡੇ ਪੈਮਾਨ 'ਤੇ ਨਿਰਮਾਣ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਆਰਥਿਕ ਖੇਤਰ (ਸੇਜ) ਬਣਾਏ ਜਾ ਰਹੇ ਹਨ ਅਤੇ ਇਮਾਰਤੀ ਉਸਰੀ ਤੇ ਰੀਅਲ ਅਸਟੇਟ ਦਾ ਕਾਰੋਬਾਰ ਵੱਡੇ ਪੈਮਾਨੇ 'ਤੇ ਫੈਲ ਰਿਹਾ ਹੈ। ਉਸੇ ਜ਼ਮੀਨ ਨੂੰ ਜਿਣਸ 'ਚ ਤਬਦੀਲ ਕਰ ਦਿੱਤਾ ਗਿਆ ਹੈ। ਜਿਸ ਦੀ ਕੀਮਤ ਲਗਾਤਾਰ ਵਧਦੀ ਜਾ ਰਹੀ ਹੈ। ਅਜੇਹੀ ਹਾਲਤ 'ਚ ਦੇਸ਼ ਭਰ 'ਚ ਜ਼ਮੀਨ ਦੀ ਲੁੱਟ ਵੱਡੇ ਪੈਮਾਨੇ 'ਤੇ ਸ਼ੁਰੂ ਹੋ ਗਈ ਹੈ ਤੇ ਰਾਜ ਮਸ਼ੀਨਰੀ ਅਤੇ ਹਕੂਮਤੀ ਰਾਜ ਨੇਤਾਵਾਂ ਦੀ ਹਮਾਇਤ ਨਾਲ ਤਾਕਤਵਾਰ ਭੂ-ਮਾਫੀਆ ਸਰਗਰਮ ਹੋ ਗਿਆ ਹੈ ਤੇ ਤੇਜੀ ਨਾਲ ਆਪਣੇ ਪੈਰ ਪਸਾਰਦਾ ਜਾ ਰਿਹਾ ਹੈ। ਸਿੱਟੇ ਵਜੋਂ ਲੱਖਾਂ ਦੀ ਗਿਣਤੀ 'ਚ ਗਰੀਬ, ਦਰਮਿਆਨੇ ਤੇ ਮੱਧ ਕਿਸਾਨ ਪ੍ਰੀਵਾਰਾਂ ਨੂੰ ਖੇਤੀ ਕਾਰਜ ਤੇ ਰਿਹਾਇਸ਼ਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ। ਇਹਨਾਂ ਪ੍ਰੀਵਾਰਾਂ 'ਚ ਵੱਡੀ ਗਿਣਤੀ ਦਲਿਤਾਂ ਤੇ ਆਦੀਵਾਸੀ ਪ੍ਰੀਵਾਰਾਂ ਦੀ ਹੈ। ਕੇਂਦਰ ਤੇ ਰਾਜ ਸਰਕਾਰਾਂ ਵਲੋਂ ਇਸ ਜ਼ਮੀਨ ਨੂੰ ਹੜੱਪਣ ਲਈ ਸਾਰੇ ਸਾਧਨ ਮੁਹਈਆ ਕਰਵਾਏ ਜਾ ਰਹੇ ਹਨ। ਇਸ ਲਈ ਅੰਗ੍ਰੇਜ਼ਾਂ ਦੇ ਜ਼ਮਾਨੇ ਤੋਂ ਚਲੇ ਆ ਰਹੇ ਭੂਮੀ ਹੜੱਪਣ ਕਾਨੂੰਨ ਦੀ ਵਰਤੋਂ ਕੀਤੀ ਜਾ ਰਹੀ ਹੈ। ਕਿਤੇ ਜਿਤੇ ਤਾਂ ਫ਼ੌਜ ਦੀ ਵੀ ਵਰਤੋਂ (ਜਿਵੇਂ ਜੰਮੂ ਤੇ ਉਤਰ ਪੂਰਬੀ ਰਾਜਾਂ) ਕੀਤੀ ਜਾਂਦੀ ਹੈ। ਕੁਲ ਘਰੇਲੂ ਉਤਪਾਦ (ਜੀ ਡੀ ਪੀ) ਦੀ ਜਾਹਲੀ ਵਿਕਾਸ ਦਰ ਨੂੰ ਵਧਾਉਣ 'ਚ ਇਸ ਭੂਮੀ ਹੜੱਪਣ ਦੀ ਇਕ ਵੱਡੀ ਭੂਮਿਕਾ ਹੈ। ਦੇਸ਼ ਭਰ 'ਚ ਵੱਡੇ ਪੈਮਾਨੇ ਤੇ ਜੋ ਭੂਮੀ ਹੜੱਪ ਮੁਹਿੰਮ ਜਾਰੀ ਹੈ ਉਸ 'ਤੇ ਇਕ ਸਰਸਰੀ ਨਿਗ੍ਹਾ ਮਾਰਨ ਤੋਂ ਸਾਫ਼ ਹੋ ਜਾਂਦਾ ਹੈ ਕਿ ਇਹ ਅਰਬਾਂ-ਖਰਬਾਂ ਦਾ ਘਪਲਾ ਹੋ ਜੋ ਦੇਸ਼ 'ਚ ਕਾਲੇ ਧਨ ਦਾ ਇਕ ਵੱਡਾ ਜ਼ਰੀਆ ਹੈ। ਇਸ ਅਮਲ 'ਚ ਸਭ ਤੋਂ ਵੱਧ ਨੁਕਸਾਨ ਆਦੀਵਾਸੀਆਂ ਤੇ ਦਲਿਤਾਂ ਨੂੰ ਹੋ ਰਿਹਾ ਹੈ। ਜੋ ਆਪਣੀ ਰੋਟੀ-ਰੋਜ਼ੀ ਤੋਂ ਵਾਂਝੇ ਕਰ ਦਿੱਤੇ ਜਾਣ ਪਿੱਛੋਂ ਸ਼ਹਿਰਾਂ 'ਤੇ ਨਗਰਾਂ ਦੀਆਂ ਝੁਗੀਆਂ  'ਚ ਰਹਿਣ ਲਈ ਮਜ਼ਬੂਰ ਕਰ ਦਿੱਤੇ ਗਏ ਹਨ। ਹਾਲਾਂਕਿ ਕਿ ਯੂ. ਪੀ. ਏ. ਸਰਕਾਰ ਦੇ ਨੇਤਾ ਭੂਮੀ ਹੜੱਪ ਕਾਨੂੰਨ

ਦੇ ਨਿਯਮਨ ਲਈ ਇਕ ਨਵਾਂ ਕਾਨੂੰਨ ਬਣਾਉਣ ਦੀ ਗੱਲ ਕਰ ਰਹੇ ਹਨ ਪਰ ਹਕੂਮਤੀ ਪਾਰਟੀਆਂ ਤੇ ਵਿਰੋਧੀ ਪਾਰਟੀਆਂ ਅਤੇ ਰਾਜਾਂ 'ਚ ਹਕੂਮਤ ਕਰ ਰਹੀਆਂ ਪਾਰਟੀਆਂ ਤੋਂ ਆਪਾ ਵਿਰੋਧੀ ਬਿਆਨ ਆ ਰਹੇ ਹਨ। ਜਿਸ ਨਾਲ ਇਸ ਕਾਨੂੰਨ ਪਿੱਛੇ ਦੀ ਨੀਅਤ ਅਤੇ ਇਸ ਦੇ ਦਾਇਰੇ ਬਾਰੇ ਸ਼ੰਕੇ ਪੈਦਾ ਹੋ ਰਹੇ ਹਨ। ਆਓ ਪਹਿਲਾਂ ਪ੍ਰਦੇਸ਼ ਦੇ ਕੇਸ ਨੂੰ ਵੇਖੀਏ। ਜਿੱਥੇ ਵੱਡੇ ਪੈਮਾਨੇ ਉੱਪਰ ਜ਼ਮੀਨ ਹੜੱਪੀ ਜਾ ਰਹੀ ਹੈ ਤਾਂ ਇਸ ਵਿਰੁੱਧ ਸੰਘਰਸ਼ ਹੋ ਰਹੇ ਹਨ। ਰਾਜ 'ਚ ਪਹਿਲੀਆਂ ਸਰਕਾਰਾਂ ਨੇ ਕਈ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਸੀ। ਮੌਜੂਦਾ ਬਸਪਾ ਸਰਕਾਰ ਨੇ ਆਪਣੀ ਚਾਰ ਸਾਲ ਦੀ ਹਕੂਮਤ ਦੌਰਾਨ ਇਹਨਾਂ ਪ੍ਰੋਜੈਕਟਾਂ ਨੂੰ ਜਾਰੀ ਰੱਖਿਆ ਹੈ। ਇਸ ਦਾ ਵਿਸਥਾਰ ਵੀ ਕੀਤਾ ਹੈ ਅਤੇ ਕਈ ਨਵੇਂ ਪ੍ਰੋਜੈਕਟਾਂ ਨੂੰ ਮੰਨਜੂਰੀ ਦਿੱਤੀ ਹੈ। ਇਹਨਾਂ ਪ੍ਰੋਜੈਕਟਾਂ ਲਈ ਵੱਡੇ ਪੈਮਾਨੇ 'ਤੇ ਜ਼ਮੀਨ ਹੜੱਪੀ ਜਾ ਰਹੀ ਹੈ। ਇਹਨਾਂ 'ਚੋਂ ਦੋ ਮੁਖ ਯੋਜਨਾਵਾਂ ਯਮੁਨਾ ਐਕਸਪ੍ਰੈਸਵੇ ਅਤੇ ਗੰਗਾ ਐਕਸਪ੍ਰੈਸ ਵੇ। ਯਮੁਨਾ ਐਕਸਪ੍ਰੈਸਵੇ (ਯਮਨਾ ਰਾਜ ਮਾਰਗ) ਪ੍ਰੋਜੈਕਟਾਂ ਨੂੰ ਇਕ ਨਿਜੀ ਕੰਪਨੀ ਜੇ. ਪੀ. ਇੰਫ੍ਰਾਟੈਕ ਲਿਮਟਿਡ ਨੂੰ ਦਿੱਤਾ ਗਿਆ ਹੈ। ਇਸ ਕੰਪਨੀ ਨਾਲ ਜੋ ਸਮਝੌਤਾ ਕੀਤਾ ਗਿਆ ਹੈ। ਉਸ ਅਨੁਸਾਰ ਐਕਸਪ੍ਰੈਸ ਵੇ ਦੇ ਨਿਰਮਾਣ ਪਿਛੋਂ ਇਹ 36 ਸਾਲਾਂ ਤਕ ਇਸ 'ਤੇ ਟੋਲ ਵਸੂਲ ਕਰੇਗੀ। ਨੋਇਡਾ ਤੋਂ ਲੈ ਕੇ ਆਗਰਾ ਤਕ 165 ਕਿਲੋਮੀਟਰ ਲੰਮੀ ਇਸ ਅੱਠ ਲੇਨ ਦੇ ਸੁਧਾਰ ਹਾਈਵੇ ਦੇ ਨਾਲ ਹੀ ਹਾਈ-ਟੈਕ ਸਿਟੀ ਦੀ ਵੀ ਉਸਾਰੀ ਦੀ ਯੋਜਨਾ ਹੈ ਜਿਸ 'ਚ ਸਨਅਤੀ ਪਾਰਕ, ਰਿਹਾਇਸ਼ੀ ਕਲੋਨੀਆਂ, ਸ਼ਾਪਿੰਗ ਮਾਲ, ਪ੍ਰੋਫੈਸ਼ਨਲ ਕਾਲਜ, ਸਕੂਲ, ਹਸਪਤਾਲ ਆਦਿ ਹੋਣਗੇ। ਇਹ ਯੋਜਨਾ 9500 ਕਰੋੜ ਰੁਪਏ ਦੀ ਹੈ ਜਿਸ ਲਈ 43000 ਹੈਕਟੇਅਰ ਖੇਤੀ ਭੂਮੀ ਹੜੱਪੀ ਜਾਵਗੀ। ਇਸ ਨਾਲ 1191 ਪਿੰਡਾਂ ਦੇ ਦਸ ਹਜ਼ਾਰਾਂ ਪ੍ਰੀਵਾਰ ਜੜ੍ਹ ਤੋਂ ਉਖੜ ਜਾਣਗੇ ਜੋ ਆਪਣੀ ਰੋਟੀ ਰੋਜੀ ਲਈ ਪੂਰੀ ਤਰ੍ਹਾਂ ਇਸ ਜ਼ਮੀਨ 'ਤੇ ਨਿਰਭਰ ਹਨ। ਇਸ ਤੋਂ ਇਲਾਵਾ ਦਿਲੀ ਦੇ ਨੇੜੇ ਨੋਇਡਾ ਸ਼ਹਿਰ ਦੀ ਉਸਾਰੀ ਦਾ ਵਿਸਥਾਰ ਕਰਦਿਆ ਗ੍ਰੇਟਰ ਨੋਇਡਾ ਯੋਜਨਾ ਤਿਆਰ ਹੋ ਰਹੀ ਹੈ। ਜੋ ਰਿਹਾਇਸ਼ੀ ਯੋਜਨਾਵਾਂ ਦੇ ਲਗਾਤਾਰ ਵਿਸਥਾਰ ਲਈ ਗਾਜਿਆਬਾਦ ਜ਼ਿਲ੍ਹੇ ਦੀ ਬਹੁਤੀ ਜ਼ਮੀਨ ਨੂੰ ਹੌਲੀ-ਹੌਲੀ ਨਿਗਲਦੀ ਜਾ ਰਹੀ ਹੈ। (ਪਿੱਛੇ ਜਿਹੇ ਹੀ ਸੁਪਰੀਮ ਕੋਰਟ ਨੇ ਗ੍ਰੇਟਰ ਨੋਇਡਾ ਦੇ ਕੁਝ ਬਿਲਡਰਾਂ ਲਈ ਜ਼ਮੀਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ) ਬਸਪਾ ਸਰਕਾਰ ਨੇ ਜੇ. ਪੀ. ਇਨਫ੍ਰਾਟੈਕ ਨਾਲ ਹੀ ਨਿੱਜੀ-ਜਨਤਕ ਭਾਗੀਦਾਰੀ (ਪੀ. ਪੀਪੀ) ਤਹਿਤ ਗੰਗਾ ਐਕਸਪ੍ਰੈਸ ਵੇ (ਗੰਗਾ ਰਾਜ ਮਾਰਗ) ਦੀ ਉਸਾਰੀ ਦੀ ਇਕ ਵੱਡੀ ਯੋਜਨਾ ਨੂੰ ਹਰੀ ਝੰਡੀ ਦਿੱਤੀ ਹੈ। ਗੰਗਾ ਰਾਜਮਾਰਗ ਪ੍ਰੋਜੈਕਟ ਪੱਛਮੀ ਉਮਰ ਪ੍ਰਦੇਸ਼ ਦੇ ਨੋਇਡਾ ਤੋਂ ਸ਼ੁਰੂ ਹੋ ਕੇ ਪੂਰਬੀ ਉਤਰ ਪ੍ਰਦੇਸ਼ ਦੇ ਬਲਿਆ ਤਕ ਜਾਵੇਗੀ। 1047 ਕਿਲੋ ਮੀਟਰ ਲੰਮੇ ਇਸ ਰਾਜ ਮਾਰਗ ਦੀ ਉਸਾਰੀ 'ਤੇ 40000 ਕਰੋੜ ਰੁਪਏ ਖਰਚ ਹੋਣਗੇ ਅਤੇ ਇਸ ਲਈ 10000, ਹੈਕਟੇਅਰ ਤੋਂ ਵੱਧ ਜ਼ਮੀਨ ਦੀ ਲੋੜ ਹੋਵੇਗੀ। ਜਿਸ ਨਾਲ ਲਗਭਗ 500 ਪਿੰਡਾਂ ਦੇ ਕਿਸਾਨ ਉਜੜਣਗੇ। ਇਸ ਤਰ੍ਹਾਂ ਮਾਇਆਵਤੀ ਦੀ ਮਨਪਸੰਦ ਕਈ ਪ੍ਰੋਜੈਕਟਾਂ ਲਈ ਕਈ ਹਜ਼ਾਰਾਂ ਪ੍ਰੀਵਾਰਾਂ ਨੂੰ ਉਜਾੜਕੇ ਵੱਡੇ-ਵੱਡੇ ਜ਼ਮੀਨ ਖੇਤਰ ਹੜੱਪੇ ਜਾ ਰਹੇ ਹਨ। ਜਿਸ ਲਈ ਕਈ ਵਾਰ ਤਾਕਤ ਦੀ ਵਰਤੋਂ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਇਸ ਖਿਲਾਫ਼ ਕਿਸਾਨ ਸੰਘਰਸ਼ ਕਰ ਰਹੇ ਹਨ। ਪਰ ਸਰਕਾਰ ਇਸ ਨੂੰ ਸਿਰਫ਼ ਮੁਆਵਜੇ ਦੇ ਭੁਗਤਾਨ ਤਕ ਸੀਮਤ ਕਰ ਰਹੀ ਹੈ।

ਉਹ ਲੋਕਾਂ ਦੇ ਰੁਜ਼ਗਾਰ ਦੇ ਸੁਆਲ ਨੂੰ ਅਣਦੇਖਾ ਕਰ ਰਹੇ ਹਨ।

ਹਰਿਆਣਾ 'ਚ ਗੁੜਗਾਵਾਂ ਤੇ ਸ਼ਹਿਰੀ ਪ੍ਰੋਜੈਕਟਾਂ ਲਈ ਜ਼ਮੀਨ ਹੜੱਪਣ ਦਾ ਕੰਮ ਦਿਨ-ਬ-ਦਿਨ ਤੇਜ਼ ਹੋ ਰਿਹਾ ਹੈ। ਰੀਅਲ ਅਸਟੇਟ ਦੇ ਕਈ ਪ੍ਰੋਜੈਕਟਾਂ ਦੇ ਨਾਲ ਇੱਥੇ ਕਾਰਪੋਰੇਟ ਘਰਾਣਿਆਂ ਬਹੁਕੌਮੀ ਨਿਗਮਾ ਦੇ ਕਿੰਨੇ ਹੀ ਪ੍ਰੋਜੈਕਟਾਂ 'ਤੇ ਕੰਮ ਹੋ ਰਿਹਾ ਹੈ। ਹੁਣ ਫਤੇਹਾਬਾਦ ਜ਼ਿਲ੍ਹੇ ਦੇ ਗੋਰਖਪੁਰ ਪਿੰਡ 'ਚ ਪ੍ਰਮਾਣੂ ਬਿਜਲੀ ਘਰ ਦੀ ਉਸਾਰੀ ਲਈ ਜ਼ਮੀਨ ਹੜੱਪੀ ਜਾ ਰਹੀ ਹੈ। ਇਸ ਤਰ੍ਹਾਂ ਸੈਂਕੜੇ ਪਿੰਡਾਂ ਨੂੰ ਉਜਾੜ ਕੇ, ਹਜ਼ਾਰਾਂ ਪ੍ਰੀਵਾਰਾਂ ਨੂੰ ਕੰਗਾਲੀ ਵੱਲ ਧਕ ਕੇ ਅਨੇਕਾਂ ਹਜ਼ਾਰਾਂ ਏਕੜ ਜ਼ਮੀਨ 'ਤੇ ਕੰਕਰੀਟ ਦੇ ਜੰਗਲ ਉਗਾਏ ਜਾ ਰਹੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਫਰੀਦਾਬਾਦ ਰੋਹਤਕ, ਸੋਨੀਪਤ, ਅੰਬਾਲਾ, ਨੂਹ ਤੇ ਫਤੇਹਾਬਾਦ ਜ਼ਿਲ੍ਹਿਆਂ 'ਚ ਕਿਸਾਨਾਂ ਦਾ ਵਿਰੋਧ ਸੰਘਰਸ਼ ਚੱਲ ਰਿਹਾ ਹੈ। ਹਾਲਾਂਕਿ ਕਾਰਪੋਰੇਟ ਮੀਡੀਆ ਵਲੋਂ ਇਹਨਾਂ ਅੰਦੋਲਨਾ ਦੀ ਅਣਦੇਖੀ ਕੀਤੀ ਜਾ ਰਹੀ ਹੈ ਤੇ ਰਾਜ ਸਰਕਾਰ ਵਲੋਂ ਭਾਰੀ ਪੁਲਸ ਫੋਰਸ ਤੈਨਾਤ ਕਰਕੇ ਕਿਸਾਨਾਂ ਨੂੰ ਜਬਰੀ ਉਜਾੜਿਆ ਜਾ ਰਿਹਾ ਹੈ। ਫਿਰ ਵੀ ਆਪਣੀ ਹੋਂਦ ਲਈ ਕਿਸਾਨਾ ਦਾ ਸੰਘਰਸ਼ ਜਾਰੀ ਹੈ। ਪੰਜਾਬ 'ਚ ਸਭ ਤੋਂ ਬਦਤਰ ਕਿਸਮ ਦਾ ਸੰਘਣਾ ਸ਼ਹਿਰੀਕਰਣ ਹੋ ਰਿਹਾ ਹੈ। ਪੰਜਾਬ ਦੇ ਕਾਫੀ ਲੋਕ ਵਿਦੇਸ਼ਾਂ 'ਚ ਰਹਿੰਦੇ ਹਨ। ਉਥੇ ਭੂਮਾਫੀਆ ਦੇ ਨਾਲ ਨਾਲ ਕਾਰਪੋਰੇਟ ਘਰਾਣਿਆਂ ਤੇ ਅਪ੍ਰਵਾਸੀ ਭਾਰਤੀਆਂ (NRI) ਵਲੋਂ ਰੀਅਲ ਅਸਟੇਟ ਤੇ ਹੋਰ ਪ੍ਰੋਜੈਕਟਾਂ ਲਈ ਹਜ਼ਾਰਾਂ ਹੈਕਟੇਅਰ ਉਪਜਾਊ ਖੇਤ ਖਰੀਦੇ ਜਾ ਰਹੇ ਹਨ। ਇਸ ਕੰਮ 'ਚ ਰਾਜ ਮਸ਼ੀਨਰੀ ਦੀ ਮਦਦ ਦੇ ਨਾਲ ਸਖ਼ਤੀ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਇਹ ਇੱਕ ਅਜਿਹਾ ਸੂਬਾ ਹੈ ਜੋ ਦੇਸ਼ ਦੇ ਅੰਨ ਭੰਡਾਰ 'ਚ ਭਾਰੀ ਹਿੱਸਾ ਪਾਉਂਦਾ ਹੈ ਪਰ ਖੇਤੀ ਦਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ ਜਿਸ ਨਾਲ ਖੇਤੀ ਪੈਦਾਵਾਰ 'ਤੇ ਉਲਟਾ ਅਸਰ ਪੈ ਰਿਹਾ ਹੈ। ਇਸ ਤਰ੍ਹਾਂ ਛਤੀਸ਼ਗੜ੍ਹ 'ਚ ਵੀ ਟਾਟਾ, ਜਿੰਦਲ, ਇਸਾਰ, ਵੇਦਾਂਤ ਆਦਿ ਕਾਰਪੋਰੇਟ ਘਰਾਣਿਆਂ ਲਈ ਵੱਡੇ ਪੈਮਾਨੇ 'ਤੇ ਖੇਤੀ ਜ਼ਮੀਨ ਹੜੱਪੀ ਜਾ ਰਹੀ ਹੈ। ਜ਼ਮੀਨ ਇਸ ਰਾਜ ਵਿੱਚ ਅਫਸਰਸ਼ਾਹਾਂ ਵਲੋਂ ਇਹਨਾਂ ਏਜੰਸੀਆਂ ਨੂੰ ਵੱਡੇ ਪੈਮਾਨੇ 'ਤੇ ਜੰਗਲ ਭੂਮੀ ਦਾ ਤਬਾਦਲਾ ਕੀਤਾ ਜਾ ਰਿਹਾ ਹੈ। ਇਸ ਕਾਰਨ ਕਈ ਸਾਰੇ ਆਈ. ਏ. ਐਸ. ਅਫਸਰ ਰਾਤੋਰਾਤ ਕਰੋੜਪਤੀ ਹੋ ਗਏ ਹਨ। ਦਾਂਤੇਵਾੜਾ ਤੇ ਬਸਤਰ ਜ਼ਿਲ੍ਹਿਆਂ 'ਚ 'ਮਾਓਵਾਦੀਆਂ' ਦਾ ਜਬਰ ਕਰਨ ਦੇ ਬਹਾਨੇ ਤੈਨਾਤ ਪੁਲਸ, ਅਰਧ-ਫ਼ੌਜੀ ਫੋਰਸਾਂ ਦੀ ਵਰਤੋਂ ਹੋ ਰਹੀ ਹੈ। ਵੱਡੇ ਪੈਮਾਨੇ 'ਤੇ ਟਾਟਾ ਤੇ ਇਸਾਰ ਵਰਗੀਆਂ ਕੰਪਨੀਆਂ ਲਈ ਭੂਮੀ ਹੜੱਪੀ ਜਾ ਰਹੀ ਹੈ। ਕਿਹਾ ਤਾਂ ਇੱਥੋਂ ਤੱਕ ਜਾਂਦਾ ਹੈ ਕਿ ਸਲਵਾ ਜੂਡਮ ਵਰਗੀਆਂ ਮੁਹਿੰਮਾਂ ਪਿੱਛੇ ਇਹਨਾਂ ਕਾਰਪੋਰੇਟ ਘਰਾਣਿਆਂ ਦੀ ਸ਼ਹਿ ਹੈ। ਰਾਏਗੜ ਜ਼ਿਲ੍ਹੇ 'ਚ ਜਿੰਦਲ ਸਟੀਲ ਤੇ ਪਾਵਰ ਲਈ ਜਾਂਜਗਿਰ-ਚੰਪਾ ਜ਼ਿਲ੍ਹੇ 'ਚ ਡੀ. ਬੀ. ਪਾਵਰ ਲਈ, ਕੋਰਬਾ 'ਚ ਵੇਦਾਂਤ ਦੀ ਸਹਾਇਕ ਕੰਪਨੀ ਸਟਰਲਾਈਟ ਲਈ ਅੱਸੀ ਫੀਸਦੀ ਤੋਂ ਵੱਧ ਆਦੀਵਾਸੀ ਅਬਾਦੀ ਵਾਲੇ ਜਸ਼ਪੁਰ ਜ਼ਿਲ੍ਹੇ 'ਚ ਬਕਸਾਈਟ, ਸੋਨਾ, ਹੀਰਾ ਤੇ ਕੱਚਾ ਲੋਹਾ ਲੁਟਿਆ ਜਾ ਰਿਹਾ ਹੈ। ਇਸ ਦੇ ਲਈ ਛਤੀਸ਼ਗੜ੍ਹ ਦੇ ਕਰੀਬ ਸਭ ਜ਼ਿਲ੍ਹਿਆਂ 'ਚ ਵੱਡੇ ਪੈਮਾਨੇ 'ਤੇ ਜ਼ਮੀਨ ਹੜੱਪੀ ਜਾ ਰਹੀ ਹੈ। ਰਾਜ ਨਾਂ ਦਗਾਵੇ ਵਰਗੇ ਜ਼ਿਲ੍ਹਿਆਂ ਵਿੱਚ ਲੋਕਾਂ ਨੇ 7000 ਏਕੜ ਜ਼ਮੀਨ 'ਤੇ ਸੇਜ ਬਣਾਏ ਜਾਣ ਦੀ ਯੋਜਨਾ ਦਾ ਸਫਲਤਾਪੂਰਵਕ ਵਿਰੋਧ ਕੀਤਾ ਹੈ। ਪਰ ਰਾਜ ਦੀ ਨਵੀ ਰਾਜਧਾਨੀ ਬਣਾਉਣ ਤੇ ਸ਼ਹਿਰੀਕਰਣ ਦੇ ਨਾਂ ਹੇਠ ਰਾਏਪੁਰ

ਜ਼ਿਲ੍ਹੇ ਵਿੱਚ ਜ਼ਬਰਦਸਤ ਜ਼ਮੀਨ ਭੜੱਪੀ ਜਾ ਰਹੀ ਹੈ। ਇਸ ਅਮਲ 'ਚ ਚਰਚਾ 'ਚ ਹਕੂਮਤੀ ਭਾਜਪਾ ਦੇ ਨੇਤਾ, ਅਫ਼ਸਰ ਤੇ ਭੋਇੰ ਮਾਫੀਆ ਮਾਲਾਮਾਲ ਹੋ ਗਏ ਹਨ।

ਉੜੀਸਾ ਵੀ ਇਕ ਅਜਿਹਾ ਸੂਬਾ ਹੈ ਜੋ ਖਣਿਜ ਤੇ ਜੰਗਲ ਨਾਲ ਮਾਲੋਮਾਲ ਹੈ। ਇਥੇ 1950 ਦੇ ਦਹਾਕੇ 'ਚ ਹਿਰਾਕੁੰਡ ਬੰਨ ਲਈ ਜ਼ਮੀਨ ਹੜੱਪੀ ਜਾਣ ਲੱਗੀ ਸੀ ਤੇ ਉਦੋਂ ਤੋਂ ਇਹ ਜਾਰੀ ਹੈ। ਅੱਜ ਲੱਖਾਂ, ਏਕੜ ਜੰਗਲੀ ਜ਼ਮੀਨ, ਖੇਤੀ ਜ਼ਮੀਨ ਤੇ ਸਮੁੰਦਰੀ ਕੰਢੇ ਦੀ ਜ਼ਮੀਨ 'ਤੇ ਕਬਜਾ ਕਰ ਲਿਆ ਗਿਆ ਹੈ। ਇਹ ਸਭ ਕਾਰਪੋਰੇਟ ਘਰਾਣਿਆਂ ਤੇ ਬਹੁਕੌਮੀ ਨਿਗਮਾ ਦੇ ਪ੍ਰੋਜੈਕਟਾਂ, ਖਾਣਯੋਗ ਵਸਤਾਂ ਸੈਰ ਸਪਾਟਾ ਵਿਕਾਸ, ਰੀਅਲ ਅਸਟੇਟ ਕਾਰੋਬਾਰ ਦੇ ਵਿਸਥਾਰ ਅਤੇ ਇਸ ਤਰ੍ਹਾਂ ਦੀਆਂ ਹੋਰ ਯੋਜਨਾਵਾਂ ਦੇ ਨਾਂ ਕੀਤਾ ਜਾ ਰਿਹਾ ਹੈ। ਰਾਜ ਦੀ ਬੀਜੂ ਜਨਤਾ ਦਲ (BJD) ਸਰਕਾਰ ਦੀ ਮਿਲੀ ਭੁਗਤ ਨਾਲ ਇਹ ਹੋ ਰਿਹਾ ਹੈ ਜਿਸ ਨੇ ਸੈਂਕੜੇ ਐ. ਓ. ਯੂ. ਕਰ ਰੱਖੇ ਹਨ। ਪੋਸਕੋ, ਕਲਿੰਗਾਨਗਰ, ਕਾਂਸ਼ੀਪੁਰ, ਪੁਰੀ ਸਮੇਤ ਸਭ ਥਾਵਾਂ 'ਤੇ ਲੋਕ ਇਸ ਭੋਇੰ ਹੜੱਪਣ ਦਾ ਵਿਰੋਧ ਕਰ ਰਹੇ ਹਨ। ਜ਼ਮੀਨ ਦੀ ਲੁੱਟ ਦਾ ਇਹ ਤਰੀਕਾ ਦੇਸ਼ ਦੇ ਸਭ ਰਾਜਾਂ 'ਚ ਅਤੇ ਸਭ ਜ਼ਿਲ੍ਹਿਆਂ 'ਚ ਦੁਹਰਾਇਆ ਜਾ ਰਿਹਾ ਹੈ। ਖੇਤੀਯੋਗ ਜ਼ਮੀਨ ਜੰਗਲ ਵਾਲੀ ਜ਼ਮੀਨ ਤੇ ਖਣਿਜ ਦੌਲਤ ਨਾਲ ਭਰਪੂਰ ਜ਼ਮੀਨ ਨੂੰ ਹਥਿਆਉਣ ਲਈ ਇਸ ਅਮਲ 'ਚ ਹਰ ਸਾਲ ਖਰਬਾਂ ਰੁਪਏ ਦੀ ਲੁੱਟ ਹੋ ਰਹੀ ਹੈ। ਜਿਸ ਦਾ ਕੁਲ ਘਰੇਲੂ ਉਤਪਾਦ ਦੀ ਵਾਧਾ ਦਰ ਵਧਾਉਣ 'ਚ ਇਕ ਵੱਡਾ ਹੱਥ ਹੈ। ਇਸ ਤਰ੍ਹਾਂ ਨਾਲ ਵੱਡੇ ਪੈਮਾਨੇ 'ਤੇ ਕਾਲਾ ਧਨ ਵੀ ਪੈਦਾ ਹੁੰਦਾ ਹੈ। ਜਿਸ ਨੂੰ ਵਿਦੇਸ਼ੀ ਬੈਂਕਾਂ ਜਾਂ ਫਿਰ ਮੱਠਾਂ ਅਖੌਤੀ ਸੰਤਾਂ, ਬਾਬਿਆਂ ਤੇ ਜਿਉਂਦੇ ਭਗਵਾਨਾ ਕੋਲ ਠਿਕਾਨੇ ਲਾ ਦਿੱਤਾ ਜਾਂਦਾ ਹੈ। ਸਰਕਾਰ ਅਜਿਹਾ ਕਾਨੂੰਨ ਬਚਾਉਣ ਤੋਂ ਬਚਦੀ ਆ ਰਹੀ ਹੈ ਕਿ ਜ਼ਮੀਨ ਜ਼ਬਰ ਹਥਿਆਉਣ ਨੂੰ ਰੋਕਿਆ ਜਾਵੇ। ਉਪਜਾਊ ਖੇਤੀ ਜ਼ਮੀਨ, ਦਲਿਤਾਂ ਤੇ ਆਦੀਵਾਸੀਆਂ ਦੀ ਜ਼ਮੀਨ (ਜਿਸ 'ਤੇ ਉਹ ਰੁਜ਼ਗਾਰ ਨਾਲ ਢਿੱਡ ਭਰਦੇ ਹਨ) ਨੂੰ ਹਥਿਆ ਕੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਤਬਾਹ ਕਰਕੇ ਜੋ ਵੱਖ-ਵੱਖ ਪ੍ਰੋਜੈਕਟ ਤੇ ਸ਼ਹਿਰੀਕਰਨ ਲਈ ਭੂਮੀ ਖੋਹ ਕੇ ਉਹਨਾਂ ਦੀ ਰੋਟੀ ਰੋਜੀ ਦੇ ਆਸਰੇ ਖੋਹ ਦਿੰਦੇ ਹਨ। ਕੇਂਦਰ ਤੇ ਰਾਜ ਸਰਕਾਰਾਂ ਜ਼ਮੀਨ ਹਥਿਆਉਣ 'ਚ ਮਦਦ ਕਰ ਰਹੀਆਂ ਹਨ। ਬਹੁਤੇ ਕੇਸਾਂ 'ਚ ਜ਼ਮੀਨ ਜਬਰੀ ਹੜੱਪੀ ਜਾਂਦੀ ਹੈ ਜਾਂ ਫੇਰ ਧੋਖਾਧੜੀ ਕੀਤੀ ਜਾਂਦੀ ਹੈ। ਕਿਸਾਨਾਂ 'ਤੇ ਜਬਰ ਦਾ ਸਹਾਰਾ ਲਿਆ ਜਾਂਦਾ ਹੈ। ਅਜਿਹੇ ਸਾਰੇ ਇਲਾਕੇ ਜੋ ਖਣਿਜ ਪਦਾਰਥਾਂ ਨਾਲ ਭਰੇ ਪਏ ਹਨ। ਉਥੇ ਖਣਿਜ ਦੌਲਤ ਦੀ ਲੁੱਟ ਲਈ ਉਨੇ ਹੀ ਵੱਡੇ ਪੈਮਾਨੇ 'ਤੇ ਜ਼ਮੀਨ ਲੁਟੀ ਜਾ ਰਹੀ ਹੈ। ਕਈ ਸਾਰੇ ਇਲਾਕਿਆਂ 'ਚ ਖਾਨਾ ਖੋਹਲਣ ਲਈ ਹਜ਼ਾਰਾਂ ਏਕੜ ਭੂਮੀ ਹੜੱਪੀ ਜਾ ਰਹੀ ਹੈ। ਇਸ ਰਾਹੀ ਟਾਟਾ ਵਰਗੇ ਪੁਰਾਣੇ ਸਨਅਤੀ ਘਰਾਣੇ, ਮਿਤਲ ਜਿੰਦਲ, ਇਸਾਰ ਵਰਗੇ ਨਵੇਂ ਸਨਅਤੀ ਘਰਾਣੇ, ਬਹੁਕੌਮੀ ਕੰਪਨੀਆਂ ਤੇ ਕਰਨਾਟਕਾ ਦੇ ਰੈਡੀ ਬੰਧੂ ਵਰਗੇ ਖਾਣ ਮਾਫੀਆ ਹਰ ਸਾਲ ਅਰਬਾਂ ਰੁਪਏ ਦੀ ਕਮਾਈ ਕਰ ਰਹੇ ਹਨ। ਇਸ ਲਈ ਕੇਂਦਰ ਤੇ ਰਾਜ ਪੱਧਰਾ 'ਤੇ ਵਿਤੀ ਪ੍ਰਬੰਦਕਾਂ ਵਲੋਂ ਜੀ. ਡੀ. ਪੀ. ਦੀ ਤੇਜ ਵਿਕਾਸ ਦਰ ਦਰਸਾਈ ਜਾਂਦੀ ਹੈ। ਇਹ ਖੇਤੀ ਜ਼ਮੀਨ ਸਮੇਤ ਕੁਦਰਤੀ ਸਾਧਨਾ ਦੀ ਲੁੱਟ ਤੋਂ ਵੱਧ ਕੁਝ ਨਹੀਂ ਹੈ। ਖੇਤੀ ਭੂਮੀ ਦੇ ਹੜੱਪਣ ਦਾ ਮਤਲਬ ਹੈ ਕਿਸਾਨਾਂ ਤੋਂ ਉਹਨਾਂ ਦੀ ਰੋਟੀ ਰੋਜ਼ੀ ਖੋਹਣੀ। ਦੇਸ਼ ਵਿਆਪੀ ਸੰਘਰਸ਼ ਲਈ ਲੋਕਾਂ ਨੂੰ ਲਾਮਬੰਦ ਕਰਨ ਦਾ ਕਾਰਜ ਅੱਗੇ ਤੋਰਨ ਦੀ ਲੋੜ ਹੈ। ਜ਼ਮੀਨੀ

ਘਪਲੇਬਾਜਾਂ ਤੇ ਨੌਕਰਸ਼ਾਹਾਂ ਨੂੰ ਸਜਾ ਮਿਲਣੀ ਚਾਹੀਦੀ ਹੈ। ਜੰਲ ਜੰਗਲ ਜ਼ਮੀਨੀ ’ਤੇ ਮੇਹਨਤਕਸ਼ਾ ਤੇ ਆਦੀਵਾਸੀਆਂ ਦਾ ਅਧਿਕਾਰ ਕਾਇਮ ਕਰਨ, ਪਾਣੀ ਦੇ ਨਿੱਜੀਕਰਣ ਨੂੰ ਬੰਦ ਕਰਨ, ਖਾਣ ਮਾਫੀਆ ਨੂੰ ਉਥੋਂ ਭਜਾਉਣ ਤੇ ਸਭ ਖਾਣਾ ਦਾ ਕੌਮੀਕਰਣ ਕਰਨ ਲਈ ਬਹੁ ਕੌਮੀ ਨਿਗਮਾ, ਕਾਰਪੋਰੇਟ ਘਰਾਣਿਆਂ ਤੇ ਭੋਇੰ-ਮਾਫੀਆ ਦੇ ਰਾਜ ਦਾ ਅੰਤ ਕਰਨ ਲਈ ਸੰਘਰਸ਼ ਵਿਕਸਤ ਕੀਤਾ ਜਾਣਾ ਚਾਹੀਦਾ ਹੈ।

# ਉਤਰ ਪ੍ਰਦੇਸ਼ 'ਚ ਡਾਕਟਰਾਂ ਦੇ ਕਿਉਂ ਹੁੰਦੇ ਹਨ ਕਤਲ?

ਉਤਰ ਪ੍ਰਦੇਸ਼ 'ਚ ਡਾਕਟਰਾਂ ਦੀ ਪ੍ਰਮੁੱਖ ਸਕੱਤਰ (ਸਿਹਤ) ਨੀਤਾ ਚੌਧਰੀ ਬੀਤੇ 25 ਅਪ੍ਰੈਲ ਦੀ ਸ਼ਾਮ ਨੂੰ ਲਖਨਊ ਤੋਂ ਦਿੱਲੀ ਆਉਣ ਲਈ ਅਮੌਸੀ ਹਵਾਈ ਅੱਡੇ ਪਹੁੰਚ ਚੁਕੀ ਸੀ ਪਰ ਉਸ ਨੂੰ ਉਡਾਨ ਭਰਨ ਤੋਂ ਪਹਿਲਾਂ ਹੀ ਲਖਨਊ ਦੇ ਮੁਖ ਡਾਕਟਰੀ ਅਧਿਕਾਰੀ (ਪ੍ਰੀਵਾਰ ਕਲਿਆਣ) ਡਾ. ਬੀ. ਪੀ. ਸਿੰਘ ਹੱਤਿਆਕਾਂਡ ਦੀ ਜਾਂਚ 'ਚ ਕੁਝ ਮਹੱਤਵਪੂਰਨ ਘਟਨਾਕ੍ਰਮ ਦੇ ਚਲਦਿਆਂ ਵਾਪਸ ਬੁਲਾ ਲਿਆ ਗਿਆ। ਤਿੰਨ ਹਫਤੇ ਦੀ ਤਫਸੀਸ਼ 'ਚ ਕੁਝ ਵੀ ਹੱਥ ਨਾ ਲੱਗਣ ਕਰਕੇ ਜਾਂਚ ਅਧਿਕਾਰੀਆਂ ਨੇ ਆਖਰਕਾਰ 25 ਅਪ੍ਰੈਲ ਦੀ ਪੂਰੀ ਰਾਤ ਮੁਖ ਡਾਕਟਰੀ ਅਧਿਕਾਰੀ ਦਫ਼ਤਰ 'ਚ ਉਹਨਾਂ ਸੀਲਬੰਦ ਦਸਤਾਵੇਜਾਂ ਨੂੰ ਖੰਗਾਲਿਆ ਜੋ ਕਤਲ ਪਿੱਛੋਂ ਹੀ ਸੀਲ ਕਰ ਦਿੱਤੇ ਅਤੇ ਇਸ ਜਾਂਚ ਦਾ ਸਿੱਟਾਂ ਅਗਲੇ ਦਿਨ ਕੈਬਨਿਟ ਸਕੱਤਰ ਸ਼ਸੰਕ ਸ਼ੇਖਰ ਸਿੰਘ ਨੇ ਇਕ ਪ੍ਰੈਸ ਮਿਲਨੀ 'ਚ ਦੱਸਿਆ ਕਿ "ਕੌਮੀ ਪੇਂਡੂ ਸਿਹਤ ਮਿਸ਼ਨ (NRHM) ਦੇ ਅਮਲ 'ਚ ਧਾਂਦਲੀ ਤੇ ਆਪਸੀ ਮੁਕਾਬਲੇ ਇਸ ਕਤਲ ਦੀ ਜੜ੍ਹ ਵਿੱਚ ਹਨ।" ਉਹਨਾਂ ਦਾ ਕਹਿਣਾ ਸੀ ਕਿ ਧਾਂਦਲੀ ਦੇ ਦੇਸ਼ 'ਚ ਪਹਿਲਾਂ ਹੀ ਗ੍ਰਿਫ਼ਤਾਰ ਉਪ ਮੁਖ ਸਿਹਤ ਅਧਿਕਾਰੀ ਡਾ. ਵਾਈ ਐਸ ਸਚਾਨ ਦੀ ਭੂਮਿਕਾ ਇਸ ਪ੍ਰਸੰਗ 'ਚ ਸ਼ੱਕੀ ਹੈ। ਕਿਉਂਕਿ ਉਹਨਾਂ ਦੇ ਕਰੀਬ ਸਾਢੇ ਤਿੰਨ ਮਹੀਨੇ ਦੇ ਕਾਰਜਕਾਲ 'ਚ 3.49 ਕਰੋੜ ਰੁਪਏ ਖਰਚ ਕੀਤੇ ਗਏ। ਬੀ ਪੀ ਸਿੰਘ ਬੀਤੇ 2 ਅਪ੍ਰੈਲ ਦੀ ਸੁਭਾ ਟਹਿਲ ਕੇ ਘਰ ਮੁੜ ਰਹੇ ਸਨ ਕਿ ਦੋ ਨਕਾਬਪੋਸ਼ ਮੋਟਰਸਾਈਕਲ ਸਵਾਰਾਂ 'ਚੋਂ ਇੱਕ ਨੇ ਉਹਨਾਂ 'ਤੇ ਤਾਬੜਤੋੜ ਫਾਇਰਿੰਗ ਕੀਤੀ ਤੇ ਇਹ ਪੱਕਾ ਕਰਕੇ ਹੀ ਉਥੋਂ ਭੱਜੇ ਕਿ ਉਹ ਜਿੰਦਾ ਨਹੀਂ ਹਨ। ਪੁਲਸ ਨੂੰ ਘਟਨਾ ਵਾਲੀ ਥਾਂ ਤੋਂ ਕਾਰਤੂਸ ਦੇ 13 ਖੋਖੇ ਮਿਲੇ ਜਿਹਨਾਂ 'ਚ ਅੱਠ ਗੋਲੀਆਂ ਬੀ. ਪੀ. ਸਿੰਘ ਨੂੰ ਲੱਗੀਆਂ ਸਨ। ਪਿਛਲੇ ਸਾਲ 27 ਅਕਤੂਬਰ ਨੂੰ ਬੀ ਪੀ ਸਿੰਘ ਦੇ ਹੀ ਅਹੁੱਦੇ 'ਤੇ ਤੈਨਾਤ ਡਾ. ਵਿਨੋਦ ਆਰੀਆ ਦੀ ਹੱਤਿਆ ਕੁਲ ਮਿਲਾ ਕੇ ਇਸ ਸਟਾਇਲ 'ਚ ਹੋ ਗਈ ਸੀ ਜਿਸ ਦਾ ਦੋਸ਼ ਜੇਹਲ 'ਚ ਬੰਦ ਸਰਗਨਾ ਅਭੈ ਸਿੰਘ 'ਤੇ ਲੱਗਿਆ ਸੀ। ਇਸ ਤਰ੍ਹਾਂ ਛੇ ਮਹੀਨੇ ਅੰਦਰ ਦੋ ਉਚ ਡਾਕਾਰਾਂ ਦਾ ਕਤਲ ਨਾਲ ਡਾਕਟਰ ਜਗਤ ਸਹਿਮ ਗਿਆ ਹੈ। ਸੁਬਾਈ ਸਿਹਤ ਸੇਵਾ (Pons) ਯੂਨੀਅਨ ਦੇ ਪ੍ਰਧਾਨ ਡਾ. ਡੀ ਆਰ ਸਿੰਘ ਕਹਿੰਦੇ ਹਨ "ਪਿਛਲੇ ਸਾਲਾਂ 'ਚ ਅਨੇਕਾਂ ਡਾਕਟਰਾਂ ਦੀ ਹੱਤਿਆ ਹੋਈ ਹੈ ਤੇ ਇਹ ਸਭ ਚਿੰਤਾ ਦਾ ਵਿਸ਼ਾ ਹੈ। ਆਰੀਆ ਤੇ ਬੀ ਪੀ ਸਿੰਘ ਵਰਗੇ ਲੋਕਾਂ ਦੀ ਹੱਤਿਆ ਦਾ ਕਾਰਨ ਪਤਾ ਲੱਗਣ ਤੇ ਅਸਲੀ ਕਾਤਲਾਂ ਤਕ ਪਹੁੰਚਣ ਲਈ ਕੇਂਦਰੀ ਜਾਂਚ ਬਿਊਰੋ ਤੋਂ ਜਾਂਚ ਜ਼ਰੂਰੀ ਹੈ। ਬੀ ਪੀ ਸਿੰਘ ਦੇ ਚਚੇਰੇ ਭਾਈ ਤੇ ਵਕੀਲ ਇੰਦਰਪ੍ਰਤਾਪ ਸਿੰਘ ਕਹਿੰਦੇ ਹਨ, "ਅਸੀਂ ਵੀ ਇਸ ਅਮਲ ਦੀ ਸੀ ਬੀ ਆਈ ਤੋਂ ਜਾਂਚ ਦੇ ਪੱਖ ਵਿੱਚ ਹਾਂ ਕਿਉਂਕਿ ਰਾਜ ਪੁਲਸ ਦੀ ਜਾਂਚ 'ਤੇ ਉਕਾ ਹੀ ਭਰੋਸਾ ਨਹੀਂ ਹੈ।" ਹਾਜਰ ਦੀ ਘੜੀ ਲਖਨਊ ਪੁਲਸ ਇਸ ਅਮਲ ਦੀ ਜਾਂਚ ਕਰ ਰਹੀ ਹੈ ਤੇ ਰਾਜ ਪੁਲਸ ਦਾ ਵਿਸ਼ੇਸ਼ ਕਾਰਜ ਦਲ (ਐਸ. ਟੀ. ਐਫ.) ਉਸ ਦੀ ਮਦਦ ਕਰ ਰਿਹਾ ਹੈ। ਵਾਰਦਾਤ ਤੋਂ ਪਿਛੋਂ ਹੁਣ ਤੱਕ ਤਿੰਨ ਦਰਜਨ ਲੋਕਾਂ ਤੋਂ ਪੁਛਗਿੱਛ ਹੋ ਚੁੱਕੀ ਹੈ। ਜਿਹਨਾਂ 'ਚ ਮਾਫੀਆ, ਸਿਹਤ ਵਿਭਾਗ ਦੇ ਕਰਮਚਾਰੀ, ਦਵਾਈਆਂ

ਦੇ ਸਪਲਾਇਰ, ਠੇਕੇਦਾਰ, ਸ਼ੂਟਰ, ਜੇਲ 'ਚ ਬੰਦ ਅਪਰਾਧੀ ਤੇ ਅਪਰਾਧੀਆਂ ਤੋਂ ਰਾਜਸੀ ਸ਼ਰਨ 'ਚ ਆਏ ਲੋਕ ਸ਼ਾਮਲ ਹਨ। ਐਸ. ਟੀ. ਐਫ. ਵਲੋਂ ਇਸ ਜਾਂਚ ਦੀ ਨਿਗਰਾਨੀ ਪੁਲਸ ਮੁਖੀ ਵਿਜੈ ਪ੍ਰਕਾਸ਼ ਕਰ ਰਹੇ ਹਨ। ਪੁਲਸ ਅਤੇ ਐਸ. ਟੀ. ਐਫ. ਦੇ ਹੱਥ ਅਜੇ ਤਦ ਕੁਝ ਨਹੀਂ ਲੱਗਿਆ ਹੈ। ਹਾਲਾਂਕਿ ਐਸ. ਟੀ. ਐਫ. ਦੇ ਇਕ ਅਧਿਕਾਰੀ ਕਹਿੰਦੇ ਹਨ। "ਕੁਝ ਸੁਰਾਗ ਜ਼ਰੂਰ ਹੱਥ ਲੱਗੇ ਹਨ ਪਰ ਜਦ ਤੱਕ ਪੂਰੀ ਤਰ੍ਹਾਂ ਨਾਲ ਆਸਵੰਦ ਨਹੀਂ ਹੋ ਜਾਂਦੇ ਕਿਸੇ ਨੂੰ ਦੋਸ਼ੀ ਨਹੀਂ ਕਹਿ ਸਕਦੇ।" ਪਰ ਸੂਤਰਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਹੁਣ ਤਕ ਜੋ ਸੁਰਾਗ ਮਿਲੇ ਹਨ ਉਹਨਾਂ ਨਾਲ ਨਵੇਂ ਤੱਥ ਸਾਹਮਣੇ ਆ ਸਕਦੇ ਹਨ। ਜਾਹਿਰ ਹੈ ਕਿ ਆਰੀਆ ਦੀ ਹੱਤਿਆ ਸਮੇਂ ਰਾਜ ਕਾਂਗਰਸ 'ਤੇ ਅਜਿਹਾ ਦਬਾਅ ਨਹੀਂ ਸੀ ਜਿੰਨਾ ਹੁਣ ਹੈ ਅਤੇ ਨਾ ਹੀ ਉਹਨਾਂ ਦੀ ਹੱਤਿਆ ਦੇਸ਼ ਭਰ 'ਚ ਭ੍ਰਿਸ਼ਟ ਨੇਤਾਵਾਂ ਦੇ ਖਿਲਾਫ਼ ਚਲ ਰਹੇ ਲੋਕ ਸੰਘਰਸ਼ਾਂ ਦੇ ਦਰਮਿਆਨ ਹੋਈ ਸੀ। ਸੋ ਉਸ ਅਮਲ 'ਤੇ ਜ਼ਿਆਦਾ ਹਾਏ ਤੋਬਾ ਨਹੀਂ ਮਚੀ। ਪਰ ਬੀ. ਪੀ. ਸਿੰਘ ਦਾ ਕਤਲ ਅਜਿਹੇ ਸਮੇਂ ਹੋਇਆ ਜਦ ਅੰਨਾ ਹਜ਼ਾਰੇ ਦੀ ਅਗਵਾਈ 'ਚ ਦੇਸ਼ ਭਰ 'ਚ ਭ੍ਰਿਸ਼ਟਾਚਾਰ ਦੇ ਖਿਲਾਫ਼ ਲੋਕ ਸੜਕਾਂ 'ਤੇ ਆ ਰਹੇ ਸਨ। ਇਸ ਲਈ ਰਾਜ ਸਰਕਾਰ ਨੇ ਫਟਾਫਟ ਸਿਹਤ ਮੰਤਰੀ ਅਨੰਤ ਕੁਮਾਰ ਮਿਸ਼ਰ ਤੇ ਪ੍ਰੀਵਾਰ ਕਲਿਆਣ ਮੰਤਰੀ ਬਾਬੂ ਸਿੰਘ ਕੁਸ਼ ਵਾਗ ਨੂੰ ਬਾਹਰ ਦਾ ਰਾਹ ਵਿਖਾ ਦਿੱਤਾ। ਸਮਝਿਆ ਜਾਂਦਾ ਹੈ ਕਿ ਇਹਨਾਂ ਦੋਹਾਂ ਦੀ ਮੈਂ ਦੀ ਟੱਕਰ ਸਿਹਤ ਸੇਵਾਵਾਂ ਦੀ ਸਿਹਤ ਨੂੰ ਵਿਗਾੜ ਰਹੀ ਸੀ। ਹਾਲ ਦੀ ਘੜੀ ਤਾਜਾ ਕਤਲ ਦੀ ਸੀ. ਬੀ. ਆਈ. ਜਾਂਚ ਦੀ ਮੰਗ ਤੇਜ ਹੋ ਗਈ ਹੈ। ਜਿੱਥੇ ਸਮਾਜਵਾਦੀ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਨੇ ਇਕੋ ਆਵਾਜ਼ ਨਾਲ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ। ਉਥੇ ਹਾਈਕੋਰਟ 'ਚ ਜਨਹਿਤ ਪਟੀਸ਼ਨਾ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਇਲਾਹਾਬਾਦ ਹਾਈਕੋਰਟ ਦੀ ਲਖਨਊ ਪੀਠ 'ਚ ਦਾਇਰ ਇਕ ਜਨਹਿਤ ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ NRHM ਦੇ ਅਮਲ 'ਚ ਘਪਲਿਆਂ ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਈ ਜਾਵੇ ਉਥੇ ਇਕ ਹੋਰ ਜਨਹਿਤ ਪਟੀਸ਼ਨ 'ਚ ਬੀਪੀ ਸਿੰਘ ਕਤਲਕਾਂਡ ਦੀ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਗਈ ਹੈ। ਇਹਨਾਂ 'ਤੇ ਸੁਣਵਾਈ ਅਗਲੇ ਮਹੀਨੇ ਹੋਣੀ ਹੈ। ਪਰ ਬੀਪੀ ਸਿੰਘ ਦੇ ਭਾਈ ਤੇ ਡਾਕਟਰਾਂ ਦੀ ਐਸੋਸੀਏਸ਼ਨ ਨੇ ਹੁਣ ਤਕ ਅਦਾਲਤ ਦੀ ਸ਼ਰਨ ਨਹੀਂ ਲਈ ਹੈ। ਜਾਹਿਰ ਹੈ ਕਿ ਪਟੀਸ਼ਨਾ 'ਤੇ ਰਾਜ ਸਰਕਾਰ ਹਾਈਕੋਰਟ ਨੂੰ ਇਹ ਤਾਂ ਵਿਖਾਉਣਾ ਚਾਹੇਗੀ ਹੀ ਕਿ ਉਸ ਨੇ ਹੁਣ ਤਕ ਕੀ-ਕੀ ਕਾਰਵਾਈ ਕੀਤੀ ਹੈ। ਸੀ. ਬੀ. ਆਈ. ਜਾਂਚ ਦੀ ਮੰਗ ਦਾ ਵਿਰੋਧ ਕਰਨ ਦੇ ਨਾਲ ਰਾਜ ਸਰਕਾਰ ਨੂੰ ਅਦਾਲਤ ਨੂੰ ਭਰੋਸੇ 'ਚ ਲੈਣਾ ਹੋਵੇਗਾ ਕਿ ਉਸ ਦੀ ਜਾਂਚ ਸਹੀ ਦਿਸ਼ਾ 'ਚ ਹੈ ਪਰ ਸੀ. ਬੀ. ਆਈ. ਜਾਂਚ ਅਧਿਕਾਰੀਆਂ ਨੂੰ ਦੂਹਰੇ ਦਬਾਅ 'ਚ ਪਾਉਂਦੀ ਹੈ। ਅਜਿਹੀ ਹਾਲਤ 'ਚ ਰਾਜ ਪੁਲਸ ਇਸ ਦਾ ਤਾਂ ਹੀ ਖੁਲਾਸਾ ਕਰਨਾ ਚਾਹੇਗੀ ਜਦ ਸੀ. ਬੀ. ਆਈ. ਜਾਂਚ 'ਤੇ ਅਦਾਲਤ ਦਾ ਰੁਖ ਸਾਫ਼ ਹੋ ਜਾਵੇ। ਡਾਕਟਰ ਅਨਿਆ ਦੇ ਸ਼ਿਕਾਰ ਲਗਦੇ ਹਨ। ਹੱਤਿਆ ਤੋਂ ਕੁਝ ਦਿਨ ਬਾਅਦ ਹੀ ਲਖਨਊ 'ਚ ਮੁਖ ਸਿਹਤ ਅਧਿਕਾਰੀ ਸੁਕਲਾ ਖਿਲਾਫ਼ ਮੁਕਦਮਾ ਦਰਜ ਕਰਵਾਇਆ ਗਿਆ ਤੇ ਉਪਰ ਸਿਹਤ ਅਧਿਕਾਰੀ ਤੇ ਹੋਰ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਮੁਖ ਸਿਹਤ ਅਧਿਕਾਰੀ ਸ਼ੁਕਲਾ ਅਜੇ ਬਚੇ ਹੋਏ ਹਨ। ਜਾਂਚ ਅਧਿਕਾਰੀ ਸੰਭਾਵਿਤ ਕਾਤਲਾਂ ਦੇ ਮਕਸਦ ਨੂੰ ਨਹੀਂ ਸਮਝ

ਰਹੇ ਹਨ ਤਾਂ ਲਖਨਊ ਸਿਹਤ ਵਿਭਾਗ 'ਚ ਤਾਇਨਾਤ ਰਹੇ ਹਰ ਅਧਿਕਾਰੀ-ਕਰਮਚਾਰੀ ਦੀ ਭੂਮਿਕਾ ਦੀ ਪੜਤਾਲ ਤਹਿ ਤੱਕ ਪਹੁੰਚਣ 'ਚ ਉਨ੍ਹਾਂ ਦੀ ਮਦਦ ਕਰ ਸਕਦੀ ਹੈ। ਪੁਲਸ ਨੇ ਡਾ. ਸਚਾਨ ਦੇ ਮੁਖ ਸਿਹਤ ਅਧਿਕਾਰੀ (ਪਰੀਵਾਰ ਭੁਲਾਈ) ਦੇ ਅਹੁਦੇ 'ਤੇ ਰਹਿਣ ਦੇ ਅਰਸੇ ਦੌਰਾਨ 3.49 ਕਰੋੜ ਰੁਪਏ ਖਰਚ ਨੂੰ ਦੇਖਦਿਆਂ ਉਸ ਦੀ ਭੂਮਿਕਾ ਸ਼ਕੀ ਮੰਨੀ ਹੈ। ਐਸ. ਟੀ. ਐਫ. ਦੇ ਅਧਿਕਾਰੀ ਕਹਿੰਦੇ ਹਨ "ਸਾਨੂੰ ਪਹਿਲੀ ਵਾਰੀ ਪਤਾ ਲੱਗਿਆ ਹੈ ਕਿ ਸਿਹਤ ਜਗਤ 'ਚ ਕਿਸ ਹੱਦ ਤਕ ਭ੍ਰਿਸ਼ਟਾਚਾਰ ਪੈਰ ਪਸਾਰ ਚੁਕਿਆ ਹੈ" ਪਰ ਇਹ ਸੂਚਨਾਵਾਂ ਸ਼ਾਇਦ ਕਿਸੇ ਕੰਮ ਨਾ ਆ ਸਕਣ ਕਿਉਂਕਿ ਇਹ ਅਧਿਕਾਰੀ ਜਾਂਚ ਹੱਤਿਆ ਦੀ ਕਰ ਰਹੇ ਹਨ। ਭ੍ਰਿਸ਼ਟਾਚਾਰ ਦੀ ਉਹਨਾਂ ਦੀ ਜਾਂਚ ਦਾ ਦਾਇਰਾ ਲਖਨਊ ਪਿੱਛੋਂ ਸ਼ਾਇਦ ਦੂਜੇ ਜ਼ਿਲ੍ਹਿਆਂ ਵੱਲ ਹੋ ਜਾਵੇ। ਸਰਕਾਰ ਨੇ ਪਿਛਲੇ ਸਾਲ ਮਈ 'ਚ ਰਾਜ ਦੇ ਦੋ ਤਾਕਤਵਰ ਮੰਤਰੀਆਂ 'ਚ ਵਧਦੀ ਤਨਾਤਨੀ ਨੂੰ ਵੇਖਦਿਆਂ ਹੋਇਆ ਨਾ ਸਿਰਫ਼ ਸਿਹਤ ਤੇ ਪ੍ਰੀਵਾਰ ਭਲਾਈ ਵਿਭਾਗਾਂ ਨੂੰ ਵੱਖ-ਵੱਖ ਕਰ ਦਿੱਤਾ ਸੀ ਬਲਕਿ ਹਰ ਜ਼ਿਲ੍ਹੇ 'ਚ ਮੁਖ ਸਿਹਤ ਅਧਿਕਾਰੀਆਂ ਦੇ ਨਾਲ ਇਕ ਨਵਾਂ ਅਹੁੱਦਾ ਵੀ ਬਣਾ ਦਿੱਤਾ ਸੀ। ਜਿਸ 'ਤੇ ਤਾਇਨਾਤੀ ਲਈ ਸਿਹਤ ਅਧਿਕਾਰੀਆਂ 'ਚ ਦੌੜ ਲੱਗ ਗਈ ਸੀ। NRHM 'ਚ ਪੈਸੇ ਦੀ ਬਹੁਤਾਤ ਕਾਰਨ ਉਚਪਦ 'ਤੇ ਤਾਇਨੀਤੀ ਲੋਕਾਂ ਦੀ ਖਾਸ ਪਸੰਦ ਬਣ ਗਈ ਤੇ ਡਾਕਟਰ 'ਚ ਮੁਕਾਬਲੇ ਦੀ ਦੌੜ ਲੱਗ ਗਈ। ਸੀਨੀਆਰਟੀ ਦੀ ਪ੍ਰਵਾਹ ਕੀਤੇ ਬਿਨਾਂ ਨਿਯੁਕਤੀਆਂ 'ਚ ਅਫਰਾਤਫਰੀ ਮੱਚ ਗਈ। ਇਕ ਸਾਲ ਅੰਦਰ ਕਈ ਵਾਰੀ ਤਬਾਦਲੇ ਹੋਣ ਲੱਗੇ। ਲਖਨਊ 'ਚ 11 ਮਹੀਨਿਆਂ 'ਚ ਹੀ ਚਾਰ ਲੋਕ ਆਏ। NHRM ਦਾ ਅਮਲ ਮੁਖ ਸਕੱਤਰ ਦੀ ਨਿਗਰਾਨੀ 'ਚ ਕਰ ਦਿੱਤਾ ਗਿਆ ਹੈ। ਰਾਜ 'ਚ ਥਾਂ-ਥਾਂ ਨਿੱਜੀ ਹਸਪਤਾਲ 'ਤੇ ਕਲੀਨਿਕ ਖੁਲ੍ਹ ਚੁੱਕੇ ਹਨ ਤਾਂ ਸਰਕਾਰੀ ਹਸਪਤਾਲਾਂ 'ਚ ਗਰੀਬ ਹੀ ਜਾਂਦੇ ਹਨ। ਇਸ ਸਮੇਂ ਕੋਈ 8000 ਡਾਕਟਰ ਨੌਕਰੀ 'ਚ ਹਨ। ਪਿੰਡਾਂ, ਇਲਾਕਿਆਂ 'ਚ ਡਾਕਟਰ ਨਹੀਂ ਜਾਣਾ ਚਾਹੁੰਦੇ। NRHM ਦੇ ਲਾਗੂ ਹੋਣ ਪਿੱਛੋਂ ਅਧਿਕਾਰੀਆਂ ਲਈ ਸਿਹਤ ਤੇ ਪ੍ਰੀਵਾਰ ਭਲਾਈ ਵਿਭਾਗ ਤੇ ਸਰਭ ਸਿੱਖਿਆ ਅਭਿਆਨ ਤੇ ਮਿਡਡੇ ਮੀਲ ਦੇ ਪੈਸਿਆਂ ਦੀ ਬੇਹਿਸਾਬ ਆਮਦ ਕਾਰਨ ਪ੍ਰਾਇਮਰੀ ਸਿੱਖਿਆ ਵਿਭਾਗ ਵੀ ਭ੍ਰਿਸ਼ਟਾਂ ਦੀ ਸ਼੍ਰੇਣੀ 'ਚ ਆ ਗਏ ਹਨ। ਕੇਂਦਰ ਤੋਂ ਆਉਣ ਵਾਲੀ ਰਕਮ ਕਾਰਨ ਖੇਤੀ, ਬਾਗਬਾਨੀ, ਸਿੰਚਾਈ ਆਦਿ ਵਿਭਾਗ ਵੀ ਉਸੇ ਕਤਾਰ 'ਚ ਹਨ। ਬੇਸ਼ਿਕ ਸਿੱਖਿਆ ਅਧਿਕਾਰੀਆਂ ਤੇ ਪ੍ਰਾਇਮਰੀ ਸਿੱਖਿਆ ਅਧਿਕਾਰੀਆਂ ਦੀ ਐਸੋਸੀਏਸ਼ਨ ਪੈਸੇ ਲਈ ਅੰਦਰੋ-ਅੰਦਰੀ ਤਕਰਾਰ ਚਲਦਾ ਰਹਿੰਦਾ ਹੈ। 10ਵੀਂ 12ਵੀਂ ਦੇ ਇਮਤਿਹਾਨ 'ਚ ਨਕਲ ਦੇ ਕਾਰੋਬਾਰ ਦੇ ਰਿਕਾਰਡ ਬਣ ਰਹੇ ਹਨ। ਡੀ. ਈ. ਓ. ਦੇ ਅਹੁਦੇ ਵੀ ਮਾਲਦਾਰ ਤੇ ਜੋਖਿਮ ਭਰੇ ਹੋ ਗਏ ਹਨ। ਦੋ ਸਾਲ ਪਹਿਲਾਂ ਹੀ ਜੌਨਪੁਰ 'ਚ ਡੀ. ਈ. ਓ. ਦਿਨੇਸ਼ ਪਾਂਡੇ ਦੀ ਉਹਨਾਂ ਦੇ ਦਫ਼ਤਰ 'ਚ ਹੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਤਰ੍ਹਾਂ ਸਾਲ 2006 'ਚ ਸ਼ਰਾਵਤੀ ਦੇ ਬੀ. ਐਸ. ਏ. ਵਿਨੋਦ ਵਰਮਾ ਦੀ ਇਕ ਅਧਿਆਪਕ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਯਾਨੀ ਸਰਕਾਰੀ ਅਹੁਦਿਆਂ 'ਤੇ ਬੈਠੇ ਲੋਕਾਂ ਦੀ ਹੱਤਿਆ ਦਾ ਫੈਲਾਅ ਕਿਸੇ ਇਕ ਪਾਰਟੀ ਦੀ ਸਰਕਾਰ ਤਕ ਅਤੇ ਕਿਸੇ ਇਕ ਮਕਸਦ ਨਾਲ ਨਹੀਂ ਦਿਸਦਾ ਹੈ। ਸਰਕਾਰੀ ਪੈਸਾ ਉਪਰੋਂ ਆ ਰਿਹਾ ਪਰ ਅਖੀਰੀ ਲਾਭਪਾਤਰੀ ਤਕ ਪਹੁੰਚਣ 'ਚ ਉਸ ਵਿੱਚ ਬੜੇ ਅੜਿੱਕੇ

ਹਨ। ਇਹ ਹਕੂਮਤੀ ਤਾਣੇ ਬਾਣੇ ਦੀ ਪੁਰਾਣੀ ਸਚਾਈ ਹੈ। ਉਤਰ ਪ੍ਰਦੇਸ਼ ਪ੍ਰਸਾਸ਼ਨਿਕ ਸੇਵਾ 'ਚ ਸਭ ਤੋਂ ਵੱਧ ਨੰਬਰ ਪਾ ਕੇ ਉਪ ਜ਼ਿਲ੍ਹਾ ਅਧਿਕਾਰੀ ਅਹੁਦਿਆਂ 'ਤੇ ਤੈਨਾਤ ਹੋਣ ਵਾਲੇ ਅਧਿਕਾਰੀ ਇਸ ਲਈ ਉਹਨਾਂ ਤੋਂ ਬਹੁਤ ਅੰਕ ਹਾਸਲ ਕਰਕੇ ਸਿੱਖਿਆ ਆਦਿ ਵਿਭਾਗਾਂ 'ਚ ਤੈਨਾਤ ਹੋਣ ਵਾਲੇ ਅਧਿਕਾਰੀਆਂ ਦੇ ਮੁਕਾਬਲੇ ਬਦਕਿਸਮਤ ਮੰਨਣ ਲੱਗੇ ਹਨ। ਇਹਨਾਂ ਵਿਭਾਗਾਂ ਨਾਲ ਜੁੜੀਆਂ ਯੋਜਨਾਵਾਂ ਤਹਿਤ ਜਿੰਨਾ ਪੈਸਾ ਰਾਜਾਂ 'ਚ ਜਾ ਰਿਹਾ ਹੈ। ਉਸ ਦੀ ਸਹੀ ਵਰਤੋਂ ਨਹੀਂ ਹੁੰਦੀ ਜਦ ਰਾਜਧਾਨੀ ਲਖਨਊ 'ਚ ਐਨ. ਆਰ. ਐਚ. ਐਮ. ਦੇ ਅਮਲ ਦਾ ਇਹ ਆਲਮ ਹੈ ਤਾਂ ਫਿਰ ਦੂਜੇ ਜ਼ਿਲ੍ਹਿਆਂ ਦੀ ਹਾਲਤ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਸਰਕਾਰੀ ਪੈਸੇ ਦੀ ਬਾਂਦਰਵੰਡ 'ਤੇ ਰਾਜਨੀਤੀ ਗਰਮ ਹੀ ਰਹਿਣੀ ਹੈ। ਸਭ ਪਾਰਟੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਡਾਕਟਰ ਬੇਫਿਕਰ ਹੋ ਕੇ ਕੰਮ ਕਰ ਸਕਣ ਵਰਨਾ ਨੇਤਾ-ਸਰਕਾਰੀ ਅਧਿਕਾਰੀ-ਕਰਮਚਾਰੀ-ਮਾਫੀਆ ਮਿਲਕੇ ਰਾਜ ਨੂੰ ਅਰਾਜਕਤਾ ਦੀ ਖੱਡ 'ਚ ਲੈ ਹੀ ਜਾਣਗੇ।

ਵਜਾਹ ਕੁਸ ਵੀ ਹੋਵੇ ਡਾਕਟਰ ਬੇ-ਮੌਤ ਮਰ ਰਹੇ ਹਨ – ਵਿਨੋਦ ਆਰੀਆ – 27 ਅਕਤੂਬਰ 2010 ਨੂੰ ਉਹਨਾਂ ਦੀ ਹੱਤਿਆ ਕੁਲ ਮਿਲਾਕੇ ਉਸ ਤਰੀਕੇ ਨਾਲ ਹੋਈ ਜਿਸ ਤਰੀਕੇ ਨਾਲ ਹੁਣੀ ਡਾ. ਬੀਪੀ ਸਿੰਘ ਦੀ, ਉਹ ਵੀ ਮੁਖ ਸਿਹਤ ਅਧਿਕਾਰੀ (ਪ੍ਰੀਵਾਰ ਭਲਾਈ) ਦੇ ਇਸ ਅਹੁਦੇ 'ਤੇ ਤੈਨਾਤ ਸਨ। ਹੱਤਿਆ ਦਾ ਦੋਸ਼ ਜੇਹਲ 'ਚ ਬੰਦ ਸਰਗਨਾ ਅਭੈ ਸਿੰਘ 'ਤੇ ਲੱਗਿਆ ਸੀ ਅਤੇ ਇਕ ਕਮਿਸ਼ਨਰ ਸੁਧਾਕਰ ਪਾਂਡੇ ਅਜੇ ਫਰਾਰ ਹੈ। ਬੀਪੀ ਸਿੰਘ ਦੀ ਹੱਤਿਆ ਦੇ ਸਿਲਸਿਲੇ 'ਚ ਵੀ ਉਹਨਾਂ ਦੀ ਭਾਲ ਕੀਤੀ ਜਾ ਰਹੀ ਹੈ। ਹੁਣ ਬਹੁਤਿਆਂ ਨੂੰ ਲਗਣ ਲੱਗਿਆ ਹੈ ਕਿ ਆਰੀਆ ਦੀ ਹੱਤਿਆ ਦੀ ਜਾਂਚ ਦਾ ਸਿੱਟਾ ਸ਼ਾਇਦ ਸਹੀ ਨਹੀਂ ਸੀ।

ਡਾ. ਓਮ ਪ੍ਰਕਾਸ਼ ਚਿੰਪਾ – ਇਟਾਵਾ ਦੇ ਮੁਖ ਸਿਹਤ ਅਧਿਕਾਰੀ ਅਹੁਦੇ 'ਤੇ ਤੈਨਾਤ ਚਿੰਪਾ ਦੀ ਹੱਤਿਆ ਅਗਸਤ 2008 'ਚ ਹੋਈ ਸੀ। ਦੱਸਿਆ ਜਾਂਦਾ ਹੈ ਕਿ ਉਹਨਾਂ ਨੇ ਦਵਾਈਆਂ ਦੀ ਸਪਲਾਈ ਨਾਲ ਜੁੜੇ ਕੁਝ ਲੋਕਾਂ ਦੇ ਹਿੱਤਾਂ ਨੂੰ ਅਸਰਅੰਦਾਜ਼ ਕੀਤਾ।

ਡਾ. ਆਰ. ਐਸ. ਸ਼ਰਮਾ – ਸਿਹਤ ਡਾਇਰੈਕਟਰ ਸ਼ਰਮਾ 'ਤੇ 25 ਦਸੰਬਰ 2000 'ਚ ਲਖਨਊ 'ਚ ਉਹਨਾਂ ਦੇ ਘਰ ਤੇ ਹਮਲਾ ਹੋਇਆ ਸੀ ਤੇ ਹਸਪਤਾਲ ਲੈ ਜਾਣ ਪਿੱਛੋਂ ਉਹਨਾਂ ਨੇ ਦਮ ਤੋੜ ਦਿੱਤਾ। ਉਹਨਾਂ ਦੀ ਪਤਨੀ ਨੇ ਉਸ ਵੇਲੇ ਦੇ ਸਿਹਤ ਮਹਾਂ ਨਿਦੇਸ਼ਕ ਐਚ. ਸੀ. ਵੈਸ਼ਿਆ 'ਤੇ ਵੀ ਸ਼ੱਕ ਸੀ ਤੇ ਉਹ ਗ੍ਰਿਫ਼ਤਾਰ ਵੀ ਹੋਏ।

ਡਾ. ਬਘੀਲਾਲ ਰਾਵਤ – ਰਾਜ ਦੇ ਸਿਹਤ ਮਹਾਂ ਨਿਦੇਸ਼ਕ ਦੇ ਅਹੁਦੇ 'ਤੇ ਤੈਨਾਤ ਰਹੇ ਰਾਵਤ ਦੀ ਹੱਤਿਆ ਜੁਲਾਈ 2000 'ਚ ਹੋਈ ਉਸ 'ਚ ਵੀ ਮਾਫੀਆ ਤੋਂ ਨੇਤਾ ਬਣੇ ਉਸ ਸਖਸ਼ ਦਾ ਨਾਂ ਆਇਆ ਸੀ ਜਿਸ ਦਾ ਨਾਂ ਹੁਣ ਬੀਪੀ ਸਿੰਘ ਦੀ ਹੱਤਿਆ ਨਾਲ ਜੋੜਿਆ ਜਾ ਰਿਹਾ ਹੈ।

ਡਾ. ਹਰਪਾਲ ਸਿੰਘ – ਮੇਰਠ ਜ਼ਿਲ੍ਹਾ ਹਸਪਤਾਲ 'ਚ ਤੈਨਾਤ ਡਾ. ਹਰਪਾਲ ਸਿੰਘ ਨੂੰ ਇਸੇ ਸਾਲ 9 ਮਾਰਚ ਨੂੰ ਗੋਲੀ ਮਾਰ ਦਿੱਤੀ ਗਈ। ਗੰਭੀਰ ਰੂਪ 'ਚ ਜ਼ਖ਼ਮੀ ਹਰਪਾਲ ਸਿੰਘ ਨੇ ਹਸਪਤਾਲ 'ਚ ਦਮ ਤੋੜ ਦਿੱਤਾ। ਪਹਿਲਾਂ ਉਹ ਜੇਹਲ 'ਚ ਤੈਨਾਤ

ਰਹੇ।

ਡਾ. ਸੰਜੀਵ ਸਕਸੈਨਾ – ਚੰਦੌਲੀ ਦੇ ਸਰਕਾਰੀ ਹਸਪਤਾਲ ’ਚ ਤੈਨਾਤ ਰਹੇ ਮਾਹਰ ਡਾਕਟਰ ਸਕਸੈਨਾ ਦੀ ਹੱਤਿਆ ਬੀਤੀ 22 ਫਰਵਰੀ ਨੂੰ ਉਹਨਾਂ ਦੇ ਆਜਮਗੜ ਸਥਿਤ ਘਰ ’ਚ ਹੋਈ।

ਡੀ. ਪੀ. ਐਨ ਸਿੰਘ – ਉਹ ਇਲਾਹਾਬਾਦ ’ਚ ਮੁਖ ਸਿਹਤ ਅਧਿਕਾਰੀ ਸਨ। ਦਸਦੇ ਹਨ ਕਿ ਪਿਛਲੇ ਸਾਲ ਉਨ੍ਹਾਂ ਤੇ ਸਿਗਰਟ ਜਲਾ ਕੇ ਮਾਚਿਸ ਦੀ ਤੀਲੀ ਫੈਂਕੀ ਤਾਂ ਅੱਗ ਲੱਗ ਗਈ ਤੇ ਉਹ ਬੁਰੀ ਤਰ੍ਹਾਂ ਸੜੀ ਹਾਲਤ ’ਚ ਹਸਪਤਾਲ ਭਰਤੀ ਕਰਵਾਏ ਗਏ ਪਰ ਬਚ ਨਹੀਂ ਸਕੇ। ਉਹਨਾਂ ਦੀ ਮੌਤ ਮਹਿਜ ਇਕ ਹਾਦਸਾ ਮੰਨੀ ਜਾ ਰਹੀ ਹੈ। ਉਹਨਾਂਦਾ ਇਕ ਬੇਟਾ ਦਵਾਈਆਂ ਦੀ ਖਰੀਦ–ਫਰੋਖਤ ਦੇ ਕਾਰੋਬਾਰ ’ਚ ਹੈ।

ਸਭ ਪੈਸੇ ਦੀ ਖੇਡ ਹੈ – ਕੌਮ ਸਿਹਤ ਪੇਂਡੂ ਮਿਸ਼ਨ (NRHM) ਐਨ. ਆਰ. ਐਚ. ਐਮ. ਦੀ ਲਾਲਸਾਵਾਂ ਭਰਪੂਰ ਯੋਜਨਾਵਾਂ ਦਾ ਅਮਲ ਇਥੇ ਉਸ ਤੜਫਦੇ ਜਖ਼ਮੀ ਮਨੁੱਖੀ ਸਰੀਰ ਵਾਂਗੂ ਦਿਸਦਾ ਹੈ ਜਿਸ ਦਾ ਸਿਰ (ਦਿਮਾਗ) ਤਾਂ ਸੁਰੱਖਿਅਤ ਹੈ। ਪਰ ਬਾਕੀ ਅੰਗ ਸਾਥ ਨਹੀਂ ਦੇ ਰਹੇ ਹਨ। ਕੇਂਦਰ ਦੇ ਫਲੈਗਸ਼ਿਪ ਪ੍ਰੋਗ੍ਰਾਮ ਵਿੱਚੋਂ ਇਕ ਇਹ ਯੋਜਨਾ ਪੇਂਡੂ ਹਲਕਿਆਂ ’ਚ ਸਿਹਤ ਸਹੂਲਤਾਂ ਦੀ ਬੁਨਿਆਦੀ ਮਜ਼ਬੂਤੀ ਲਈ ਸੀ ਅਤੇ 2005 ’ਚ ਲਾਗੂ ਹੋਣ ਪਿਛੋਂ ਹੁਣ ਤਕ ਰਾਜ ਨੂੰ ਇਸ ਤਹਿਤ 10000 ਕਰੋੜ ਰੁਪਏ ਕੇਂਦਰ ਸਰਕਾਰ ਅਲਾਟ ਕਰ ਚੁੱਕੀ ਹੈ। ਜਾਹਿਰ ਹੈ ਕਿ ਜਿਸ ਵਿਭਾਗ ’ਚ ਜਿੰਨਾ ਪੈਸਾ ਉਸਾਰੀ ਤੇ ਖਰੀਦਦਾਰੀ ’ਤੇ ਖਰਚ ਕਰਨ ਦਾ ਅਧਿਕਾਰ ਹੈ। ਭ੍ਰਿਸ਼ਟਾਚਾਰ ਦੀ ਉਨੀ ਹੀ ਗੁੰਜਾਇਸ਼ ਸੂਬਾ ਸਕੱਤਰ ਤੇ ’ਚ ਬੈਠੇ ਬਾਬੂਆਂ ਤੇ ਜ਼ਿਲ੍ਹੇ ’ਚ ਮੁਖ ਸਿਹਤ ਅਧਿਕਾਰੀਆਂ ਵਿਚਕਾਰ ਇਸ ਨੂੰ ਲੈ ਕੇ ਲੰਬੀ ਖਿਚੋਤਾਨ ਰਹੀ ਹੈ ਕਿ ਕਿਹੜੀ ਖਰੀਦਦਾਰੀ ਰਾਜ ਪੱਧਰ ’ਤੇ ਹੋਵੇ ਤੇ ਕਿਹੜੀ ਜ਼ਿਲ੍ਹਾ ਪੱਧਰ ’ਤੇ ਜਿੱਥੇ ਵੱਖ–ਵੱਖ ਜ਼ਿਲ੍ਹਿਆਂ ’ਚ NRHM ਦੇ ਤਹਿਤ ਹੋਣ ਵਾਲੀ ਉਸਾਰੀ ਕੰਮ ਦਾ ਠੇਕਾ ਤਾਂ ਰਾਜ ਪੱਧਰ ’ਤੇ ਹੀ ਵੱਖ–ਵੱਖ ਉਸਾਰੀ ਏਜੰਸੀਆਂ ਨੂੰ ਦੇ ਦਿੱਤਾ ਗਿਆ। ਉਥੇ ਵੱਡੀ ਖਰੀਦ ਵੀ ਰਾਜ ਪੱਧਰ ’ਤੇ ਹੀ ਕਰਨ ਦਾ ਫੈਸਲਾ ਹੋਇਆ। ਜ਼ਿਲ੍ਹਾ ਪੱਧਰ ਦੀ ਖਰੀਦ ਅਨਟਾਈਡ ਫੰਡ (ਜੋ ਰਕਮ ਕਿਸੇ ਵੀ ਮਦ ਤੇ ਖਰਚ ਕੀਤੀ ਜਾ ਸਕੇ) ਅਤੇ ਰਖ–ਰਖਾਅ ਲਈ ਇਕ ਮੁਸ਼ਨ ਸਲਾਨਾ ਰਾਸ਼ੀ (ਏ. ਐਮ. ਜੀ.) ਵਰਗੀਆਂ ਵਿਵਸਥਾਵਾਂ ਡਾਕਟਰਾਂ ਲਈ ਕਮਾਈ ਦੇ ਨਵੇਂ ਮੌਕੇ ਬਣ ਗਏ। ਸੂਤਰਾਂ ਦਾ ਕਹਿਣਾ ਹੈ ਕਿ ਅਨੇਕਾਂ ਜ਼ਿਲ੍ਹਿਆਂ ’ਚ ਤਾਂ ਆਇਰਨ ਦੀਆਂ 15–15 ਲੱਖ ਰੁਪਏ ਦੀਆਂ ਗੋਲੀਆਂ ਤੇ ਕੈਪਸੂਲ ਬਿਨਾਂ ਟੈਂਡਰ ਦੇ ਖਰੀਦ ਲਈਆਂ ਗਈਆਂ। ਲਖਨਊ ’ਚ ਤਾਂ ਉਸ ਜਨਣੀ ਸੁਰੱਖਿਆ ਯੋਜਨਾ ਦੇ ਪੈਸੇ ’ਚ ਵੀ ਘਪਲੇ ਦੀ ਮੈਜਿਸਟ੍ਰੇਟੀ ਜਾਂਚ ਚਲ ਰਹੀ ਹੈ ਜਿਸ ਤਹਿਤ ਗਰਭਵਤੀ ਔਰਤਾਂ ਨੂੰ 1400 ਰੁਪਏ ਦੀ ਮਦਦ ਦਿੱਤੀ ਜਾਂਦੀ ਹੈ। ਖਰੀਦਣ ਦੀ ਜਲਦਬਾਜੀ ’ਚ 988 ਐਬੂਲੈਂਸ ਇਕੋ ਵੇਲੇ ਰਾਜ ’ਚ ਖਰੀਦੀਆਂ ਗਈਆਂ ਹਨ। ਜਿਹਨਾਂ ’ਚੋਂ ਅੱਧੀਆਂ ਕਈ ਮਹੀਨਿਆਂ ਤੋਂ ਮਿੱਟੀ ਫੱਕ ਰਹੀਆਂ ਹਨ ਕਿਉਂਕਿ ਪ੍ਰੀਵਾਰ ਭਲਾਈ ਮਹਾਂ ਨਿਦੇਸ਼ਕ ਡਾ. ਰਾਮ ਜੀ ਲਾਲ ਅਨੁਸਾਰ “ਉਹਨਾਂ ਨੂੰ ਚਲਾਉਣ ਲਈ ਟੈਂਡਰ ਹੋਣਾ ਹੈ। ਅਜੇ ਇਸ ਲਈ ਕਾਗਜ਼ਤ ਬਣ ਰਹੇ ਹਨ।” ਭਰਤੀਆਂ ਤਕ ਦੀ ਸੂਚੀ ਸੂਬੇ ਤੋਂ ਭੇਜੀ ਗਈ ਤਾਂ ਕੁਝ ਜ਼ਿਲ੍ਹਿਆਂ ਦੇ ਅਧਿਕਾਰੀਆਂ ਨੇ ਦਸਖ਼ਤ ਕਰਨ

ਤੋਂ ਨਾਂਹ ਕਰ ਦਿੱਤੀ। ਕੇਂਦਰ ਸਰਕਾਰ ਵਲੋਂ NRHM ਦੇ ਅਮਲ ਦਾ ਪਤਾ ਲਗਾਉਣ ਲਈ ਗਠਿਤ ਚਤੁਰਥਾ ਸਮੀਖਿਆ ਮਿਸ਼ਨ ਦੀਆਂ ਬੀਤੇ ਦਸੰਬਰ 'ਚ ਜਮੀਰੀਪੋਟਾਂ 'ਚ ਕਿਹਾ ਗਿਆ ਹੈ ਕਿ ਉਮਰ ਪ੍ਰਦੇਸ਼ 'ਚ ਜਿਹਨਾਂ 129 ਜ਼ਿਲ੍ਹਾ ਹਸਪਤਾਲਾਂ 'ਚ ਉਸਾਰੀ ਕੰਮਾਂ ਦੀ ਮੰਜੂਰੀ ਦਿੱਤੀ ਗਈ। ਉਹਨਾਂ 'ਚੋਂ ਤਦ ਤਕ ਸਿਰਫ਼ ਤਿੰਨ ਦਾ ਹੀ ਕੰਮ 50 ਫੀਸਦੀ ਤਕ ਪਹੁੰਚਿਆ ਸੀ। ਉਹਨਾਂ 'ਚੋਂ ਸਿਰਫ਼ 133 ਦਾ ਕੰਮ ਪੂਰਾ ਹੋ ਸਕਿਆ। ਸੰਵਿਦਾ 'ਤੇ ਡਾਕਟਰਾਂ-ਕਰਮਚਾਰੀਆਂ ਦੀ ਨਿਯੁਕਤੀ ਵੀ ਕਈ ਗੜਬੜਾਂ ਦਾ ਰਾਹ ਖੋਹਲਦੀ ਹੈ। ਰਿਪੋਟ ਕਹਿੰਦੀ ਹੈ "ਮਨੁੱਖੀ ਵਾਸੀਲਿਆਂ ਲਈ ਰਾਜ ਦੇ ਅਧਿਕਾਰੀਆਂ ਪਾਸ ਕੋਈ ਲੰਮੇ ਸਮੇਂ ਦੀ ਯੋਜਨਾ ਨਹੀਂ ਹੈ। ਅਸਲ 'ਚ ਜਿੱਥੇ ਮਨਰੇਗਾ 'ਚ ਨਿਗਰਾਨੀ ਦੀ ਵਿਆਪਕ ਵਿਵਸਥਾ ਕਾਰਨ ਥੋੜ੍ਹੀ ਪਾਰਦਰਸ਼ਿਤਾ ਦਿਸਦੀ ਹੈ। ਉਥੇ NRHM 'ਚ ਉਹੋ ਜਿਹੀ ਪਾਰਦਰਸ਼ਤਾ ਨਹੀਂ ਆ ਸਕੀ ਹੈ। ਮੁਖ ਮੰਤਰੀ ਜਿਹਨਾਂ ਦਲਿਤਾਂ ਦੀ ਭਲਾਈ ਦਾ ਵਾਅਦਾ ਕਰਕੇ ਸੱਤਾ 'ਚ ਆਈ ਸੀ। ਉਹ NRHM ਦੇ ਅਸੀਂ ਖਪਤਕਾਰ ਹਨ। ਉਸ ਦਾ ਫਾਇਦਾ ਸਹੀ ਲੋਕਾਂ ਤਕ ਨਹੀਂ ਪਹੁੰਚ ਰਿਹਾ।

# ਅਰਬ ਜਗਤ 'ਚ ਲੋਕ ਉਭਾਰ ਦਾ ਦੌਰ ਬਨਾਮ ਸਾਮਰਾਜ

ਬੀਤੇ ਸਾਲ ਦਸੰਬਰ ਮਹੀਨੇ ਟਿਊਨੀਸ਼ੀਆ ਦੇ ਇਕ ਛੋਟੇ ਜਿਹੇ ਕਸਬੇ ਸੀਦੀ ਬੋਜਿਦ ਤੋਂ ਭੜਕੀ ਚਿੰਗਾਰੀ ਨੇ ਲੋਕ ਉਭਾਰ ਦਾ ਜੋ ਦੌਰ ਸ਼ੁਰੂ ਕੀਤਾ ਹੈ ਉਹ ਜਲਦੀ ਹੀ ਮਿਸ਼ਰ ਤੋਂ ਹੁੰਦਾ ਹੋਇਆ ਸਮੁੱਚੇ ਅਰਬ-ਜਗਤ ਤਕ ਫੈਲ ਗਿਆ। ਅਲਜੀਰੀਆ ਯਮਨ, ਸੀਰੀਆ, ਲੀਬੀਆ, ਜਾਰਡਨ ਤੇ ਬਹਿਰੀਨ ਦੀਆਂ ਸੜਕਾਂ 'ਤੇ ਲਪਟਾਂ ਅਜੇ ਹੀ ਧਦਕ ਰਹੀਆਂ ਹਨ ਪਰ ਲੀਬੀਆ 'ਤੇ ਅਮਰੀਕਾ ਬ੍ਰਿਟੇਨ ਤੇ ਫਰਾਂਸ ਦੇ ਹਵਾਈ ਹਮਲਿਆਂ ਨੇ ਅਤੇ ਕਜਾਫੀ ਵਿਰੋਧੀ ਗਠਜੋੜ ਨੂੰ ਪੱਛਮੀ ਸਾਮਰਾਜੀ ਸ਼ਕਤੀਆਂ ਦੀ ਮਦਦ ਨੇ ਖੇਤਰੀ ਸਮੀਕਰਣਾ 'ਚ ਮਹੱਤਵਪੂਰਨ ਬਦਲਾਅ ਦੇ ਸੰਕੇਤ ਦਿੱਤੇ ਹਨ। ਸਾਮਰਾਜੀਆਂ ਦੀ ਮੰਸ਼ਾ ਸਾਫ਼ ਹੋ ਚੁੱਕੀ ਹੈ। ਜੋ ਬ੍ਰਿਟੇਨ ਤੇ ਅਮਰੀਕੀ ਦਹਾਕਿਆਂ ਤੋਂ ਹੁਸਨੀ ਮੁਬਾਰਕ ਵਰਗੀ ਅਤਿਆਚਾਰੀ ਹਕੂਮਤ ਦੀ ਪਿੱਠ 'ਤੇ ਖੜ੍ਹੇ ਸਨ। ਉਸ ਨੂੰ ਉਹਨਾਂ ਨੇ ਨਾ ਸਿਰਫ਼ ਮੱਝਧਾਰ 'ਚ ਛੱਡ ਦਿੱਤਾ ਬਲਕਿ ਲੋਕਤੰਤਰ ਦੇ ਪੈਰੋਕਾਰ ਬਣ ਕੇ ਉਹ ਉਸ 'ਤੇ ਸੱਤਾ ਛੱਡਣ ਲਈ ਦਬਾਅ ਵੀ ਬਣਾਉਂਦੇ ਰਹੇ। ਟਿਊਨੀਸ਼ੀਆ 'ਚ ਹਬੀਬ ਬੁਰਗੀਵਾ ਦੀ ਜਿਸ ਰੈਡੀਕਲ ਬੁਰਜੂਆ ਪਾਰਟੀ ਨੇ ਕਦੀ ਸਾਮਰਾਜ ਵਿਰੋਧ ਤੇਵਰ ਵਿਖਾਏ ਸਨ। ਉਸ ਦਾ ਤਖਤਾ ਪਲਟਨ ਵਾਲਾ ਜਨਰਲ ਬੇਨ ਅਲੀ ਅਮਰੀਕਾ ਨਿਰਦੇਸ਼ਿਤ ਉਦਾਰੀਕਰਣ-ਨਿੱਜੀਕਰਣ ਦੀਆਂ ਨੀਤੀਆਂ ਨੂੰ ਦੋ ਦਹਾਕਿਆਂ ਤੋਂ ਲਾਗੂ ਕਰਦਿਆਂ ਬੇਹੱਦ ਬੇਕਿਰਕ ਅਤਿਆਚਾਰੀ ਤੇ ਭ੍ਰਿਸ਼ਟ ਸੱਤਾ ਦਾ ਸੰਚਾਲਨ ਬਣਿਆ ਰਿਹਾ। ਹੁਸਨੀ ਮੁਬਾਰਕ ਦੀ ਤੀਹ ਸਾਲ ਪੁਰਾਨੀ ਭ੍ਰਿਸ਼ਟ ਤਾਨਾਸ਼ਾਹ ਸਰਕਾਰ ਅਰਬ ਧਰਤੀ 'ਤੇ ਅਮਰੀਕਾ ਦੀ ਸਭ ਤੋਂ ਵਿਸਵਾਸ਼ਯੋਗ ਸਹਿਯੋਗੀ ਸੀ। ਅਮਰੀਕਾ ਨੇ ਇਜ਼ਰਾਇਲ ਪਿਛੋਂ ਮਿਸ਼ਰ ਦੀ ਫ਼ੌਜ 'ਚ ਸਭ ਤੋਂ ਵੱਧ ਪੈਸਾ ਲਾਇਆ ਹੈ ਅਤੇ ਮਿਸ਼ਰ-ਇਜ਼ਰਾਇਲ ਸਹਿਯੋਗ ਇਜ਼ਰਾਇਲੀ ਇਜ਼ਾਰੇਦਾਰੀ ਦੀ ਗਰੰਟੀ ਦੀ ਗਰੰਟੀ ਕਰਨ ਵਾਲੀ ਧੁਰੀ ਦਾ ਕਿੱਲ ਰਿਹਾ ਹੈ ਪਰ ਤੂਫਾਨ ਮੌਕੇ ਕਿਸ਼ਤੀ ਦਾ ਬੋਝ ਘੱਟ ਕਰਨ ਲਈ ਸਾਮਰਾਜੀ ਆਪਣੇ ਕੁੱਤਿਆਂ ਤੇ ਮੁਸਾਹਿਬਾਂ ਨੂੰ ਪਾਣੀ 'ਚ ਸੁੱਟ ਦੇਣ 'ਚ ਜਰਾ ਜਿੰਨੀ ਵੀ ਝਿਜਕ ਨਹੀਂ ਵਿਖਾਉਂਦੇ। ਬੇਨ ਅਲੀ ਅੱਜ ਸਾਊਦੀ ਅਰਬ ਦੇ ਉਸੇ ਮਹਿਲ 'ਚ ਦਿਨ ਕੱਟ ਰਿਹਾ ਹੈ। ਜਿੱਥੇ ਉਗਾਂਡਾ ਦੇ ਤਾਨਾਸ਼ਾਹ ਇਦੀ ਅਮੀਨ ਨੇ ਅੰਤਿਮ ਦਿਨ ਲੰਘਾਏ ਸਨ। ਹੁਸਨੀ ਮੁਬਾਰਕ ਸ਼ਰਮ ਅਲ ਸ਼ੇਖ ਦੇ ਮਹਿਲ 'ਚ ਮੌਤ ਦੀ ਉਡੀਕ ਕਰ ਰਿਹਾ ਹੈ। ਪਰ ਅਹਿਮ ਗੱਲ ਇਹ ਹੈ ਕਿ ਟਿਊਨੀਸ਼ੀਆ ਜਾਂ ਮਿਸ਼ਰ ਦੀਆਂ ਆਰਥਿਕ ਨੀਤੀਆਂ 'ਚ ਜਾਂ ਵਿਵਸਥਾ 'ਚ ਕਿਸੇ ਤਰ੍ਹਾਂ ਦੀ ਅਹਿਮ ਤਬਦੀਲੀ ਦੇ ਸੰਕੇਤ ਅਜੈ ਭਰੋਸਿਆਂ ਤੇ ਉਡੀਕ ਦੀ ਧੁੰਦ 'ਚ ਛੁਪੇ ਹੋਏ ਹਨ। ਬਹੁਤ ਸੰਭਵ ਹੈ ਕਿ ਭਵਿੱਖ 'ਚ ਬੁਰਜੂਆ ਸੰਸਦੀ ਚੋਣਾ ਪਿੱਛੋਂ ਕੋਈ ਅਜਿਹੀ ਚੁਣੀ ਹੋਈ ਬੁਰਜੂਆ ਸਰਕਾਰ ਹੋਂਦ 'ਚ ਆਵੇ ਜੋ ਕੌਮੀ ਪੂੰਜੀ ਤੇ ਸਾਮਰਾਜੀ ਹਿੱਤਾਂ ਦੀ ਹਿਫਾਜ਼ਤ ਪ੍ਰਤੀ ਵਚਨਬੱਧ ਬਣੀ ਰਹੇ ਅਤੇ ਪੱਛਮ ਪ੍ਰਸਤ ਉਚ ਮੱਧ ਵਰਗ ਵੀ ਜਿਸ ਨੂੰ ਮੰਨ ਲਵੇ। ਅਤੀਤ 'ਚ ਅਜਿਹਾ ਕਈ ਵਾਰੀ ਹੋ ਚੁੱਕਿਆ ਹੈ। ਦੁਬਾਲਿਅਰ ਮਾਰਕੋਜ, ਸੁਹਾਰਤੋ ਤੇ ਪਿਨੋਸ਼ੇ ਵਰਗੇ ਕਈ ਅਮਰੀਕਾ ਪ੍ਰਸਤ ਤਾਨਸ਼ਾਹਾਂ ਤੇ ਫ਼ੌਜੀ ਗੁੱਟਾਂ ਦੇ ਹਕੂਮਤ ਸੰਭਾਲਣ ਪਿਛੋਂ ਉਹਨਾਂ ਦੇਸ਼ਾਂ 'ਚ ਸੰਸਦੀ ਚੋਣਾਂ ਹੋਈਆਂ ਤੇ ਬੁਰਜੂਆ ਜਨਵਾਦੀ ਹਕੂਮਤਾਂ ਹੋਂਦ 'ਚ

ਆਈਆਂ, ਪਰ ਉਹਨਾਂ ਦੇਸ਼ਾਂ ਦੀਆਂ ਨਵੀਆਂ ਸਰਕਾਰਾਂ ਨੇ ਸਾਮਰਾਜੀ ਤੇ ਉਹਨਾਂ ਦੇਸੀ ਦਲਾਲ ਸਰਮਾਏਦਾਰਾਂ ਦੇ ਹਿੱਤਾਂ ਦੀ ਰਾਖੀ ਜਾਰੀ ਰੱਖੀ ਅਤੇ ਵਿਸ਼ਵੀਕਰਨ ਦੇ ਦੌਰ 'ਚ ਨਵਉਦਾਰਵਾਦੀ, ਨੀਤੀਆਂ ਨੂੰ ਲਾਗੂ ਕੀਤਾ। ਲੋੜ ਪੈਣ 'ਤੇ ਯਮਨ, ਜਾਰਡਨ ਤੇ ਬਹਿਰੀਨ ਵਰਗੇ ਦੇਸ਼ਾਂ ਵਿੱਚ ਵੀ ਅਮਰੀਕਾ ਆਪਣੇ ਵਫਾਦਾਰ ਬੇਰਹਿਮ ਹਾਕਮਾਂ ਤੋਂ ਪਿੱਛਾ ਛੁਡਵਾ ਲਵੇਗਾ। ਸੀਰੀਆ 'ਚ ਸਈਅਤ ਦੀ ਮੌਜੂਦਾ ਸੱਤਾ ਅਤਿਆਚਾਰੀ ਹੁੰਦੇ ਹੋਏ ਵੀ ਅਮਰੀਕਾ ਦੀ ਕਠਪੁਤਲੀ ਨਹੀਂ ਹੈ। ਉਹ ਨਵਉਦਾਰਵਾਦੀ ਨੀਤੀਆਂ ਅਪਣਾ ਚੁੱਕੀ ਹੈ ਪਰ ਅੰਤਰ ਸਾਮਰਾਜੀ ਮੁਕਾਬਲੇ ਦਾ ਲਾਭ ਵੀ ਉਠਾਉਂਦੀ ਰਹੀ ਹੈ। ਉਸ ਤੇ ਲੈਬਨਾਨ ਸਥਿਤ ਹਿੱਜ ਬੁਲਾ ਦੀ ਹਮਾਇਤ ਦੀ ਹਮਾਇਤ ਦਾ ਵੀ ਦੋਸ਼ ਹੈ। ਜੇ ਸੀਰੀਆ 'ਚ ਲੋਕ ਸੰਘਰਸ਼ ਅੱਗੇ ਵਧਦਾ ਹੈ ਤਾਂ ਅਮਰੀਕਾ ਅਸਦ ਦੀ ਬਾਥ ਪਾਰਟੀ ਨੂੰ ਹਕੂਮਤ ਸੰਭਾਲਣ 'ਚ ਕੋਈ ਕਸਰ ਨਹੀਂ ਛੱਡੇਗਾ। ਲੀਬੀਆ ਦਾ ਕੇਸਾ ਥੋੜਾ ਵੱਖਰਾ ਹੈ। ਅੱਜ ਜਿਸ ਕਜਾਫੀ ਨੂੰ ਹਕੂਮਤ ਸੰਭਾਲਣ ਲਈ ਅਮਰੀਕਾ ਤੇ ਨਾਟੋ ਤਾਕਤਾਂ ਨੇ ਸਿੱਧਾ ਹਵਾਈ ਹਮਲਾ ਬੋਲ ਦਿੱਤਾ ਹੈ ਤੇ ਕਜਾਫੀ-ਵਿਰੋਧੀ ਤਾਕਤਾਂ ਦੀ ਸਿੱਧੀ ਮਦਦ ਕਰ ਰਹੇ ਹਨ। ਇਹ ਕਜਾਫੀ ਇਕ ਬਦਲਿਆ ਹੋਇਆ ਵਿਅਕਤੀ ਹੈ। ਜਿਸ ਨੇ ਇਰਾਕ ਯੁੱਧ ਦੇ ਪਿੱਛੋਂ ਹੀ ਅਮਰੀਕਾ ਤੇ ਪੱਛਮੀ ਤਾਕਤਾਂ ਦੇ ਅੱਗੇ ਗੋਡੇ ਟੇਕ ਦਿੱਤੇ ਸਨ। ਫਿਲਸਤੀਨੀਆਂ ਦੇ ਨਾਲ ਗਦਾਰੀ ਕਰ ਦਿੱਤੀ ਸੀ ਅਤੇ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਵੀ ਮੰਨ ਲਿਆ ਸੀ। ਦੂਜੀ ਸੰਸਾਰ ਜੰਗ ਪਿਛੋਂ ਤਿੰਨ ਅਲਹਦਾ ਇਲਾਕਿਆਂ-ਸਾਈਰੇਨਾਇਕਾ, ਟ੍ਰਾਈਪੋਲਿਟਾਨੀਆ ਅਤੇ ਫੇਜਾਨ ਨੂੰ ਮਿਲਾ ਕੇ ਲੀਬੀਆ ਦਾ ਗਠਨ ਹੋਇਆ। ਇਹ ਅਜ਼ਾਦੀ ਹਾਸਲ ਕਰਨ ਵਾਲਾ ਅਫਰੀਕਾ ਦਾ ਪਹਿਲਾਂ ਦੇਸ਼ (1951 'ਚ) ਸੀ। ਦੂਜੇ ਅਰਬ ਦੇਸ਼ਾਂ ਤੋਂ ਵੱਖ, ਲੀਬੀਆਈ ਸਮਾਜ ਕਈ ਛੋਟੇ-ਵੱਡੇ ਕਬੀਲਿਆਂ 'ਚ ਵੰਡਿਆ ਸਮਾਜ ਰਿਹਾ ਹੈ। 1951 'ਚ ਹਕੂਮਤ 'ਚ ਆਉਣ ਵਾਲਾ ਸ਼ਾਹ ਇਦਰੀਸ ਸੇਨੂਸੀ ਕਬੀਲੇ ਦਾ ਸੀ। ਹੋਰ ਤਿੰਨ ਵੱਡੇ ਕਬੀਲੇ ਕਦਾਫਾ, ਮਗਰਾਹਾ ਅਤੇ ਵਾਰਫੱਲਾ ਹੈ। ਸ਼ਾਹ ਇਦਰੀਸ ਦੀ ਬੇਹੱਦ ਭ੍ਰਿਸ਼ਟ ਤੇ ਸਾਮਰਾਜ ਪ੍ਰਸਤ ਹਕੂਮਤ ਵਿਰੁੱਧ ਜਿਹੜੇ "ਫ੍ਰੀ ਆਫਿਸਰਸ" ਨੇ 1969 'ਚ ਕਰਨਲ ਕਜਾਫੀ ਦੀ ਅਗਵਾਈ 'ਚ ਲੋਕਪੱਖੀ ਫ਼ੌਜੀ ਤਖਤ ਪਲਟੇ ਨੂੰ ਅੰਜਾਮ ਦਿੱਤਾ ਸੀ। ਉਹਨਾਂ ਨੂੰ ਉਪਰੋਕਿਤ ਤਿੰਨ ਕਬੀਲਿਆਂ ਦੀ ਵਿਆਪਕ ਹਮਾਇਤ ਹਾਸਲ ਸੀ। ਕਜਾਫੀ ਨਾਸਿਰ ਦੀ ਸਰਭ-ਅਰਬ ਰਾਸ਼ਟਰਵਾਦੀ ਵਿਚਾਰਧਾਰਾ, ਸਾਮਰਾਜ ਵਿਰੋਧੀ ਰੈਡੀਕਲ ਤੇਵਰ ਤੇ ਸੈਕੂਲਰਜ਼ਿਮ ਤੋਂ ਪ੍ਰਭਾਵਿਤ ਸੀ। ਨਾਲ ਹੀ ਉਹ ਇਰਾਕ ਤੇ ਸ਼ੀਰੀਆ ਦੀਆਂ ਬਾਥ ਪਾਰਟੀਆਂ ਵਾਂਗੂੰ ਸਮਾਜਵਾਦ ਦੀਆਂ ਗੱਲਾਂ ਕਰਦਾ ਸੀ। 1969 'ਚ ਹਕੂਮਤ ਸੰਭਾਲਣ ਪਿਛੋਂ ਕਜਾਫੀ ਨੇ ਦੇਸ਼ ਦੀ ਤੇਲ-ਦੌਲਤ ਦਾ ਕੌਮੀਕਰਨ ਕਰਕੇ ਸਾਮਰਾਜੀ ਹਿੱਤਾਂ ਨੂੰ ਗੰਭੀਰ ਚੋਟ ਪਹੁੰਚਾਈ। ਤੇਲ ਨਾਲ ਹੋਣ ਵਾਲੀ ਆਮਦਨ ਦੀ ਉਸ ਨੇ ਇਕ ਹੱਦ ਤੱਕ ਆਮ ਲੋਕਾਂ ਦਾ ਜੀਵਨ ਪੱਧਰ ਉਚਾ ਚੁਕਣ 'ਚ ਵੀ ਵਰਤੋਂ ਕੀਤੀ। ਲੀਬੀਆ ਇਕੱਲਾ ਅਰਬ ਦੇਸ਼ ਸੀ ਜਿੱਥੇ ਸਮਾਜਵਾਦੀ ਦੇਸ਼ਾਂ ਵਾਂਗੂੰ ਸਿੱਖਿਆ, ਸਿਹਤ-ਸੇਵਾ ਤੇ ਰਿਹਾਇਸ਼ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸਰਕਾਰ ਦੀ ਹੋ ਗਈ। ਜੀਵਨ ਪੱਧਰ 'ਚ ਗੁਣਾਤਮਕ ਸੁਧਾਰ ਆਇਆ। ਔਰਤ ਸਾਖਰਤਾ ਦਰ ਲੀਬੀਆ 'ਚ ਹੋਰ ਅਰਬ ਦੇਸ਼ਾਂ ਤੋਂ ਕਾਫੀ ਉਪਰ ਸੀ ਲੀਬੀਆ ਦੀ ਪ੍ਰਤੀ ਵਿਅਕਤੀ ਆਮਦਨ ਅਫਰੀਕੀ ਮਹਾਂਦੀਪ 'ਚ ਸਭ ਤੋਂ ਵੱਧ ਸੀ। ਲੀਬੀਆਈ ਰੇਗਿਸਤਾਨ ਦੇ

ਹੇਠਾਂ ਦੇ "ਇਕਵਫਾਇਰਸ਼" ਤੋਂ ਪਾਣੀ ਉਪਰ ਕੱਢਕੇ "ਮਨੁੱਖ ਵਲੋਂ ਉਸਾਰੀ ਨਦੀ" ਬਣਾ ਕੇ ਰੇਗਿਸਤਾਨਾ ਨੂੰ ਜਰਖੇਜ਼ ਖੇਤਾਂ 'ਚ ਬਦਲ ਦੇਣਾ ਅਤੇ ਤ੍ਰਿਪੋਲੀ ਸਮੇਤ ਹੋਰ ਕਈ ਮੁਖ ਸ਼ਹਿਰਾਂ ਨੂੰ ਪਾਣੀ ਪਹੁੰਚਾਉਣਾ ਇੰਜਨੀਅਰਾਂ ਦਾ ਇਕ ਅਜਿਹਾ ਕਰਿਸ਼ਮਾ ਸੀ ਜੋ ਪੂਰੀ ਦੁਨੀਆਂ 'ਚ ਚਰਚਾ ਦਾ ਵਿਸ਼ਾ ਰਿਹਾ ਹੈ। ਕਜਾਫੀ ਦੇ ਇਹਨਾਂ ਹਰਮਨ ਪਿਆਰੇ ਕਦਮਾ ਨੇ ਸ਼ਾਹ ਇਦਰੀਸ ਸਮਰਥਕ ਸੇਨੁਸੀ ਕਬੀਲੇ ਦੀ ਨੌਜਵਾਨ ਪੀੜੀ ਵਿਚ ਵੀ ਉਸ ਦਾ ਹਮਾਇਤੀ-ਅਧਾਰ ਤਿਆਰ ਕਰ ਦਿੱਤਾ। ਫਿਲਸਤੀਨੀ ਮੁਕਤੀ ਸੰਘਰਸ਼ ਤੋਂ ਇਲਾਵਾ ਉਸ ਨੇ "ਅਫਰੀਕੀ ਕੌਮੀ ਕਾਂਗਰਸ" ਅਤੇ "ਆਇਰਿਸ਼ ਰੀਪਬਲੀਕਨ ਆਰਮੀ" ਵਰਗੇ ਸੰਗਠਨਾ ਦੀ ਆਰਥਿਕ ਮਦਦ ਕੀਤੀ। ਪਰ ਜਮਾਲ ਅਬਦੁਲ ਨਾਸਿਰ ਦੇ ਸਰਬ ਅਰਬ-ਰਾਸ਼ਟਰਵਾਦ ਤੇ ਬਾਥ ਪਾਰਟੀ ਦੇ 'ਸਮਾਜਵਾਦ' ਵਾਂਗੂੰ ਕਜਾਫੀ ਵੀ ਜਿੰਨਾ ਪੱਛਮ ਵਿਰੋਧੀ ਸੀ। ਉਨਾਂ ਹੀ ਕਮਿਊਨਿਜ਼ਮ ਵਿਰੋਧੀ ਵੀ ਸੀ (ਇਰਾਕ, ਸੀਰੀਆ, ਲੈਬਨਾਲ ਯਮਨ ਆਦਿ ਕਈ ਦੇਸ਼ਾਂ 'ਚ ਕਮਿਊਨਿਸ਼ਟ ਤਾਕਤਾਂ ਦੀ ਪ੍ਰਭਾਵੀ ਮੌਜੂਦਗੀ ਸੀ) ਆਪਣੇ ਰੈਡੀਕਲ ਦਿਨਾ ਵਿਚ ਵੀ ਉਸ ਦਾ ਸਟੈਂਡ ਨਾਟਕੀ ਢੰਗ ਨਾਲ ਬਦਲ ਦਾ ਰਹਿੰਦਾ ਸੀ। ਜਿਵੇਂ ਕਿ ਸ਼ੁਰੂ ਵਿੱਚ ਉਸ ਨੇ ਸਹਾਰਵੀ ਮੁਕਤੀ-ਘੋਲ ਦੀ ਹਮਾਇਤ ਕੀਤੀ ਪਰ 1980 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਆਪਣਾ ਸਟੈਂਡ ਬਦਲ ਲਿਆ। 1971 'ਚ ਸੁਡਾਨ 'ਚ ਹੋਏ ਕਮਿਊਨਿਸ਼ਟ ਵਿਦਰੋਹ ਨੂੰ ਕੁਚਲਣ ਵਿੱਚ ਉਸ ਨੇ ਅਹਿਮ ਭੂਮਿਕਾ ਨਿਭਾਈ। ਬਗਾਵਤ ਦੇ ਇਕ ਨੇਤਾ ਦੇ ਜਹਾਜ ਨੂੰ ਲਿਜਾ ਰਹੇ ਜਹਾਜ ਨੂੰ ਉਤਰਨ ਲਈ ਮਜ਼ਬੂਰ ਕਰਨ ਪਿੱਛੋਂ ਕਜਾਫੀ ਨੇ ਉਸ ਨੂੰ ਤੇ ਹੋਰ ਦੋ ਨੇਤਾਵਾਂ ਨੂੰ ਸੁਡਾਨੀ ਸੈਨਿਕ ਤਾਨਾਸ਼ਾਹ ਜਨਰਲ ਸਫਾਰ ਨਿਮੇਰੀ ਨੂੰ ਸੌਂਪ ਦਿੱਤਾ ਸੀ ਜਿਸ ਨੇ ਤਿੰਨਾਂ ਨੂੰ ਫਾਂਸੀ ਦੇ ਦਿੱਤੀ ਸੀ। ਕਜਾਫੀ ਦੇ ਇਨਕਲਾਬੀ ਤੇਵਰ ਉਸ ਸਮੇਂ ਢਿੱਲੇ ਪੈਣ ਲੱਗੇ ਜਦ ਅਮਰੀਕੀ ਰਾਸ਼ਟਰਪਤੀ ਬੁਸ (ਸੀਨੀਅਰ) ਨੇ ਕੂਵੈਤ 'ਤੇ ਇਰਾਨੀ ਹਮਲੇ ਦੀ ਸਜਾ ਦੇਣ ਲਈ ਇਰਾਕ 'ਤੇ ਹਮਲਾ ਬੋਲ ਦਿੱਤਾ ਸੀ। ਲੀਬੀਆਂ ਨੂੰ ਅੱਤਵਾਦ-ਹਮਾਇਤ ਦੀ ਸਜਾ ਦੇਣ ਲਈ ਅਮਰੀਕਾ ਨੇ ਤ੍ਰਿਪੋਲੀ ਤੇ ਵੀ ਬੰਬਾਰੀ ਕੀਤੀ ਸੀ। ਜਿਸ 'ਚ ਕਜਾਫੀ ਦੀ ਇਕ ਬੇਟੀ ਵੀ ਮਾਰੀ ਗਈ ਸੀ। ਇਹਨਾਂ ਘਟਨਾਵਾਂ ਪਿਛੋਂ ਹੌਲੀ-ਹੌਲੀ ਕਫਾਜੀ ਨੇ ਇਜ਼ਰਾਇਲ ਤੇ ਪੱਛਮੀ ਦੇਸ਼ਾਂ ਖਿਲਾਫ਼ ਖਾੜਕੂ ਬਿਆਨ ਬਾਜੀਆਂ ਬੰਦ ਕਰ ਦਿੱਤੀਆਂ ਅਤੇ ਫਿਲਸਤੀਨ ਦੇ ਸੁਆਲ ਤੋਂ ਇਕ ਦਮ ਮੂੰਹ ਮੋੜ ਲਿਆ। ਪਹਿਲਾਂ ਉਹ ਨਾਸਿਰ ਦੀ ਤਰ੍ਹਾਂ ਸਰਬ-ਅਰਬ ਰਾਸ਼ਟਰਵਾਦ ਦਾ ਨਾਇਕ ਬਣਨਾ ਚਾਹੁੰਦਾ ਸੀ। ਹੁਣ ਉਹ ਅਫਰੀਕੀ ਏਕਤਾ ਦਾ ਨਵਾਂ ਮਸੀਲਾ ਬਨਣ ਦੀਆਂ ਅਸਫਲ ਕੋਸ਼ਿਸ਼ਾਂ 'ਚ ਲੱਗ ਗਿਆ। ਕਹਿਣ ਨੂੰ ਤਾਂ ਉਦੋਂ ਵੀ ਉਸ ਦਾ ਦੇਸ਼ 'ਸੋਸਲਿਸਟ ਪੀਪਲਸ ਲੀਬੀਅਨ ਅਰਬ ਜਮਾਹਿਰੀਆਂ' ਅਖਵਾਉਂਦਾ ਸੀ ਤੇ ਉਸ ਦੀ ਸਿਧਾਂਤਕ ਰਚਨਾ "ਗ੍ਰੀਨ ਬੁਕ" ਦੁਆਰਾ ਨਿਰਦੇਸ਼ਿਤ ਐਸੀ ਲੁਕਵੀ ਜਨਵਾਦੀ ਹਕੂਮਤ ਦੇ ਦਾਅਵੇ ਅਜੇ ਵੀ ਕਾਇਮ ਸਨ। ਜਿੱਥੇ ਉਪਰ ਤੋਂ ਹੇਠਾਂ ਤੱਕ ਸਤਾ "ਪੀਪਲਸ ਕੌਸਿਲਾਂ" ਦੇ ਹੱਥਾਂ ਵਿੱਚ ਸੀ। ਪਿੱਛੋਂ ਕਜਾਫੀ ਗੈਰ-ਰਵਾਇਤੀ ਤੌਰ 'ਤੇ ਕਿਸੇ ਅਹੁਦੇ 'ਤੇ ਨਹੀਂ ਰਹਿ ਗਿਆ ਸੀ। ਉਸ ਦਾ ਸੁਪਨਾ ਰਾਸ਼ਟਰ ਪਿਤਾ ਤੇ ਸਿਧਾਂਤਕਾਰ ਬਣਨ ਦਾ ਸੀ। ਇੱਕੀ ਕਜਾਫੀ ਦਾ "ਸਮਾਜਵਾਦ" ਇਕ ਨਿਮਨ ਪੂੰਜੀਵਾਦੀ ਰੈਡੀਕਲ ਦਾ ਅਧਿਕ ਕਚਰਾ ਯੂਟੋਪੀਆ ਸੀ। ਜੀ ਖੰਰਘ-ਜੀਵੀ ਸਰੀ ਹੋ ਸਕਦਾ ਸੀ। ਤੇਲ ਦੀ ਕੀਮਤ ਦੀ ਕਮਾਈ ਦੀ ਅਥਾਹ ਦੌਲਤ ਨਾਲ ਬੇਸ਼ੱਕ

ਉਸ ਨੇ ਅਹਿਮ ਕਲਿਆਣ ਕਾਰੀ ਕੰਮ ਕੀਤੇ ਪਰ ਸਿਰਫ਼ ਏਨੇ ਨਾਲ ਸਮਾਜਵਾਦ ਅੱਗੇ ਨਹੀਂ ਜਾ ਸਕਦਾ ਸੀ। ਸੱਤਾ ਦੀ ਵਾਂਗਡੋਰ ਜਿੱਥੇ ਸਮਾਜਵਾਦੀ ਵਿਚਾਰਧਾਰਾ ਤੋਂ ਨਿਰਦੇਸ਼ਿਤ ਮਜ਼ਦੂਰ ਵਰਗ ਦੀ ਪਾਰਟੀ ਦੇ ਹੱਥਾਂ 'ਚ ਨਹੀਂ ਬਲਕਿ ਇਹ ਸੱਤਾਧਾਰੀ ਗੁੱਟ ਜੋ ਸਾਮਰਾਜ ਵਿਰੋਧੀ ਸਰਬ ਅਰਬ-ਰਾਸ਼ਟਰਵਾਦ ਅਤੇ ਸਮਾਜਵਾਦੀ ਨਾਹਰਿਆਂ ਦੀ ਲਹਿਰ 'ਤੇ ਸਵਾਰ ਹੋ ਕੇ ਸਤਾ ਤਕ ਪਹੁੰਚਿਆ ਸੀ। ਲੋਕਾਂ ਤੋਂ ਕਟਦਾ ਚਲਾ ਗਿਆ ਤੇ ਵਿਸ਼ੇਸ਼ ਖਿਕਾਰ-ਪ੍ਰਾਪਤ ਤੇ ਅਤਿਆਚਾਰੀ ਹੁੰਦਾ ਗਿਆ। ਸਾਰੇ ਰਾਜਕੀ ਅਚਾਰਿਆਂ ਤੇ ਜਨ-ਕਲਿਆਣਕਾਰੀ ਕੰਮਾਂ ਦੇ ਬਜਟ 'ਤੇ ਇਹਨਾਂ ਦਾ ਕੰਟਰੋਲ ਸੀ। ਭ੍ਰਿਸ਼ਟਾਚਾਰ ਤੇ ਗੁਟਬੰਦੀ ਦੇ ਨਾਲ ਹੀ ਇਕ ਵਾਰੀ ਫਿਰ ਕਬੀਲਾਈ ਅੰਤਰਵਿਰੋਧਾਂ ਨੇ ਵੀ ਸਿਰ ਉਠਾਇਆ। ਜਿਹਨਾਂ "ਪੀਪਲਜ਼ ਕੌਂਸਲਾ" ਨੂੰ ਲੋਕਸੱਤਾ ਦਾ 'ਆਰਗਨ' ਦੱਸਿਆ ਜਾਂਦਾ ਸੀ ਕਿਸੇ ਵਿਚਾਰਧਾਰਕ ਮਾਰਗ ਦਰਸ਼ਨ ਹਿਰਾਵਲ ਦਸਤੇ ਵਰਗੀ ਉਸਾਰੀ ਦੀ ਘਾਟ ਕਾਰਨ ਉਹ ਕੌਂਸਿਲਾਂ ਜਨਤਕ ਪਹਿਲ ਕਦਮੀ ਤੇ ਸਮੂਹਕ ਫੈਸਲੇ ਦਾ ਮੰਚ ਬਣਾਉਣ ਦੀ ਬਜਾਏ ਭਾਰਤ ਦੇ ਪੰਚਾਇਤੀ ਰਾਜ ਦੀ ਹੀ ਤਰ੍ਹਾਂ ਭ੍ਰਿਸ਼ਟਾਚਾਰ ਦਾ ਅੱਡਾ ਤੇ ਬੇਰਹਿਮ ਹਾਕਮ ਜਮਾਤ ਦਾ ਸਥਾਨਕ ਸਮਾਜਿਕ ਅਲੀਬਰਦਾਰ ਬਣ ਕੇ ਰਹਿ ਗਈ। ਸਭ ਅਰਬ ਦੇਸ਼ਾਂ ਦੀ ਤਰ੍ਹਾਂ ਇਥੇ ਵੀ 'ਮੁਖਬਰਾਤ' (ਸੀਕ੍ਰਟ ਪੁਲਸ) ਦਾ ਆਤੰਕਰਾਜ ਸੀ। ਵਿਰੋਧ 'ਚ ਅਵਾਜ ਉਠਾਉਣੀ ਗਦਾਰੀ ਸੀ। ਹਕੂਮਤ 'ਚ ਕਜਾਫੀ ਦੇ ਬੇਟਿਆਂ ਦਾ ਦਖਲ ਸੀ। ਕਾਲਾਂਡਰ 'ਚ ਕਜਾਫੀ ਪ੍ਰੀਵਾਰ ਤੇ ਨਿਕਟਵਰਤੀਆਂ ਨੇ ਵੀ ਦੇਸ਼ ਤੋਂ ਬਾਹਰ ਜਾਇਦਾਦ ਜਮਾ ਕਰਨੀ ਸ਼ੁਰੂ ਕਰ ਦਿੱਤੀ ਹੈ। ਕਜਾਫੀ ਆਜਮੀ ਕਟੜਵਾਦ ਦਾ ਵਿਰੋਧੀ ਸੀ ਪਰ ਅਸਲ 'ਚ ਸੈਕੂਲਰਿਜ਼ਮ ਦੀ ਬਜਾਏ ਉਹ ਉਦਾਰਪੰਥੀ ਇਸਲਾਮ ਨੂੰ ਸਵੀਕਾਰ ਕਰਦਾ ਸੀ। ਸਾਮਰਾਜ ਤੇ ਜਿਅਨਵਾਦ ਵਿਰੁੱਧ ਉਹ ਇਸਲਾਮੀ ਧਾਰਮਿਕ ਭਾਵਨਾਵਾਂ ਤੇ ਨਾਹਰਿਆਂ ਨੂੰ ਵੀ ਇਸਤੇਮਾਲ ਕਰਦਾ ਸੀ ਅਤੇ ਇਹਨਾਂ ਦੀ ਵਰਤੋਂ ਉਹ ਕਮਿਊਨਿਸਟਾਂ ਦੇ ਖਿਲਾਫ਼ ਵੀ ਕਰਦਾ ਸੀ। ਦੂਜੇ ਪਾਸੇ ਮਾਲਕ ਇਦਾ ਨੇ ਜਦ ਉਸ ਵਿਰੁੱਧ ਬਗਾਵਤ ਦਾ ਸੱਦਾ ਦਿੱਤਾ ਤਾਂ ਇਸਲਾਮੀ ਕਟਰਪੰਥੀਆਂ ਦੇ ਦਮਨ 'ਚ ਵੀ ਉਸ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਇਤਫਾਕ ਨਾਲ ਇਹ ਉਹੀ ਸਮਾਂ ਸੀ ਜਦ ਅਮਰੀਕਾ ਇਸਲਾਮੀ ਵਿਰੁੱਧ "ਜੰਗ" ਦਾ ਝੰਡਾ ਚੁੱਕੀ ਆਪਣੇ ਹਿੱਤਾਂ ਦੀ ਪੂਰਤੀ 'ਚ ਲੱਗਿਆ ਹੋਇਆ ਸੀ। ਕਜਾਫੀ ਨੂੰ ਵੀ ਇਸ ਬਹਾਨੇ ਅਮਰੀਕੀ ਵਿਸਵਾਸ਼ ਜਿੱਤਣ ਦਾ ਮੌਕਾ ਮਿਲਿਆ ਪਰ ਅਰਬ ਲੋਕਾਂ ਦੀਆਂ ਨਜ਼ਰਾਂ 'ਚ ਉਹਨਾਂ ਦੀ ਸ਼ਾਖ ਹੋਰ ਵੱਧ ਹੇਠਾਂ ਚਲੀ ਗਈ। ਸਦਾਮ ਹੁਸੈਨ ਦੇ ਪਤਨ ਨੇ ਜਨਤਾ ਤੋਂ ਗਿਰ ਚੁੱਕੇ ਕਜਾਫੀ ਨੂੰ ਹੋਰ ਵੱਧ ਡਰਾ ਦਿੱਤਾ ਸੀ। ਹੁਣ ਉਹ ਪੱਛਮੀ ਤਾਕਤਾਂ ਮੂਹਰੇ ਗੋਡੇ ਟੇਕਣ ਨੂੰ ਤਿਆਰ ਸੀ। ਅਰਬ ਦੀਆਂ ਸੜਕਾਂ 'ਤੇ ਕਜਾਫੀ ਦੀ ਦਿਖ ਨੂੰ ਹੁਸਨੀ ਮੁਬਾਰਕ ਜਾਂ ਬੇਨ ਅਲੀ ਵਰਗੇ ਕਿਸੇ ਦੂਜੇ ਭ੍ਰਿਸ਼ਟ ਨਿਰੰਕੁਸ਼ ਹਾਕਮ ਵਰਗੀ ਹੋ ਚੁੱਕੀ ਸੀ। ਤਸਵੀਰਾਂ 'ਚ ਇਹ ਅਕਸਰ ਟੋਨੀ ਬਲੇਅਰ, ਸਿਲਿਵੀਓ ਬਲੁਸਿਕਰਕੋਨੀ ਜਾਂ ਨਿਕੋਲਸ ਸਰਕੋਜੀ ਨਾਲ ਜਫੀਆਂ ਪਾਈ ਦਿਸ ਰਿਹਾ ਸੀ। 2008 'ਚ ਕੌਂਡੋਲੀਜਾ ਰਾਈਸ ਨੇ ਲੀਬੀਆ ਦਾ ਦੌਰਾ ਕੀਤਾ ਅਤੇ 2009 ਦੇ ਰੋਮ ਸੰਮੇਲਨ 'ਚ ਬਰਾਕ ਉਬਾਮਾ ਨੇ ਕਜਾਫੀ ਨਾਲ ਗਰਮਜੋਸ਼ੀ ਨਾਲ ਹੱਥ ਮਿਲਾਇਆ। ਲੀਬੀਆ 'ਚ ਲਗਭਗ ਇਕ ਦਹਾਕੇ ਤੋਂ ਉਦਾਰਵਾਦੀ ਆਰਥਿਕ ਨੀਤੀਆਂ 'ਤੇ ਤੇਜੀ ਨਾਲ ਅਮਲ ਹੋ ਰਿਹਾ ਹੈ। ਵਿਦੇਸ਼ੀ ਕੰਪਨੀਆਂ ਲਈ ਦਰਵਾਜੇ ਖੋਹਲ ਦਿੱਤੇ ਗਏ ਸਨ।

ਦੇਸ਼ ਦੇ ਸੋਧਣ ਤੇ ਵਿਦੇਸ਼ੀ ਵਪਾਰ 'ਚ ਵੀ ਵਿਦੇਸ਼ੀ ਕੰਪਨੀਆਂ ਘੁਸ ਗਈਆਂ ਸਨ। ਪਰ ਤੇਲ ਦੇ ਖੂਹ ਅਜੇ ਵੀ ਕੌਮੀ ਦੌਲਤ ਸਨ। ਪੱਛਮੀ ਸਾਮਰਾਜੀ ਸ਼ਕਤੀਆਂ ਇਸ ਤੇਲ ਜਾਇਦਾਦ ਨੂੰ ਹੁਣ ਸਿੱਧੇ ਆਪਣੇ ਕਬਜੇ 'ਚ ਲੈਣਾ ਚਾਹੁੰਦੀ ਹੈ। ਅਫਰੀਕੀ ਮਹਾਂਦੀਪ ਸਭ ਤੋਂ ਵੱਧ ਤੇਲ ਲੀਬੀਆ ਕੋਲ (44.3 ਬਿਲੀਅਨ ਬੈਰਲ) ਅਤੇ ਲੀਬੀਆਈ ਕੱਚਾ ਤੇਲ ਸਭ ਤੋਂ ਅੱਛੀ ਕਿਸਮ ਦਾ ਮੰਨਿਆ ਜਾਂਦਾ ਸੀ। ਟਿਊਨੀਸ਼ੀਆ ਤੇ ਮਿਸ਼ਰ ਦੀਆਂ ਘਟਨਾਵਾਂ ਪਿਛੋਂ ਹਾਲਾਤ ਉਹਨਾਂ ਲਈ ਅਣਕੂਲ ਸਨ। ਕਜਾਫੀ ਦੀਆਂ ਨੀਤੀਆਂ ਨੇ ਵਿਆਪਕ ਜਨ ਅਸੰਤੋਸ਼ ਪੈਦਾ ਕਰਨ ਦੇ ਨਾਲ ਹੀ ਪੁਰਾਣੇ ਕਬੀਲਾਈ ਅੰਤਰਵਿਰੋਧਾਂ ਨੂੰ ਵੀ ਭੜਕਾ ਦਿੱਤਾ ਸੀ। ਹੈਰਾਨੀ ਦੀ ਨਹੀਂ ਕਿ ਪੱਛਮੀ ਸਮਰਥਿਤ ਵਿਦਰੋਹੀਆਂ ਦੇ ਮੋਰਚੇ ਦਾ ਪਹਿਲਾਂ ਕੇਂਦਰ ਬੇਨਗਾਜੀ ਸ਼ਹਿਰ ਸੀ ਜੋ ਸਾਬਕਾ ਹਾਕਮ ਸ਼ਾਹ ਇਕਰੀਸ ਦੇ ਸੇਨੂਸੀ ਕਬੀਲੇ ਦਾ ਖੇਤਰ ਹੈ। ਸਤਾ ਬਦਲਣ ਲਈ ਕਜਾਫੀ ਨੇ ਪਹਿਲਾਂ ਤਾਂ ਲੋਹੇ ਦੇ ਹੱਥਾਂ ਨਾਲ ਬਾਗੀਆਂ 'ਤੇ ਅਤਿਆਚਾਰ ਕੀਤਾ ਤੇ ਇਕ ਵਾਰੀ ਉਹਨਾਂ ਨੂੰ ਪਿੱਛੇ ਧਕਣ 'ਚ ਕਾਮਯਾਬੀ ਵੀ ਹਾਸਲ ਕਰ ਲਈ। ਪਰ ਅਮਰੀਕਾ, ਫ੍ਰਾਂਸ ਤੇ ਬ੍ਰਿਟੇਨ ਨੇ ਜਦ ਬਾਗੀਆਂ ਨੂੰ ਖੁਲ ਕੇ ਮਦਦ ਦੇਣੀ ਸ਼ੁਰੂ ਕਰ ਦਿੱਤੀ ਤੇ ਉਹਨਾਂ ਨੇ ਜਹਾਜਾਂ ਨੇ ਲਗਾਤਾਰ ਬੰਬਰੀ ਕਰਕੇ ਕਜਾਫੀ ਦੇ ਟਿਕਾਨਿਆਂ ਨੂੰ ਤੇ ਉਸ ਦੀ ਹਵਾਈ ਫ਼ੌਜ ਨੂੰ ਤਬਾਹ ਕਰਨਾ ਸ਼ੁਰੂ ਕਰ ਦਿੱਤਾ ਤਾਂ ਸਮੀਕਰਨ ਬਦਲਣ ਲੱਗੇ। ਦੇਸ਼ ਦੇ ਵੱਡੇ ਹਿੱਸੇ 'ਤੇ ਕਾਬਿਜ਼ ਹੋ ਕੇ ਬਾਗੀ ਰਾਜਧਾਨੀ ਤ੍ਰਿਪੋਲੀ ਵੱਲ ਲਗਾਤਾਰ ਅੱਗੇ ਵੱਧ ਰਹੇ ਹਨ। ਸਦਾਮ ਹੁਸੈਨ ਵਾਗੂੰ ਕਫਾਜੀ ਇਕ ਵਾਰੀ ਫਿਰ ਖਾੜਕੂ ਕੌਮੀ ਤੇਵਰ ਵਿਖਾਉਂਦਿਆਂ ਆਖਰੀ ਦਮ ਤਕ ਲੜਨ ਤੇ ਸ਼ਹੀਦ ਹੋਣ ਦੀ ਗੱਲ ਕਰ ਰਿਹਾ ਹੈ। ਅਮਰੀਕਾ, ਬ੍ਰਟੇਨ, ਫਰਾਂਸ ਦੀ ਸਿਧੀ ਫ਼ੌਜੀ ਕਾਰਵਾਈ ਨੇ ਅਰਬ ਖੇਤਰ ਦੀਆਂ ਹਾਲਤਾਂ ਫਿਰ ਨਵਾਂ ਬਦਲਾਅ ਪੈਦਾ ਕਰ ਦਿੱਤਾ ਹੈ। ਕਈ ਅੰਤਰਵਿਰੋਧ ਇਕੋ ਵੇਲੇ ਸਰਗਰਮ ਹੋ ਗਏ ਸਨ। ਯਮਨ, ਬਹਰੀਮ, ਜਾਰਡਨ, ਅਲਜੀਰੀਆ ਸੀਰੀਆ-ਇਹਨਾਂ ਸਾਰੇ ਦੇਸ਼ਾਂ 'ਚ ਅਤਿਆਚਾਰੀ ਹਕੂਮਤਾਂ ਵਿਰੁੱਧ ਲੋਕ ਉਭਰ ਜਾਰੀ ਹੈ ਪਰ ਸਾਮਰਾਜੀਆਂ ਦੀ ਸਿਧੀ ਦਖਲ ਅੰਦਾਜੀ ਨੂੰ ਅਰਬ ਲੋਕ ਕਈ ਸਵੀਕਾਰ ਨਹੀਂ ਕਰੇਗੀ। ਲੀਬੀਆ 'ਚ ਦੇਰ ਸਵੇਰ ਕਜਾਫੀ ਦਾ ਪਤਨ ਹੋ ਵੀ ਜਾਵੇ ਤਾਂ ਇਰਾਕ ਵਾਗੂੰ ਹੀ ਅਸ਼ਾਂਤੀ ਤੇ ਗ੍ਰਹਿਯੁੱਧ ਦੀ ਹਾਲਤ ਲੰਮੇ ਸਮੇਂ ਤਕ ਬਣੀ ਰਹੇਗੀ। ਇਹ ਤਹਿ ਹੈ ਮਿਸ਼ਰ ਤੇ ਟਿਊਨੀਸ਼ੀਆ ਤੇ ਉਪ ਸਹਾਰਾ ਦੇ ਦੇਸ਼ਾਂ ਨੂੰ ਜੋ ਲੱਖਾਂ ਮਜ਼ਦੂਰਾ ਲੀਬੀਆ 'ਚ ਤੇਲ ਨਿਕਾਸੀ, ਸੋਧ ਤੇ ਹੋਰ ਸਨਅਤਾਂ 'ਚ ਕੰਮ ਕਰਦੇ ਸਨ। ਉਹਨਾਂ ਦੇ ਉਜਾੜੇ ਨਾਲ ਅਰਬ ਖੇਤਰ ਤੇ ਪੂਰੇ ਅਫਰੀਕੀ ਮਹਾਂਦੀਪ ਦੇ ਅਰਥਚਾਰੇ 'ਤੇ ਅਸਥਿਤਾਕਾਰੀ ਪ੍ਰਭਾਵ ਪੈਣਗੇ। ਲੀਬੀਆਈ ਸੰਕਟ ਦਾ ਜਾਰੀ ਰਹਿਣਾ ਕੌਮਾਂਤਾਰੀ ਤੇਲ ਕੀਮਤਾਂ ਨੂੰ ਆਕਾਸ਼ ਤਕ ਪਹੁੰਚਾ ਕੇ ਪਹਿਲਾਂ ਤੋਂ ਹੀ ਢਾਂਚਾਗਤ ਸੰਕਟ ਕਾਰਨ ਲੜਖੜਾਉਂਦੇ ਵਿਸ਼ਵੀ ਪੂੰਜੀਵਾਦੀ ਤੰਤਰ ਨੂੰ ਹੋਰ ਵੱਧ ਆਫਤਾ 'ਚ ਘੇਰ ਸਕਦਾ ਹੈ। ਇਸ ਦਾ ਸਭ ਤੋਂ ਵੱਧ ਦਬਾਅ ਪਿਛੜੇ ਪੂੰਜੀਵਾਦੀ ਦੇਸ਼ਾਂ 'ਤੇ ਪਵੇਗਾ ਅਤੇ ਲੋਕ ਉਭਾਰਾਂ ਦੇ ਸਿਲਸਿਲੇ ਨੂੰ ਨਵਾਂ ਸੰਵੇਗ ਮਿਲ ਸਕਦਾ ਹੈ। ਲੀਬੀਆ 'ਚ ਸਾਮਰਾਜੀ ਦਖਲਅੰਦਾਜ਼ੀ ਸਾਮਰਾਜੀ ਲੁਟੇਰਿਆਂ ਦਾ ਇਕ ਬੁਖਲਾਹਟ ਭਰਿਆ ਕਦਮ ਹੈ। ਜੋ ਅੱਗੇ ਚਲ ਕੇ ਉਹਨਾਂ ਨੂੰ ਉਲਟਾ ਹੀ ਪੈਣ ਵਾਲਾ ਹੈ। ਫ੍ਰਾਂਸ ਲੀਬੀਆਈ ਤੇਲ ਦਾ ਮੁਖ ਖਰੀਦਦਾਰ ਰਿਹਾ ਹੈ। ਇਸ ਲਈ ਇਹ ਪਿਛੇ ਕਦੀ ਨਹੀਂ ਰਹਿ ਸਕਦਾ ਸੀ। ਅਮਰੀਕਾ ਤੇ ਬ੍ਰਿਟੇਨ

ਦੀ ਨਿਗਾਹ ਵੀ ਲੀਬੀਆਈ ਤੇਲ ਉਪਰ ਹੈ। ਇਹਨਾਂ ਦੇਸ਼ਾਂ ਦੀ ਸਾਂਝੀ ਕਾਰਵਾਈ ਪਿੱਛੇ ਹਿੱਤਾਂ ਦੀ ਫੌਰੀ ਸਾਂਝ ਤੋਂ ਇਲਾਵਾ ਦੂਰਗਾਮੀ ਮੁਕਾਬਲੇ ਦਾ ਵੀ ਪਹਿਲੂ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਜਰਮਨੀ, ਇਟਲੀ ਆਦਿ ਕਈ ਪੱਛਮੀ ਸਾਮਰਾਜੀ ਤਾਕਤਾਂ ਨੇ ਅਤੇ ਰੂਸੀ ਸਾਮਰਾਜੀ ਅਗਵਾਈ ਵਾਲੇ ਗੁਟ ਨੇ ਜਾਂ ਤਾਂ ਲੀਬੀਆ ’ਤੇ ਹਮਲੇ ਦਾ ਵਿਰੋਧ ਕੀਤਾ ਹੈ ਜਾਂ ਇਸ ਤੋਂ ਆਪਣੇ ਆਪ ਨੂੰ ਵੱਖ ਰੱਖਿਆ ਹੈ। ਲੀਬੀਆ ’ਚ ਜਮਹੂਰੀਅਤ ਦੀ ਬਹਾਲੀ ਦੇ ਨਾਂ ਹੇਠ ਕਜਾਫੀ ਨੂੰ ਹਕੂਮਤ ’ਚ ਲਿਆਉਣ ਵਾਲੀਆਂ ਪੱਛਮੀ ਸਾਮਰਾਜੀ ਤਾਕਤਾਂ ਇਹ ਵੀ ਯਕੀਨੀ ਬਣਾ ਲੈਣਾ ਚਾਹੁੰਦੀਆਂ ਹਨ ਕਿ ਅਲ ਜੀਰੀਆ ਨੂੰ ਨਜ਼ੀਰੀਆ ਤੋਂ ਤੋੜਨ ਵਾਲੀ 4.128 ਕਿ. ਮੀ. ਲੰਬੀ, ‘ਟ੍ਰਾਂਸ ਸਹਾਰਨ ਆਇਲ ਪਾਈਪਲਾਈਨ’ ’ਤੇ (ਜੋ ਲੀਬੀਆ ਵਿਚਦੀ ਲੰਘਦੀ ਹੈ ਅਤੇ 2015 ਤਕ ਕੰਮ ਕਰਨ ਲੱਗੇਗੀ) ਕੁਲ ਮਿਲਾ ਕੇ ਉਹਨਾਂ ਦਾ ਹੀ ਕੰਟਰੋਲ ਬਣਿਆ ਰਹੇ। ਅਰਬ ਦੁਨੀਆਂ ਦੇ ਨਾਲ ਅਮਰੀਕਾ ਦੇ ਸਬੰਧਾਂ ਦੇ ਮੁਖ ਤਿੰਨ ਅਧਾਰ ਹਨ। ਇਸ ਖੇਤਰ ਦੀ ਤੇਲ ਧਨ ਦੌਲਤ, ਫਲਸਤੀਨੀ ਤੇ ਸਮੁਚੀ ਅਰਬ ਜਨਤਾ ਦੀਆਂ ਇਜ਼ਰਾਇਲ ਵਿਰੋਧੀ ਰੈਡੀਕਲ ਭਾਵਨਾਵਾਂ ਨੂੰ ਕੰਟਰੋਲ ਕਰਨ ’ਚ ਅਰਬ ਹਾਕਮਾ ਦੀ ਭੂਮਿਕਾ ਤੇ ਕਥਿਤ ਅੱਤਵਾਦ ਵਿਰੋਧੀ ਜੰਗ ’ਚ ਅਰਬ ਸਹਿਯੋਗੀਆਂ ਦੀ ਹਮਾਇਤ, ਅਰਬ ਲੋਕ ਉਭਾਰ ਸਬੰਧੀ ਅਮਰੀਕੀ ਅਰਜਵਾਈ ਵਾਲੇ ਪੱਛਮੀ ਸਾਮਰਾਜ ਦੀ ਪਹਿਲਾਂ ਚਿੰਤਾ ਤੇਲ ਸਬੰਧੀ ਸੀ। ਇਸ ਦੇ ਚਲਦਿਆਂ ਉਸ ਨੇ ਬੇਲ ਅਲੀ ਤੇ ਮੁਬਾਰਕ ਤੋਂ ਪਿੱਛਾ ਛੁਡਵਾ ਲਿਆ ਅਤੇ ਇਸ ਲਈ ਉਸ ਨੇ ਲੀਬੀਆ ’ਚ ਦਖਲ ਅੰਦਾਜ਼ੀ ਕੀਤੀ ਪਰ ਇਰਾਕ ਵਾਂਗੂ ਇਥੇ ਵੀ ਦਾਅ ਉਲਟਾ ਪੈਣ ਦੇ ਖਤਰੇ ਹਨ। ਯਮਨ ਦੀ ਤਾਨਾਸ਼ਾਹੀ ਦਾ ਪਤਨ ਵੀ ਕਦੇ ਨਾ ਕਦੇ ਹੋਣਾ ਹੀ ਹੈ। ਲੋੜ ਪੈਣ ’ਤੇ ਅਮਰੀਕਾ ਜਾਰਡਨ ਦੇ ਸ਼ਾਹ ਤੋਂ ਵੀ ਪਿੱਛਾ ਛੁਡਵਾ ਸਕਦਾ ਹੈ ਅਤੇ ਸੀਰੀਆ ਵਿੱਚ ਫ਼ੌਜ ਦਖਲਅੰਦਾਜ਼ੀ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਪਰ ਇਹਨਾਂ ਸਭ ਦੇ ਬਾਵਜੂਦ ਅਮਰੀਕਾ ਤੇ ਯੂਰਪ ਤੇ ਇਜ਼ਰਾਇਲੀ ਜਿਅਨਵਾਦੀਆਂ ਦੀਆਂ ਚਿੰਤਾਵਾਂ ਦੂਰ ਹੋਣ ਦੀ ਬਜਾਏ ਵਧਣ ਦੀਆਂ ਸੰਭਾਵਨਾਵਾਂ ਹੀ ਵੱਧ ਦਿਸ ਰਹੀਆਂ ਹਨ। ਅਰਬ ਧਰਤੀ ਤੇ ਜਾਰੀ ਲੋਕ ਬਗਾਵਤ ਲੋਕ ਇਨਕਲਾਬ ਨਹੀਂ ਹੈ। ਉਸ ਦੀ ਕੋਈ ਐਸੀ ਲੀਡਰਸ਼ਿਪ ਨਹੀਂ ਹੈ। ਜੋ ਸਾਮਰਾਜੀ ਸੰਸਾਰ ਤੋਂ ਫੈਸਲਕੁੰਨ ਤੋੜ ਵਿਛੋੜੇ ਦੇ ਨਾਲ ਕੋਈ ਅਜਿਹੀ ਵਿਵਸਥਾ ਬਣਾਏ ਜੋ ਪੂੰਜੀਵਾਦ ਦਾ ਬਦਲ ਹੋਵੇ। ਅਰਬ ਲੋਕ ਉਭਾਰ ਮਜ਼ਦੂਰ ਜਗਤ ਦੀ ਸਰਗਰਮ ਭੂਮਿਕਾ ਹੈ। ਪਰ ਉਸ ਦੇ ਸਾਹਮਣੇ ਸਾਮਰਾਜੀ ਪ੍ਰਯੋਜਨਾ ਨੂੰ ਨਵੇਂ ਸਿਰੇ ਤੋਂ ਪੇਸ਼ ਕਰਨ ਲਈ ਲੀਡਰਸ਼ਿਪ ਕ੍ਰਾਤੀਕਾਰੀ ਖੱਬੇ ਪੱਖੀ ਦੀ ਭਾਵੀ ਹਾਜ਼ਰੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਵੱਧ ਸੰਭਾਵਨਾ ਇਹੀ ਹੈ ਕਿ ਇਰਾਕ ਪਿਛੋਂ ਲੀਬੀਆ ਤੇ ਫਿਰ ਕੁਝ ਹੋਰ ਦੇਸ਼ਾਂ ’ਚ ਅਸਥਿਰਤਾ, ਅਰਾਜਕਤਾ ਤੇ ਗ੍ਰਹਿਯੁੱਧ ਵਰਗੀ ਸਥਿਤੀ ਕੁਝ ਦਿਨਾਤਕ ਬਣੀ ਰਹਿ ਸਕਦੀ ਹੈ। ਕੁਝ ਦੇਸ਼ਾਂ ’ਚ ਅਤਿਆਚਾਰੀ ਹਾਕਮਾਂ ਦੇ ਪਤਨ ਤੇ ਸੰਸਦੀ ਚੋਣਾ ਦੇ ਨਾਟਕ ਪਿਛੋਂ ਕੁਝ ਅਜਿਹੀਆਂ ਬੁਰਜੂਆ ਜਨਵਾਦੀ ਸਤਾਵਾਂ ਕਾਇਮ ਹੋ ਸਕਦੀਆਂ ਹਨ। ਜੋ ਅਮਰੀਕੀ ਹਿੱਤਾ ਦੀ ਹਿਫਾਜਤ ਦੀ ਗਰੰਟੀ ਦਿੰਦੀਆਂ ਹਨ। ਕੁਝ ਸੀਮਤ ਜਮਹੂਰੀ ਅਧਿਕਾਰਾਂ ਦੀ ਬਹਾਲੀ ਕਰਨ ਅਤੇ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਪਰ ਬੀਤੀ ਸਤਾ ਬਦੀ ਨੇ ਅਰਬ ਜਨਤਾ ਨੂੰ ਕਾਫੀ ਕੁਝ ਸਿਖਾ ਦਿੱਤਾ ਹੈ। ਐਸੀ ਕਿਸੇ ਵੀ ਸੱਤਾ ਦੀ ਸਾਖ

ਬਹੁਤ ਦਿਨ ਤਕ ਬਣੀ ਨਹੀਂ ਰਹਿ ਸਕਦੀ। ਪੱਛਮ ਅਤੇ ਇਜ਼ਰਾਇਲ ਪ੍ਰਤੀ ਨਰਮ ਰੁਖ ਰੱਖਣ ਵਾਲੀ ਕੋਈ ਸਰਕਾਰ ਵੀ ਸ਼ਾਖ ਬਹੁਤੇ ਦਿਨ ਤਕ ਬਣੀ ਨਹੀਂ ਰਹਿ ਸਕਦੀ। ਅਜਿਹੀ ਕੋਈ ਵੀ ਸਰਕਾਰ ਅਰਬ ਜਨਤਾ ਨੂੰ ਪ੍ਰਵਾਨ ਨਹੀਂ ਹੋ ਸਕਦੀ। ਦੂਜੀ ਗੱਲ ਨਵ-ਉਦਾਰਵਾਦੀ ਆਰਥਿਕ ਨੀਤੀਆਂ 'ਤੇ ਅਮਲ ਇਕ ਬੇਕਿਰਕ ਸੱਤਾ ਦੀ ਮੰਗ ਕਰਦਾ ਹੈ। ਜੋ ਵੀ ਸਰਕਾਰ ਆਵੇਗੀ ਉਸ ਨੂੰ ਕਾਲਾਂਤਰ 'ਚ ਭ੍ਰਿਸ਼ਟ, ਬੇਕਿਰਕ ਤੇ ਲੋਕ ਵਿਰੋਧੀ ਹੋਣਾ ਹੀ ਹੈ। ਕਿਹਾ ਜਾ ਸਕਦਾ ਹੈ ਕਿ ਇਤਿਹਾਸ ਦੇ ਇਸ ਦੌਰ 'ਚ ਬੁਰਜੂਆ ਜਮਹੂਰੀਅਤ ਦੀਆਂ ਹੁੰਦਾ ਸਮੁੱਚੇ ਰੂਪ 'ਚ ਸੁੰਗੜੀਆਂ ਹਨ ਅਤੇ ਪਿੱਛੜੇ ਪੂੰਜੀਵਾਦੀ ਦੇਸ਼ਾਂ 'ਚ ਤਾਂ ਬੇਹੱਦ ਸੁੰਗੜ ਗਈਆਂ ਹਨ। ਅਰਬ ਦੇਸ਼ਾਂ 'ਤੇ ਵੀ ਇਹ ਗੱਲ ਲਾਗੂ ਹੁੰਦੀ ਹੈ। ਅਰਬ ਲੋਕਾਂ ਲਈ ਇਹ ਗੱਲ ਫੈਸਲਾਕੁੰਨ ਹੈ ਕਿ ਜੋ ਵੀ ਨਹੀਂ ਸੱਤਾ ਸਥਾਪਤ ਹੁੰਦੀ ਹੈ। ਉਹ ਫਿਲਸਤੀਨੀ ਮੁਕਤੀ ਦੇ ਸੁਆਲ 'ਤੇ ਤੇ ਤੇਲ ਦੌਲਤ ਦੀ ਸਾਮਰਾਜੀ ਲੁੱਟ ਦੇ ਸੁਆਲ 'ਤੇ ਕੀ ਰੁਖ ਅਪਣਾਉਂਦੀ ਹੈ। ਨਾਲ ਹੀ ਬੇਕਿਰਕ ਸਰਵ ਸਤਾਵਾਦ ਤੇ ਭ੍ਰਿਸ਼ਟਾਚਾਰ ਨੂੰ ਵੀ ਸਵੀਕਾਰ ਕਰਨ ਨੂੰ ਲੋਕ ਤਿਆਰ ਨਹੀਂ ਹੋਣਗੇ। ਚਾਹੇ ਸਰਕਾਰਾਂ ਦੇ ਤੇਵਰ ਪੱਛਮ-ਵਿਰੋਧੀ ਹੀ ਕਿਉਂ ਨਾ ਹੋਣ (ਜਿਵੇਂ ਇਰਾਨ 'ਚ ਜਾਂ ਸੀਰੀਆ 'ਚ) ਆਉਣ ਵਾਲੇ ਅਰਾਜਕਤਾ ਤੇ ਉਥਲ ਪੁਥਲ ਗਿਆ ਸੁੰਨੀ-ਕੁਰਦ-ਦੁਰਜ-ਈਸਾਈ ਵਰਗੇ ਆਤਮਘਾਤੀ-ਵਿਵਾਦ ਵੀ ਜ਼ੋਰ ਫੜ ਸਕਦੇ ਹਨ ਅਤੇ ਇਸਲਾਮੀ ਕਟੜਪੰਥ ਨੂੰ ਵੀ ਜਗ੍ਹਾ-ਜਗ੍ਹਾ ਨਵੀਂ ਤਾਕਤ ਮਿਲ ਸਕਦੀ ਹੈ ਪਰ ਅਜਿਹਾ ਕਾਲਖੰਡ ਲੰਮੇ ਸਮੇਂ ਲਈ ਨਹੀਂ ਹੋ ਸਕਦਾ। ਉਪ-ਨਿਵੇਸ਼ਵਾਦੀਆਂ ਵਲੋਂ ਭੜਕਾਏ ਗਏ ਕੌਮੀਅਤ-ਉਪਕੌਮੀਅਤਾਂ-ਧਾਰਮਿਕ ਮਤਾਂ-ਫਿਰਕਿਆਂ ਦੇ ਵਿੱਚ ਦੇ ਝਗੜਿਆਂ ਦੀ ਪ੍ਰਨੀਤੀਆਂ ਨੂੰ ਅਰਬ ਜਨਤਾ ਕਾਫੀ ਦੇਖ-ਭੁਗਤ ਚੁਕੀ ਹੈ। ਕੱਟੜਪੰਥੀ ਇਸਲਾਮ ਦਾ ਆਰਥਿਕ-ਸਮਾਜਿਕ ਪ੍ਰੋਜੈਕਟ ਕਦੀ ਵਿਆਪਕ ਅਰਬ ਲੋਕਾਂ ਨੂੰ ਸਕਾਰਤਾਮਕ ਤੌਰ 'ਤੇ ਮੰਜੂਰ ਨਹੀਂ ਹੋ ਸਕਦਾ। ਉਹਨਾਂ ਨੂੰ ਹਮਾਇਤ ਸਿਰਫ਼ ਨਾਕਾਰਤਮਕ ਅਮਲ ਵਜੋਂ ਮਿਲਦੀ ਰਹਿ ਸਕਦੀ ਹੈ। ਆਉਣ ਵਾਲੇ ਦਿਨਾਂ 'ਚ ਅਰਾਜਕਤਾ ਤੇ ਗੈਰ ਯਕੀਨੀ ਨਾਲ ਭਰੇ ਹੋਈ ਬੇਸ਼ਕ ਹੋਣ ਅਰਬ ਇਤਿਹਾਸ ਇਕ ਨਵੇਂ ਯੁੱਗ 'ਚ ਪ੍ਰਵੇਸ਼ ਹੋ ਰਿਹਾ ਹੈ। ਵਰਗ ਸੰਘਰਸ਼ ਦਾ ਨਵਾਂ ਉਨਤ ਰੰਗ ਮੰਚ ਤਿਆਰ ਹੋ ਰਿਹਾ ਹੈ। ਇਤਿਹਾਸ ਨੇ ਇੱਥੋਂ ਅੱਗੇ ਹੀ ਵਧਣਾ ਹੈ। ਪਿਛੇ ਮੁੜਨਾ ਸੰਭਵ ਨਹੀਂ। ਪਿਛਲੀ ਸ਼ਤਾਬਦੀ 'ਚ ਜਾਗੀਰੂ, ਰਾਜ ਤੰਤਰ ਵਿਰੋਧੀ ਤੇ ਉਪ-ਨਿਵੇਸ਼ਵਾਦੀ ਅੰਦੋਲਨਾ ਨਾਲ ਅਰਬ ਧਰਤੀ 'ਤੇ ਜੋ ਸੈਕੂਲਰ "ਪ੍ਰਗਤੀਸ਼ੀਲ" ਅਤੇ ਰੈਡੀਕਲ ਰਾਸ਼ਟਰਵਾਦੀ ਸੱਤਾ ਪੈਦਾ ਹੋਈਆਂ ਹਨ (ਚਾਹੇ ਉਹ ਮਿਸ਼ਰ ਦੇ ਨਾਸਿਰਵਾਦੀ ਹੋਣ, ਸੀਰੀਆ ਤੇ ਇਰਾਕ ਦੇ ਬਾਥ ਪਾਰਟੀ ਵਾਲੇ ਹੋਣ, ਕਜਾਫੀ ਹੋਵੇ ਜਾਂ ਅਲਜੀਰੀਆ ਦਾ ਐਫ. ਐਲ. ਐਨ. ਹੋਵੇ) ਉਹਨਾਂ ਸਾਰਿਆਂ ਦਾ ਜਮਹੂਰੀ ਕ੍ਰਾਂਤੀ ਦਾ ਪ੍ਰੋਜੈਕਟ ਵੀ ਅਜੇ ਅਧੂਰਾ ਸੀ ਅਤੇ ਸੈਕੂਲਰਿਜ਼ਮ ਦਾ ਪ੍ਰੋਜੈਕਟ ਵੀ ਅਧੂਰਾ ਸੀ। ਇਹਨਾਂ ਸਾਰਿਆਂ ਨੇ ਸਾਮਰਾਜਵਾਦ ਦਾ ਪ੍ਰਤੀਰੋਧ ਕੀਤਾ ਪਰ ਇਹਨਾਂ ਦਾ ਆਰਥਿਕ-ਸਮਾਜਿਕ ਪ੍ਰੋਜੈਕਟ ਪੂੰਜੀਵਾਦ ਦੀ ਉਸਾਰੀ ਦਾ ਹੀ ਸੀ ਅਤੇ ਸਾਮਰਾਜ ਦੇ ਯੁੱਗ ਵਿੱਚ "ਵਿਸ਼ਵ ਪੂੰਜੀਵਾਦ" ਤੋਂ ਅਲੱਗ-ਥਲੱਗ ਇਕ "ਪੂੰਜੀਵਾਦੀ ਟਾਪੂ" ਨੂੰ ਕਾਇਮ ਰੱਖ ਸਕਣਾ ਸੰਭਵ ਨਹੀਂ ਸੀ। ਆਪਣੇ ਦੇਸ਼ ਦੇ ਲੋਕਾਂ ਦਾ ਖ਼ੂਨ ਪਸੀਨਾ ਨਿਚੋੜਨ ਵਾਲੀਆਂ ਹਾਕਮਾਂ ਜਮਾਤਾਂ ਨੂੰ ਪੂਰੀ ਦੁਨੀਆਂ ਦੇ ਚੋਟੀ ਦੇ ਲੁਟੇਰਿਆਂ ਦਾ ਹਿੱਸੇਦਾਰ ਬਣਕੇ

ਵਿਸ਼ਵ ਪੂੰਜੀਵਾਦੀ ਤੰਤਰ 'ਚ ਇਕ ਨਾ ਇਕ ਦਿਨ ਸੁਆਲ ਹੋਣਾ ਹੀ ਸੀ। ਇਸ ਲਈ ਇਤਿਹਾਸਕ ਤਰਕ ਨਾਲ ਕਲ ਦੇ ਕੌਮੀ ਨਾਇਕ ਅੱਜ ਦੇ ਲੋਕ ਦੁਸ਼ਮਣ ਬਣ ਗਏ। ਉਹਨਾਂ ਦੀ ਲੋਕ ਨਾਇਕਤਾ ਖ਼ਤਮ ਹੋ ਗਈ ਤੇ ਕੌਮੀ ਗੌਰਵ ਪ੍ਰਾਪਤ ਹੋ ਗਿਆ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਆਪਣੇ ਸਕਾਰਤਮਕ ਦਿਨਾਂ ਵਿੱਚ ਵੀ ਇਨਾਂ ਕੌਮੀ ਤਾਕਤਾਂ ਨੇ ਮਾਰਕਸਵਾਦ ਤੇ ਕਮਿਊਨਿਸਟਾਂ ਪ੍ਰਤੀ ਸਪਸ਼ਟ ਦੁਸ਼ਮਣਾ ਤੇ ਜਬਰ ਦਾ ਰੁਖ ਅਪਣਾਇਆ ਸੀ। ਇਹ ਇਹਨਾਂ ਦਾ ਸੁਭਾਵਿਕ ਜਮਾਤੀ ਕਿਰਦਾਰ ਸੀ। ਸਰਭ-ਅਰਬ ਕੌਮਾਂਤਰੀਵਾਦੀ ਲਹਿਰ ਦੀ ਵੀ ਜੋ ਵੀ ਅਧੂਰੇ ਖੰਡਿਤ ਪ੍ਰੋਜੈਕਟਸਨ ਉਹਨਾਂ ਨੇ ਇਕੀਵੀਂ ਸ਼ਤਾਬਦੀ 'ਚ ਸਰਭ-ਅਰਬ-ਜਨ ਇਕਜੁਟਤਾ 'ਤੇ ਅਧਾਰਿਤ ਸਾਮਰਾਜਵਾਦ-ਪੂੰਜੀਵਾਦ ਵਿਰੋਧ ਇਨਕਲਾਬਾਂ ਦੀ ਇਕ ਨਵੀਂ ਲੜੀ ਹੀ ਅੰਜਾਮ ਤਕ ਪਹੁੰਚ ਸਕਦੀ ਹੈ ਅਤੇ ਅੱਗੇ ਵਿਸਥਾਰ ਦੇ ਸਕਦੀ ਹੈ। ਜਿਹਨਾਂ ਅਰਬਦੇਸ਼ੀ 'ਚ ਬੁਰਜੂਆ ਕੌਮੀ ਜਮਹੂਰੀ ਹਕੂਮਤਾਂ ਕਾਇਮ ਹੋਈਆਂ ਸਨ। ਉਨ੍ਹਾਂ ਦੇ ਵਾਰਸ ਤਾਨਾਸ਼ਾਹਾਂ ਨੇ ਆਪਣੀ ਪਹਿਲਾਂ ਹਾਕਮਾ ਦੀ ਸਕਾਰਤਾਮਕ ਵਿਰਾਸਤ ਨੂੰ ਤਾਂ ਤਿਆਗ ਦਿੱਤਾ ਪਰ ਉਹਨਾਂ ਦੇ ਸਾਰੇ ਨਾਂਹ ਪੱਖੀ ਪੱਖਾਂ ਨੂੰ ਚਰਮ ਸੀਮਾ ਤੱਕ ਵਿਕਸਤ ਕੀਤਾ। ਜਨਤਾ ਹੁਣ ਇਹਨਾਂ ਤੋਂ ਏਨੀ ਹੀ ਘ੍ਰਿਣਾ ਕਰਦੀ ਹੈ, ਜਿਨਾਂ ਸਾਮਰਾਜ ਦੇ ਪਿੱਠੂ ਸੇਖਾਂ-ਸ਼ਾਹਾਂ ਤੋਂ। ਇਹਨਾਂ ਹੀ ਦੇਸ਼ਾਂ ਤੋਂ ਲੋਕ-ਬਗਾਵਤ ਦੀ ਲਹਿਰ ਉਠੀ ਹੈ। ਇਸ ਲਹਿਰ ਨਾਲ ਸਾਊਦੀ ਅਰਬ, ਕੁਵੈਤ, ਕਤਰ ਅਰਬ ਅਮੀਰਾਤ ਆਦਿ ਦੇਸ਼ਾਂ ਦੇ ਸ਼ੇਖਾਂ ਦੀ ਹਕੂਮਤਾ ਵੀ ਤਦ ਅਛੂਤ ਨਹੀਂ ਰਹਿਣਗੀਆਂ। ਜਤ ਸਰਭ-ਅਰਬ ਲੋਕ ਏਕਤਾ ਦੀ ਲਹਿਰ ਹੋਰ ਵੱਧ ਪ੍ਰਚੰਡ ਹੋ ਜਾਏਗੀ। ਮੌਜੂਦਾ ਵਿਸ਼ਾਲ ਅਰਬ ਲੋਕ ਬਗਾਵਤਾ ਦਾ ਇਕ ਹਾਂ ਪੱਖੀ ਪਹਿਲੂ ਲੇਬਨਾਨ 'ਚ ਸਾਹਮਣੇ ਆਇਆ ਹੈ। ਅਮਰੀਕੀ ਮਸੂਬਾ ਇਹ ਸੀ ਕਿ ਸੰਯੁਕਤ ਰਾਸ਼ਟਰ ਸੰਘ ਰਾਹੀਂ ਪ੍ਰਵਾਨਿਤ ਕਮਿਸ਼ਨ ਵਲੋਂ ਸਾਬਕਾ ਪ੍ਰਧਾਨ ਮੰਤਰੀ ਰਫੀਕ ਹਰੀਰੀ ਦੀ ਹੱਤਿਆ ਦੇ ਦੋਸ਼ 'ਚ ਹਿਜਬੁੱਲਾ 'ਤੇ ਪਾਬੰਦੀ ਲਾ ਦਿੱਤੀ ਜਾਵੇ ਤੇ ਉਸ ਦੇ ਨੇਤਾਵਾਂ ਦੀ ਗ੍ਰਿਫ਼ਤਾਰੀ ਲਈ ਕੌਮਾਂਤਰੀ ਵਰੰਟ ਜਾਰੀ ਕਰ ਦਿੱਤੇ ਜਾਣ। ਜਾਹਿਰ ਹੈ ਕਿ ਹਿਜ ਬੁੱਲਾ ਇਸ ਦੀ ਪ੍ਰਵਾਹ ਨਹੀਂ ਕਰਦਾ। ਲੇਬਨਾਨ 'ਚ ਗ੍ਰਹਿਯੁੱਧ ਦੀ ਸਥਿਤੀ ਪੈਦਾ ਹੋ ਜਾਂਦੀ ਅਤੇ ਇਜ਼ਰਾਇਲ 'ਤੇ ਪੱਛਮੀ ਦੇਸ਼ ਹਿਜਬੁਲਾ ਨੂੰ ਸਬਕ ਸਿਖਾਉਣ ਲਈ ਲੇਬਨਾਨ 'ਤੇ ਹਮਲਾ ਬੋਲ ਦਿੰਦੇ ਪਰ ਮਿਸ਼ਰ, ਟਿਊਨੀਸ਼ੀਆ ਆਦਿ ਦੇਸ਼ਾਂ 'ਚ ਜਾਰੀ ਬਗਾਵਤਾਂ ਕਾਰਨ ਅਜਿਹਾ ਨਹੀਂ ਹੋ ਸਕਿਆ। ਇਸ ਦੇ ਉਲਟ ਹਿਜਬੁੱਲਾ ਨੇ ਲੇਬਨਾਨੀ ਸਰਕਾਰ ਨੂੰ ਗਿਰਵਾ ਕੇ ਆਪਣੇ ਸਹਿਯੋਗੀਆਂ ਦੀ ਅਗਵਾਈ ਵਾਲੀ ਨਵੀਂ ਸਰਕਾਰ ਬਣਾ ਦਿੱਤੀ। ਦੂਜਾ ਸਿਟਾ ਫਿਲਸਤੀਨ 'ਚ ਸਾਹਮਣੇ ਆਇਆ ਹੈ ਇਮਾਸ ਹਕੂਮਤ ਗਾਜਾ ਪੱਟੀ ਖੇਤਰ ਦੀ ਘੇਰਾਬੰਦੀ ਮੁਬਾਰਕ ਦੇ ਪਤਨ ਪਿੱਛੋਂ ਢਿੱਲੀ ਪੈ ਗਈ ਸੀ ਤੇ ਅਰਬ ਲੋਕਾਂ ਤੋਂ ਵੱਖ ਮਦਦ ਉੱਥੇ ਲੱਗੀ ਹੈ। ਅੱਗੇ ਮਿਸ਼ਰ 'ਚ ਜਦ ਕੋਈ ਨਵੀ ਪਸ਼ਪ੍ਰਸਤ ਸੱਤਾ ਵੀ ਕਾਇਮ ਹੋਵੇਗੀ ਤਾਂ ਗਾਜਾ ਪੱਟ ਦੀ ਮੁਕੰਮਲ ਘੇਰਾਬੰਦੀ 'ਚ ਇਜ਼ਰਾਇਲੀ ਹਾਕਮਾ ਦਾ ਉਹ ਉਸ ਹੱਦ ਤੱਕ ਸਹਿਯੋਗ ਨਹੀਂ ਕਰ ਸਕੇਗੀ। ਇਸ ਦੌਰਾਨ 'ਗਾਰਡਿਅਨ' ਅਖਬਾਰ ਤੇ ਅਲਜੀਰਾ (ਫਿਲਸਤੀਨ ਪੇਪਰਸ) ਨੇ ਮਹਿਮੂਦ ਅਬਾਸ, ਮੌਜੂਦ ਪੀ. ਐਲ. ਓ. ਅਗਵਾਈ ਤੇ ਫਲਸਤੀਨ ਅਧਾਰਟੀ ਦੇ ਦਲਾਲ ਕਿਰਦਾਰ ਨੂੰ ਨੰਗਾ ਕਰਕੇ ਉਹਨਾਂ ਦੇ ਭਵਿੱਖ ਨੂੰ ਸੀਲਬੰਦ ਕਰ ਦਿੱਤਾ ਗਿਆ ਹੈ। ਫਿਲਹਾਲ ਤੌਰ 'ਤੇ ਪੱਛਮੀ ਤੱਟ 'ਤੇ ਵੀ ਹਮਾਸ ਦਾ ਪ੍ਰਭਾਵ ਵਧਣਾ ਤਹਿ ਹੈ।

ਦੂਰਗਾਮੀ ਤੌਰ 'ਤੇ ਫਿਲਸਤੀਨੀਆਂ ਦੇ ਅੰਦਰੋਂ ਨਵੀਂ ਸੈਕੂਲਰ, ਰੈਡੀਕਲ ਤੇ ਖੱਬੀਆਂ ਸ਼ਕਤੀਆਂ ਦੇ ਉਭਰਨ ਦੀ ਜ਼ਮੀਨ ਨਿਵੇਂ ਸਿਰੇ ਤੋਂ ਤਿਆਰ ਹੋ ਰਹੀ ਹੈ। ਜਿਅਨਵਾਦੀ ਹਾਕਮਾ ਨੇ ਆਪਣੀ ਹਮਲਾਵਰ ਤੇ ਜਾਬਰ ਕਰਵਾਈਆਂ ਨੂੰ ਕੁਝ ਠੱਲ ਪਾ ਦਿੱਤੀ ਹੈ ਤੇ ਖੁਦ ਇਜ਼ਰਾਇਲੀ ਜਨਤਾ ਦੇ ਅੰਦਰ ਤੋਂ ਵੀ ਉਹਨਾਂ ਦੀਆਂ ਨੀਤੀਆਂ ਦੇ ਵਿਰੋਧ 'ਚ ਤਿੱਖੀਆਂ ਆਵਾਜ਼ਾਂ ਉਠਣ ਲੱਗੀਆਂ ਹਨ। ਇਹਨਾਂ ਫੌਰੀ ਪ੍ਰਾਪਤੀਆਂ ਤੋਂ ਇਲਾਵਾ ਮੌਜੂਦਾ ਲੋਕ ਬਗਾਵਤਾਂ ਦੀ ਆਮ ਪ੍ਰਾਪਤੀ ਇਹ ਹੈ ਕਿ ਆਉਣ ਵਾਲੇ ਦਿਨਾਂ 'ਚ ਕਿਸ ਜਾਬਰ ਬੁਰਜੂਆ ਹਕੂਮਤ ਰਾਹੀ ਲੋਕਾਂ ਦੇ ਜਨਵਾਦੀ ਅਧਿਕਾਰਾਂ ਦੀ ਉਲੰਘਣਾ ਏਨੀ ਆਸਾਨ ਨਹੀਂ ਹੋਵੇਗੀ। ਮੌਜੂਦਾ ਲੋਕ ਬਗਾਵਤਾਂ ਦੀ ਲਹਿਰ ਜੇ ਪਿੱਛੇ ਧੱਕ ਦਿੱਤੀ ਜਾਂਦੀ ਹੈ ਤਾਂ ਹੋ ਸਕਦਾ ਹੈ ਕਿ ਕੁਝ ਸਮੇਂ ਲਈ ਅਰਬ ਜਗਤ 'ਚ ਅਸਥਿਰਤਾ ਅਰਾਜਤਾ-ਗ੍ਰਹਿਯੁੱਧ ਵਰਗਾ ਮਹੌਲੀ ਬਣ ਜਾਵੇ। ਇਸਲਾਮੀ ਕੱਟੜਪੰਥੀ ਤਾਕਤਾਂ ਦਾ ਪ੍ਰਭਾਵ-ਵਿਸਥਾਰ ਵੀ ਹੋ ਸਕਦਾ ਹੈ। ਤੇਲ ਦੌਲਤ 'ਤੇ ਅਜਾਰੇਦਾਰੀ ਲਈ ਸਾਮਰਾਜੀ ਦੌੜ ਕੁਝ ਨਵੇਂ ਸਮੀਕਰਨਾ ਨੂੰ ਜਨਮ ਦੇ ਸਕਦੀ ਹੈ। ਫਿਲਸਤੀਨ ਤੋਂ ਇਲਾਵਾ ਲੇਬਨਾਲ ਤੇ ਸੀਰੀਆ ਨੂੰ ਵੀ  ਕੁਟਿਲ ਇਜਰਾਲੀ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪੈ ਸਕਦਾ ਹੈ। ਬਚੇ ਹੋਏ ਸਾਮਰਾਜੀ ਪਿਠੂ ਹੋਰ ਵੱਧ ਦਮਨਕਾਰੀ ਰੁਖ ਅਪਣਾ ਸਕਦੇ ਹਨ। ਪਰ ਇਹ ਸਭ ਸਿੱਟੇ ਤੇ ਪ੍ਰਭਾਵ ਥੁੜ ਚਿਰੇ ਹੀ ਹੋਣਗੇ। ਅਰਬ ਜਗਤ ਨੂੰ ਵੈਸਾ ਨਹੀਂ ਰਹਿ ਜਾਵੇਗਾ ਜੈਸਾ ਪਹਿਲਾਂ ਸੀ. ਜੇ ਸਨਾਟਾ ਜਾਂ ਉਲਟਾਅ ਦੇ ਦੌਰ 'ਚ ਆਉਣਗੇ ਵੀ ਤਾਂ ਲੰਬੇ ਨਹੀਂ ਹੋਣਗੇ। ਮੁਕਾਬਲਤਨ ਵੱਧ ਛੇਟੇ ਅਰਸਿਆਂ 'ਤੇ ਉਭਾਰ ਉਭਰਦੇ ਰਹਿਣਗੇ। ਉਹਨਾਂ ਦੀ ਤੀਬਰਤਾ ਵਧਦੀ ਜਾਏਂਗੀ। ਅੱਗੇ ਮਜ਼ਦੂਰ ਜਮਾਤ, ਜਮਾਤੀ ਸੰਘਰਸ਼ ਦੀ ਸਿੱਖਿਆ ਲਵੇਗਾ। ਲੰਬੇ ਸਮੇਂ ਤੋਂ ਅਰਬ ਜਗਤ ਸਾਮਰਾਜੀ ਵਿਸ਼ਵ ਦੇ ਸਾਹਮਣੇ ਅੰਤਰ ਵਿਰੋਧਾਂ ਨੂੰ ਕੱਠੇ ਕਰ ਰਿਹਾ ਹੈ। ਜਨ ਉਭਾਰਾ ਤੋਂ ਛੇਤੀ ਸਕਾਰਤਾਮਕ ਸਿੱਟਿਆਂ ਦੀ ਉਮੀਦ ਕਰਨਾ ਆਦਰਸ਼ਵਾਦ ਹੋਵੇਗਾ। ਪਰ ਦੂਰ ਦ੍ਰਿਸ਼ਟੀ ਤੋਂ ਇਸ ਤੋਂ ਨਿਸ਼ਚੈ ਹੀ ਸਾਕਾਰ ਆਤਮਕ ਸਿੱਟੇ ਨਿਕਲਣਗੇ। ਇੱਥੋਂ ਅਰਬ ਜਨ ਮੁਕਤੀ ਸੰਘਰਸ਼ ਦਾ ਨਵਾਂ ਚੱਕਰ ਸ਼ੁਰੂ ਹੋਵੇਗਾ। ਇਹ ਨਵੀਂ ਸ਼ੁਰੂਆਤ ਹੈ।

# ਕਿਵੇਂ ਹੈ ਲੀਬੀਆ ਦੇ ਲੋਕ ਉਭਾਰ ਮੂਹਰੇ ਤਾਨਾਸ਼ਾਹੀ ਡਾਵਾਂਡੋਲ

ਸਾਲ 2011 ਦੀ ਸ਼ੁਰੂਆਤ ਦੁਨੀਆਂ ਭਰ ਦੇ ਸਾਮਰਾਜੀ ਲੁਟੇਰਿਆਂ ਲਈ ਇਕ ਬੁਰੇ ਸੁਪਨੇ ਵਾਂਗੂੰ ਰਹੀ। ਦਸੰਬਰ ਦੇ ਅੰਤ ਤੋਂ ਹੀ ਅਰਬ ਦੁਨੀਆਂ ਅੰਦਰ ਭਿਅੰਕਰ ਉਥਲ ਪੁਥਲ ਸ਼ੁਰੂ ਹੋਈ ਅਤੇ ਨਵੇਂ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਟਿਊਨੀਸ਼ੀਆ ਤੇ ਮਿਸ਼ਰ ਵਿੱਚ ਰਾਜ ਕਰ ਰਹੇ ਦਮਨਕਾਰੀ ਤਾਨਾਸ਼ਾਹਾਂ ਦੀਆਂ ਹਕੂਮਤਾਂ ਨੂੰ ਮਜ਼ਦੂਰਾਂ ਨੌਜਵਾਨਾ ਤੇ ਔਰਤਾਂ ਦੇ ਪ੍ਰਚੰਡ ਵਿਰੋਧ ਨੇ ਦਫਨ ਕਰ ਦਿੱਤਾ। ਪਹਿਲਾਂ ਟਿਊਨੀਸ਼ੀਆ ਦੇ ਤਾਨਾਸ਼ਾਹ ਜੈਨੁਲ ਆਬੇਦੀਨ ਬੇਨ ਅਲੀ ਨੂੰ ਬਗਾਵਤ ਤੋਂ ਡਰ ਕੇ ਦੇਸ਼ ਛੱਡ ਕੇ ਭੱਜਣਾ ਪਿਆ ਅਤੇ ਫਿਰ ਟਿਊਨੀਸ਼ੀਆ 'ਚ ਲੋਕਾਂ ਦੀ ਜਿੱਤ ਤੋਂ ਪ੍ਰੇਰਿਤ ਹੋ ਕੇ, ਮਿਸ਼ਰ ਦੇ ਲੋਕਾਂ ਨੇ ਵੀ ਆਪਦੇ ਜ਼ਬਰਦਸਤ ਸੰਘਰਸ਼ 30 ਸਾਲ ਤੋਂ ਰਾਜ ਕਰ ਰਹੇ ਰਾਸ਼ਟਰਪਤੀ ਹੁਸਨੀ ਮੁਬਾਰਕ ਨੂੰ ਅਸਤੀਫਾ ਦੇਣ 'ਤੇ ਮਜ਼ਬੂਰ ਕਰ ਦਿੱਤਾ। ਮਿਸ਼ਰ ਤੇ ਟਿਊਨੀਸ਼ੀਆ 'ਚ ਸ਼ੁਰੂ ਹੋਈ ਸਤਾ ਤਬਦੀਲੀ ਦੀ ਲਹਿਰ ਨੇ ਅਰਬ ਵਿਸ਼ਵ ਦੇ ਕਈ ਦੇਸ਼ਾਂ ਨੂੰ ਆਪਣੀ ਲਪੇਟ 'ਚ ਲੈ ਲਿਆ ਹੈ। ਲੀਬੀਆ 'ਚ ਲੜਾਈ ਜਾਰੀ ਹੈ। ਕਈ ਸ਼ਹਿਰਾਂ ਨੂੰ ਕਜਾਫੀ ਦੀ ਸੱਤਾ ਤੋਂ ਅਜ਼ਾਦ ਕਰਵਾ ਲਿਆ ਗਿਆ ਹੈ ਅਤੇ ਕਜਾਫੀ ਨੇ ਰਾਜਧਾਨੀ ਤ੍ਰਿਪੋਲੀ 'ਚ ਕਿਲਾਬੰਦੀ ਕਰ ਲਈ ਹੈ। ਅਜਿਹਾ ਲੱਗ ਰਿਹਾ ਹੈ ਕਿ ਲੀਬੀਆ ਇਕ ਵੱਡੇ ਗ੍ਰਹਿਯੁੱਧ 'ਚ ਫਸ ਗਿਆ ਹੈ ਪਰ ਕਜਾਫੀ ਦੀ ਸੱਤਾ ਡਾਵਾਂਡੋਲ ਹੋ ਚੁੱਕੀ ਹੈ ਅਤੇ ਉਸ ਦਾ ਟਿਕ ਸਕਣਾ ਮੁਸ਼ਕਲ ਦਿਸ ਰਿਹਾ ਹੈ। ਯਮਨ ਤੇ ਬਹਿਰੀਨ 'ਚ ਵੀ ਲੋਕ ਹਾਕਮਾ ਖਿਲਾਫ਼ ਸੜਕਾਂ 'ਤੇ ਉਤਰ ਚੁੱਕੇ ਹਨ। ਪੂਰੇ ਅਰਬ ਸੰਸਾਰ 'ਚ ਜੋ ਬਰੂਦ ਦੀ ਢੇਰੀ ਲਗਾਤਾਰ ਇਕੱਠੇ ਹੋ ਰਹੇ ਸੀ। ਇਸ 'ਤੇ ਚਿੰਗਾੜੀ ਸੁਟਣ ਦਾ ਕੰਮ ਕੀਤਾ ਨਿਊਨੀਸੀਆ 26 ਸਾਲ ਦੇ ਇਕ ਨੌਜਵਾਨ ਵਲੋਂ ਪੁਲਸ ਜ਼ਬਰ ਵਿਰੁੱਧ ਕੀਤੇ ਗਏ ਆਤਮਦਾਹ ਨੇ। ਇਹ ਨੌਜਵਾਨ ਇਕ ਸਬਜੀ ਵਾਲਾ ਸੀ ਜਿਸ ਨੂੰ ਪੁਲਸ ਲੰਬੇ ਸਮੇਂ ਤੋਂ ਤਸੀਹੇ ਦੇ ਰਹੀ ਸੀ। ਪੁਲਸ ਤੋਂ ਤੰਗ ਆ ਕੇ ਉਸ ਨੇ ਸਰੀਰ 'ਤੇ ਪੈਟਰੋਲ ਛਿੜਕ ਕੇ ਖੁਦ ਨੂੰ ਅੱਗ ਲਾ ਲਈ। ਟਿਊਨੀਸ਼ੀਆ 'ਚ ਤਾਨਾਸ਼ਾਹ ਬੇਨਅਲੀ ਖਿਲਾਫ਼ ਲੋਕਾਂ ਦੇ ਦਿਲ ਵਿਚ ਜੋ ਗੁਮਾ ਸੀ ਤੇ ਲੰਮੇ ਸਮੇਂ ਤੋਂ ਸੁਲਗ ਰਿਹਾ ਸੀ। ਇਸ ਘਟਨਾ ਪਿਛੋਂ ਉਬਲ ਕੇ ਸੜਕਾਂ 'ਤੇ ਆ ਗਿਆ। ਪੂਰੇ ਦੇਸ਼ 'ਚ ਲੋਕ ਸੜਕਾਂ 'ਤੇ ਆ ਗਏ ਤੇ ਕੁਝ ਹੀ ਸਮੇਂ 'ਚ ਇਸ ਪੂਰੀ ਉਥਲ-ਪੁਥਲ ਨੇ ਇਕ ਲੋਕ ਬਗਾਵਤ ਦਾ ਰੂਪ ਧਾਰਨ ਕਰ ਲਿਆ। ਇਸ ਲੋਕ ਬਗਾਵਤ ਦੇ ਦਬਾਅ 'ਚ ਆਖਰਕਾਰ ਬੇਨਅਲੀ ਨੂੰ ਸੱਤਾ ਛੱਡ ਕੇ ਦੇਸ਼ 'ਚੋਂ ਭੱਜਣਾ ਪਿਆ। ਇਸ ਦੇ ਕੁਝ ਹੀ ਦਿਨ ਪਿੱਛੋਂ ਮਿਸ਼ਰ 'ਚ ਵੀ ਵਿਦਰੋਹ ਦੀ ਚਿੰਗਾਰੀ ਭੜਕ ਉੱਠੀ। ਸੰਨ 2008 ਤੋਂ ਹੀ ਮਿਸ਼ਰ 'ਚ ਮਜ਼ਦੂਰ ਅੰਦੋਲਨ ਦਾ ਸਿਲਸਲਾ ਜਾਰੀ ਸੀ। 2004 ਤੋਂ 2011 ਵਿਚਕਾਰ ਸੈਂਕੜੇ ਹੜਤਾਲਾਂ ਹੋਈਆਂ ਜਿਹਨਾਂ 'ਚ ਲੱਖਾਂ ਮਜ਼ਦੂਰਾਂ ਨੇ ਹਿੱਸਾ ਲਿਆ ਮਿਸ਼ਰ 'ਚ ਮੌਜੂਦਾ ਬਗਾਵਤ ਦੀ ਸ਼ੁਰੂਆਤ ਅਸਲ 'ਚ ਮਜ਼ਦੂਰ ਅੰਦੋਲਨ ਤੋਂ ਹੀ ਹੋਈ। ਜਿਸ 'ਚ ਵਿਦਿਆਰਥੀ, ਨੌਜਵਾਨ ਤੇ ਔਰਤਾਂ ਜੁੜਦੀਆਂ ਗਈਆਂ। ਅੰਦੋਲਨ ਨੇ ਇਕ ਪ੍ਰਚੰਡ ਲੋਕ ਬਗਾਵਤ ਦਾ ਰੂਪ ਲੈ ਲਿਆ। ਜਿਸ 'ਚ ਦੇਸ਼ ਭਰ 'ਚ ਲੱਖਾਂ ਲੋਕ ਸੜਕਾਂ 'ਤੇ ਉਤਰੇ ਅਤੇ ਕਈ ਦਿਨਾਂ ਤੱਕ ਹਥਿਆਰਬੰਦ

ਪੁਲਸ ਤੇ ਮੁਬਾਰਕ ਦੇ ਗੁੰਡਾ ਗਰੋਹ ਨਾਲ ਲੋਹਾ ਲੈਂਦੇ ਰਹੇ। ਮਜ਼ਦੂਰ ਅੰਦੋਲਨ ਨਾਲ ਜੁੜੀ ਇਕ ਔਰਤ ਅਸਮਾ ਮਹਿਫੂਜ ਨੇ ਕਹਿਰਾ ਦੇ ਤਹਰੀਰ ਚੌਂਕ 'ਤੇ ਮੁਬਾਰਕ ਦੀ ਦਮਨਕਾਰੀ ਹਕੂਮਤ ਖਿਲਾਫ਼ ਨਾਹਰੇਬਾਜੀ ਨਾਲ ਜੋ ਬਗਾਵਤ ਸ਼ੁਰੂ ਕੀਤੀ। ਉਹ ਕੁਝ ਹੀ ਸਮੇਂ 'ਚ ਇਕ ਲੋਕ ਬਗਾਵਤ 'ਚ ਤਬਦੀਲ ਹੋ ਗਈ। ਇਸ ਲੋਕ ਬਗਾਵਤ ਦੇ ਦਬਾਅ 'ਚ ਮਿਸ਼ਰ ਦੇ ਤਾਨਾਸ਼ਾਹ ਹੁਸਨੀ ਮੁਬਾਰਕ ਨੂੰ ਅਸਤੀਫਾ ਦੇਣਾ ਪਿਆ। ਲੋਕਾਂ ਨੇ ਟਿਊਨੀਸ਼ੀਆ ਤੇ ਮਿਸ਼ਰ 'ਚ ਤਾਨਾਸ਼ਾਹਾਂ ਨੂੰ ਹਟਾ ਤਾਂ ਦਿੱਤਾ ਹੈ ਪਰ ਅਜੇ ਇਹਨਾ ਦੋਨਾਂ ਹੀ ਦੇਸ਼ਾਂ 'ਚ ਸਥਿਤੀ ਸਪਸ਼ਟ ਨਹੀਂ ਹੈ। ਮਿਸ਼ਰ 'ਚ ਸੱਤਾ ਅਸਲ 'ਚ ਫ਼ੌਜ ਮੁਖੀ ਤਨਤਾਵੀ ਦੇ ਹੱਥ ਵਿਚ ਹੈ। ਜੋ ਅਮਰੀਕਾ ਪ੍ਰਤੀ ਵਫਾਦਾਰ ਹੈ ਅਤੇ ਲੋਕ ਬਗਾਵਤ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਲੋਕ ਬਗਾਵਤ ਵੀ ਮੁਬਾਰਕ ਦੇ ਹਟਣ ਪਿੱਛੋਂ ਕੁਝ ਕੰਮਜ਼ੋਰ ਪੈ ਗਈ ਹੈ ਅਤੇ ਕੁਝ ਲੋਕ ਮੁਬਾਰਕ ਦੇ ਅਸਤੀਫੇ ਨੂੰ ਹੀ ਆਪਣੀ ਜਿੱਤ ਸਮਝ ਕੇ ਬੈਠ ਗਏ ਹਨ ਪਰ ਇਹ ਬਗਾਵਤ ਅਜੇ ਖ਼ਤਮ ਨਹੀਂ ਹੋਈ ਹੈ। ਲੱਖਾਂ ਦੀ ਗਿਣਤੀ 'ਚ ਮਿਸ਼ਰ ਦੇ ਲੋਕ ਅਜੇ ਵੀ ਸੜਕਾਂ 'ਤੇ ਹੈ ਅਤੇ ਉਹਨਾਂ ਵਿੱਚੋਂ ਕਈ ਇਸ ਗੱਲ ਨੂੰ ਸਮਝ ਰਹੇ ਹਨ ਕਿ ਜੇ ਅਸਲ 'ਚ ਕੁਝ ਜਮਹੂਰੀ ਅਧਿਕਾਰ ਹਾਸਲ ਕਰਨੇ ਹਨ ਤਾਂ ਅਜੇ ਇਸ ਲੜਾਈਆਂ ਨੂੰ ਜਾਰੀ ਰੱਖਣਾ ਹੋਵੇਗਾ। ਅੱਗੇ ਕੀ ਹੋਵੇਗਾ ਉਸ ਸੁਆਲ ਦਾ ਜੁਆਬ ਭਵਿੱਖ ਦੇ ਗਰਭ ਵਿੱਚ ਹੈ। ਏਨਾ ਤਹਿ ਹੈ ਕਿ ਇਹ ਲੋਕ ਬਗਾਵਤ ਨਾ ਕੋਈ ਬੁਨਿਆਦੀ ਢਾਂਚੇ 'ਚ ਤਬਦੀਲੀ ਲਿਆ ਸਕੀ ਹੈ, ਤਾਂ ਵੀ ਇਹ ਮਿਸ਼ਰ ਦੇ ਲੋਕਾਂ ਨੂੰ ਕਾਫੀ ਕੁਝ ਸਿਖਾ ਦੇਵੇਗਾ। ਅਜਿਹੀਆਂ ਬਗਾਵਤਾਂ ਜਨਤਾ ਦੀ ਰਾਜਸੀ ਪਹਿਲ ਕਦਮੀ ਨੂੰ ਖੋਹਲ ਜਾਂਦੀਆਂ ਹਨ ਅਤੇ ਨਵੇ ਉਨਤ ਧਰਾਤਲ 'ਤੇ ਜਮਾਤੀ ਲੜਾਈ ਦੀ ਜ਼ਮੀਨ ਤਿਆਰ ਕਰਦੀਆਂ ਹਨ। ਪਰ ਇਹ ਬਗਾਵਤ ਮੁਬਾਰਕ ਦੀ ਬੇਰਹਿਮ ਦਮਨਕਾਰੀ ਸਜ਼ਾ ਦੇ ਮੁਕਾਬਲੇ ਲੋਕਾਂ ਨੂੰ ਕੁਝ ਜਮਹੂਰੀ ਹੱਕ ਦਿਵਾਉਣ 'ਚ ਵੀ ਕਾਮਯਾਬ ਹੁੰਦਾ ਹੈ। ਤਾਂ ਇਸ ਨਾਲ ਮਿਸ਼ਰ ਵਿੱਚ ਮਜ਼ਦੂਰ ਅੰਦੋਲਨ ਅਤੇ ਮਜ਼ਦੂਰ ਜਮਾਤੀ ਰਾਜਨੀਤੀ ਦੇ ਵਧਣ ਫੁਲਣ ਲਈ ਵੱਧ ਅਨਕੂਲ ਜ਼ਮੀਨ ਤਿਆਰ ਕਰਨ 'ਚ ਮਦਦ ਮਿਲੇਗੀ। ਇਤਿਹਾਸ 'ਚ ਪਹਿਲਾਂ ਵੀ ਅਜਿਹੇ ਮੌਕੇ ਆਏ ਹਨ ਜਦ ਕਿਸੇ ਵਿਅਕਤੀ ਜਾਂ ਕੁਝ ਵਿਅਕਤੀਆਂ ਵਲੋਂ ਸ਼ੁਰੂ ਹੋਈ ਬਗਾਵਤ ਇਕ ਲੋਕ ਵਿਦਰੋਹ 'ਚ ਤਬਦੀਲ ਹੋ ਗਈ ਹੈ। ਪਰ ਅਜਿਹਾ ਸਿਰਫ਼ ਉਦੋਂ ਹੁੰਦਾ ਹੈ ਜਦ ਉਸ ਬੰਦੇ ਜਾਂ ਬੰਦਿਆਂ ਦੇ ਬਗਾਵਤ ਕਰਨ ਕਾਰਨ ਸਾਰੇ ਲੋਕਾਂ ਦੇ ਹੀ ਕਾਰਨ ਹੋਣ ਜਾਂ ਬਣ ਜਾਣ। ਰੂਸ 'ਚ ਫਰਵਰੀ ਇਨਕਲਾਬ 'ਚ ਵੀ ਅਜਿਹਾ ਹੀ ਹੋਇਆ ਸੀ ਜਿਸ ਨੇ ਜਾਰ ਦੀ ਅਤਿਆਚਾਰੀ ਹਕੂਮਤ ਨੂੰ ਉਖਾੜ ਸੁੱਟਿਆ ਸੀ। ਇਸ ਫਰਵਰੀ ਇਨਕਲਾਬ ਦੇ 9 ਮਹੀਨੇ ਪਿੱਛੋਂ ਹੀ ਰੂਸ 'ਚ ਮਜ਼ਦੂਰ ਇਨਕਲਾਬ ਹੋ ਗਿਆ ਅਤੇ ਦੁਨੀਆਂ ਦਾ ਪਹਿਲਾਂ ਸਮਾਜਵਾਦੀ ਦੇਸ਼ ਹੋਂਦ 'ਚ ਆ ਗਿਆ। ਇਸ ਦਾ ਕਾਰਨ ਇਹ ਸੀ ਕਿ ਰੂਸ 'ਚ ਇਕ ਤਜ਼ਰਬੇਕਾਰ ਤਰਕਸ਼ੀਲ ਰਾਜਸੀ ਲੀਡਰਸ਼ਿਪ ਮੌਜੂਦ ਸੀ ਜੋ ਦਸ਼ ਦੇ ਮਜ਼ਦੂਰ ਸੰਘਰਸ਼ ਦੀ ਅਗਵਾਈ ਕਰ ਰਹੀ ਸੀ। ਪਰ ਮਿਸ਼ਰ, ਟਿਊਨੀਸ਼ੀਆ ਤੇ ਹੋਰ ਦੂਜੇ ਅਰਬ ਦੇਸ਼ਾਂ ਵਿੱਚ ਅਜਿਹਾ ਕੋਈ ਰਾਜਸੀ ਲੀਡਰਸ਼ਿਪ ਮੌਜੂਦ ਨਹੀਂ ਸੀ। ਜੋ ਇਸ ਲੋਕ ਵਿਦਰੋਹ ਨੂੰ ਸਹੀ ਇਨਕਲਾਬੀ ਵਿਚਾਰਧਾਰਾ, ਪ੍ਰੋਗ੍ਰਾਮ ਤੇ ਪਾਰਟੀ ਰਾਹੀਂ ਇਨਕਲਾਬ 'ਚ ਤਬਦੀਲ ਕਰ ਸਕੇ। ਇਹੀ ਕਾਰਨ ਹੈ ਕਿ ਟਿਊਨੀਸ਼ੀਆ ਤੇ ਮਿਸ਼ਰ 'ਚ ਲੋਕ ਅਤਿਆਚਾਰੀ ਤਾਨਾਸ਼ਾਹਾਂ ਨੂੰ ਸੱਤਾ ਤੋਂ ਤਾਂ

ਭਜਾਉਣ 'ਚ ਕਾਮਯਾਬ ਰਹੇ ਪਰ ਉਹਨਾਂ ਕੋਲ ਪੂਰੀ ਸਾਮਰਾਜੀ ਪੂਜੀਵਾਦੀ ਪ੍ਰਣਾਲੀ ਦਾ ਬਦਲ ਮੌਜੂਦ ਨਹੀਂ ਸੀ। ਨਿਸ਼ਚੈ ਹੀ ਲੋਕਾ ਦੀ ਸ਼ਾਨਦਾਰ ਜਿੱਤ ਸੀ ਕਿ ਉਸ ਨੇ ਘ੍ਰਿਣਾ ਤੇ ਨਫ਼ਰਤ ਦੀਆਂ ਪਾਤਰ ਇਹਨਾਂ ਭ੍ਰਿਸ਼ਟ ਤਾਨਾਸ਼ਾਹੀਆਂ ਨੂੰ ਤਹਿਸ-ਨਹਿਸ ਕਰ ਦਿੱਤਾ ਪਰ ਜਿਸ ਪੂੰਜੀਵਾਦੀ ਵਿਵਸਥਾ ਦੇ ਸੰਕਟ ਨੇ ਇਹਨਾਂ ਅਤਿਆਚਾਰੀ ਤਾਨਾਸ਼ਾਹੀਆਂ ਨੂੰ ਜਨਮ ਦਿੱਤਾ ਸੀ। ਉਹ ਪ੍ਰਣਾਲੀ ਅਜੇ ਆਪਣੀ ਥਾਂ 'ਤੇ ਬਣੀ ਹੋਈ ਹੈ। ਇਸ ਲਈ ਅਜੇ ਲੋਕਾਂ ਦੇ ਸਾਹਮਣੇ ਇਕ ਬਹੁਤ ਲੰਬਾ ਰਾਹ ਤਹਿ ਕਰਨਾ ਬਾਕੀ ਹੈ।

ਮੌਜੂਦਾ ਅਰਬ ਲੋਕ ਉਭਾਰ ਪਿਛੇ ਕੰਮ ਕਰ ਰਹੀਆਂ ਤਾਕਤਾਂ - ਮੌਜੂਦਾ ਅਰਬ ਜਨ ਉਭਾਰ ਪਿੱਛੇ ਮੁਖ ਤੌਰ 'ਤੇ ਦੋ ਤਾਕਤਾਂ ਕੰਮ ਕਰ ਰਹੀਆਂ ਹਨ। ਇਕ ਤਾਕਤ ਜੋ ਖਾਸ ਕਰਕੇ ਮਿਸ਼ਰ 'ਚ ਤਾਕਤਵਰ ਹੈ। ਉਹ ਹੈ ਮਜ਼ਦੂਰ ਅੰਦੋਲਨ ਦੀ ਤਾਕਤ। ਮਿਸ਼ਰ 'ਚ ਪਿਛਲੇ ਦੋ ਦਹਾਕਿਆਂ 'ਚ ਹੁਸਨੀ ਮੁਬਾਰਕ ਦੀ ਸਰਕਾਰ ਨੇ ਤੇਜੀ ਨਾਲ ਵਿਸ਼ਵੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕੀਤਾ ਅਤੇ ਦੇਸ਼ ਦੇ ਕੁਦਰਤੀ ਅਤੇ ਦੇਸ਼ ਦੀ ਧਨ ਦੌਲਤ ਦੀ ਦੇਸੀ ਤੇ ਵਿਦੇਸ਼ੀ ਲੁੱਟ ਨੂੰ ਵਧਾਇਆ ਹੈ। 2001 ਤੋਂ 2011 ਵਿਚਕਾਰ ਖਾਸ ਤੌਰ 'ਤੇ ਬੇਹੱਦ ਤੇਜ਼ ਰਫਤਾਰ ਨਾਲ ਛਾਂਟੀ ਤੇ ਤਾਲਾਬੰਦੀ ਹੋਈ ਹੈ। ਇਸ ਨਾਲ ਮਜ਼ਦੂਰਾਂ 'ਚ ਬੇਰੁਜ਼ਗਾਰੀ ਵਧੀ ਹੈ ਅਤੇ ਉਹਨਾਂ ਨੂੰ ਜੋ ਵੀ ਸਮਾਜਿਕ ਤੇ ਆਰਥਿਕ ਸੁਰੱਖਿਆ ਮੁਹਈਆ ਸੀ, ਉਹ ਖ਼ਤਮ ਹੋਈ ਹੈ। ਖਾਸ ਕਰਕੇ ਮਿਸ਼ਰ ਦੇ ਕੁਦਰਤੀ ਅਦਾਰਿਆਂ ਨੂੰ ਦੇਸੀ ਤੇ ਵਿਦੇਸ਼ੀ ਵੱਡੀ ਪੂੰਜੀ ਦੇ ਹਵਾਲੇ ਕੀਤਾ ਗਿਆ ਹੈ। ਇਹਨਾਂ ਨੀਤੀਆਂ ਕਾਰਨ ਮਿਸ਼ਰ ਦੇ ਲੋਕਾਂ ਦਾ ਇੱਕ ਵੱਡਾ ਹਿੱਸਾ ਅੱਜ ਭਿਅੰਕਰ ਬੇਰੁਜ਼ਗਾਰੀ ਤੇ ਗਰੀਬੀ ਦਾ ਸਾਹਮਣਾ ਕਰ ਰਿਹਾ ਹੈ। ਕਰੀਬ 40 ਫੀਸਦੀ ਲੋਕ ਗਰੀਬੀ ਰੇਖਾ ਤੋਂ ਹੇਠਾਂ ਜਿਉਂ ਰਹੇ ਹਨ ਤੇ ਪੂਰੇ ਅਰਬ ਜਗਤ 'ਚ ਕਰੀਬ 14 ਕਰੋੜ ਲੋਕ ਇਕ ਡਾਲਰ ਰੋਜਾਨਾ ਤੋਂ ਵੀ ਘੱਟ ਆਮਦਨ 'ਤੇ ਗੁਜਾਰਾ ਕਰ ਰਹੇ ਹਨ। ਸਿੱਟੇ ਵਜੋਂ ਪਿਛਲੇ ਦਸ ਸਾਲਾਂ 'ਚ ਮਜ਼ਦੂਰਾਂ 'ਚ ਬੇਚੈਨੀ ਤੇਜੀ ਨਾਲ ਵਧੀ ਹੈ। ਇਸ ਬੇਚੈਨੀ ਦੀ ਮਜ਼ਬੂਤੀ ਮਜ਼ਦੂਰ ਅੰਦੋਲਨ 'ਚ ਸਾਹਮਣੇ ਆਈ ਹੈ। 2004 ਤੋਂ 2011 ਵਿਚਕਾਰ ਮਿਸ਼ਰ 'ਚ ਹੋਈਆਂ ਹੜਤਾਲਾਂ 'ਚ ਕਰੀਬ 10 ਲੱਖ ਮਜ਼ਦੂਰਾਂ ਨੇ ਹਿੱਸਾ ਲਿਆ ਹੈ। 2008 'ਚ ਮਜ਼ਦੂਰ ਸੰਘਰਸ਼ ਨੇ ਵਿਸ਼ੇਸ਼ ਕਰਕੇ ਰਫਤਾਰ ਫੜੀ। ਅਪ੍ਰੈਲ 'ਚ ਮਿਸ਼ਰ 'ਚ ਸਨਅਤੀ ਮਜ਼ਦੂਰਾਂ ਨੇ ਦੁਕਾਨਾਂ 'ਤੇ ਕੰਮ ਕਰਨ ਵਾਲੇ ਅਤੇ ਗੈਰ ਰਵਾਇਤੀ ਖੇਤਰ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਨਾਲ ਮਿਲ ਕੇ '6 ਅਪ੍ਰੈਲ ਅੰਦੋਲਨ' ਦੀ ਸ਼ੁਰੂਆਤ ਕੀਤੀ। ਜਿਸ ਔਰਤ ਨੇ ਤਹਿਰੀਰ ਚੌਂਕ 'ਤੇ ਮੁਬਾਰਕ ਦੀ ਸਤਾ ਖਿਲਾਫ਼ ਨਾਹਰੇਬਾਜੀ ਕਰਦਿਆਂ ਮੌਜੂਦਾ ਵਿਦਰੋਹ ਦੀ ਸ਼ੁਰੂਆਤ ਕੀਤੀ। ਉਹ ਅਸਲ 'ਚ ਇਸ ਮਜ਼ਦੂਰ ਅੰਦੋਲਨ ਨਾਲ ਜੁੜੀ ਹੋਈ ਸੀ। ਇਸ ਤਰ੍ਹਾਂ ਨਾਲ ਅਸੀਂ ਵੇਖ ਸਕਦੇ ਹਾਂ ਮੌਜੂਦਾ ਲੋਕ ਬਗਾਵਤ ਦੀਆਂ ਜੜ੍ਹਾਂ ਮਜ਼ਦੂਰ ਅੰਦੋਲਨ ਵਿੱਚ ਸਨ ਅਤੇ ਅਸਲ 'ਚ ਇਹ ਮਜ਼ਦੂਰ ਅੰਦੋਲਨ ਇਸ ਬਗਾਵਤ ਦੀ ਪ੍ਰਮੁੱਖ ਤਾਕਤ ਸੀ। ਦੂਜੀ ਤਾਕਤ ਸੀ ਮੁਬਾਰਕ ਦੀ ਅਤਿਆਚਾਰੀ ਜਾਲਮ ਹਕੂਮਤ ਖਿਲਾਫ਼ ਨੌਜਵਾਨਾਂ ਤੇ ਔਰਤਾਂ ਦਾ ਭਿਅੰਕਰ ਅਸੰਤੋਸ, ਮੁਬਾਰਕ ਦੀ ਸਰਕਾਰ ਨੇ ਲੰਮੇ ਸਮੇਂ ਤੋਂ ਐਮਰਜੰਸੀ ਲਾ ਰੱਖੀ ਸੀ। ਬਦਨਾਮ ਐਮਰਜੰਸੀ ਕਾਨੂੰ ਤਹਿਤ ਹਜ਼ਾਰਾਂ ਲੋਕ ਜੇਹਲਾਂ 'ਚ ਬੰਦ ਸਨ। ਕਿਤੇ ਵੀ 5 ਤੋਂ ਵੱਧ ਲੋਕ ਇਕੱਠੇ ਨਹੀਂ ਹੋ ਸਕਦੇ ਸਨ। ਸਰਕਾਰ ਵਿਰੁੱਧ ਕਿਸੇ ਤਰ੍ਹਾਂ

ਦਾ ਵਿਰੋਧ ਜਾਂ ਮੁਜਾਹਰੇ ਦੀ ਇਜਾਜਤ ਨਹੀਂ ਸੀ। ਸਕੂਲਾਂ, ਯੂਨੀਵਰਸਿਟੀਆਂ ਤੇ ਕਾਲਜਾਂ 'ਚ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਕਿਸੇ ਕਿਸਮ ਦੀ ਅਜ਼ਾਦੀ ਨਹੀਂ ਸੀ ਤੇ ਹਰ ਸਮੇਂ ਉਹ ਸਰਕਾਰ ਦੀਆਂ ਨਜ਼ਰਾਂ ਹੇਠ ਰਹਿੰਦੇ ਸਨ। ਅਜਿਹੇ ਦਮਘੋਟੂ ਮਹੌਲ ਨੇ ਨੌਜਵਾਨਾ ਅੰਦਰ ਭਿਅੰਕਰ ਗੁੱਸਾ ਭਰ ਰੱਖਿਆ ਸੀ। ਕੁਝ ਸਮੇਂ ਪਹਿਲਾਂ ਇੱਕ ਨੌਜਵਾਨ ਖਾਲਿਦ ਸਈਆਦ ਨੇ ਕੁਝ ਪੁਲਸੀਆਂ ਦੀ ਇਕ ਵੀਡੀਓ ਬਣਾ ਲਈ ਸੀ। ਜਿਸ 'ਚ ਉਹ ਜਬਤ ਕੀਤੀਆਂ ਨਸੀਲੀਆਂ ਦਵਾਈਆਂ ਨੂੰ ਆਪਸ 'ਚ ਵੰਡ ਰਹੇ ਸਨ।

ਇਹ ਵੀਡੀਓ ਨੂੰ ਉਸ ਨੇ ਇੰਟਰਨੈੱਟ 'ਤੇ ਪਾ ਦਿੱਤਾ। ਇਸ ਪਿੱਛੋਂ ਪੁਲਸੀਆਂ ਨੇ ਇਸ ਨੌਜਵਾਨ ਨੂੰ ਫੜ੍ਹਿਆ ਤੇ ਬੇਰਹਿਮੀ ਤਸੀਹੇ ਦੇ ਕੇ ਮਾਰ ਦਿੱਤਾ। ਇਸ ਪਿੱਛੋਂ ਨੌਜਵਾਨਾਂ ਨੇ ਇਕ ਪੂਰੀ ਮੁਹਿੰਮ ਹੀ ਸ਼ੁਰੂ ਕਰ ਦਿੱਤੀ। ਜਿਸ 'ਚ ਉਹਨਾਂ ਇਕ ਵੈਬਸਾਈਟ ਬਣਾਈ ਜਿਸ ਦਾ ਨਾਂ ਸੀ "ਅਸੀਂ ਸਾਰੇ ਖਾਲਿਦ ਸਈਅਦ ਹਾਂ" ਨੌਜਵਾਨਾ ਨੇ ਲੰਮੇ ਸਮੇਂ ਤੋਂ ਲਾਗੂ ਐਮਰਜੰਸੀ ਕਾਨੂੰਨ ਖਿਲਾਫ਼ ਪਹਿਲਾਂ ਤੋਂ ਹੀ ਇਕ ਅੰਦੋਲਨ ਛੇੜ ਰੱਖਿਆ ਸੀ ਅਤੇ ਇਸ ਮੁਹਿੰਮ ਨੇ ਉਸ ਨੂੰ ਹੋਰ ਹੱਲਾਸ਼ੇਰੀ ਦਿੱਤੀ। ਇਸ ਤੋਂ ਇਲਾਵਾ ਪੁਲਸ ਵਲੋਂ ਔਰਤਾਂ ਦੀ ਲੁਟ-ਘਸੁੱਟ ਮਿਸ਼ਰ 'ਚ ਆਮ ਗੱਲ ਸੀ। ਇਸ ਕਾਰਨ ਔਰਤਾਂ ਲਈ ਪੁਲਸ ਦਹਿਸ਼ਤ ਦਾ ਸਬੱਬ ਬਣ ਗਈ ਸੀ। ਔਰਤਾਂ ਅੰਦਰ ਪੁਲਸ ਤੇ ਸਰਕਾਰ ਖਿਲਾਫ਼ ਜ਼ਬਰਦਸਤ ਗੁੱਸਾ ਸੀ। ਨੌਜਵਾਨਾਂ ਤੇ ਔਰਤਾਂ ਵਿਚਕਾਰ ਜਮਹੂਰੀ ਅਧਿਕਾਰਾਂ ਦੀ ਪ੍ਰਚੰਡ ਇੱਛਾ ਮੌਜੂਦ ਸੀ ਅਤੇ ਤਹਿਰੀਰ ਚੌਂਕ 'ਤੇ ਅਸਮਾ ਮਹਿਫੂਜ ਵਲੋਂ ਬਗਾਵਤ ਦੀ ਸ਼ੁਰੂਅਤ ਨੇ ਇਸ ਚਾਹਤ ਨੂੰ ਖੁਲ੍ਹਕੇ ਸਾਹਮਣੇ ਆਉਣ ਦਾ ਮੌਕਾ ਦੇ ਦਿੱਤਾ। ਮਿਸ਼ਰ 'ਚ ਅਤੇ ਪੂਰੇ ਅਰਬ ਜਗਤ 'ਚ ਮੌਜੂਦ ਤਾਨਾਸ਼ਾਹ ਹਕੂਮਤਾਂ ਖਿਲਾਫ਼ ਨੌਜਵਾਨਾ ਤੇ ਆਮ ਨਿਮਨ ਮੱਧ ਵਰਗ ਦਾ ਰੋਹ ਉਹ ਦੂਜੀ ਤਾਕਤ ਹੈ, ਜੋ ਮੌਜੂਦਾ ਅਰਬ ਲੋਕ ਉਭਾਰ ਦੇ ਪਿੱਛੇ ਕੰਮ ਕਰ ਰਹੀ ਹੈ। ਕਿਸੇ ਦੇਸ਼ 'ਚ ਮਜ਼ਦੂਰ ਅੰਦੋਲਨ ਦੀ ਤਾਕਤ ਪ੍ਰਮੁਖ ਹੈ। ਜੋ ਕਿਸੇ 'ਚ ਜਮਹੂਰੀ ਅਧਿਕਾਰਾਂ ਲਈ ਅਤੇ ਤਾਨਾਸ਼ਾਹੀ ਦੇ ਖਿਲਾਫ਼ ਆਮ ਲੋਕਾਂ ਦੇ ਸੰਘਰਸ਼ ਦੀ ਤਾਕਤ। ਇਹਨਾਂ ਦੋਹਾਂ ਤਾਕਤਾਂ ਦੇ ਸੰਗਮ ਨੇ ਹੀ ਟਿਊਨੀਸ਼ੀਆ ਅਤੇ ਮਿਸ਼ਰ ਵਿੱਚ ਲੋਕ ਸੰਘਰਸ਼ ਨੂੰ ਜਨਮ ਦਿੱਤਾ ਅਤੇ ਇਹ ਤਾਕਤਾਂ ਲੀਬੀਆ, ਬਮਨ ਤੇ ਬਹਿਰੀਨ 'ਚ ਵੀ ਲੋਕ-ਬਗਾਵਤ ਦੀ ਤਿਆਰੀ ਕਰ ਰਹੀਆਂ ਹਨ। ਇਸ ਤਰ੍ਹਾਂ ਮੌਜੂਦਾ ਅਰਬ ਲੋਕ ਉਭਾਰ ਪਿੱਛੇ ਤਾਨਾਸ਼ਾਹੀ ਤੇ ਜਨਵਾਦੀ ਅਧਿਕਾਰਾਂ ਦੀ ਮੌਜੂਦਗੀ ਖਿਲਾਫ਼ ਆਮ ਜਨਤਾ ਦਾ ਗੁੱਸਾ ਤੇ ਨਾਲ ਹੀ ਨਵ-ਉਦਾਰਵਾਦੀ ਨੀਤੀਆਂ ਕਾਰਨ ਵਿਆਪਕ ਮਜ਼ਦੂਰ ਅਬਾਦੀ ਦੀ ਤਬਾਹੀ ਕਾਰਨ ਪੈਦਾ ਹੋਇਆ ਮਜ਼ਦੂਰ ਰੋਹ ਅਤੇ ਮਜ਼ਦੂਰ ਅੰਦੋਲਨ ਹੈ। ਅਰਬ ਲੋਕਾਂ ਦੀ ਬਗਾਵਤ ਪਿੱਛੇ ਕੰਮ ਕਰ ਰਹੀਆਂ ਇਹਨਾਂ ਦੋ ਮੁਖ ਤਾਕਤਾਂ ਦੇ ਬਾਅਦ ਹੁਣ ਉਹਨਾਂ ਮੁਖ ਇਤਿਹਾਸਕ-ਰਾਜਨੀਤਿਕ ਕਾਰਨਾਂ ਨੂੰ ਸਮਝ ਲੈਣਾ ਸਾਡੇ ਦੇਸ਼ ਦੇ ਮਜ਼ਦੂਰ ਅੰਦੋਲਨ ਲਈ ਵੀ ਉਪਯੋਗੀ ਹੋਵੇਗਾ। ਜਿਹਨਾਂ ਨੇ ਇਸ ਬਗਾਵਤ ਦੀ ਜ਼ਮੀਨ ਲੰਮੇ ਸਮੇਂ ਤੋਂ ਤਿਆਰ ਕੀਤੀ ਹੈ।

# ਭਾਰਤੀ ਰੇਲਵੇ ’ਤੇ ਗੈਰ-ਸਮਾਜੀ ਤੱਤਾਂ ਦਾ ਸਿਕੰਜਾ ਕਿਵੇਂ?

ਭਾਰਤ ਦੀ ਤਰੱਕੀ ਦੀ ਜੀਵਨ-ਰੇਖਾ ਸਮਝੀ ਜਾਂਦੀ ਭਾਰਤੀ ਰੇਲ ਇਸ ਸਮੇਂ ਬਿਨਾਂ ਸ਼ਕ ਸੰਸਾਰ ਪੱਧਰੀ ਰੇਲ ਆਵਾਜਾਈ ਨਾਲ ਜ਼ਬਰਦਸਤ ਮੁਕਾਬਲਾ ਕਰ ਰਹੀ ਹੈ। ਚਾਹੇ ਉਹ ਸਾਰੇ ਸੁਪਰਫਾਸਟ ਤੇ ਲਗਜ਼ਰੀ ਕੋਚ ਵਾਲੀਆਂ ਨਵੀਆਂ ਰੇਲ ਗੱਡੀਆਂ ਨੂੰ ਚਲਾਉਣ ਦੀ ਗੱਲ ਹੋਵੇ। ਰੇਲਵੇ ਦੀ ਸਿਗਨਲ ਪ੍ਰਣਾਲੀ ਨੂੰ ਹੋਰ ਵੱਧ ਅਧੁਨਿਕ ਕੀਤਾ ਜਾਣਾ ਹੋਵੇ ਜਾਂ ਫਿਰ ਰੇਲਵੇ ਵਸਤਾਂ ਨਾਲ ਜੁੜੇ ਕੋਚ ਆਦਿ ਲਈ ਉਦਯੋਗ ਲਿਆਉਣ ਦਾ ਮਾਮਲਾ ਹੋਵੇ, ਸਾਰੀਆਂ ਗੱਡੀਆਂ ਦੀ ਰਫਤਾਰ ਵਧਾਉਣ ਦੀ ਗੱਲ ਹੋਵੇ, ਨਵੇਂ ਤੇ ਉੱਚ ਪੱਧਰੀ ਰੇਲਵੇ ਟ੍ਰੈਕ ਵਿਛਾਉਣੇ ਹੋਣ, ਰੇਲਵੇ ਸਟੇਸ਼ਨਾ ਦੇ ਅਧੁਨੀਕੀਕਰਣ ਦੀ ਗੱਲ ਹੋਵੇ। ਲਗਭਗ ਇਹਨਾਂ ਸਾਰੇ ਖੇਤਰਾਂ ਵਿੱਚ ਭਾਰਤੀ ਰੇਲਵੇ ਨੇ ਕਾਫੀ ਵਿਕਾਸ ਕੀਤਾ ਹੈ। ਵੈਸੇ ਵੀ ਬੀਤੇ 7 ਸਾਲਾਂ ਤੋਂ ਭਾਰਤੀ ਰੇਲ ਵਲੋਂ ਸਾਧਾਰਨ ਦਰਜੇ ਦਾ ਕਿਰਾਇਆ ਨਾ ਵਧਾਉਣ ਬਦਲੇ ਭਾਰਤੀ ਮੁਸਾਫਰ ਰੇਲਵੇ ਵਿਭਾਗ ਦੇ ਪਹਿਲਾਂ ਤੋਂ ਹੀ ਸ਼ੁਕਰ ਗੁਜਾਰ ਹਨ ਪਰ ਜਿੱਥੇ ਇਕ ਪਾਸੇ ਭਾਰਤੀ ਰੇਲ ਤਰੱਕੀ, ਵਿਸਥਾਰ, ਰਫਤਾਰ ਤੇ ਸਹੂਲਤਾਂ ਦੇ ਖੇਤਰ ’ਚ ਵਿਕਾਸ ਦੀਆਂ ਨਿੱਤ ਨਵੀਆਂ ਮੰਜ਼ਿਲਾਂ ਤਹਿ ਕਰ ਰਹੀ ਹੈ। ਉਥੇ ਇਸ ਭਾਰਤੀ ਰੇਲਵੇ ’ਤੇ ਸਮਾਜ ਵਿਰੋਧੀ ਤੱਤਾਂ, ਲੁਟੇਰਿਆਂ, ਠੱਗਾਂ, ਭਿਖਾਰੀਆਂ ਤੇ ਚਾਲਬਾਜਾਂ ਦਾ ਸਿਕੰਜਾ ਵੀ ਤੇਜੀ ਨਾਲ ਕਸਦਾ ਜਾ ਰਿਹਾ ਹੈ। ਸਿੱਟੇ ਵਜੋਂ ਰੇਲ ਜਾਇਦਾਦ ਦੇ ਨਾਲ-ਨਾਲ ਰੇਲ ਮੁਸਾਫਰਾਂ ਤੇ ਪਲੇਟਫਾਰਮ ’ਤੇ ਬੈਠੇ ਆਮ ਮੁਸਾਫਰਾਂ ਨੂੰ ਬੜਾ ਖਤਰਾ ਪੈਦਾ ਹੁੰਦਾ ਜਾ ਰਿਹਾ ਹੈ। ਇਹੀ ਹੀ ਨਹੀਂ ਬਲਕਿ ਇਹਨਾਂ ਅਰਾਜਕ ਤੱਤਾਂ ਦੀ ਰੇਲ-ਗੱਡੀਆਂ ਤੇ ਸਟੇਸ਼ਨਾ ਉਪਰ ਵਧਦੀ ਦਖਲਅੰਦਾਜੀ ਨੇ ਆਮ ਮੁਸਾਫਰਾਂ ਦਾ ਸਫਰ ਤੇ ਸਟੇਸ਼ਨ ਉਪਰ ਮਿਲਣ ਵਾਲੀਆਂ ਸਹੂਲਤਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਸਮੇਂ ਦੇਸ਼ ਦੇ ਬਹੁਤੇ ਰੇਲਵੇ ਸਟੇਸ਼ਨ ਭਿਖਾਰੀਆਂ ਦੇ ਰੂਪ ’ਚ ਛੁਪੇ ਨਿਕੰਮੇ, ਹੱਟੇ-ਕੱਟੇ ਲੋਕਾਂ ਅਪਰਾਧੀਆਂ ਮੁੰਡਿਆਂ, ਨਸ਼ੀਲੇ ਪਦਾਰਥ ਦੇ ਕਾਰੋਬਾਰੀਆਂ, ਚੋਰ ਉਚਕਿਆਂ ਤੇ ਅਵਾਰਾ ਔਰਤਾਂ ਦੇ ਗੜ੍ਹ ਬਣਦੇ ਜਾ ਰਹੇ ਹਨ। ਰੇਲਵੇ ਸਟੇਸ਼ਨ ’ਤੇ ਪੀਣ ਦਾ ਪਾਣੀ ਗੁਸਲਖਾਨਿਆਂ-ਟੱਟੀਆਂ, ਉਡੀਕ ਘਰਾਂ ਤੇ ਪਲੇਟ ਫਾਰਮ ’ਤੇ ਮੁਸਾਫਰਾਂ ਦੀ ਸਹੂਲਤ ਲਈ ਬਣੇ ਬੈਂਚ ਇਥੋਂ ਤੱਕ ਕਿ ਦੋ ਪਲੇਟਫਾਰਮਾਂ ਨੂੰ ਜੋੜਨ ਵਾਲੇ ਓਵਰਬ੍ਰਿਜ ਆਦਿ ਇਹਨਾ ਸਾਰਿਆਂ ’ਤੇ ਇਹਨਾਂ ਹੀ ਗੈਰ ਸਮਾਜੀ ਤੱਤਾਂ ਦਾ ਦਿਨ-ਬ-ਦਿਨ ਨਜਾਇਜ਼ ਕਬਜਾ ਵਧਦਾ ਜਾ ਰਿਹਾ ਹੈ। ਰੇਲਵੇ ਸਟੇਸ਼ਨ ਤੇ ਇਕ ਟਿਕਟ ਹੋਲਡਰ ਆਮ ਮੁਸਾਫਰ ਟੱਟੀ ਜਾਣ ਤੋਂ ਪਹਿਲਾਂ ਰੇਲਵੇ ਸਟੇਸ਼ਨ ’ਤੇ ਡੇਰਾ ਜਮਾਈ ਬੈਠੇ ਇਹੀ ਲੋਕ ਪਹਿਲਾਂ ਹੀ ਟੱਟੀਆਂ ਦੀਆਂ ਲਾਈਨ ’ਚ ਖੜ੍ਹੇ ਦੇਖੇ ਜਾਂਦੇ ਹਨ। ਜੇ ਗੁਸਲਖਾਨੇ ਲਈ ਲੰਬੀ ਲਾਈਨ ਲੱਗੀ ਹੋਵੇ ਤਾਂ ਇਹੀ ਤੱਤ ਰੇਲਵੇ ਸਟੇਸ਼ਨ ਦੇ ਆਸ-ਪਾਸ ਦੇ ਵਾਤਾਵਰਣ ਜਾਂ ਰੇਲਵੇ ਲਾਈਨ ਉਪਰ ਟੱਟੀ ਕਰ ਲੈਂਦੇ ਹਨ। ਇਹੀ ਹਾਲ ਪੀਣ ਵਾਲੇ ਦਾ ਵੀ ਹੈ। ਮੁਸਾਫਰ ਨੂੰ ਆਪਣੀ ਯਾਤਰਾ ਦੌਰਾਨ ਜੇ ਪਾਣੀ ਪੀਣਾ ਹੋਵੇ। ਪਾਣੀ ਦੀ ਬੋਤਲ ਭਰਨੀ ਹੋਵੇ ਤਾਂ ਉਸੇ ਸਮੇਂ ਹੀ ਕੋਈ ਨਾ ਕੋਈ ਭਿਖਾਰੀ ਜਾਂ ਨਜਾਇਜ ਤੱਤ ਪਾਣੀ ਦੀ ਟੂਟੀ ਕੋਲ ਨਹਾਉਂਦਾ ਜਾਂ ਕੱਪੜੇ ਧੋਂਦਾ ਨਜ਼ਰੀ ਪੈਂਦਾ ਹੈ।

ਪਲੇਟ ਫਾਰਮ ’ਤੇ ਉਡੀਕ ਕਰਨ ਲਈ ਬੈਂਚਾਂ ਬਣੀਆਂ ਹੁੰਦੀਆਂ ਹਨ। ਖਾਸ ਕਰਕੇ ਅਜਿਹਾ ਬੈਂਚ ਜਿਸ ਉਪਰ ਪੱਖਾ ਚਲ ਰਿਹਾ ਹੋਵੇ ਉਸ ’ਤੇ ਭਿਖਾਰੀ ਰੂਪੀ ਇਹੀ ਗੈਰ-ਸਮਾਜੀ ਤੱਤ ਆਪਣੀ ਗੱਠੜੀ ਨਾਲ ਲੇਟੇ ਜਾਂ ਸੁੱਤੇ ਦੇਖੇ ਜਾ ਸਕਦੇ ਹਨ। ਜਦ ਕਿ ਉਹਨਾਂ ਉਪਰ ਟਿਕਟ ਹੋਲਡਰ ਮੁਸਾਫਰ ਬੈਂਚ ’ਤੇ ਬੈਠਣੋ ਤਰਸਦਾ ਰਹਿੰਦਾ ਹੈ। ਇਹਨਾਂ ਅਰਾਜਕ ਤੱਤਾਂ ਵਲੋਂ ਪਲੇਟ ਫਾਰਮ ਤੇ ਰੇਲਵੇ ਓਵਰਬ੍ਰਿਜ ਤੇ ਡੇਰਾ ਜਮਾਉਣ ਵਾਲੇ ਸਾਰੇ ਅਜਿਹੇ ਲੋਕ ਉਸੇ ਥਾਂ ’ਤੇ ਭੋਜਨ ਤਿਆਰ ਕਰਨ ਦੀ ਵਿਵਸਥਾ ਵੀ ਰੱਖਦੇ ਹਨ। ਸਿੱਟੇ ਵਜੋਂ ਉਹਨਾਂ ਵਲੋਂ ਪਲੇਟ ਫਾਰਮ ’ਤੇ ਅਤੇ ਪੁਲਾਂ ਉਪਰ ਰੋਜਾਨਾ ਗੰਦਗੀ ਦੇ ਸਾਰੇ ਢੇਰ ਲਾ ਦਿੱਤੇ ਜਾਂਦੇ ਹਨ। ਇਸ ਕਾਰਨ ਮੁਸਾਫਰਾਂ ਨੂੰ ਕਾਫੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਪੱਕੇ ਤੌਰ ’ਤੇ ਰੇਲਵੇ ਸਟੇਸ਼ਨਾ ਨੂੰ ਆਪਣਾ ਜੱਦੀ ਘਰ ਸਮਝ ਬੈਠਣ ਵਾਲੇ ਇਹ ਲੋਕ ਰੇਲਵੇ ਦੀ ਖਿੰਡੀ ਪਈ ਸਾਰੀ ਜਾਇਦਾਦ ਦੀ ਚੋਰੀ ਲਈ ਵੀ ਜ਼ਿੰਮੇਵਾਰ ਹੁੰਦੇ ਹਨ। ਇਸ ਤੋਂ ਇਲਾਵਾ ਇਹਨਾਂ ਤੱਤਾਂ ’ਚ ਬਹੁਤੇ ਲੋਕ ਅਜਿਹੇ ਹੁੰਦੇ ਹਨ ਜੋ ਖੁਦ ਤਾਂ ਸ਼ਰਾਬੀ ਕਬਾਬੀ ਤੇ ਨਿਸ਼ੇੜੀ ਹੁੰਦੇ ਹੀ ਹਨ, ਨਾਲ-ਨਾਲ ਸਟੇਸ਼ਨਾ ’ਤੇ ਬੈਠਕੇ ਸਾਰੇ ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦਾ ਵਪਾਰ ਵੀ ਕਰਦੇ ਹਨ। ਅਰਾਜਕ ਤੱਤਾਂ ਦੇ ਇਸ ਨੇਟਵਰਕ ’ਚ ਅਕਸਰ ਇਹਨਾਂ ਦੀਆਂ ਔਰਤਾਂ ਤੇ ਬੱਚੇ ਵੀ ਸ਼ਾਮਲ ਹੁੰਦੇ ਹਨ। ਇਹਨਾਂ ਵਿੱਚ ਸ਼ਾਮਲ ਸਾਰੀਆਂ ਔਰਤਾਂ ਜਿੱਥੇ ਨਸ਼ਿਆਂ ਦੀਆਂ ਆਦੀ ਹੁੰਦੀਆਂ ਹਨ ਉਥੇ ਕਈ ਔਰਤਾਂ ਜਿਸਮ ਫਿਰੋਸ਼ੀ ਦੇ ਧੰਦੇ ਨੂੰ ਵੀ ਚਲਾਉਂਦੀਆਂ ਹਨ ਅਤੇ ਖੁਦ ਵੀ ਉਸ ਦਾ ਇੱਕ ਹਿੱਸਾ ਬਣਦੀਆਂ ਹਨ। ਇਸ ਗੱਲ ’ਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਕਿ ਦੇਸ਼ ਦੇ ਬਹੁਤੇ ਰੇਲਵੇ ਸਟੇਸ਼ਨਾ ਕੋਲ ਸ਼ਰਾਬ ਦੇ ਠੇਕੇ ’ਤੇ ਸੁਬਾਹ-ਸਵੇਰੇ ਭਾਵ ਸੂਰਜ ਚੜ੍ਹਨ ਤੋਂ ਪਹਿਲਾਂ ਪਹੁੰਚਣ ਵਾਲੇ ਪਹਿਲੇ ਗਾਹਕ ਸਟੇਸ਼ਨ ’ਤੇ ਡੇਰਾ ਜਮਾਈ ਬੈਠੇ ਇਹੀ ਗੈਰ ਸਮਾਜੀ ਤੱਤ ਮਵਾਲੀ ਤੇ ਮੰਗਤੇ ਹੁੰਦੇ ਹਨ। ਨਸ਼ੇ ’ਚ ਜਾਂ ਆਮ ਹਾਲਤ ਵਿੱਚ ਵੀ ਸਟੇਸ਼ਨ ’ਤੇ ਬਹਿ ਕੇ ਲੜਨਾ-ਝਗੜਣਾ, ਮਾਰਕੁਟ ਕਰਨੀ ਤੇ ਜੋਰ ਜੋਰ ਦੀ ਗੰਦੀਆਂ ਗਾਲਾਂ ਕੱਢਣੀਆਂ ਇਹਨਾਂ ਕੰਮਚੋਰਾਂ ਦੀ ਜ਼ਿੰਦਗੀ ਦਾ ਇਕ ਅਹਿਮ ਅੰਗ ਬਣ ਚੁੱਕਿਆ ਹੈ। ਜਾਹਿਰ ਹੈ ਇਹਨਾਂ ਅਣਚਾਹੇ ਤੱਤਾਂ ਦਾ ਕਿਸੇ ਇਕ ਸਟੇਸ਼ਨ ’ਤੇ ਰਹਿੰਦੇ ਰਹਿੰਦੇ ਕਦੇ-ਕਦੇ ਮਨ ਵੀ ਅੱਕ ਜਾਂਦਾ ਹੈ। ਅਜਿਹੇ ’ਚ ਇਹ ਭਾਰਤੀ ਰੇਲਵੇ ਦੇ ਉਸ ਨਾਹਰੇ ਨੂੰ ਸੱਚ ਸਾਬਤ ਕਰਦੇ ਹਨ। ‘ਰੇਲਵੇ ਤੁਹਾਡੀ ਆਪਣੀ ਜਾਇਦਾਦ ਹੈ।’ ਕੋਈ ਰੇਲਵੇ ਨੂੰ ਆਪਣੀ ਜਾਇਦਾਦ ਸਮਝੇ ਜਾਂ ਨਾ ਸਮਝੇ ਪਰ ਜ਼ਰਾਇਆ ਪੇਸ਼ਾ ਇਹ ਲੰਪਨ ਲੋਕ ਤਾਂ ਰੇਲਵੇ ਨੂੰ ਆਪਣੀ ਜਾਇਦਾਦ ਮੰਨਦੇ ਹੀ ਹਨ। ਬਲਕਿ ਇਹਨਾਂ ’ਚ ਬਹੁਤੇ ਤਾਂ ਅਜਿਹੇ ਜਰਾਇਆ ਪੇਸ਼ਾਵੀ ਹੋਣਗੇ। ਜਿਹਨਾਂ ਨੂੰ ਇਹ ਅਹਿਸਾਸ ਵੀ ਹੋਵੇਗਾ ਕਿ ਭਾਰਤੀ ਰੇਲ ਸਾਡੀ “ਜੱਦੀ” ਜਾਇਦਾਦ ਹੈ ਤੇ ਅਜਿਹੇ ਲੋਕ ਕਦੀ ਸਟੇਸ਼ਨ ’ਤੇ ਡੇਰਾ ਜਮਾਈ ਅੱਕ ਜਾਂਦੇ ਹਨ ਤਾਂ ਉਹ ਬੇਝਿਜਕ, ਨਿਡਰ ਹੋਕੇ ਬਿਨਾਂ ਟਿਕਟ ਕਿਸੇ ਹੋਰ ਸ਼ਹਿਰ ਵੱਲ ਆਪਣਾ ਰੇਲ ਸਫਰ ਸ਼ੁਰੂ ਕਰਦੇ ਹਨ। ਇਹਨਾ ਦੇ ਰੇਲ ਸਫਰ ਦੇ ਅੰਦਾਜ ਵੀ ਅਜਿਹੇ ਹੁੰਦੇ ਹਨ ਕਿ ਟਿਕਟ ਲੈਕੇ ਯਾਤਰਾ ਕਰਨ ਵਾਲਾ ਰੋਜਾਨਾ ਦਾ ਮੁਸਾਫਰ ਤਾਂ ਭਾਵੇਂ ਕੁਝ ਲਿਹਾਜ ਕਰ ਜਾਵੇ ਜਾਂ ਸਰਮਾ ਜਾਵੇ ਪਰ ਇਹਨਾਂ ਨੂੰ ਨਾ ਕਿਸੇ ਮੁਸਾਫਰ ਦੀ ਸਹੂਲਤ ਨਾਲ ਵਾਸਤਾ ਹੈ ਤੇ ਨਾ ਕਿਸੇ ਮੁਸਾਫਰ ਦੀ ਦੁਖ-ਤਕਲੀਫ ਦਾ ਕੋਈ ਧਿਆਨ ਹੁੰਦਾ ਹੈ। ਕਦੇ ਇਹ ਬੇਕਾਰ ਲੋਕ ਬਿਨਾਂ ਟਿਕਟ ਹੋਣ ਦੇ ਬਾਵਜੂਦ ਉਪਰ ਦੀ ਸੀਟ ’ਤੇ ਬੈਠ

ਕੇ ਕਬਜਾ ਜਮਾ ਲੈਂਦੇ ਹਨ ਜਾਂ ਕਦੀ ਖਿੜਕੀ ਦੇ ਨਾਲ ਦੀ ਸੀਟ ’ਤੇ ਅੜ ਕੇ ਬੈਠ ਜਾਂਦੇ ਹਨ। ਕਦੇ ਡੱਬੇ ਦੇ ਤੰਗ ਰਸਤਿਆਂ ਵਿਚ ਹੀ ਪਸਰ ਕੇ ਬੈਠ ਜਾਂਦੇ ਹਨ। ਕਦੇ ਡੱਬੇ ਦੇ ਗੇਟ ’ਤੇ ਹੀ ਡਟ ਕੇ ਬੈਠੇ ਰਹਿੰਦੇ ਹਨ। ਸਿੱਟੇ ਵਜੋਂ ਆਮ ਮੁਸਾਫਰਾਂ ਨੂੰ ਡੱਬੇ ’ਚ ਚੜ੍ਹਨ-ਉਤਰਨ ਦੀ ਬਹੁਤ ਔਖ ਹੁੰਦੀ ਹੈ ਅਤੇ ਡੱਬੇ ’ਚ ਲੋੜ ਪੈਣ ਅੱਗੇ ਪਿੱਛੇ ਜਾਣ ਜਾਂ ਟੱਟੀ-ਪਿਸ਼ਾਬ ਜਾਂ ਹੱਥ ਧੋਣ ਵਾਲੇ ਵਾਸ਼ਬੇਸਨ ਤੱਕ ਪਹੁੰਚਣ ’ਚ ਕਾਫੀ ਪ੍ਰੇਸ਼ਾਨੀ ਸਹਿਣ ਕਰਨੀ ਪੈਂਦੀ ਹੈ। ਇਹ ਤੱਤ ਚਲਦੀ ਟ੍ਰੇਨ ’ਚ ਗੰਦਗੀ ਫੈਲਾਉਣ ਤੋਂ ਵੀ ਬਾਜ ਨਹੀਂ ਆਉਂਦੇ।

ਰੇਲਵੇ ’ਤੇ ਭਾਰੂ ਹੁੰਦੇ ਜਾ ਰਹੇ ਇਹਨਾਂ ਮਵਾਲੀਆ ਦੇ ਇਸ ਨੈਟਵਰਕ ’ਚ ਸ਼ਾਮਲ ਹੋ ਕੇ ਅਤੇ ਇਸ ਦੀ ਆੜ ’ਚ ਸਾਰੇ ਲੁਟੇਰੇ ਰੇਲ ਮੁਸਾਫਰਾਂ ਦਾ ਸਮਾਨ ਲੁੱਟ ਕੇ ਲੈ ਜਾਂਦੇ ਹਨ। ਕਦੀ ਮੁਸਾਫਰਾਂ ਨੂੰ ਇਹ ਲੋਕ ਨਸ਼ੀਲੀਆਂ ਚੀਜ਼ਾਂ ਖੁਆ ਕੇ ਉਹਨਾਂ ਦਾ ਸਮਾਨ ਲੁੱਟ ਲੈਂਦੇ ਹਨ ਅਤੇ ਬੇਹੋਸ਼ ਹੋ ਜਾਣ ਪਿੱਛੋਂ ਉਹਨਾਂ ਦੀ ਜੇਬ ਵੀ ਸਾਫ ਕਰ ਜਾਂਦੇ ਹਨ। ਇਹਨਾ ਅਨਸਰਾਂ ਨੇ ਪੂਰੇ ਦੇਸ਼ ਦੀ ਰੇਲ ਪ੍ਰਣਾਲੀ ਨੂੰ ਗ੍ਰਹਿਣ ਲਾ ਕੇ ਰੱਖ ਦਿੱਤਾ ਹੈ। ਇਥੇ ਸੋਚਣ ਦੀ ਗੱਲ ਇਹ ਵੀ ਹੈ ਕਿ ਜਦ ਆਮ ਆਦਮੀ ਗੈਰ ਸਮਾਜੀ ਤੱਤਾਂ ਵਲੋਂ ਰੇਲਵੇ ’ਚ ਕੀਤੀ ਜਾ ਰਹੀ ਇਸ ਪ੍ਰਕਾਰ ਦੀ ਦਖਲ ਅੰਦਾਜੀ ਤੋਂ ਇਸ ਹੱਦ ਫਾਕਿਫ ਹੈ ਤਾਂ ਕੀ ਸਟੇਸ਼ਨ ਮਾਸਟਰ, ਸਿਟੇਸ਼ਨ ਸੁਪਰਵਾਈਜ਼ਰ, ਜੀ ਆਰ ਪੀ ਜਾਂ ਆਰ. ਪੀ. ਐਫ. ਦੇ ਲੋਕਾਂ ਨੂੰ ਇਸ ਗੱਲ ਦਾ ਇਲਮ ਨਹੀਂ ਹੈ ਕਿ ਉਹਨਾਂ ਦੇ ਨੱਕ ਹੇਠਾਂ ਕੀ ਕੁਝ ਵਾਪਰ ਰਿਹਾ ਹੈ? ਹੁਣ ਜੇ ਇਸ ਵਿਸ਼ੇ ਦੀ ਗਹਿਰਾਈ ’ਚ ਜਾਈਏ ਤਾਂ ਇਸ ਤਸਵੀਰ ਦਾ ਇਕ ਹੋਰ ਵੀ ਪਹਿਲੂ ਨਜ਼ਰ ਆਉਂਦਾ ਹੈ। ਜੋ ਸ਼ਾਇਦ ਉਪਰੋਕਿਤ ਵੇਰਵੇ ਤੋਂ ਵੀ ਵੱਧ ਭਿਅੰਕਰ ਜਾਂ ਖਤਰਨਾਕ ਹੋ ਸਕਦਾ ਹੈ। ਮਤਲਬ ਰੇਲਵੇ ਦੇ ਸੰਚਾਲਨ ਤੇ ਉਸਦੀ ਰਾਖੀ ਲਈ ਹਰੇਕ ਰੇਲਵੇ ਸਟੇਸ਼ਨ ’ਤੇ ਤੈਨਾਤ ਇਹ ਸਰਕਾਰੀ ਮਾਮਲਾ ਸਭ ਕੁਝ ਜਾਣਦੇ ਹੋਏ ਵੀ ਅਨਜਾਣ ਬਣ ਰਿਹਾ ਹੈ। ਜਾਹਿਰ ਹੈ ਇਸ ’ਚ ਉਹਨਾਂ ਦੇ ਵੀ ਸੁਆਰਥੀ ਹਿੱਤ ਹੁੰਦੇ ਹਨ। ਸਾਰੇ ਬਦਚਲਣ, ਬਦ-ਕਿਰਦਾਰ, ਭ੍ਰਿਸ਼ਟ ਤੇ ਅਪਰਾਧੀ ਮਾਨਸਿਕਤਾ ਦੇ ਰੇਲਵੇ ਤੇ ਰੇਲ ਸੁਰੱਖਿਆ ਨਾਲ ਜੁੜੇ ਕਰਮਚਾਰੀ ਵੀ ਸਵਾਲੀਆਂ ਦੇ ਇਸ ਤਾਣੇ-ਬਾਣੇ ਨਾਲ ਜੁੜ ਕੇ ਕੁਝ ਨਾ ਕੁਝ ਫਾਇਦਾ ਉਠਾਉਂਦੇ ਰਹਿੰਦੇ ਹਨ। ਸਰਕਾਰੀ ਢਿਲੇ ਤੇ ਲਚਕੀਲੇਪਣ ਤੇ ਉਸ ਦੀ ਅਣਦੇਖੀ ਕਰਨ ਦਾ ਹੀ ਇਹ ਸਿੱਟਾ ਹੈ ਕਿ ਅੱਜ ਦੇਸ਼ ਦੇ ਸਾਰੇ ਰੇਲਵੇ ਸਟੇਸ਼ਨਾ ’ਤੇ ਅਜਿਹੇ ਗੈਰ ਸਮਾਜੀ ਤੇ ਅਪਰਾਧੀ ਤੱਤਾਂ ਦੀ ਇਸ ਹੱਦ ਤਕ ਭੀੜ ਵਧਦੀ ਜਾ ਰਹੀ ਹੈ ਕਿ ਆਮ ਰੇਲ ਮੁਸਾਫਰ ਤੇ ਰੋਜਾਨਾ ਸਫਰ ਕਰਨ ਵਾਲਿਆਂ ਦਾ ਸਟੇਸ਼ਨ ’ਤੇ ਚਲਣਾ ਅਤੇ ਪਲੇਟਫਾਰਮ ਬਦਲਣ ਜਾਂ ਸਟੇਸ਼ਨ ਤੋਂ ਬਾਹਰ ਨਿਕਲਣ ਲਈ ਪੁਲ ਪਾਰ ਕਰਨਾ ਵੀ ਮੁਸ਼ਕਲ ਹੋ ਗਿਆ ਹੈ।

ਬੜੀ ਹੈਰਾਨੀ ਦੀ ਗੱਲ ਹੈ ਕਿ ਰੇਲ ਮੁਸਾਫਰਾਂ ਨੂੰ ਖੁਸ਼ ਕਰਨ ਲਈ ਅਤੇ ਵੋਟ ਰਾਜਨੀਤੀ ਕਾਰਨ ਰੇਲ ਮੰਤਰਾਲੇ ਸਾਰੇ ਘਾਟੇ ਦੇ ਬਾਵਜੂਦ ਰੇਲ ਮੁਸਾਫਰ ਕਿਰਾਇਆ ਤਾਂ ਭਾਵੇਂ ਨਹੀਂ ਵਧਾ ਰਿਹਾ ਪਰ ਇਸੇ ਰੇਲ ਮੰਤਰਾਲੇ ਨੂੰ ਇਹਨਾਂ ਅਨਸਰਾਂ ਕਾਰਨ ਮੁਸਾਫਰ ਨੂੰ ਹੁੰਦੀ ਬੇ-ਅਰਾਮੀ ਤੇ ਤਕਲੀਫ ਦਾ ਕੋਈ ਖਿਆਲ ਨਹੀਂ ਹੈ। ਜਿਸ ਤਰ੍ਹਾਂ ਦੇਸ਼ ਦੇ ਬਹੁਤੇ ਰੇਲਵੇ ਸਟੇਸ਼ਨਾਂ ’ਤੇ ਇਹਨਾ ਦਾ ਕਬਜਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ ਉਸ ਨੂੰ ਦੇਖ ਕੇ ਇਹ ਡਰ ਗਲਤ ਨਹੀਂ ਹੋਵੇਗਾ ਕਿ ਇਹਨਾਂ ਵਿਚਕਾਰ

ਆਪਣੀ ਘੁਸਪੈਂਠ ਬਣਾ ਕੇ ਅੱਤਵਾਦੀ ਸਮੂਹਾਂ ਦੇ ਲੋਕ ਵੀ ਕਦੀ ਵੀ ਬੇਖੌਫ ਹੋ ਕੇ ਕਿਸੇ ਵੱਡੀ ਕਾਰਵਾਈ ਨੂੰ ਅੰਜਾਮ ਦੇ ਸਕਦੇ ਹਨ। ਆਖਰ ਚਲਦੀ ਰੇਲ ਗੱਡੀ 'ਚ ਅਤੇ ਸਟੇਸ਼ਨਾ ਉਪਰ ਹੁੰਦੀ ਮੁਸਾਫਰਾਂ ਦੀ ਲੁੱਟ ਦੀਆਂ ਘਟਨਾਵਾਂ 'ਚ ਸ਼ਾਮਲ ਲੋਕ ਅਕਾਸ਼ ਤੋਂ ਹੀ ਨਹੀਂ 242 ਦੇ ਬਲਕਿ ਇਹਨਾਂ ਹੀ ਬੇਲੋੜੇ ਅਨਸਰਾਂ ਵਿੱਚੋਂ ਹੀ ਹੁੰਦੇ ਹਨ। ਅਜਿਹੇ 'ਚ ਜ਼ਰੂਰਤ ਇਸ ਗੱਲ ਦੀ ਹੈ ਕਿ ਰੇਲ ਮੰਤਰਾਲੇ ਰੇਲ ਸੰਪਤੀ ਤੇ ਮੁਸਾਫਰਾਂ ਦੀ ਜਾਨ ਮਾਲ ਦੀ ਰਾਖੀ, ਰੇਲਵੇ ਸਟੇਸ਼ਨ, ਰੇਲਵੇ ਪੁਲ ਤੇ ਪੂਰੇ ਰੇਲਵੇ ਕੈਂਪਸ ਦੀ ਰਾਖੀ ਤੇ ਸਫਾਈ ਦੇ ਮੱਦੇ ਨਜ਼ਰ ਪੂਰੇ ਦੇਸ਼ ਦੇ ਰੇਲਵੇ ਸਟੇਸ਼ਨ ਮਾਸਟਰ ਸਟੇਸ਼ਨ ਸੁਪਰ ਵਾਈਜ਼ਰ ਤੇ ਰੇਲਵੇ ਨਾਲ ਜੁੜੇ ਸਾਰੇ ਸੁਰੱਖਿਆ ਤਾਣੇ-ਬਾਣੇ ਨੂੰ ਇਹ ਗੈਰ ਸਮਾਜੀ ਤੱਤਾਂ, ਭਿਖਾਰੀਆਂ ਤੇ ਅਵਾਰਾਂ ਸੁਭਾਅ ਦੇ ਲੋਕਾਂ ਦੇ ਸ਼ਿਕੰਜੇ ਤੋਂ ਮੁਕਤ ਕਰਾਉਣ ਹਿੱਤ ਵਿਸ਼ੇਸ਼ ਮੁਹਿੰਮ ਚਲਾਉਣ ਲਈ ਸਖ਼ਤ ਨਿਰਦੇਸ਼ ਜਾਰੀ ਕਰੇ। ਰੇਲਵੇ ਸਟੇਸ਼ਨਾ ਤੇ ਪੁਲਾਂ 'ਤੇ ਅਤੇ ਰੇਲਵੇ ਕੈਂਪਸ 'ਚ ਚਾਰੇ ਪਾਸੇ ਇਹਨਾਂ ਅਰਾਜਕ ਤੱਤਾਂ ਦਾ ਵਧਦਾ ਨੈਟਵਰਕ ਸਿਰਫ਼ ਸਾਡੇ ਦੇਸ਼ ਦੇ ਸਿਰਫ਼ ਦੇਸ਼ ਦੇ ਰੇਲ ਮੁਸਾਫਰਾਂ ਨੂੰ ਹੀ ਜਾਨ ਤੇ ਮਾਲ ਦਾ ਖਤਰਾ ਨਹੀਂ ਬਲਕਿ ਵਿਦੇਸ਼ੀ ਮਹਿਮਾਨ, ਸੈਲਾਨੀ ਤੇ ਦੇਸ਼ ਦੇ ਮਾਨ-ਸਨਮਾਨ ਦੇ ਲਿਹਾਜ ਨਾਲ ਵੀ ਇਹੋ ਜਿਹੀ ਦੁਰਦਸ਼ਾ ਭਾਰਤੀ ਰੇਲਵੇ ਉਪਰ ਕਿਸੇ ਕਲੰਕ ਤੋਂ ਘੱਟ ਨਹੀਂ ਹੈ।

ਬੇਹਤਰ ਹੋਵੇਗਾ ਕਿ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇਣ ਤੋਂ ਪਹਿਲਾਂ ਤੇ ਰੇਲ ਮੁਸਾਫਰਾਂ ਦੀ ਸੁਰੱਖਿਆ ਤੇ ਸਹੂਲਤ ਦੇ ਮੱਦੇ ਨਜ਼ਰ ਰੇਲ ਵਿਭਾਗ ਕੌਮੀ ਪੱਧਰ 'ਤੇ ਸਭ ਰੇਲਵੇ ਕੈਪਸਾਂ ਨੂੰ ਇਹਨਾਂ ਮਵਾਲੀਆਂ ਦੇ ਚੁੰਗਲ ਤੋਂ ਮੁਕਤ ਕਰਵਾਉਣ ਦੇ ਤੁਰੰਤ ਉਪਾਅ ਕਰੇ।

# ਕੀ ਹਨ ਅਪਨਿਵੇਸ਼ੀਕਰਨ ਲਈ ਸਰਕਾਰ ਦੇ ਝੂਠੇ ਬਹਾਨੇ?

ਬੀ ਐਚ ਈ ਐਲ ਦੇਸ਼ ਦਾ ਇੱਕ ਨਵਰਤਨ ਸਥਾਨ ਹੈ। ਦੇਸ਼ ਅੰਦਰ ਭਾਰੀ ਬਿਜਲੀ ਉਪਕਰਣ ਬਣਾਉਣ ਸਬੰਧੀ ਇਸ ਦੀ ਅਜ਼ਾਰੇਦਾਰੀ ਹੈ। ਇਹ ਹਰ ਸਾਲ ਵਿਸ਼ਾਲ ਮੁਨਾਫਾ ਪੈਦਾ ਕਰਦਾ ਰਿਹਾ ਹੈ। 24 ਮਈ ਨੂੰ ਇਸ ਕੰਪਨੀ ਦੇ ਬੋਰਡ ਆਪਣੇ 5 ਫੀਸਦੀ ਸ਼ੇਅਰ ਵੇਚਣ ਦਾ ਪ੍ਰਸਤਾਅ ਪਾਸ ਕੀਤਾ ਤੇ ਇਸ ਨੂੰ ਸਰਕਾਰ ਕੋਲ ਮੰਜ਼ੂਰੀ ਲਈ ਭੇਜਿਆ। ਕੈਬਨਿਟ ਵਲੋਂ ਇਸ ਪ੍ਰਸਤਾਅ ਨੂੰ ਮੰਨੇ ਜਾਣ ਪਿੱਛੋਂ ਸ਼ੇਅਰ ਬਜ਼ਾਰ ’ਚ ਇਹਨਾਂ ਸ਼ੇਅਰਾਂ ਨੂੰ ਵਿਕਰੀ ਲਈ ਜਾਰੀ ਕੀਤਾ ਗਿਆ। ਇਹਨਾਂ ਸ਼ੇਅਰਾਂ ਦੀ ਵਿਕਰੀ ਨਾਲ 4500 ਕਰੋੜ ਰੁਪਏ ਦੀ ਉਸ ਰਾਸੀ ਦਾ ਅੰਦਾਜਾ ਲਾਇਆ ਗਿਆ ਹੈ। 2011-12 ਲਈ ਸਰਕਾਰ ਨੇ ਬਜਟ ’ਚ 40 ਹਜ਼ਾਰ ਕਰੋੜ ਰੁਪਏ ਦੇ ਅਪਨਿਵੇਸ਼ੀਕਰਣ ਦਾ ਟੀਚਾ ਰੱਖਿਆ ਸੀ। ਇਸ ਟੀਚੇ ਨੂੰ ਹਾਸਲ ਕਰਨ ਲਈ ਪਾਵਰ ਫਾਇਨੈਂਸ ਕਾਰਪੋਰੇਸ਼ਨ, ਓਐਨਜੀਸੀ, ਸੇਲ, ਹਿੰਦੁਸਤਾਨ ਜਿੰਕ ਦੇ ਸ਼ੇਅਰਾਂ ਨੂੰ ਵੇਚਣ ਦੀ ਸਕੀਮ ਬਣੀ। ਇਸ ਸੂਚੀ ਵਿੱਚ ਸ਼ੁਰੂ ’ਚ ਬੀ. ਐਚ. ਈ. ਐਲ ਦਾ ਕੰਮ ਨਹੀਂ ਸੀ। ਜਨਤਕ ਖੇਤਰ ਦੀਆਂ ਇਕਾਈਆਂ ਦੇ ਸ਼ੇਅਰਾਂ ਨੂੰ ਵੇਚਣ ਦਾ ਕਾਰਨ ਸਰਕਾਰ ਇਹ ਦਸਦੀ ਹੈ ਕਿ ਜਨਤਕ ਖੇਤਰ ਦੇ ਕੰਮਾਂ ਨੂੰ ਕਰਨ ਲਈ ਸਰਕਾਰ ਪੈਸਾ ਇਕੱਠਾ ਕਰਨ ਦੇ ਮਕਸਦ ਨਾਲ ਅਜਿਹਾ ਕੀਤਾ ਜਾ ਰਿਹਾ ਹੈ। ਨਾਲ ਹੀ ਇਹ ਕਹਿੰਦੀ ਹੈ ਕਿ ਇਹਨਾਂ ਇਕਾਈਆਂ ਨੂੰ ਆਪਣੇ ਕੰਟਰੋਲ ’ਚ ਰੱਖਣ ਲਈ ਜ਼ਰੂਰੀ ਸ਼ੇਅਰ ਉਹ ਆਪਣੇ ਕੋਲ ਹੀ ਰੱਖੇਗੀ। ਇਹ ਗੌਰ ਕਰਨ ਵਾਲੀ ਗੱਲ ਹੈ ਕਿ ਅਪਨਿਵੇਸ਼ੀਕਰਨ ਦੀ ਸ਼ੁਰੂਆਤ 1991 ਦੀਆਂ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਪਿੱਛੋਂ ਹੋਈ ਤਾਂ ਹੀ ਅੱਜ ਤੱਕ ਬਿਲਕੁਲ ਵੱਖਰੀ ਕਿਸਮ ਦੀਆਂ ਦਲੀਲਾਂ ਇਸ ਦੇ ਪੱਖ ’ਚ ਦਿੱਤੀਆਂ ਜਾ ਰਹੀਆਂ ਹਨ। ਉਦੋਂ ਇਹ ਕਿਹਾ ਗਿਆ ਕਿ ਸਰਕਾਰ ਦਾ ਕੰਮ ਉਦਯੋਗ ਸਕੂਲ ਹਸਪਤਾਲ ਚਲਾਉਣ ਜਾਂ ਵਪਾਰ ਕਰਨਾ ਨਹੀਂ ਹੈ। ਇਹ ਕੰਮ ਪੂੰਜੀਪਤੀਆਂ ਦੇ ਹਨ। ਆਖਰ ਇਹ ਉਹਨਾਂ ਦੇ ਹਵਾਲੇ ਹੋਣੇ ਚਾਹੀਦੇ ਹਨ। ਕਾਂਗਰਸ ਸਰਕਾਰ ਦੇ ਰਸਤੇ ’ਤੇ ਚਲਦਿਆਂ ਪਿੱਛੋਂ ਦੀ ਸਾਂਝਾ ਮੋਰਚਾ ਸਰਕਾਰ ਤੇ ਭਾਜਪਾ ਦੀ ਅਗਵਾਈ ਵਾਲੀਆਂ ਐਨਡੀਏ ਦੀਆਂ ਸਰਕਾਰਾਂ ਨੇ ਵੀ ਖੁਲ੍ਹ ਕੇ ਨਿਜੀਕਰਣ ਦੀ ਵਕਾਲਤ ਕਰਦਿਆਂ ਜਨਤਕ ਖੇਤਰ ਦੀਆਂ ਇਕਾਈਆਂ ਦੇ ਸ਼ੇਅਰ ਵੇਚੇ। ਐਨਡੀਏ ਦੇ ਰਾਜ ’ਚ ਵਿਨਏਸ ਸਕੱਤਰ ਪ੍ਰਦੀਪ ਬੈਜਲ ਨੇ ਉਸ ਸਮੇਂ ਖੁਲ੍ਹ ਕੇ ਕਿਹਾ ਸੀ ਕਿ ਜੇ ਅਸੀਂ ਕੰਟਰੋਲ ਨਿੱਜੀ ਹੱਥਾਂ ’ਚ ਸੌਂਪਾਂਗੇ ਤਾਂ ਸ਼ੇਅਰਾਂ ਦੀ ਜ਼ਿਆਦਾ ਕੀਮਤ ਮਿਲੇਗੀ। ਆਪਣੀ ਗੱਲ ਦੇ ਪੱਖ ’ਚ ਉਹਨਾਂ ਨੇ ਹਿੰਦੁਸਤਾਨ, ਜਿੰਕ, ਮਾਰੂਤੀ ਤੇ ਬਾਲਕੋ ਦੀਆਂ ਮਿਸਾਲਾਂ ਦਿੱਤੀਆਂ। ਨਵੀਆਂ ਆਰਥਿਕ ਨੀਤੀਆਂ ਨੇ ਲੋਕਾਂ ਦੀ ਜ਼ਿੰਦਗੀ ਨੂੰ ਬਦਹਾਲ ਕੀਤਾ। ਸਥਾਈ ਨੌਕਰੀਆਂ ਘੱਟ ਹੋ ਗਈਆਂ। ਕਿਸਾਨ-ਕਾਰੀਗਰ ਤਬਾਹ ਬਰਬਾਦ ਹੋ ਗਏ। ਇਸ ਦੇ ਬਾਵਜੂਦ ਸਰਕਾਰ ਇੰਡੀਆ ਸ਼ਾਈਨਿੰਗ ਦੇ ਨਾਹਰੇ ਲਾ ਰਹੀ ਸੀ। ਲੋਕਾਂ ਦਾ ਗੁੱਸਾ 2004 ਦੀਆਂ ਲੋਕ ਸਭਾ ਚੋਣਾ ’ਚ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦੀ ਹਾਰ ਦੇ ਰੂਪ ’ਚ ਨਿਕਲਿਆ। ਇਸ ਪਿੱਛੋਂ ਆਉਣ ਵਾਲੀਆਂ ਸਰਕਾਰਾਂ ਨੇ ਨਵੀਆਂ ਆਰਥਿਕ ਨੀਤੀਆਂ ਨੂੰ ਲਾਗੂ ਕਰਨ ਲਈ ਨਵੇਂ ਜੁਮਲ੍ਹੇ ਦੀ ਵਰਤੋਂ

ਕੀਤੀ। ਕੋਈ ਮਾਨਵੀ ਚਿਹਰੇ ਵਾਲੇ ਆਰਥਿਕ ਸੁਧਾਰ ਦੀ ਗੱਲ ਕਰਨ ਲੱਗਿਆ ਤਾਂ ਕੋਈ ਸਨਅਤੀ ਵਿਕਾਸ ਲਈ ਮਜ਼ਬੂਰੀ 'ਚ ਲਏ ਗਏ ਫੈਸਲਿਆਂ ਦੀ ਗੱਲ ਕਰਨ ਲੱਗਿਆ। ਅਪਨਿਵੇਸ਼ੀਕਰਨ ਲਈ ਵੀ ਅਜਿਹਾ ਹੀ ਕੀਤਾ ਗਿਆ। ਸਰਕਾਰ ਨੇ 2010-11 ਅਤੇ 2011-12 ਦੋਨੋ ਹੀ ਬਜਟਾਂ 'ਚ 40 ਹਜ਼ਾਰ ਕਰੋੜ ਰੁਪਏ ਦੇ ਅਪਨਿਵੇਸ਼ੀਕਰਨ ਦਾ ਟੀਚਾ ਰੱਖਿਆ। ਪਿਛਲੇ ਦੋ ਸਾਲਾਂ ਵਿੱਚ ਅਪਨਿਵੇਸ਼ੀਕਰਨ ਨਾਲ ਹੁਣ ਤਕ 46 ਹਜ਼ਾਰ ਕਰੋੜ ਦੀ ਉਗਰਾਹੀ ਹੋਈ ਹੈ। ਇਕੱਲੇ ਕੋਲ ਇੰਡੀਆ ਲਿਮਟਿਡ ਦੇ ਅਪਨਿਵੇਸ਼ ਨਾਲ 15,475 ਕਰੋੜ ਰੁਪਏ ਦੀ ਕਮਾਈ ਸਰਕਾਰ ਨੂੰ ਹੋਈ ਹੈ। ਅਗਲੇ ਕੁਝ ਸਾਲਾਂ ਵਿੱਚ 60 ਜਨਤਕ ਖੇਤਰ ਦੇ ਕਾਰਖਾਨਿਆਂ ਦੇ ਸ਼ੇਅਰ ਵੇਚਣ ਦੀ ਸਕੀਮ ਸਰਕਾਰ ਦੀ ਹੈ। ਸਰਕਾਰ ਦੀ ਇਹ ਦਲੀਲ ਸਰਾਸਰ ਗਲਤ ਹੈ ਕਿ ਇਹ ਮਨਰੇਗਾ, (MNREGA) ਪੇਂਡੂ ਕੌਮੀ ਸਿਹਤ ਮਿਸ਼ਨ (NRHM), ਬੀ. ਪੀ. ਐਲ. ਅਬਾਦੀ ਦੇ ਲਈ ਸਸਤਾ ਅਨਾਜ ਵਰਗੇ ਸਰਕਾਰੀ ਪ੍ਰੋਗਰਾਮ ਨੂੰ ਚਲਾਉਣ ਲਈ ਸ਼ੇਅਰਾਂ ਨੂੰ ਵੇਚ ਰਹੀ ਹੈ। ਅਸਲ ਗੱਲ ਇਹ ਹੈ ਕਿ ਵਿਸ਼ਵੀ ਆਰਥਿਕ ਸੰਕਟ ਤੋਂ ਸਰਮਾਏਦਾਰਾਂ ਨੂੰ ਬਚਾਉਣ ਲਈ ਸਰਕਾਰ ਨੇ ਵੱਡੇ-ਵੱਡੇ ਹੱਲਾਸ਼ੇਰੀ ਪੈਕੇਜ ਦਿੱਤੇ ਹਨ। ਆਰਥਿਕ ਸੰਕਟ ਤੋਂ ਪਹਿਲਾਂ ਸਰਮਾਏਦਾਰਾਂ ਨੇ ਜੋ ਬੇਸ਼ੁਮਾਰ ਮੁਨਾਫਾ ਕਮਾਇਆ ਇਹ ਉਹਨਾਂ ਦਾ ਨਿੱਜੀ ਮੁਨਾਫਾ ਸੀ, ਸੰਕਟ ਦੇ ਦੌਰਾਨ ਉਹਨਾਂ ਨੂੰ ਜੋ ਵੀ ਘਾਟਾ ਹੋਇਆ ਉਸ ਨੂੰ ਜਨਤਕ ਘਾਟੇ ਦੀ ਮਦ 'ਚ ਪਾ ਰਹੇ ਹਨ। ਪੂੰਜੀਪਤੀਆਂ ਦੇ ਉਪਰ ਸਰਕਾਰੀ ਖਜਾਨੇ ਨੂੰ ਲੁਟਣ ਦੀ ਵਜਾਹ ਕਰਕੇ ਸਰਕਾਰ ਦਾ ਬਜਟ ਘਾਟਾ ਵਧਣ ਲੱਗਿਆ ਹੈ। 2010 'ਚ ਇਹ ਕੁਲ ਘਰੇਲੂ ਪੈਦਾਵਾਰ (GDP) ਦੇ 6.8 ਫੀਸਦੀ ਤਕ ਪਹੁੰਚ ਗਿਆ। ਇਹ ਪਿਛਲੇ 16 ਸਾਲਾਂ ਦਾ ਸਭ ਤੋਂ ਉਚਾ ਪੱਧਰ ਸੀ। 2011 ਵਿੱਚ ਬਜਟ ਘਾਟਾ 5.5 ਫੀਸਦੀ ਰਿਹਾ ਸਰਕਾਰ ਦਾ ਟੀਚਾ 2012 ਤਕ ਬਜਟ ਘਾਟੇ ਨੂੰ ਘੱਟ ਕਰਕੇ 4 ਫੀਸਦੀ ਤਕ ਲੈਕੇ ਆਉਣ ਦਾ ਹੈ। ਸਰਕਾਰ ਇਕ ਪਾਸੇ ਸਰਮਾਏਦਾਰਾਂ ਨੂੰ ਬਚਾਉਣ ਲਈ ਪੈਕੇਜ ਨੂੰ ਜਾਰੀ ਵੀ ਰੱਖਣਾ ਚਾਹੁੰਦੀ ਹੈ ਤਾਂ ਦੂਜੇ ਪਾਸੇ ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਅਨੁਸਾਰ ਬਜਟ ਘਾਟੇ ਨੂੰ ਘਟਾਉਣਾ ਵੀ ਚਾਹੁੰਦੀ ਹੈ। ਇਹਨਾ ਦੋਨਾਂ ਸ਼ਰਤਾਂ ਨੂੰ ਪੂਰਾ ਕਰਨ ਲਈ ਸਰਕਾਰ ਅਪਨਿਵੇਸ਼ੀਕਰਣ ਦੇ ਹਥਿਆਰ ਦੀ ਵਰਤੋਂ ਕਰ ਰਹੀ ਹੈ। ਅੱਜ ਵੀ ਸੰਸਾਰ ਆਰਥਿਕ ਪ੍ਰਬੰਦ ਤੋਂ ਸੰਕਟ ਦੇ ਬਦਲ ਟਲੇ ਨਹੀਂ ਹਨ। ਭਾਰਤ ਦੇ ਅਰਥਚਾਰੇ ਦਾ ਵਿਸ਼ਵ ਅਰਥਚਾਰੇ ਨਾਲ ਰਲੇਵਾਂ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਅਜਿਹੇ 'ਚ ਸੰਕਟ ਦੇ ਅਪਨਿਵੇਸ਼ੀਕਰਨ ਹੋਰ ਤੇਜ ਰਫਤਾਰ ਨਾਲ ਹੋਵੇ। ਇਸ ਦਾ ਖਤਰਾ ਮੌਜੂਦ ਹੈ। ਸਰਕਾਰ ਦਾ ਅੱਜ ਦੀ ਅਪਨਿਵੇਸ਼ ਨੀਤੀ ਕਹਿੰਦੀ ਹੈ ਕਿ ਜਨਤਕ ਉਪਕਰਣਾ ਦੇ ਕੰਟਰੋਲ ਲਈ ਜ਼ਰੂਰੀ ਸ਼ੇਅਰ ਉਹ ਆਪਣੇ ਕੋਲ ਹੀ ਰੱਖੇਗੀ। ਦੂਜੇ ਸ਼ਬਦਾਂ 'ਚ ਸਰਕਾਰ ਜਨਤਕ ਖੇਤਰਦੇ ਉਪਕਰਣਾ ਦਾ ਨਿੱਜੀਕਰਨ ਨਹੀਂ ਕਰੇਗੀ। ਜਾਹਿਰ ਜਿਹੀ ਗੱਲ ਹੈ ਕਿ 1991 'ਚ ਨਿੱਜੀਕਰਨ ਦੀ ਵਕਾਲਤ ਕਰਨ ਵਾਲੇ ਲੋਕ ਹੁਣ ਜਦ ਨਿੱਜੀਕਰਨ ਰੋਕਣ ਦਾ ਵਾਅਦਾ ਕਰ ਰਹੇ ਹਨ ਤਾਂ ਇਸ ਦਾ ਕਾਰਣ ਲੋਕ ਦਾ ਗੁੱਸਾ ਹੀ ਹੈ। ਪਰ ਇਹ ਵਾਅਦਾ ਵੀ ਪੂਰਾ ਨਹੀਂ ਹੈ। ਜਦ ਦੇਸ਼ 'ਚੋਂ ਅੰਗ੍ਰੇਜ਼ ਚਲੇ ਗਏ ਤਾਂ ਇਹ ਕਾਫੀ ਪਿਛੜਿਆ ਸੀ। ਦੇਸ਼ ਦੇ ਸਨਅਤੀ ਵਿਕਾਸ ਲਈ ਰੇਲਵੇ, ਬਿਜਲੀ, ਲੋਹਾ-ਇਸਪਾਤ ਸਨਅਤ, ਭਾਰੀ ਇੰਜਨੀਰਿੰਗ ਵਰਗੇ ਬੁਨਿਆਦੀ ਢਾਂਚੇ ਦੀ ਘਾਟ ਸੀ। ਇਹਨਾਂ ਪ੍ਰੋਜੈਕਟਾਂ ਦੀ ਸਥਾਪਨਾ

ਲਈ ਵੱਧ ਪੂੰਜੀ ਦੀ ਲੋੜ ਸੀ ਤੇ ਉਹਨਾਂ 'ਚ ਮੁਨਾਫਾ ਵੀ ਦੇਰ ਨਾਲ ਮਿਲਣਾ ਸੀ। ਨਿੱਜੀ ਦੇਸੀ ਸਰਮਾਏਦਾਰਾਂ ਕੋਲ ਏਨੀ ਪੂੰਜੀ ਨਹੀਂ ਸੀ ਕਿ ਇਹਨਾਂ ਪ੍ਰੋਜੈਕਟਾਂ ਨੂੰ ਹੱਥ ਪਾ ਸਕਦੇ। ਅਰਥਚਾਰੇ 'ਤੇ ਕੰਟਰੋਲ ਕਰਨ ਦੇ ਮਕਸਦ ਨਾਲ ਵਿਦੇਸ਼ੀ ਪੂੰਜੀ ਤੋਂ ਇਕ ਹੱਦ ਤਕ ਦੂਰੀ ਬਣਾਈ ਰੱਖੀ ਗਈ ਸੀ। ਆਖਰ ਇਹਨਾਂ ਪ੍ਰੋਜੈਕਟਾਂ ਨੂੰ ਖੜ੍ਹਾ ਕਰਨ ਦੀ ਜ਼ਿੰਮੇਵਾਰੀ ਸਰਕਾਰ ਨੇ ਆਪਣੇ ਉਪਰ ਲਈ ਤੇ ਨਿੱਜੀ ਦੇਸੀ ਸਰਮਾਏਦਾਰਾਂ ਨੇ ਖਪਤਕਾਰੀ ਚੀਜ਼ਾਂ ਬਣਾਉਣ ਵਾਲੇ ਅਦਾਰਿਆਂ 'ਚ ਨਿਵੇਸ਼ ਕੀਤਾ। ਕੁਝ ਦਹਾਕਿਆਂ ਪਿੱਛੋਂ ਪੂੰਜੀਪਤੀਆਂ ਨੇ ਭਾਰੀ ਮਾਤਰਾ 'ਚ ਪੂੰਜੀ ਇਕੱਠੀ ਕਰ ਲਈ ਤੇ ਹੁਣ ਆਪਣੀ ਪੂੰਜੀ ਵਧਾਉਣ ਲਈ ਉਹ ਸਰਕਾਰੀ ਅਦਾਰਿਆਂ ਵੱਲ ਲਾਲਚ ਭਰੀਆਂ ਨਜ਼ਰਾਂ ਨਾਲ ਵੇਖਣ ਲੱਗੇ। ਨਿੱਜੀ ਸਰਮਾਏਦਾਰਾਂ ਦੀ ਮੰਸ਼ਾ ਪੂਰੀ ਕਰਨ ਲਈ ਪਹਿਲਾਂ ਜਨਤਕ ਅਦਾਰਿਆਂ ਦੇ ਪ੍ਰਬੰਧ ਨੂੰ ਲਚਰ ਬਣਾਇਆ ਗਿਆ ਤੇ ਫਿਰ ਇਹ ਕਿਹਾ ਜਾਣ ਲੱਗਿਆ ਕਿ ਜਨਤਕ ਜਾਂ ਸਰਕਾਰੀ ਅਦਾਰੇ ਕਦੇ ਠੀਕ ਕੰਮ ਨਹੀਂ ਕਰਦੇ। ਨਿੱਜੀਕਰਨ ਨਾਲ ਹੀ ਮਜ਼ਦੂਰਾਂ ਤੋਂ ਕੰਮ ਕਰਵਾਇਆ ਜਾ ਸਕਦਾ ਹੈ। ਪੂੰਜੀਵਾਦੀ ਮੀਡੀਆ ਰਾਹੀਂ ਇਕ ਹੀ ਖੇਤਰ 'ਚ ਕੰਮ ਕਰ ਰਹੀਆਂ ਸਰਕਾਰੀ ਤੇ ਨਿੱਜੀ ਕੰਪਨੀਆਂ-ਸੰਸਥਾਵਾਂ ਦੀ ਤੁਲਨਾ ਕੀਤੀ ਜਾਣ ਲੱਗੀ। ਸਰਕਾਰ ਕੰਪਨੀਆਂ ਨੂੰ ਨਿਕੰਮੀਆਂ ਤੇ ਨਿੱਜੀ ਕੰਪਨੀਆਂ ਨੂੰ ਕੁਸ਼ਲਤਾ ਦਾ ਸਰਟੀਫੀਕੇਟ ਦਿੱਤਾ ਜਾਣ ਲੱਗਿਆ। ਇਸ ਤਰ੍ਹਾਂ ਲੋਕਾਂ ਦੇ ਇਕ ਹਿੱਸੇ ਨੂੰ ਨਿੱਜੀਕਰਨ ਦੇ ਪੱਖ ਵਿੱਚ ਲਿਆ ਕੇ ਸਰਕਾਰੀ ਸੰਸਥਾਵਾਂ ਦੀਆਂ ਕੀਮਤੀ ਜ਼ਮੀਨਾਂ ਅਤੇ ਸਾਧਨ ਕੌਡੀਆਂ ਦੇ ਭਾਅ ਨਿੱਜੀ ਹੱਥਾਂ 'ਚ ਸੌਂਪੇ ਜਾਣ ਲੱਗੇ। ਇਸ ਤੋਂ ਜਾਹਿਰ ਹੈ ਕਿ ਆਰਥਿਕ ਸੰਕਟ ਨੇ ਨਿੱਜੀਕਰਣ-ਵਿਸ਼ਵੀਕਰਣ ਦੇ ਅਮਲ ਨੂੰ ਸਿਰਫ਼ ਤੇਜ ਕਰ ਦਿੱਤਾ ਹੈ। ਸਰਮਾਏਦਾਰਾਂ ਨੇ ਅਥਾਹ ਜਾਇਦਾਦ ਇਕੱਠੀ ਕਰ ਲਈ ਹੈ। ਉਸ ਨੂੰ ਇਹ ਨਿਵੇਸ਼ ਕਰਦੇ ਹਨ। ਜਿਸ ਲਈ ਨਿੱਜੀਕਰਨ ਜ਼ਰੂਰੀ ਸ਼ਰਤ ਹੈ ਜਦ ਤਕ ਪੂੰਜੀਵਾਦੀ ਦਲਾਲ ਪ੍ਰਬੰਧ ਕਾਇਮ ਹੈ ਤਦ ਤੱਕ ਇਹਨਾਂ ਜਾਂ ਉਹਨਾਂ ਕਾਰਨਾਂ ਕਰਕੇ ਕਦੀ ਇਸ ਦੀ ਰਫ਼ਤਾਰ ਮੱਠੀ, ਕਦੀ ਤੇਜ ਹੋ ਜਾਂਦੀ ਹੈ। ਹਾਲ-ਫਿਲਹਾਲ ਵਿਸ਼ਵੀ ਆਰਥਿਕ ਸੰਕਟ ਦੇ ਹਾਲਾਤ 'ਚ ਇਸ ਦੀ ਰਫਤਾਰ ਤੇਜ ਹੋਵੇਗੀ, ਇਸ ਦੀ ਸੰਭਾਵਨਾ ਵੱਧ ਹੈ।

# ਨੀਤੀਗਤ ਗੜਬੜਾਂ ਦੀ ਚੀਰਫਾੜ ਕਿਉਂ ਜ਼ਰੂਰੀ?

ਕਾਂਗਰਸ ਯੂ. ਪੀ. ਏ ਤੇ ਇਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਸੰਸਥਾਵਾਂ 'ਚ ਛੁਰੇਬਾਜੀ ਸ਼ੁਰੂ ਹੋ ਗਈ। ਇਹ ਛੁਰੇਬਾਜੀ ਜੇ ਨੀਤੀਗਤ ਗੜਬੜਾਂ ਦੀ ਚੀਰਫਾੜ ਲਈ ਹੋਵੇ ਤਾਂ ਵਧੀਆ ਹੈ ਪਰ ਆਪਸੀ ਦੁਸ਼ਮਣੀ ਕੱਢਣ ਲਈ ਨਿਕਲੇ ਤਾਂ ਸਰਕਾਰ ਲਈ ਜਾਨਲੇਵਾ ਹੈ। ਇਹ ਛੁਰੇ ਕੀ ਕਰਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਸਰਕਾਰ ਦੇ ਨੀਤੀਗਤ ਯਾਨੀ ਰਾਜਧਰਮ 'ਚ ਗੜਬੜ ਘੁਟਾਲੇ ਤਾਂ ਸਾਫ਼ ਦਿਸ ਰਹੇ ਹਨ। ਪਹਿਲਾਂ ਸਾਨ 'ਤੇ ਚੜ੍ਹੇ ਚਾਕੂਆਂ ਦੀ ਤਫਸੀਸ਼। ਬਿਲਕੁਲ ਤਾਜਾ ਤਿੰਨ ਮਿਸਾਲਾਂ ਲਓ। ਇਸ ਸਾਲ 25 ਮਾਰਚ ਨੂੰ ਵਿਤ ਮੰਤਰੀ ਪ੍ਰਣਾਬ ਮੁਕਰਜੀ ਦੀ ਇਜਾਜ਼ਤ ਨਾਲ ਵਿਤ ਮੰਤਰਾਲੇ ਦੇ ਇਕ ਅਧਿਕਾਰੀ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਇਕ ਚਿੱਠੀ ਭੇਜੀ ਸੀ। ਚਿਠੀ ਅਨੁਸਾਰ ਹੁਣ ਗ੍ਰਹਿ ਮੰਤਰੀ ਤੇ ਮੁਖਰਜੀ ਦੇ ਸਾਬਕਾ ਵਿਤ ਮੰਤਰੀ ਪੀ. ਚਿਦੰਬਰਮ ਚਾਹੁੰਦੇ ਤਾਂ 2-ਜੀ ਸਪੈਕਟਰਮ ਘਪਲਾ ਰੋਕ ਸਕਦੇ ਸਨ। ਉਹਨਾਂ ਅਧੀਨ ਵਿਤ ਮੰਤਰਾਲਾ 2007 ਦੇ ਸ਼ੁਰੂਆਤੀ ਮਹੀਨਿਆਂ ਤਕ ਸਪੈਕਟਰਮ ਦੀ ਨਿਲਾਮੀ 'ਤੇ ਜੋਰ ਦੇ ਰਿਹਾ ਸੀ ਪਰ ਪਿਛੋਂ ਢਿੱਲਾ ਪੈ ਗਿਆ। ਹਾਲਾਂਕਿ ਰਾਜਸੀ ਕਾਰਨਾ ਕਰਕੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਪਾਰਟੀ ਦੇ ਕਈ ਲੀਡਰਾਂ ਨੇ ਜਨਤਕ ਤੌਰ 'ਤੇ ਯਕੀਨ ਦਵਾਇਆ ਕਿ ਇਸ ਘਟਨਾਕ੍ਰਮ ਤੋਂ ਸਪਸ਼ਟ ਹੈ ਕਿ 2-ਜੀ ਮਾਮਲੇ 'ਚ ਚਿਤੰਬਰਮ ਦੇ ਅਧੀਨ ਵਿਤ ਮੰਤਰਾਲੇ ਦੀ ਭੂਮਿਕਾ ਤੋਂ ਮੌਜੂਦਾ ਵਿਤ ਮੰਤਰੀ ਪ੍ਰਣਾਬ ਮੁਕਰਜੀ ਸੰਤੁਸ਼ਟ ਨਹੀਂ ਹਨ। ਚਿੱਠੀ ਕੁਝ ਮਹੀਨੇ ਪੁਰਾਣੀ ਹੈ ਹਾਲਾਂਕਿ ਸੂਚਨਾ ਦੇ ਅਧਿਕਾਰ ਦੀ ਅਰਜੀ ਰਾਹੀਂ ਹੁਣੇ ਸਾਹਮਣੇ ਆਇਆ ਹੈ ਤੇ ਉਸ ਨੂੰ ਸੁਬਰਾ ਮਨੀਅਮ ਸੁਆਮੀ ਨੇ ਸੁਪਰੀਮ ਕੋਰਟ 'ਚ ਚਿਦੰਬਰਮ ਖਿਲਾਫ਼ ਪੇਸ਼ ਕੀਤਾ ਹੈ। ਚਿਦੰਬਰਮ 'ਤੇ ਅਪਰਾਧਿਕ ਕੇਸ ਬਣਦਾ ਹੈ ਜਾਂ ਨਹੀਂ ਇਹ ਤਾਂ ਸੁਪਰੀਮ ਕੋਰਟ ਤਹਿ ਕਰੇਗੀ ਪਰ ਅਮਲ 'ਚ ਪ੍ਰਣਾਬ ਮੁਕਰਜੀ ਦੀ ਚੁਪ ਦਸਦੀ ਹੈ ਕਿ ਉਸ ਦਾ ਰਾਜਸੀ ਚਾਕੂ ਚਿਦੰਬਰਮ ਵੱਲ ਹੈ। ਸੋਨੀਆ ਗਾਂਧੀ ਦੋਹਾਂ ਦਾ ਸਮਝੌਤਾ ਕਰਵਾ ਦੇਵੇ ਤਾਂ ਵੀ ਸੰਭਵ ਹੈ। ਦੂਜੀ ਮਿਸਾਲ ਭੋਜਨ ਦੇ ਅਧਿਕਾਰ ਕੇਸ 'ਚ ਸੁਪਰੀਮ ਕੋਰਟ 'ਚ ਗਰੀਬੀ ਰੇਖਾ 'ਤੇ ਪਿਛੇ ਜਿਹੇ ਹੀ ਦਾਖਲ ਕੀਤੇ ਯੋਜਨਾ ਕਮਿਸ਼ਨ ਦੇ ਹਲਫਨਾਮੇ 'ਚ ਸ਼ਹਿਰ 'ਚ 32 ਰੁਪਏ ਪ੍ਰਤੀ ਦਿਨ ਅਤੇ ਪਿੰਡਾਂ 'ਚ 26 ਰੁਪਏ ਪ੍ਰਤੀ ਦਿਨ ਯਾਨੀ 781 ਰੁਪਏ ਮਾਸਕ ਤਕ ਖਰਚ ਕਰਨ ਵਾਲੇ ਨੂੰ ਹੀ ਗਰੀਬ ਮੰਨਿਆ ਗਿਆ ਹੈ। ਭਾਵ ਚੌਲ 'ਤੇ ਤਿੰਨ ਰੁਪਏ, ਕਣਕ 'ਤੇ ਦੋ ਰੁਪਏ ਖਰਚ ਕਰਨ ਵਾਲਾ ਬੰਦਾ ਹੀ ਗਰੀਬ ਹੈ। ਇਸ ਪੈਸੇ ਨਾਲ ਇਕ ਬੰਦੇ ਨੂੰ ਸਿਰਫ਼ 136 ਗ੍ਰਾਮ ਚੌਲ, 166 ਗ੍ਰਾਮ ਕਣਕ ਹੀ ਮਿਲ ਸਕਦੀ ਹੈ। ਇਸ ਤਰ੍ਹਾਂ ਦਾਲ 'ਤੇ ਹਰ ਦਿਨ ਇਕ ਰੁਪਿਆ ਖਰਚ ਕਰਨ ਵਾਲਾ ਬੰਦਾ ਹੀ ਗ਼ਰੀਬ ਮੰਨਿਆ ਜਾਵੇਗਾ। ਜਿੰਨੇ 'ਚ ਸਿਰਫ਼ 20 ਗ੍ਰਾਮ ਦਾਲ ਹੀ ਆਵੇਗੀ। ਸਬਜ਼ੀਆਂ ਦਾ ਕੇਸ ਵੀ ਅਜਿਹਾ ਹੀ ਬੇਤੁਕਾ ਹੈ। ਜਿਸ 'ਤੇ 1.8 ਰੁਪਏ ਰੋਜਾਨਾ ਖਰਚ ਕਰਨ ਵਾਲੇ ਬੰਦੇ ਨੂੰ ਗ਼ਰੀਬ ਕਿਹਾ ਜਾਵੇਗਾ। ਦੁੱਧ 'ਤੇ 2.3 ਰੁਪਏ ਖਰਚ ਕਰਨ ਵਾਲਾ ਗ਼ਰੀਬ ਅਖਵਾਏਗਾ। ਪੂਰੇ ਮਹੀਨੇ 'ਚ ਆਪ 112 ਰੁਪਏ ਤੇਲ 'ਤੇ ਖਰਚ ਕਰੋ ਤਾਂ ਹੀ ਗ਼ਰੀਬ ਮੰਨੇ ਜਾਓਗੇ। ਇਹ ਸਭ ਅੰਕੜੇ ਸ਼ਹਿਰ 'ਚ ਰਹਿਣ ਵਾਲਿਆਂ ਲਈ ਹਨ। ਜਿੱਥੇ 49 ਰੁਪਏ ਮਹੀਨੇ 'ਚ ਕੋਈ, ਮਕਾਨ ਕਿਰਾਏ ਅਤੇ

ਆਵਾਜਾਈ ਦਾ ਖ਼ਰਚ ਕਰ ਦੇਵੇਗਾ, ਉਹ ਗ਼ਰੀਬ ਨਹੀਂ ਮੰਨਿਆ ਜਾਵੇਗਾ। ਸ਼ਹਿਰ 'ਚ ਸਿੱਖਿਆ ਤੇ 99 ਪੈਸੇ ਰੋਜਾਨਾ ਤੋਂ ਵੱਧ ਖਰਚ ਕਰੋ ਤਾਂ ਤੁਸੀਂ ਗ਼ਰੀਬ ਨਹੀਂ ਰਹੋਗੇ। ਸਿਹਤ ਤੇ ਹਰ ਮਹੀਨੇ 39.70 ਰੁਪਏ ਤੋਂ ਵੱਧ ਖਰਚ ਜੇ ਕੀਤਾ ਤਾਂ ਵੀ ਗ਼ਰੀਬ ਨਹੀਂ ਮੰਨੇ ਜਾਓਗੇ। ਇਹ ਹਾਸੋਹੀਣਾ ਹਲਫੀਆ ਬਿਆਨ ਅਸਲ 'ਚ ਪੂਰੇ ਲੋਕਾਂ ਨੂੰ ਅਨਾਜ ਸੁਰੱਖਿਆ ਦੇਣ 'ਤੇ ਮੋਟਾ ਖ਼ਰਚ ਕਰਨ ਦੀ ਬਜਾਏ ਘੱਟ ਖ਼ਰਚ 'ਚ ਅਨਾਜ ਸੁਰੱਖਿਆ ਦੀ ਖਾਨਾਪੂਰਤੀ ਦੇ ਇਰਾਦੇ ਨਾਲ ਦਿੱਤਾ ਗਿਆ ਹੈ।

ਇਸ ਹਾਸੋਹੀਣੀ ਅੰਕੜੇਬਾਜ਼ੀ ਨੂੰ ਨਾ ਸਿਰਫ਼ ਮੀਡੀਆ ਤੇ ਸਮਾਜਿਕ ਕਾਰਕੁੰਨਾ ਦੀ ਅਲੋਚਨਾ ਝਲਣੀ ਪਈ ਬਲਕਿ ਮਨਮੋਹਣ ਸਿੰਘ ਦੇ ਮੰਤਰੀ ਮੰਡਲ, ਕਾਂਗਰਸ ਪਾਰਟੀ ਤੇ ਯੋਜਨਾ ਕਮਿਸ਼ਨ ਤਕ 'ਚ ਤੂਫਾਨ ਆ ਗਿਆ। ਹਲਫੀਆ ਬਿਆਨ ਖਿਲਾਫ਼ ਰੱਖਿਆ ਮੰਤਰੀ ਏ ਕੇ ਐਂਟਨੀ ਨੇ ਪ੍ਰਧਾਨ ਮੰਤਰੀ ਨੂੰ ਚਿਠੀ ਲਿਖੀ। ਪੇਂਡੂ ਵਿਕਾਸ ਮੰਤਰੀ ਜੈ ਰਾਮ ਰਮੇਸ਼ ਨੇ ਯੋਜਨਾ ਕਮਿਸ਼ਨ ਤੋਂ ਆਪਣੇ ਅੰਕੜਿਆਂ 'ਤੇ ਦੁਬਾਰਾ ਵਿਚਾਰ ਕਰਨ ਲਈ ਕਿਹਾ ਤੇ ਯੋਜਨਾ ਕਮਿਸ਼ਨ ਤਕ ਦੇ ਦੋ ਮੈਂਬਰਾਂ ਮਿਹਰਸ਼ਾਹ ਅਤੇ ਅਭਿਜਿਤ ਸੇਨ ਨੇ ਪ੍ਰੈਸ ਕਾਨਫਰੰਸ ਬੁਲਾ ਕੇ ਕਮਿਸ਼ਨ ਦੇ ਹਲਫਨਾਮੇ ਨੂੰ ਕਰੜੇ ਹੱਥੀਂ ਲਿਆ। ਉਹਨਾਂ ਨੇ ਦੋ ਟੂਕ ਸ਼ਬਦਾਂ 'ਚ ਕਿਹਾ, "ਯੋਜਨਾ ਕਮਿਸ਼ਨ ਨੇ ਸੁਪਰੀਮ ਕੋਰਟ ਦੇ ਇਸ ਸੁਆਲ ਦਾ ਜੁਆਬ ਹੀ ਨਹੀਂ ਦਿੱਤਾ ਕਿ ਗ਼ਰੀਬੀ ਰੇਖਾ ਦੀ ਕੋਈ ਹੱਦ ਤਹਿ ਕਰਨੀ ਵੀ ਚਾਹੀਦੀ ਹੈ ਜਾਂ ਨਹੀਂ। ਇਸ ਅੰਦਰੂਨੀ ਰੱਫੜ ਦੇ ਬਾਵਜੂਦ ਕੀ ਮੌਜੂਦਾ ਕੇਂਦਰੀ ਹਕੂਮਤ ਦਾ ਇਹ ਗੜਬੜ ਘੁਟਾਲਾ ਜਾਰੀ ਰਹੇਗਾ? ਤੀਜੀ ਘਟਨਾ ਬੰਗਲਾ ਦੇਸ਼ ਤੋਂ ਤੀਸਤਾ ਪਾਣੀ ਵਟਾਂਦਰੇ ਦੇ ਪ੍ਰਸਤਾਵਿਤ ਸਮਝੌਤੇ ਤੋਂ ਨਰਾਜ਼ ਮਮਤਾ ਬੈਨਰਜੀ ਦਾ ਐਨ ਮੌਕੇ 'ਤੇ ਪ੍ਰਧਾਨ ਮੰਤਰੀ ਦੀ ਯਾਤਰਾ 'ਚ ਸ਼ਾਮਲ ਨਾ ਹੋਣਾ। ਖੁਦ ਪ੍ਰਧਾਨ ਮੰਤਰੀ ਨੂੰ ਉਸ ਦੇ ਕਈ ਸਹਿਯੋਗੀ ਪਾਰਟੀਆਂ ਦੇ ਨੇਤਾਵਾਂ ਵਲੋਂ ਇਸ ਤੋਂ ਵੱਡੀ ਸੱਟ ਹੋਰ ਕਿਹੜੀ ਹੋ ਸਕਦੀ ਹੈ? ਪ੍ਰਸਤਾਵਿਤ ਸਮਝੌਤੇ ਬੰਗਲਾ ਦੇਸ਼ ਨੂੰ ਤੀਸਤਾ ਨਦੀ ਦਾ 48 ਫੀਸਦੀ ਪਾਣੀ ਅਤੇ ਪੱਛਮੀ ਬੰਗਾਲ ਨੂੰ 52 ਫੀਸਦੀ ਪਾਣੀ ਦੇਣ ਦੀ ਵਿਵਸਥਾ ਸ਼ਾਮਲ ਸੀ। ਉਤਰੀ ਬੰਗਾਲ ਦੇ ਚਾਰ ਜ਼ਿਲ੍ਹਿਆਂ, ਕੂਚ ਵਿਹਾਰ, ਨਿਊ ਜਲਪਾਈ ਮੁੜੀ ਅਤੇ ਉਤਰੀ ਤੇ ਦੱਖਣੀ ਕਿ ਨਾਜਪੁਰ ਦੀ ਖੇਤੀ ਪੂਰੀ ਤਰ੍ਹਾਂ ਤੀਸਤਾ ਦੇ 75 ਫੀਸਦੀ ਪਾਣੀ ਤੇ ਨਿਰਭਰ ਹੈ। ਸਿਲੀਗੁੜੀ ਸ਼ਹਿਰ ਦੀ ਹੋਂਦ ਵੀ ਇਸ ਪਾਣੀ 'ਤੇ ਨਿਰਭਰ ਹੈ। ਗੁਆਂਢੀ ਦੇਸ਼ ਨਾਲ ਸੁਖਾਵੇਂ ਸਬੰਧ ਤੇ ਪੂਰੇ ਦੱਖਣੀ ਏਸ਼ੀਆਂ ਦੇ ਸਾਂਝੇ ਵਿਕਾਸ ਲਈ ਕੇਂਦਰ ਸਰਕਾਰ ਦਾ ਇਹ ਪ੍ਰਸਤਾਵਿਤ ਕਦਮ ਭਾਵੇਂ ਸਹੀ ਹੋਵੇ ਪਰ ਮਮਤਾ ਨੂੰ ਵਿਸਵਾਸ਼ 'ਚ ਨਹੀਂ ਲਿਆ ਗਿਆ। ਤ੍ਰਿਣਮੂਲ ਕਾਂਗਰਸ ਦੇ ਸਰਕਾਰ 'ਚ ਨੁਮਾਇੰਦੇ ਦਿਨੇਸ਼ ਤ੍ਰਿਵੇਦੀ ਨੂੰ ਪ੍ਰਧਾਨ ਮੰਤਰੀ ਦੀ ਬੰਗਲਾ ਦੇਸ਼ ਯਾਤਰਾ ਤੋਂ ਦੋ ਦਿਨ ਪਹਿਲਾਂ ਹੀ ਸਮਝੌਤੇ ਦਾ ਡਰਾਫਟ ਵਿਖਾਇਆ ਗਿਆ। ਮਮਤਾ ਬੈਨਰਜੀ ਨੂੰ ਕੇਂਦਰ ਸਰਕਾਰ ਜੇ ਕੁਝ ਬਦਲਵੇਂ ਵਿਸਵਾਸ਼ ਦਿਵਾਉਂਦੀ ਤਾਂ ਅੱਛਾ ਸੀ। ਸਾਫ਼ ਹੈ ਕਿ ਆਪਣੇ ਪੂਰੇ ਕਾਰਜਕਾਲ 'ਚ ਮਨਮੋਹਨ ਸਰਕਾਰ 'ਚ ਰਾਜਸੀ ਨਜ਼ਰੀਏ ਤੇ ਸੰਵਾਦ ਦੀ ਭਿਅੰਕਰ ਘਾਟ ਹੈ। ਸਰਕਾਰ ਦੇ ਵੱਖ-ਵੱਖ ਵਿਭਾਗ ਤੇ ਅੰਗ ਇਕ ਤਰਫਾ ਫੈਸਲਿਆਂ ਤੇ ਪਹਿਲ ਕਦਮੀ 'ਚ ਰੁਝਾਣ ਰੱਖਦੇ ਹਨ। ਸਾਫ਼ ਗੜਬੜ ਦਿਸਦੀ ਹੈ। ਅੰਨਾ ਹਜ਼ਾਰੇ ਨਾਲ ਨਿਪਟਣ ਵੇਲੇ ਵੀ ਇਹ ਗੜਬੜ ਰਹੀ। ਨੀਤੀਗਤ ਸਰਜਰੀ ਦੇ ਚਾਕੂ ਹੀ ਕੰਮ ਦੇ ਸਕਦੇ ਹਨ।

# ਕੀ ਹਨ ਸੀਰੀਆ ਨੂੰ ਘੇਰਨ 'ਚ ਅਮਰੀਕੀ ਸਾਮਰਾਜ ਦੇ ਮਨਸੂਬੇ?

ਸੀਰੀਆ ਨੂੰ ਦੂਜਾ ਲੀਬੀਆ ਬਣਾਉਣ ਦੀ ਅਮਰੀਕੀ ਤੇ ਉਹਨਾਂ ਦੇ ਨਾਟੋ ਸਹਿਯੋਗੀਆਂ ਨੂੰ ਉਸ ਵੇਲੇ ਭਾਰੀ ਧੱਕਾ ਲੱਗਿਆ ਜਦ ਉਹਨਾਂ ਵਲੋਂ 5 ਅਕਤੂਬਰ ਨੂੰ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ 'ਚ ਪੇਸ਼ ਕੀਤੇ ਮਤੇ ਨੂੰ ਚੀਨ ਤੇ ਰੂਸ ਨੇ ਵੀਟੋ ਕਰ ਦਿੱਤਾ। ਫ੍ਰਾਂਸ ਦੀ ਅਗਵਾਈ 'ਚ ਯੂਰਪੀ ਦੇਸ਼ਾਂ ਵਲੋਂ ਪੇਸ਼ ਕੀਤੇ ਮਤੇ ਦਾ ਜਿੱਥੇ ਅਮਰੀਕਾ, ਬ੍ਰਿਟੇਨ, ਫ੍ਰਾਂਸ, ਜਰਮਨੀ, ਪੁਰਤਗਾਲ ਆਦਿ ਸਮੇਤ ਦੇਸ਼ਾਂ ਨੇ ਹਮਾਇਤ ਕੀਤੀ ਸੀ। ਉਥੇ ਰੂਸ ਤੇ ਚੀਨ ਨੇ ਵੀਟੋ ਰਾਹੀਂ ਵਿਰੋਧ ਕੀਤਾ। ਭਾਰਤ ਬ੍ਰਾਜ਼ੀਲ, ਦੱਖਣੀ ਅਫਰੀਕਾ ਤੇ ਲੇਬਨਾਨ ਨੇ ਇਸ ਵੋਟਿੰਗ 'ਚ ਹਿੱਸਾ ਨਹੀਂ ਲਿਆ। ਸੀਰੀਆ ਲੰਬੇ ਸਮੇਂ ਤੋਂ ਅਮਰੀਕੀ ਸਾਮਰਾਜੀਆਂ ਦੇ ਨਿਸ਼ਾਨੇ 'ਤੇ ਰਿਹਾ ਹੈ। ਸੀਰੀਆ ਉਸ ਦੇ ਮੱਧਪੂਰਬ ਦੇ ਲਠੈਤ ਇਜ਼ਰਾਇਲ ਦੇ ਮਨਸੂਬਿਆਂ 'ਚ ਵੀ ਇਕ ਅੜਿੱਕਾ ਰਿਹਾ ਹੈ। ਸੀਰੀਆ ਤੇ ਹਮਲਾ ਕਰਨ ਤੇ ਲੀਬੀਆ ਵਾਗੂੰ ਆਪਣੀ ਮਨਚਾਹੀ ਸਰਕਾਰ ਬਣਾਉਣ ਲਈ ਅਮਰੀਕਾ ਤਰ੍ਹਾਂ ਤਰ੍ਹਾਂ ਦੀਆਂ ਸਾਜਿਸ਼ਾਂ ਰਚ ਰਿਹਾ ਹੈ। ਆਪਣੀਆਂ ਇਹਨਾਂ ਸਾਜਿਸ਼ਾਂ ਨੂੰ ਕੌਮਾਂਤਰੀ ਸੰਸਥਾਵਾਂ ਰਾਹੀਂ ਇਕ ਰਵਾਇਤੀ ਵਾਜਬੀਅਤ ਹਾਸਲ ਕਰਨ ਲਈ ਹੀ ਸੁਰੱਖਿਆ ਪ੍ਰੀਸ਼ਦ 'ਚ ਇਹ ਮਤਾ ਲਿਆਂਦਾ ਗਿਆ ਸੀ। ਅਮਰੀਕੀ ਤੇ ਫਰਾਂਸੀਸ ਸਾਮਰਾਜੀਆਂ ਨੇ ਲੀਬੀਆ ਦੀ ਟਰਾਂਜੀਸ਼ਨਲ ਨੈਸ਼ਨਲ ਕਾਊਂਸਿਲ (ਟੀ ਐਨ ਸੀ) ਤਰ੍ਹਾਂ ਹੀ ਸੀਰੀਆ 'ਚ ਭਾਵੀ ਬਗਾਵਤ ਨੂੰ ਜਥੇਬੰਦ ਕਰਨ ਲਈ 'ਸੀਰੀਆ ਨੈਸ਼ਨਲ ਕਾਊਂਸਿਲ (SNC) ਬਣਾਈ ਗਈ ਹੈ। ਇਸ ਕੌਂਸਿਲ ਦਾ ਚੇਅਰਮੈਨ ਬੁਰਹਾਨ ਗਲਿਓਨ ਨੂੰ ਬਣਾਇਆ ਗਿਆ ਹੈ। ਜੋ ਦਹਾਕੇ ਤੋਂ ਫਰਾਂਸ 'ਚ ਰਹਿ ਰਹੇ ਹਨ। ਇਸ ਨੈਸ਼ਨਲ ਕਾਊਂਸਿਲ 'ਚ ਸੀਰੀਆ ਦੇ ਸੱਤ ਗਰੁੱਪ ਸ਼ਾਮਲ ਹਨ। ਇਸ 'ਚ 'ਦਮਿਸ਼ਕ ਡਿਲਲੇਰੇਸ਼ਨ ਫਾਰ ਡੈਮੋਕਰੇਟਿਕ ਚੇਂਜ ਗਰੁੱਪ' 'ਸੀਰੀਅਨ ਮੁਸਲਿਮ ਬਰਦਰਹੁੱਪ, ਕੁਰਦ ਗਰੁੱਪ, 'ਲੋਕਲ ਕੋਆਰਡੀਨੇਸ਼ਨ ਕਮੇਟੀ' ਤੇ ਸੀਰੀਅਨ ਰੇਵੋਲੂਸ਼ਨ ਜਨਰਲ ਕਮਿਸ਼ਨ ਵਰਗੇ ਸਮੂਹ ਸ਼ਾਮਲ ਹਨ। ਇਹਨਾਂ ਸਮੂਹਾਂ ਨੂੰ ਅਮਰੀਕਾ, ਫਰਾਂਸ, ਸਾਊਦੀ ਅਰਬ, ਇਜ਼ਰਾਇਲ ਤੇ ਤੁਰਕੀ ਤੋਂ ਆਰਥਿਕ ਤੇ ਫ਼ੌਜੀ ਮਦਦ ਮਿਲ ਰਹੀ ਹੈ।

ਸੀਰੀਆ ਦੀ ਇਸ ਤਰ੍ਹਾਂ ਨਾਲ ਅਮਰੀਕੀ ਸਾਮਰਾਜੀ ਘੇਰਾਬੰਦੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਸੀਰੀਆ ਦੇ ਵੱਖ-ਵੱਖ ਧਾਰਮਿਕ ਸਮੂਹਾਂ ਤੋਂ ਘਟ ਗਿਣਤੀਆਂ ਨੂੰ ਸੀਰੀਆ ਦੀ ਸਰਕਾਰ ਖਿਲਾਫ਼ ਭੜਕਾ ਰਹੇ ਹਨ। ਅਸਦ ਸਰਕਾਰ 'ਤੇ ਪਾਬੰਦੀ ਲਾਉਣ ਲਈ ਮਿਸ਼ਰ, ਟਿਊਨੀਸ਼ੀਆ, ਲਿਬੀਆ ਆਦਿ ਦੇਸ਼ਾਂ 'ਚ ਹੋਈਆਂ ਬਗਾਵਤਾਂ ਨੂੰ ਝੂਠੇ ਢੰਗ ਨਾਲ ਪ੍ਰਚਾਰ ਕੇ ਇਹ ਸਾਬਤ ਕਰ ਰਹੇ ਹਨ ਕਿ ਅਸਦ ਸਰਕਾਰ ਦੇ ਪਤਨ ਦੇ ਨਾਲ ਲੋਕਰਾਜ, ਅਜਾਦੀ, ਸ਼ਾਂਤੀ ਤੇ ਖੁਸ਼ਹਾਲੀ ਆਵੇਗੀ। ਜਦ ਕਿ ਇਹਨਾਂ ਦੇਸ਼ਾਂ ਦਾ ਸੱਚ ਇਹ ਹੈ ਕਿ ਅਮਰੀਕੀ ਸਾਮਰਾਜੀਆਂ ਨੇ ਆਪਣੇ ਪਿਠੂਆਂ ਦੀ ਸਰਕਾਰ ਕਾਇਮ ਕਰਕੇ ਆਮ ਲੋਕਾਂ ਦੀ ਲੁਟ ਘਸੁੱਟ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਹੋਈ ਹੈ। ਸੀਰੀਆ ਦੀ ਭੂਗੋਲਿਕ-ਰਾਜਸੀ ਹਾਲਤ ਦਾ ਫਾਇਦਾ ਰੂਸੀ ਸਾਮਰਾਜੀ ਉਠਾਉਣਾ ਚਾਹੁੰਦੇ ਹਨ। ਵੈਸੇ ਸੀਰੀਆ ਰਵਾਇਤੀ ਤੌਰ 'ਤੇ ਸੋਵੀਅਤ ਸੰਘ ਦੇ ਜ਼ਮਾਨੇ ਤੋਂ ਉਹਨਾਂ ਦੇ ਖੇਮੇ ਦਾ ਮੈਂਬਰ ਰਿਹਾ ਹੈ। ਅਜੇ ਵੀ ਸੀਰੀਆ

ਰੂਸ ਦੇ ਹਥਿਆਰਾਂ ਤੇ ਹੋਰ ਚੀਜ਼ਾਂ ਦਾ ਮੁਖ ਖਰੀਦਦਾਰ ਹੈ। ਇਹ ਸਥਿਤੀ ਕੁਲ ਮਿਲਾ ਕੇ ਚੀਨ ਦੀ ਵੀ ਹੈ। ਸੀਰੀਆ ਦੀ ਅਸਦ ਸਰਕਾਰ ਦੇ ਪਤਨ ਪਿਛੋਂ ਰੂਸ ਤੇ ਚੀਨ ਦੀ ਪੱਛਮੀ ਏਸ਼ੀਆ 'ਚ ਦਖਲਅੰਦਾਜ਼ੀ ਕਾਫੀ ਘੱਟ ਹੋ ਜਾਵੇਗੀ। ਉਹ ਅਜਿਹਾ ਕਦੀ ਨਹੀਂ ਚਾਹੁਣਗੇ। ਸੀਰੀਆ ਇਸ ਤਰ੍ਹਾਂ ਨਾਲ ਸਾਮਰਾਜੀ ਦੇਸ਼ਾਂ ਵਿਚਕਾਰ ਖਿਚੋਤਾਣ ਦਾ ਕੇਂਦਰ ਬਣਿਆ ਹੋਇਆ ਹੈ। ਅਸਦ ਦੇ ਪ੍ਰੀਵਾਰ ਨੇ ਇਸ ਸਥਿਤੀ ਦਾ ਫਾਇਦਾ ਉਠਾ ਕੇ ਦਹਾਕਿਆਂ ਤੋਂ ਆਪਣੀ ਤਾਨਾਸ਼ਾਹੀ ਪੂਰਨ ਹਕੂਮਤ ਕਾਇਮ ਕੀਤੀ ਹੋਈ ਹੈ। ਆਮ ਜਮਹੂਰੀ ਅਧਿਕਾਰਾਂ ਦੀ ਘਾਟ ਕਾਰਨ ਆਮ ਲੋਕਾਂ 'ਚ ਗੰਭੀਰ ਰੋਸ ਕਾਇਮ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਹੀ ਅਸਦ ਸਰਕਾਰ ਦੀ ਫੌਜਾਂ ਤੇ ਨਾਗਰਿਕਾਂ ਤੇ ਹਥਿਆਰਬੰਦ ਸਮੂਹਾਂ ਵਿਚਾਲੇ ਹੋਈਆਂ ਝੜਪਾਂ ਵਿੱਚ ਲਗਭਗ 2500 ਸ਼ਹਿਰੀ ਤੇ ਕਰੀਬ 500 ਫ਼ੌਜੀ ਮਾਰੇ ਜਾ ਚੁੱਕੇ ਹਨ। ਵਧਦੇ ਰੋਸ ਤੇ ਸਾਮਰਾਜੀ ਦਖਲ ਅੰਦਾਜੀ ਦੇ ਡਰ ਦੌਰਾਨ ਅਸਦ ਸਰਕਾਰ, ਨੇ ਬੇਹੱਦ ਮਜ਼ਬੂਰੀ ਕਰਕੇ ਕੁਝ ਰਾਜਸੀ ਸੁਧਾਰਾਂ ਦਾ ਐਲਾਨ ਕੀਤਾ ਹੈ। ਸੀਰੀਆ ਦੇ ਮੇਹਨਤਕਸ਼ਾਂ, ਮਜ਼ਦੂਰਾਂ ਤੇ ਕਿਸਾਨਾਂ ਸਾਹਮਣੇ ਦੋ ਤਰ੍ਹਾਂ ਦਾ ਸੰਕਟ ਮੌਜੂਦ ਹੈ। ਇਕ ਪਾਸੇ ਦਹਾਕਿਆਂ ਤੋਂ ਕਾਇਮ ਅਸਦ ਸਰਕਾਰ ਦੀ ਤਾਨਾਸ਼ਾਹੀ ਹਕੂਮਤ ਹੈ ਤੇ ਦੂਜੇ ਪਾਸੇ ਉਸ ਨੂੰ ਉਖੇੜਨ ਦੇ ਬਹਾਨੇ ਅਮਰੀਕੀ ਸਾਮਰਾਜੀਆਂ ਦੀ ਘ੍ਰਿਣਤ ਚਾਲਾਂ ਤੇ ਸਾਜ਼ਿਸ਼ਾਂ ਹਨ। ਜੋ ਉਸ ਦੇਸ਼ 'ਚ ਦੂਜਾ ਇਰਾਕ ਜਾਂ ਲੀਬੀਆ ਬਣਾ ਦੇਣਗੀਆਂ।

# ਕੀ ਗ਼ੈਰ ਸਿਆਸੀ ਵੀ ਇਕ ਸਿਆਸਤ ਹੈ?

ਕਹਿਣ ਨੂੰ ਤਾਂ ਜਮਾਤ ਰਹਿਤ ਸਮਾਜ ਸੁਪਨਾ ਪਰ ਕਿਤੇ ਅੱਜ ਦੇਸ਼ 'ਚ ਤਿੰਨ ਚਾਰ ਜਮਾਤ ਬਣੀਆਂ ਹੋਈਆਂ ਹਨ। ਇਕ ਜਮਾਤ ਚਿੰਤਾਵਾਂ 'ਚ ਘਿਰੀ ਚਿੰਤਾ ਦਾ ਸ਼ਿਕਾਰ ਹੈ ਤੇ ਇਹ ਜਮਾਤ ਇਸ ਕਰਕੇ ਇਹ ਸੋਚਦੀ ਹੈ ਕਿ ਕਿਥੇ ਜਾਈਏ ਤੇ ਕੀ ਕਰੀਏ? ਇਕ ਅਜਿਹੀ ਜਮਾਤ ਵੀ ਪੈਦਾ ਹੋ ਗਈ ਹੈ ਜੋ ਚਿੰਤਾ ਮੁਕਤ ਹੈ। ਉਸ ਨੂੰ ਨਾ ਮਹਿੰਗਾਈ ਦਾ ਫ਼ਿਕਰ ਹੈ, ਨਾ ਉਸ ਨੂੰ ਸਰਕਾਰ ਦੇ ਆਉਣ-ਜਾਣ ਦੇ ਚਿੰਤਾ ਹੈ। ਇਸ ਜਮਾਤ ਨੂੰ ਪਤਾ ਹੈ ਕਿ ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ ਸਰਕਾਰ ਨੇ ਪੱਖ ਉਸ ਦਾ ਹੀ ਪੂਰਨਾ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਅੱਜ ਕਾਂਗਰਸ ਇਕੱਲੀ ਹੋਵੇ ਜਾਂ ਭਾਜਪਾ, ਆਪਣੇ ਦਮ 'ਤੇ ਸਰਕਾਰ ਨਹੀਂ ਬਣਾ ਸਕਦੇ। ਦੇਸ਼ 'ਚ ਗਠਜੋੜ ਸਰਕਾਰ ਹੀ ਬਣੇਗੀ ਤੇ ਇਸ ਮਿਲੀ ਜੁਲੀ ਸਰਕਾਰ ਦੀ ਮਜ਼ਬੂਰੀ ਦੋਨੋ ਪਾਰਟੀਆਂ ਢੋਹਣਗੀਆਂ। ਇਸ ਲਈ ਇਸ ਜਮਾਤ ਦੀ ਹਮੇਸ਼ਾ ਚਾਂਦੀ ਹੀ ਰਹਿਣੀ ਹੈ। ਇਹ ਜਮਾਤ ਦਲਾਲਾਂ ਦੀ ਹੈ ਤੇ ਇਹਨਾਂ ਨੇ ਉਦਾਰਵਾਦੀ ਆਰਥਿਕ ਨੀਤੀਆਂ ਦਾ ਫਾਇਦਾ ਦੱਬ ਕੇ ਉਠਾਇਆ ਹੈ। ਖ਼ੂਬ ਪੈਸਾ ਕਮਾਇਆ ਹੈ। ਇਸ ਪੈਸੇ ਨੇ ਇਸ ਜਮਾਤ ਨੂੰ ਤੇ ਬਾਕੀ ਸਾਰੇ ਦੇਸ਼ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਇਹ ਜਮਾਤ ਬਹੁਤ ਚਲਾਕ ਹੈ। ਬੋਲਦੀ ਤਾਂ ਭ੍ਰਿਸ਼ਟਾਚਾਰ ਦੇ ਖਿਲਾਫ਼ ਹੈ ਅਤੇ ਭ੍ਰਿਸ਼ਟਾਚਾਰ ਖ਼ਤਰਾ ਕਰਨ ਦੇ ਸੰਘਰਸ਼ 'ਚ ਕੋਈ ਨਾ ਕੋਈ ਭੂਮਿਕਾ ਵੀ ਅਦਾ ਕਰਦੀ ਹੈ। ਇਹਨਾਂ 'ਚ ਮੱਧਵਰਗ ਭਰਮਾ 'ਚ ਫਸ ਗਿਆ ਹੈ। ਉਸ ਨੂੰ ਆਪਣਾ ਹਿੱਸਾ ਮਿਲ ਨਹੀਂ ਰਿਹਾ ਹੈ। ਇਸ ਲਈ ਇਹ ਮੱਧ ਵਰਗ ਕਦੇ ਕਿਸੇ ਪਾਰਟੀ ਨਾਲ ਅਤੇ ਕਦੇ ਕਿਸੇ ਦੂਜੀ ਪਾਰਟੀ ਨਾਲ ਜੁੜ ਜਾਂਦਾ ਹੈ। ਇਸ ਲਈ ਇਹ ਆਪਣੀ ਸਥਿਤੀ 'ਚ ਨਾ ਪਹੁੰਚਣ ਲਈ ਰਾਖਵੇਂਕਰਨ ਨੂੰ ਦੋਸ਼ੀ ਮੰਨਦਾ ਹੈ। ਨਿੱਜੀ ਖੇਤਰ 'ਚ ਨੌਕਰੀ ਹਾਸਲ ਕਰਨ ਪਿੱਛੋਂ 15-15, 18-18 ਘੰਟੇ ਕੰਮ ਕਰਨ ਕਰਕੇ ਸਮਾਜ ਤੋਂ ਕਟਿਆ ਇਹ ਵਰਗ ਢੀਠ ਹੁੰਦਾ ਜਾ ਰਿਹਾ ਹੈ। ਜਿੰਨਾ ਕੰਮ ਲਿਆ ਜਾਂਦਾ ਹੈ, ਤਨਖਾਹ ਉਨੀ ਨਹੀਂ ਮਿਲਦੀ ਜਿਸ ਕਰਕੇ ਤਿੰਨ ਮੈਂਬਰਾਂ ਦਾ ਪਰਿਵਾਰ ਵੀ ਮਸਾਂ ਰੋਟੀ ਚਲਾਉਂਦਾ ਹੈ। ਮਾਪੇ ਬੋਝ ਲੱਗਣ ਲੱਗਦੇ ਹਨ ਤਾਂ ਇਸ 'ਚ ਇਸ ਜਮਾਤ (ਮੱਧ ਵਰਗ) ਦਾ ਕਸੂਰ ਨਹੀਂ। ਇਹ ਤਾਂ ਨਵੀਆਂ ਸਾਮਰਾਜੀ ਆਰਥਿਕ ਨੀਤੀਆਂ 'ਚੋਂ ਉਪਜੀ ਹਾਲਤ ਹੈ। ਸੋਚ ਹੈ। ਅੱਜ ਕੰਮ ਦੇ ਘੰਟੇ ਤਹਿ ਹੋਣ ਦੀ ਮੰਗ ਕਿਧਰੇ ਗਾਇਬ ਹੀ ਹੋ ਗਈ ਹੈ।

ਰਾਜਸੀ ਪਾਰਟੀਆਂ ਨੇ ਨੌਜਵਾਨ ਨੂੰ ਭਰਮਾ ਰੱਖਿਆ ਹੈ। ਨੌਜਵਾਨ ਸੋਚਦਾ ਹੈ ਕਿ ਕਿਹੜਾ ਰਾਹ ਫੜੇ। ਇਹਨਾਂ ਪਾਰਟੀਆਂ ਨੇ ਖੁਦ ਤਾਂ ਆਪਣੇ ਪੁਰਖਿਆ ਦੇ ਰਾਹ ਫੜੇ ਨਹੀਂ ਪਰ, ਨੌਜਵਾਨਾ ਨੂੰ ਉਪਦੇਸ਼ ਦਿੰਦੇ ਹਨ ਅਤੇ ਭਰਮ ਜਾਲ 'ਚ ਪਾਉਂਦੇ ਹਨ। ਲੋਕ ਰਾਜ ਦੇ ਨਾਂ ਹੇਠ ਅਨੇਕਾਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਇਕ ਅਰਾਜਕਤਾ ਵਾਲੀ ਹਾਲਤ ਬਣ ਗਈ ਹੈ। ਇਹ ਖੁਦ ਨੂੰ ਪਾਰਲੀਮੈਂਟ ਤੋਂ ਵੀ ਉਪਰ ਮੰਨਦੇ ਹਨ। ਸਿਵਲ ਸੁਸਾਇਟੀ ਕੋਈ ਚੁਣੀ ਹੋਈ ਸੰਸਥਾ ਨਹੀਂ ਹੈ ਪਰ ਗੱਲਾਂ ਡਿਕਟੇਟਰਾਂ ਵਾਲੀਆਂ ਕਰਦੀ ਹੈ। ਸਿਵਲ ਸੁਸਾਇਟੀ ਆਖਰ ਲੋਕ ਨੁਮਾਇੰਦਿਆਂ ਤੋਂ ਉਪਰ ਤਾਂ ਨਹੀਂ ਹੋ ਸਕਦੀ। ਨਾ ਹੀ ਇਹ ਪਾਰਲੀਮੈਂਟ ਤੋਂ ਉਪਰ ਮੰਨੀ ਜਾ ਸਕਦੀ ਹੈ। ਇਹ ਸਿਵਲ ਸੁਸਾਇਟੀ ਸੰਸਦ ਨੂੰ ਅਜਿਹਾ ਪ੍ਰਭਾਵ ਬਣਾ ਰਹੀ ਹੈ ਕਿ ਇਹ ਤਾਂ

ਸਭ ਨੂੰ ਡਿਕਟੇਟ ਕਰ ਸਕਦੀ ਹੈ, ਪਰ ਸਿਵਲ ਸੁਸਾਇਟੀ ਪਾਰਲੀਮੈਂਟ ਦੀ ਥਾਂ ਤਾਂ ਨਹੀਂ ਲੈ ਸਕਦੀ ਇਹ ਦੇਸ਼ 'ਚ ਭਰਮਿਕ ਤੇ ਅਰਾਜਕ ਸਥਿਤੀ ਪੈਦਾ ਕਰ ਰਹੀ ਹੈ। ਇਹ ਕਿਸੇ ਨੂੰ ਵੀ ਜੁਆਬਦੇਹ ਨਹੀਂ ਹੈ। ਪਰ ਸਭ ਨੂੰ ਡੰਡੇ ਨਾਲ ਤੋਰਨਾ ਆਪਣਾ ਹੱਕ ਮੰਨਦੀ ਹੈ। ਇਹ ਪ੍ਰਬੰਦ ਬਦਲਣ ਦੀ ਗੱਲ ਤਾਂ ਕਰਦੀ ਹੈ ਪਰ ਇਸ ਦਾ ਬਦਲ ਕੋਈ ਪੇਸ਼ ਨਹੀਂ ਕਰਦੀ ਕਿਉਂਕਿ ਇਹ ਵੀ ਤਾਂ ਪੂੰਜੀਵਾਦੀ ਵਿਵਸਥਾ ਦਾ ਹੀ ਇਕ ਅੰਗ ਹੈ ਤੇ ਇਸ ਵਿਵਸਥਾ ਨੂੰ ਜਾਰੀ ਰੱਖਣਾ ਚਾਹੁੰਦੀ ਹੈ। ਇਹ ਸੰਵਿਧਾਨ ਨੂੰ ਆਪਣੇ ਹਿੱਤ 'ਚ ਵਰਤਣ ਲਈ ਬਜਿਦ ਹੈ। ਜੋ ਨਾਗਰਿਕ ਅਧਿਕਾਰ ਹਨ। ਸਿਵਲ ਸੁਸਾਇਟੀ ਉਹਨਾਂ 'ਤੇ ਕਬਜਾ ਕਰਕੇ ਫਿਰ ਤਾਕਤਵਾਰ ਬਣ ਕੇ ਨਾਗਰਿਕਾਂ ਨੂੰ ਇਕ-ਇਕ ਕਰਕੇ ਵੰਡਣ ਦਾ ਅਧਿਕਾਰ ਹਾਸਲ ਕਰ ਲੈਣਾ ਚਾਹੁੰਦੀ ਹੈ। ਸਿਵਲ ਸੁਸਾਇਟੀ ਦੇ ਨਾਹਰੇ ਲੋਕ-ਲੁਭਾਉਣੇ ਹਨ ਪਰ ਇਰਾਦੇ ਖ਼ਤਰਨਾਕ ਹਨ। ਇਹ ਸੁਸਾਇਟੀ ਇਸ ਸਮੇਂ ਦੇਸ਼ ਦੀ ਸਭ ਤੋਂ ਵੱਡੀ ਫਿਰਕੂ ਸਮੱਸਿਆ ਹੈ। ਇਹਨਾਂ ਕੋਲ ਮਾਹਰਾਂ ਤੇ ਚਤਰ ਸੁਜਾਨਾ ਦੀ ਇਕ ਟੀਮ ਹੈ। ਅਜਿਹੀ ਭਾਸ਼ਾ ਬੋਲਦੇ ਹਨ ਕਿ ਆਮ ਆਦਮੀ ਸਮਝ ਹੀ ਨਾ ਸਕੇ ਤੇ ਸ਼ਬਦ ਜਾਲ 'ਚ ਫਸਦਾ ਚਲਿਆ ਜਾਵੇ। ਇਹ ਚੋਣਾ ਦੇ ਬਾਈਕਾਟ ਦੀ ਵੀ ਗੱਲ ਕਰਦੀ ਹੈ। ਇਮਾਨਦਾਰ ਵਿਅਕਤੀ ਨੂੰ ਵੋਟ ਦਿਉਂ ਕਹਿਣਾ ਵੀ ਭਰਮਿਤ ਰਾਜਨੀਤੀ ਹੈ। ਕੀ ਸਿਵਲ ਸੁਸਾਇਟੀ ਇਮਾਨਦਾਰ ਹੈ? ਜਾਂ ਫਿਰ ਸਿਰਫ਼ ਇਸ ਲਈ ਇਮਾਨਦਾਰ ਹੈ ਕਿ ਇਹ ਰਾਜਨੀਤੀ 'ਚ ਨਹੀਂ ਹੈ। ਕੀ ਰਾਜਸੀ ਪਾਰਟੀਆਂ ਸਾਰੀਆਂ ਹੀ ਇਸ ਲਈ ਬੇਇਮਾਨ ਹਨ ਕਿ ਉਹ ਰਾਜਨੀਤੀ 'ਚ ਹਿੱਸਾ ਲੈਂਦੀਆਂ ਹਨ। ਸਿਵਲ ਸੁਸਾਇਟੀ ਨੇ ਗ਼ੈਰ ਬਰਾਬਰੀ ਦੂਰ ਕਰਨ ਲਈ ਕੋਈ ਸੰਘਰਸ਼ ਨਹੀਂ ਕੀਤਾ ਹੈ। ਉਹ ਕਰੇਗੀ ਵੀ ਨਹੀਂ ਕਿਉਂਕਿ ਜਮਾਤੀ ਸਮਾਜ 'ਚ ਉਹ ਨਿਰਪੱਖ ਮੰਨਦੀਆਂ ਹਨ। ਸਿਵਲ ਸੁਸਾਇਟੀ ਆਪ ਕੁਝ ਵੀ ਕੀਤੇ ਬਿਨਾਂ ਰਾਜਨੀਤੀ ਨੂੰ ਸਾਫ਼ ਸੁਥਰਾ ਕਰਨ ਦਾ ਸੱਦਾ ਦਿੰਦੀ ਹੈ। ਦੇਸ਼ ਨੂੰ ਗ਼ੈਰ ਰਾਜਨੀਤਿਕ ਬਣਾਉਣ ਲਈ ਤੱਤਪਰ ਹੈ। ਕੀ ਇਹ ਵੀ ਇਕ ਰਾਜਨੀਤੀ ਨਹੀਂ? ਇਹਨਾਂ ਦੀ ਇਹ ਮੁਹਿੰਮ ਖ਼ਤਰਨਾਕ ਪੱਧਰ ਤੱਕ ਪਹੁੰਚ ਗਈ ਹੈ। ਇਹਨਾਂ ਦੇ ਇਰਾਦੇ ਐਨ. ਜੀ. ਓ. ਵਾਲੇ ਹਨ ਤੇ ਇਹ ਨਹੀਂ ਚਾਹੁੰਦੇ ਕਿ ਐਨ. ਜੀ. ਓ. ਨੂੰ ਲੋਕਪਾਲ ਬਿਲ ਦੇ ਦਾਇਰੇ 'ਚ ਲਿਆਂਦਾ ਜਾਵੇ। ਗੈਰ ਰਾਜਨੀਤਿਕ ਨਾਹਰਾ ਖ਼ਤਰਨਾਕ ਰਾਜਨੀਤੀ ਹੈ। ਜੋ ਅਰਾਜਕਤਾ ਫੈਲਾਅ ਰਹੀ ਹੈ। ਫਾਸਿਸਟ ਏਜੰਡਾ ਲੈ ਕੇ ਲੋਕਾਂ ਨੂੰ ਘੁੰਮਣ ਘੇਰੀਆਂ 'ਚ ਪਾ ਰਹੀ ਹੈ।

# ਗਦਾਫੀ ਦਾ ਕਤਲ ਬਨਾਮ ਸਾਮਰਾਜੀ ਜ਼ੁਲਮ

ਲਿਬੀਆ ਦੇ ਸ਼ਹਿਰੀ ਇਲਾਕਿਆਂ ਤੇ ਅਮਰੀਕਾ ਦੀ ਅਗਵਾਈ ਵਾਲੀ ਨਾਟੋ ਫ਼ੌਜ ਵਲੋਂ ਕਾਰਪੇਟ ਬੰਬਾਰੀ ਹਜ਼ਾਰਾਂ ਲੋਕਾਂ ਦੀ ਮੌਤ, ਤ੍ਰਿਪੋਲੀ ਤੇ ਸ਼ਹਿਰਾਂ ਦੀ ਬਰਬਾਦੀ ਪਿੱਛੋਂ ਹੁਣ ਗਦਾਫੀ ਦੀ ਬੇਰਹਿਮ ਹੱਤਿਆ। ਇਹ ਸਭ ਇਕ ਵਾਰੀ ਫਿਰ ਇਰਾਕ ਤੇ ਸਦਾਮ ਹੁਸੈਨ ਦੀ ਹੱਤਿਆ ਦੀ ਯਾਦ ਤਾਜਾ ਕਰ ਦਿੰਦਾ ਹੈ। ਹੱਦ ਤਾਂ ਇਹ ਹੈ ਕਿ ਗਦਾਫੀ ਦੀ ਗ੍ਰਿਫ਼ਤਾਰੀ ਪਿਛੋਂ ਇਸ ਵਾਰੀ ਓਬਾਮਾ ਤੇ ਨਾਟੋ ਦੇ ਨੇਤਾਵਾਂ ਨੇ ਦਿਖਾਵੇ ਲਈ ਮੁਕੱਦਮਾ ਚਲਾਉਣ ਦਾ ਨਾਟਕ ਵੀ ਨਹੀਂ ਕੀਤਾ। ਪੈਟ੍ਰੋਲਿਅਮ ਤੇਲ ਨਾਲ ਭਰਪੂਰ ਲਿਬੀਆ 42 ਸਾਲ ਪਹਿਲਾਂ ਗਦਾਫੀ ਨੇ ਇੱਕ ਨੌਜਵਾਨ ਫ਼ੌਜੀ ਅਫਸਰ ਵਜੋਂ ਬਗਾਵਤ ਦੀ ਅਗਵਾਈ ਕੀਤੀ ਸੀ ਅਤੇ ਜਾਗੀਰੂ ਹਕੂਮਤ ਨੂੰ ਪੁਟ ਸੁੱਟਿਆ ਸੀ। ਪੈਟਰੋਲੀਅਮ ਸੋਮਿਆਂ ਦਾ ਕੌਮੀਕਰਣ ਕਰ ਦਿੱਤਾ ਸੀ। ਲੋਕ ਭਲਾਈ ਦੀਆਂ ਕਈ ਨੀਤੀਆਂ ਨੂੰ ਲਾਗੂ ਕੀਤਾ ਸੀ। ਸੋਵੀਅਤ ਸੰਘ ਤੇ ਚੀਨ ਦੇ ਨਾਲ ਨਜ਼ਦੀਕ ਸਬੰਧ ਕਾਇਮ ਕੀਤਾ ਸੀ ਤੇ ਵੱਖ-ਵੱਖ ਅਦਵਾਸੀ ਸਮੂਹਾਂ 'ਚ ਵੰਡੇ ਲਿਬੀਆ ਨੂੰ ਇਕ ਅਧੁਨਿਕ ਦੇਸ਼ 'ਚ ਤਬਦੀਲ ਕਰ ਦਿੱਤਾ ਸੀ ਪਰ ਉਸ ਨੇ ਰਾਜਨੀਤੀ ਨੂੰ ਲੋਕਰਾਜੀ ਬਣਾਉਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਆਪਣੇ ਪਰਿਵਾਰ ਦੀ ਤਾਨਾਸ਼ਾਹੀ ਲੱਦ ਕੇ ਅਤਿਆਚਾਰੀ ਹਕੂਮਤ ਕਰਦਿਆ ਬੇਥਾਹ ਪੈਸਾ ਕਮਾਇਆ ਸੀ। ਇਸ ਦੇ ਬਾਵਜੂਦ ਟਿਊਨੀਸ਼ੀਆ ਦੇ ਬੇਨ ਅਲੀ ਤੇ ਮਿਸਰ ਦੇ ਹੁਸਨੀ ਮੁਬਾਰਕ ਦੇ ਬਰਾਬਰ (ਜਿਨਾਂ ਨੂੰ ਲੋਕਾਂ ਨੇ ਬਗਾਵਤ ਕਰਕੇ ਗੱਦੀਓਂ ਲਾਹਿਆ ਹੈ) ਗਦਾਫੀ ਅਮਰੀਕੀ ਪਿਠੂ ਨਹੀਂ ਸੀ। ਇਹ ਸਹੀ ਹੈ ਕਿ ਲੰਬੇ ਸਮੇਂ ਤੱਕ ਸਹਿਯੋਗੀ ਰਹੇ ਸੋਵੀਅਤ ਸੰਘ ਦੇ ਟੁੱਟਣ ਪਿਛੋਂ ਉਸ ਨੇ ਅਮਰੀਕਾ ਨਾਲ ਸਮਝੌਤਾ ਕਰ ਲਿਆ ਸੀ। ਫਿਰ ਵੀ ਉਸ ਨੇ ਰੂਸ ਤੇ ਚੀਨ ਨਾਲ 'ਰਾਜਸੀ ਸਬੰਧ' ਬਣਾਈ ਰੱਖੇ ਤੇ ਅਮਰੀਕੀ ਅਗਵਾਈ ਵਾਲੀਆਂ ਸਾਮਰਾਜੀ ਤਾਕਤਾਂ ਨੂੰ ਆਪਣੇ ਪੈਟਰੋਲੀਅਮ ਤੇਲ 'ਤੇ ਕਬਜ਼ਾ ਨਹੀਂ ਕਰਨ ਦਿੱਤਾ। ਕਲਿਆਣਕਾਰੀ ਨੀਤੀਆਂ ਦੇ ਬਾਵਜੂਦ ਆਪਣੇ ਪਰਿਵਾਰ ਦੀ ਤਾਨਾਸ਼ਾਹੀ 'ਚ ਦੇਸ਼ ਨੂੰ ਚਲਾਉਣ ਦੀ ਵਜਾਹ ਕਰਕੇ ਲੀਬੀਆ ਦੇ ਵਿਸ਼ਾਲ ਲੋਕ ਉਸ ਦੀ ਹਕੂਮਤ ਨਾਲ ਨਫ਼ਰਤ ਕਰਨ ਲੱਗ ਗਏ ਸਨ। ਇਸ ਲਈ ਜਦ ਉਤਰੀ ਅਮਰੀਕਾ ਦੇ ਦੇਸ਼ਾਂ 'ਚ ਪਿਛਲੇ ਦਿਨੀਂ ਲੋਕਤੰਤਰ ਦੀ ਹਵਾ ਵਗਣ ਲੱਗੀ ਤਾਂ ਲੀਬੀਆ ਦੇ ਲੋਕਾਂ ਨੇ ਬਗਾਵਤ ਸ਼ੁਰੂ ਕਰ ਦਿੱਤੀ ਪਰ ਸਾਮਰਾਜੀਆਂ ਖਾਸ ਕਰਕੇ ਅਮਰੀਕੀ ਸਾਮਰਾਜੀਆਂ ਦੀ ਆਪਣੀ ਘ੍ਰਿਣਿਤ ਸਾਜਿਸ਼ ਸੀ। ਉਹਨਾਂ ਨੇ ਇਸ ਬਗਾਵਤ ਦਾ ਫਾਇਦਾ ਉਠਾਉਂਦਿਆਂ ਪੈਟਰੋਲੀਅਲ ਤੇਲ ਨਾਲ ਭਰਪੂਰ ਇਹਨਾਂ ਦੇਸ਼ਾਂ 'ਤੇ ਆਪਣਾ ਦਾਬਾ ਅਤੇ ਰਾਜਸੀ ਤੌਰ 'ਤੇ ਮਹੱਤਵਪੂਰਨ ਭੂ-ਮੱਧ ਰੇਖਾ ਤੇ ਸਥਿਤ ਇਹਨਾਂ ਦੇਸ਼ਾਂ ਦੇ ਅਜਾਰੇਦਾਰੀ ਨੱਸਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਰੂਸ ਤੇ ਚੀਨ ਦੀ ਚੁੱਪ ਸਹਿਮਤੀ ਨਾਲ ਸੰਯੁਕਤ ਰਾਸ਼ਟਰ ਦੀ ਵਰਤੋਂ ਕਰਕੇ ਇਕ ਮਸੌਦਾ ਪਾਸ ਕਰਕੇ ਅਮਰੀਕਾ ਦੀ ਅਗਵਾਈ 'ਚ ਨਾਟੋ ਫ਼ੌਜ ਨੇ ਲੋਕਤੰਤਰ ਦੀ ਲਹਿਰ ਨੂੰ ਮਦਦ ਦੇਣ ਦੇ ਬਹਾਨੇ ਹਮਲਾ ਕਰ ਦਿੱਤਾ ਗਿਆ। ਅਸਲ 'ਚ ਇਹ ਆਪਣੀਆਂ ਕਠਪੁਤਲੀ ਤਾਕਤਾਂ ਨੂੰ ਸੱਤਾ 'ਤੇ ਕਬਜ਼ਾ ਕਰਨ 'ਚ ਮਦਦ ਦੇਣ ਲਈ ਸੀ। ਸੰਕਟ ਗ੍ਰਸਤ ਸਾਮਰਾਜਵਾਦ ਆਪਣੇ ਬੋਝ ਨੂੰ ਇਕ ਪਾਸੇ ਆਪਣੇ ਦੇਸ਼ ਦੇ ਮਜ਼ਦੂਰਾਂ 'ਤੇ ਅਤੇ ਦੂਜੇ ਪਾਸੇ ਨਵ-ਉਪਨਿਵੇਸ਼ਕ

ਲੁੱਟ ਦੇ ਸ਼ਿਕਾਰ ਦੇਸ਼ ਦੇ ਲੋਕਾਂ ’ਤੇ ਸੁੱਟਿਆ ਜਾ ਰਿਹਾ ਹੈ। ਇਰਾਕ ਦੇ ਬਰਾਬਰ ਲਿਬੀਆ ’ਤੇ ਕਬਜਾ ਅਤੇ ਕਠਪੁਤਲੀ ਸਰਕਾਰ ਦੀ ਸਥਾਪਨਾ ਕਰਕੇ ਸਾਮਰਾਜ ਇਹੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰ ਇਸ ਘ੍ਰਿਣਤ ਕਾਰਵਾਈ ਨੇ ਸਾਮਰਾਜੀ ਪ੍ਰਬੰਦ ਦੀ ਜਾਬਰ ਨੀਅਤ ਨੂੰ ਹੋਰ ਵੱਧ ਨੰਗਿਆਂ ਕੀਤਾ ਹੈ।

ਇਸ ਨਾਲ ਇਸ ਪ੍ਰਤੀ ਦੁਨੀਆਂ ਦੇ ਮਜ਼ਦੂਰਾਂ ਤੇ ਲੁੱਟ ਘਸੁੱਟ ਦੀ ਸ਼ਿਕਾਰ ਜਨਤਾ ਦੀ ਨਫ਼ਰਤ ਹੋਰ ਵਧਣੀ ਹੀ ਵਧਣੀ ਹੈ। ਦੁਨੀਆਂ ਦੀਆਂ ਅਗਾਂਹਵਧੂ, ਸਾਮਰਾਜ-ਵਿਰੋਧੀ ਘ੍ਰਿਣਿਤ ਤਰੀਕੇ ਨਾਲ ਕੀਤੇ ਜਾਣ ਖਿਲਾਫ਼ ਸੰਘਰਸ਼ ਕਰਨ ਲਈ ਪ੍ਰਗਤੀਸ਼ੀਲ ਤਾਕਤਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਜਾਣਾ ਅੱਜ ਦੀ ਅਣ-ਸਰਦੀ ਲੋੜ ਹੈ।

# ਕੀ ਹੈ ਪਾਣੀ ਦੀ ਸਿਆਸਤ?

ਪਿੱਛੇ ਜਿਹੇ ਹੀ ਦਿੱਲੀ ਦੀ ਸ਼ੀਲਾ ਦੀਕਸ਼ਤ ਸਰਕਾਰ ਨੇ ਦਿੱਲੀ ਦੇ ਲੋਕਾਂ ਲਈ ਪਾਣੀ ਦੋ ਸੌ ਗੁਣਾ ਮਹਿੰਗਾ ਕਰ ਦਿੱਤਾ। ਇਸ ਦੇ ਨਾਲ ਹੀ ਦਿੱਲੀ ਦੇ ਲੋਕਾਂ ਲਈ ਪੀਣ ਦੇ ਪਾਣੀ ਦੀ ਸਮੱਸਿਆ ਹੋਰ ਵੱਧ ਭਿਅੰਕਰ ਹੋ ਗਈ। ਸ਼ੀਲਾ ਦੀਕਸ਼ਤ ਨੇ ਕਿਹਾ ਕਿ ਸ਼ਹਿਰ ਵਿੱਚ ਜਾਰੀ ਵਿਕਾਸ ਕਾਰਜਾਂ ਲਈ ਪੈਸੇ ਇਕੱਠੇ ਕਰਨ ਵਾਸਤੇ ਇਹ ਕਦਮ ਚੁੱਕਿਆ ਗਿਆ ਹੈ। ਯਾਦ ਰਹੇ ਕਿ ਦਿੱਲੀ ਵਿੱਚ ਪਿਛਲੇ ਕਰੀਬ 8 ਸਾਲਾਂ ਤੋਂ 2010 ਦੀਆਂ ਕਾਮਨਵੈਲਥ ਗੇਮਾਂ ਦੀ ਤਿਆਰੀ ਚਲ ਰਹੀ ਹੈ। ਇਸ ਦੇ ਮੱਦੇ ਨਜ਼ਰ ਦਿੱਲੀ 'ਚ ਹੋਟਲਾਂ, ਐਕਸਪ੍ਰੈਸ-ਵੇ, ਫਲਾਈਓਵਰਾਂ ਆਦਿ ਦੀ ਉਸਾਰੀ ਵੀ ਚੱਲ ਰਹੀ ਹੈ। ਇਹ ਸਾਰਾ ਇੰਤਜਾਮ ਦਿੱਲੀ ਨੂੰ ਵਿਦੇਸ਼ੀ ਸੈਲਾਨੀਆ ਤੇ ਅਮੀਰ ਜਾਦਿਆਂ ਦੀਆਂ ਔਲਾਦਾਂ ਲਈ ਸੈਰਗਾਹ ਬਣਾਉਣ ਵਾਸਤੇ ਕੀਤਾ ਜਾ ਰਿਹਾ ਹੈ। ਸੂਬੇ ਦੇ ਗ਼ਰੀਬ ਲੋਕਾਂ ਨੂੰ ਇਸ 'ਚ ਕੁਝ ਵੀ ਨਸੀਬ ਨਹੀਂ ਹੋਣਾ। ਅਸੀਂ ਸਾਰੇ ਇਸ ਗੱਲ ਨੂੰ ਜਾਣਦੇ ਹਾਂ। ਇਸ ਲਈ ਜਨਤਾ ਦੀ ਜੇਬ 'ਚੋਂ ਇਕ-ਇਕ ਕਰਕੇ ਹਰ ਪੈਸਾ ਨਿਚੋੜ ਲੈਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਪਹਿਲਾਂ ਬਿਜਲੀ ਮਹਿੰਗੀ ਹੋਈ। ਉਸ ਪਿੱਛੋਂ ਬੱਸਾਂ ਦਾ ਕਿਰਾਇਆ ਵਧਿਆ ਫਿਰ ਮੈਟਰੋ ਦਾ ਕਿਰਾਇਆ ਤੇ ਹੁਣ ਪਾਣੀ। ਪਾਣੀ ਸਾਡੀ ਬੁਨਿਆਦੀ ਲੋੜ ਹੈ। ਅੱਛੀ ਸਿਹਤ ਲਈ ਸਾਫ਼ ਪਾਣੀ ਜ਼ਰੂਰੀ ਹੁੰਦਾ ਹੈ। ਵਿਗਿਆਨਕ ਵਰਗ ਵੀ ਅੱਜ ਚੰਦ ਅਤੇ ਮੰਗਲ ਗ੍ਰਹਿ 'ਤੇ ਪਾਣੀ ਨਾਲ ਜੁੜੀਆਂ ਚੀਜ਼ਾਂ 'ਤੇ ਕੰਮ ਕਰ ਰਿਹਾ ਹੈ। ਭਾਰਤ ਦੇ ਪ੍ਰਸੰਗ 'ਚ ਗੱਲ ਕੀਤੀ ਜਾਵੇ ਤਾਂ ਪਾਣੀ ਦੀ ਘਾਟ ਇਕ ਵੱਡੀ ਸਮੱਸਿਆ ਬਣ ਚੁੱਕੀ ਹੈ। ਪੀਣ ਲਈ ਸਾਫ਼ ਪਾਣੀ ਦੀ ਗੱਲ ਤਾਂ ਛੱਡੋ ਰੋਜਾਨਾ ਦੇ ਜ਼ਰੂਰੀ ਕੰਮਾਂ ਲਈ ਵੀ ਪਾਣੀ ਦੀ ਕਮੀ ਵਧਦੀ ਜਾ ਰਹੀ ਹੈ। ਦੇਸ ਦੇ ਕਈ ਸੂਬਿਆਂ ਸਮੇਤ ਦੇਸ਼ ਦੀ ਰਾਜਧਾਨੀ ਦਿੱਲੀ ਦਾ ਬੁਰਾ ਹਾਲ ਹੋ ਚੁੱਕਿਆ ਹੈ। ਇਕੀਵੀਂ ਸਦੀ ਵਿੱਚ ਵੀ ਲੋਕ ਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹਨ। ਸਿਰਫ਼ ਉਪਰਲੇ ਤਬਕੇ ਦੇ ਲੋਕ ਅਤੇ ਅਫਸਰਸ਼ਾਹੀ ਦੇ ਲੋਕ ਹੀ ਇਸ ਸਮੱਸਿਆ ਤੋਂ ਕੋਹਾਂ ਦੂਰ ਹਨ। ਪਾਣੀ ਦੀ ਕਮੀ ਦੀ ਸਮੱਸਿਆ ਦਾ ਅਸੀਂ ਸਾਹਮਣਾ ਤਾਂ ਇੱਥੋਂ ਦੀ ਆਮ ਮੇਹਨਤਕਸ਼ ਜਮਾਤ ਨੂੰ ਕਰਨਾ ਪੈ ਰਿਹਾ ਹੈ। ਦੇਸ਼ ਦੀ 84 ਕਰੋੜ ਜਨਤਾ 20 ਰੁਪਏ ਤੋਂ ਵੀ ਘੱਟ ਨਾਲ ਰੋਜਾਨਾ ਜੀਵਨ ਗੁਜਾਰਦੀ ਹੈ। ਹੁਣ ਸਾਫ਼ ਪਾਣੀ ਦੇ ਹੱਕ ਤੋਂ ਵੀ ਵਾਂਝੀ ਹੁੰਦੀ ਜਾ ਰਹੀ ਹੈ। ਆਓ ਕੁੱਝ ਤੱਥਾਂ 'ਤੇ ਗੌਰ ਕਰੀਏ :-

- ਭੂਪਾਲ ਤੋਂ 40 ਕਿਲੋਮੀਟਰ ਦੂਰ ਸਿਹੋਰ 'ਚ ਨਗਰਪਾਲਿਕਾ ਨੇ ਸਥਾਨਕ ਲੋਕਾਂ ਨੂੰ ਪੀਣ ਦੇ ਪਾਣੀ ਦੇ ਰਾਸ਼ਨਕਾਰਡ ਦੇਣ ਦਾ ਫੈਸਲਾ ਲਿਆ ਤਾਂ ਕਿ ਸਭ ਲੋਕਾਂ ਨੂੰ ਪਾਣੀ ਬਰਾਬਰ ਮਿਲ ਸਕੇ ਤੇ ਲੱਠਮਾਰ ਉਸ ਤੇ ਕਬਜਾ ਨਾ ਕਰ ਸਕਣ। ਭੂਪਾਲ ਤੋਂ ਵੀ ਡੇਢ ਸੌ ਕਿ. ਮੀ. ਦੂਰ ਦੇ ਵਾਸ ਸ਼ਹਿਰ ਵਿੱਚ ਪਾਣੀ ਦੀ ਸਪਲਾਈ ਕਰਨ ਵਾਲੀਆਂ ਪਾਈਪਾਂ ਦੀ ਰਾਖੀ ਲਈ ਧਾਰਾ 144 ਲਾ ਦਿੱਤੀ ਗਈ ਹੈ। ਇਹੀ ਹਾਲ ਉਜੈਨ ਦਾ ਹੈ।
- ਹਿਮਾਚਲ ਦੇ ਸ਼ਿਮਲਾ 'ਚ ਪਾਣੀ ਹਰ ਦੂਜੇ ਦਿਨ ਹੀ ਆਉਂਦਾ ਹੈ।
- ਇਕ ਰੀਪੋਟ ਅਨੁਸਾਰ ਉਤਰਪ੍ਰਦੇਸ਼, ਰਾਜਸਥਾਨ, ਗੁਜਰਾਤ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼, ਛਤੀਸ਼ਗੜ੍ਹ, ਤਾਮਿਲਨਾਡੂ ਵੀ ਪਾਣੀ ਦੀ ਗੰਭੀਰ ਸਮੱਸਿਆ ਝੱਲ

ਰਹੇ ਹਨ।

– ਪਾਣੀ ਦੀ ਗੁਣਵੰਣਤਾ ਸਬੰਧੀ ਦੁਨੀਆਂ ਦੇ 122 ਦੇਸ਼ਾਂ ’ਚ ਭਾਰਤ ਦਾ ਨਾਂ ਤਿੰਨ ਸਭ ਤੋਂ ਪ੍ਰਦੂਸ਼ਿਤ ਪਾਣੀ ਵਾਲੇ ਦੇਸ਼ਾਂ ਵਿੱਚ ਆਉਂਦਾ ਹੈ।

– ਦੇਸ਼ ’ਚ ਜਿੰਨੇ ਬੱਚਿਆਂ ਦੀ ਮੌਤ ਪ੍ਰਦੂਸ਼ਿਤ ਪਾਣੀ ਕਾਰਨ ਹੁੰਦੀ ਹੈ। ਉਨੀ ਕਿਸੇ ਹੋਰ ਪਦਾਰਥ ਦੀ ਵਰਤੋਂ ਨਾਲ ਨਹੀਂ ਹੁੰਦੀ।

– ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਲਾਤ ਤਾਂ ਬਹੁਤ ਗੰਭੀਰ ਹਨ। ਦਿੱਲੀ ਸਰਕਾਰ ਨੇ ਇਸ ਬਾਰੇ ਹੱਥ ਖੜ੍ਹੇ ਕਰ ਦਿੱਤੇ ਹਨ ਅਤੇ ਇਸ ਨੇ ਇਸ ਮਾਮਲੇ ’ਚ ਦਖ਼ਲ ਦੇਣ ਲਈ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ। ਦਿੱਲੀ ਦੀ ਮੁਖ ਮੰਤਰੀ ਨੇ ਇਸ ਸਮੱਸਿਆ ਦਾ ਕਾਰਨ ਸਿੱਧਾ ਹੀ ਸੂਬੇ ਦੀ ਵਧਦੀ ਅਬਾਦੀ ਦੇ ਸਿਰ ਮੜ ਦਿੱਤਾ ਹੈ।

ਖੈਰ ਇਹ ਕੋਈ ਨਵੀਂ ਗੱਲ ਨਹੀਂ ਹੈ ਕਿ ਭਾਰਤ ਦੇਸ਼ ਸਾਂਸਦ, ਵਿਧਾਇਕ ਸਮੇਤ ਇਸ ਦਲਾਲ ਨੌਕਸ਼ਾਹ ਸਰਮਾਏਦਾਰੀ ਵਿਵਸਥਾ ਦੇ ਪੈਰੋਕਾਰ ਲੋਕ ਜਦ ਇਸ ਸਮੱਸਿਆ ਦਾ ਹੱਲ ਨਹੀਂ ਕੱਢ ਸਕਦੇ ਹਨ ਤਾਂ ਸਮੱਸਿਆ ਦਾ ਕਾਰਨ ਵਧਦੀ ਅਬਾਦੀ ਦੱਸ ਕੇ ਪੱਲਾ ਝਾੜ ਲੈਂਦੇ ਹਨ। ਪ੍ਰਿੰਟ ਮੀਡੀਆ ਤੇ ਇਲੈਕਟ੍ਰਾਨਿਕ ਮੀਡੀਆ ਵੀ ਨੇਕ ਸਲਾਹਾਂ ਤੇ ਨਸੀਹਤਾਂ ਪੇਸ਼ ਕਰਦਿਆਂ ਲੋਕਾਂ ਦੇ ਪੱਖ ਦਾ ਨਾਟਕ ਬਾਖੂਬੀ ਕਰਦਾ ਹੈ। ਇਹ ਗੱਲ ਸਹੀ ਹੈ ਕਿ ਸਾਡੇ ਦੇਸ਼ ਵਿੱਚ ਕੁਦਰਤੀ ਤੇ ਭੂਗੋਲਿਕ ਨਾ-ਬਰਾਬਰੀ ਹੈ। ਯਾਨੀ ਪਾਣੀ ਦੇ ਸੋਮੇ ਹਰ ਰਾਜ ਤੇ ਖੇਤਰ ’ਚ ਇਕੋ ਜਿਹੇ ਮੁਹੱਈਆ ਨਹੀਂ ਹਨ ਪਰ ਕੀ ਰਾਜਸੀ, ਆਰਥਿਕ, ਸਮਾਜਿਕ ਪੱਧਰਾਂ ’ਤੇ ਇਸ ਕੁਦਰਤੀ ਸਮੱਸਿਆ ਨਾਲ ਨਿਪਟਿਆ ਜਾ ਸਕਦਾ ਹੈ। ਵਿਗਿਆਨ ਤੇ ਉਚਤਮ ਤਕਨੀਕ ਰਾਹੀਂ ਅੱਜ ਇਹ ਸੰਭਵ ਹੈ, ਪਰ ਦੇਸ਼ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਜਿਹਨਾਂ ਵੀ. ਆਈ. ਪੀ. ਇਲਾਕਿਆਂ ਜਿਵੇਂ ਨਾਰਥ ਐਵਨਿਊ, ਸਾਊਥ ਐਵਨਿਊ ਅਤੇ ਅਜਿਹੇ ਇਲਾਕਿਆਂ ’ਚ ਰਹਿੰਦੇ ਹਨ ਜਿੱਥੇ ਪਾਣੀ ਦੀ ਕੋਈ ਸਮੱਸਿਆ ਨਹੀਂ ਹੈ। ਸਭ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਵਸੇ ਹਾਕਮ ਲੋਕਾਂ ਨੂੰ ਵੀ ਉਹਨਾਂ ਦੀ ਲੋੜ ਤੋਂ ਵੱਧ ਸਾਫ਼ ਪਾਣੀ ਚੌਵੀ ਘੰਟੇ ਮੁਹੱਈਆ ਰਹਿੰਦਾ ਹੈ। ਤਦ ਉਹਨਾਂ ਲੋਕਾਂ ਨੂੰ ਮੇਹਨਤਕਸਾਂ ਦਾ ਦਰਦ ਕਿੱਥੋਂ ਨਜ਼ਰ ਆਊਗਾ। ਦੂਜਾ ਪਹਿਲੂ ਇਹ ਹੈ ਕਿ ਉਦਾਰੀਕਰਨ, ਨਿੱਜੀਕਰਨ ਦੇ ਨਾਂ ਜਿਸ ਤਰ੍ਹਾਂ ਸਰਮਾਏਦਾਰਾਂ ਨੂੰ ਲੁੱਟਣ ਦੀ ਖੁਲ੍ਹੀ ਬੇਲਗਾਮ ਛੋਟ ਦਿੱਤੀ ਜਾ ਚੁੱਕੀ ਹੈ ਤਾਂ ਅਜਿਹੀ ਹਾਲਤ ’ਚ ਸਰਮਾਏਦਾਰ ਪਾਣੀ ਨੂੰ ਵੀ ਵਿਕਾਊ ਮਾਲ ਬਣਾਕੇ ਬਾਜ਼ਾਰ ’ਚ ਵੇਚ ਕੇ ਮੁਨਾਫਾ ਇਕੱਠਾ ਕਰਨ ’ਚ ਪਿੱਛੇ ਕਿਉਂ ਰਹਿਣ। ਸੁਪਰੀਮ ਕੋਰਟ ਨੇ ਪਾਣੀ ਸਬੰਧੀ ਕਿਹਾ ਸੀ ਕਿ ਜੋ ਸਰਕਾਰ ਲੋਕਾਂ ਨੂੰ ਪਾਣੀ ਮੁਹੱਈਆ ਨਾ ਕਰਵਾ ਸਕੇ, ਉਸਨੂੰ ਹਕੂਮਤ ਕਰਨ ਦਾ ਕੋਈ ਹੱਕ ਨਹੀਂ ਹੈ। ਨਿਆਂਪਾਲਿਕਾ ਦੇ ਇਹ ਫੁਰਮਾਨ ਸਿਰਫ਼ ਗੱਲਾਂ ਹੀ ਹਨ ਤੇ ਇਹਨਾਂ ਗੱਲਾਂ ਦਾ ਕੀ? ਵਧ ਰਹੀ ਅਬਾਦੀ ਨੂੰ ਪਾਣੀ ਦੀ ਸਮੱਸਿਆ ਦਾ ਕਾਰਨ ਕਿਉਂ ਐਲਾਨ ਦਿੱਤਾ ਗਿਆ ਹੈ। ਕੇਂਦਰੀ ਜਲ ਕਮਿਸ਼ਨ ਅਨੁਸਾਰ ਭਾਰਤ ਵਿੱਚ ਪ੍ਰਤੀ ਵਿਅਕਤੀ ਹਰ ਸਾਲ 1023 ਘਣਮੀਟਰ ਪਾਣੀ ਮਿਲ ਸਕਦਾ ਹੈ ਜਦ 2000 ’ਚ ਫੀ ਵਿਅਕਤੀ ਮੰਗ ਸਿਰਫ਼ 634 ਘਣਮੀਟਰ ਸੀ। ਜੇ ਪਿਛਲੇ ਨੌ ਸਾਲਾਂ ’ਚ ਇਹ ਮੰਗ ਵਧ ਵੀ ਗਈ ਹੋਵੇ ਤਾਂ ਇਹ 700 ਘਣਮੀਟਰ ਤੋਂ ਵੱਧ ਨਹੀਂ ਹੋ ਸਕਦੀ ਤਾਂ ਫਿਰ ਕਾਰਨ ਕਿੱਥੇ ਹੈ? ਗੜਬੜ ਸਾਡੇ ਸਮਾਜ ਦੇ ਅੰਦਰ

ਹੀ ਮੌਜੂਦ ਹੈ। ਦਿੱਲੀ 'ਚ ਦਿੱਲੀ ਜਲ ਬੋਰਡ ਦੇ ਬਰਾਬਰ ਲੱਠਮਾਰ ਲੋਕ ਤੇ ਮਾਫੀਆ ਪਾਣੀ ਦਾ ਕਾਰੋਬਾਰ ਕਰ ਰਿਹਾ ਹੈ। ਇਹਨਾਂ ਲੋਕਾਂ ਨੂੰ ਪਾਣੀ ਦੀਆਂ ਪਾਇਪ ਲਾਈਨਾਂ ਵਿਛਾ ਕੇ ਕੁਨੈਕਸ਼ਨ ਵੰਡ ਰੱਖੇ ਹਨ। 1300 ਕਰੋੜ ਤੋਂ ਵੱਧ ਦੇ ਇਸ ਸਲਾਨਾ ਕਾਰੋਬਾਰ ਵਿੱਚ 1900 ਜਾਇਦਾਦਾਂ ਨਿੱਜੀ ਹੱਥਾਂ 'ਚ ਜਾ ਚੁੱਕੀਆਂ ਹਨ। ਇਸ 'ਚ 600 ਕਰੋੜ ਦੀ ਲਾਗਤ ਵਾਲਾ ਦਿੱਲੀ ਦਾ ਸੋਨੀਆ ਵਿਹਾਰ ਪ੍ਰੋਜੈਕਟ ਵੀ ਹੈ ਜੋ ਕਿ ਸਵੇਜ ਡੇਗਰਾਮੈਂਟ ਕੰਪਨੀ ਨੇ ਲਿਆ ਹੈ। ਜਿਸ ਦੇ ਹੱਥਾਂ ਵਿੰਚ ਰਿਠਾਲਾ ਪ੍ਰੋਜੈਕਟ ਵੀ ਹੈ। ਵੱਖ-ਵੱਖ ਠੇਕੇਦਾਰਾਂ ਦੇ ਹੱਥਾਂ ਵਿੱਚ ਇੱਕ ਹਜ਼ਾਰ ਟਿਊਬਵੈਲ, 300 ਸੀਵੇਜ ਅਤੇ ਬੂਸਟਰ ਪੰਪਿੰਗ ਸਟੇਸ਼ਨ ਤੇ 600 ਟੈਂਕਰ ਦੇਣਾ ਵੀ ਸ਼ਾਮਲ ਹੈ। ਗੌਰ ਕਰਨ ਵਾਲੀ ਗੱਲ ਇਹ ਹੈ ਕਿ ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਦੇਸੀ-ਵਿਦੇਸ਼ੀ ਕੰਪਨੀਆਂ ਭਰਪੂਰ ਮਾਤਰਾ 'ਚ ਧਰਤੀ ਹੇਠਲੇ ਪਾਣੀ ਦੀ ਲੁੱਟ ਕਰਕੇ ਉਹਨਾਂ ਨੂੰ ਬੋਤਲਾਂ 'ਚ ਪੈਕ ਕਰਕੇ ਇੱਥੋਂ ਦੀ ਜਨਤਾ ਨੂੰ ਵੇਚ ਕੇ ਆਪਣੀਆਂ ਤਿਜੋਰੀਆਂ ਭਰ ਰਹੀਆਂ ਹਨ। ਜੇ ਦੇਸ਼ ਦੀਆਂ ਨਦੀਆਂ ਦੀ ਗੱਲ ਕੀਤੀ ਜਾਵੇ ਤਾਂ ਗੰਗਾ-ਜਮਨਾ ਸਮੇਤ ਦੇਸ਼ ਦੀਆਂ ਸਾਰੀਆਂ ਨਦੀਆਂ ਅੱਜ ਪ੍ਰਦੂਸ਼ਿਤ ਹੋ ਚੁੱਕੀਆਂ ਹਨ। ਇਕ ਪਾਸੇ ਤਾਂ ਸਰਮਾਏਦਾਰ ਕੁਦਰਤੀ ਸੋਮਿਆ ਤੇ ਕਿਰਤ ਦੀ ਲੁੱਟ ਜਾਰੀ ਰੱਖ ਰਹੇ ਹਨ ਦੂਜੇ ਪਾਸੇ ਉਹਨਾਂ ਦੀ ਫੈਕਟਰੀਆਂ, ਕਾਰਖਾਨਿਆਂ ਦਾ ਕਈ ਟਨ ਸਨਅਤੀ ਰਸਾਇਣਕ ਕਚਰਾ ਨਦੀਆਂ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਅੱਜ ਇਹ ਹਾਲਾਤ ਹਨ ਕਿ ਦੇਸ਼ ਦੀਆਂ ਸਾਰੀਆਂ ਨਦੀਆਂ ਦੇ ਪਾਣੀ ਵਿੱਚ ਘਾਤਕ ਰਸਾਇਣ ਤੇ ਧਾਤੂਆਂ ਦੇ ਪੱਧਰ ਤਹਿਸ਼ਦਾ ਹੱਦ ਤੋਂ ਕਾਫ਼ੀ ਵੱਧ ਪਾਏ ਗਏ ਹਨ। ਪਾਣੀ ਦੇ ਨਮੂਨਿਆਂ 'ਚ ਆਰਸੈਨਕ, ਬੇਜੀਨ ਤੇ ਸਿਕੇਦੀ ਮਾਤਰਾ ਖ਼ਤਰਨਾਕ ਪੱਧਰ ਤੱਕ ਪਾਈ ਜਾ ਰਹੀ ਹੈ। ਇਸ ਪਾਣੀ ਦੀ ਵਰਤੋਂ ਨਾਲ ਉਮਰ ਘਟਣ ਤੋਂ ਇਲਾਵਾ ਕੈਂਸਰ ਵਰਗੀਆਂ ਬੀਮਾਰੀਆਂ ਦਾ ਜਨਮ ਹੁੰਦਾ ਹੈ। ਕੁਝ ਗੱਲਾਂ 'ਤੇ ਗੌਰ ਕਰੀਏ : -

- ਸੈਂਟਰਲ ਫੂਡ ਐਂਡ ਟੈਕਨੋਲੋਜੀਕਲ ਰਿਸਰਚ ਇੰਸਟੀਚੂਟ (ਮੈਸੂਰ) ਨੇ ਆਪਣੇ ਕਈ ਅਧਿਐਨਾ 'ਚ ਪਾਇਆ ਹੈ ਕਿ ਮੈਸੂਰ ਦੇ ਨੇੜੇ ਦੇ ਇਲਾਕਿਆਂ ਵਿੱਚ ਉਗਾਈਆਂ ਜਾਣ ਵਾਲੀ ਸਬਜੀਆਂ 'ਚ ਸਿੱਕਾ, ਕ੍ਰੋਮੀਅਮ ਆਰਸੈਨਿਕ ਤੇ ਪਾਰਾ ਹੁੰਦਾ ਹੈ। ਇਸ ਦੀ ਵਜਾਹ ਇੱਥੋਂ ਦੀਆਂ ਸਨਅਤੀ ਇਕਾਈਆਂ ਤੋਂ ਨਿਕਲਣ ਵਾਲਾ ਕਚਰਾ ਹੈ।

- ਪੰਜਾਬ ਖੇਤੀ ਯੂਨੀਵਰਸਿਟੀ ਨੇ ਵੀ ਆਪਣੀ ਜਾਂਚ ਵਿੱਚ ਸਨਅਤੀ ਇਕਾਈਆਂ ਤੋਂ ਸਬਜ਼ੀਆਂ ਦੇ ਪ੍ਰਦੂਸ਼ਿਤ ਹੋਣਾ ਦਰਸਾਇਆ ਗਿਆ ਹੈ।

- ਅਜੇ ਤਕ ਤਾਂ ਜੋ ਕੁਝ ਵੀ ਸਾਹਮਣੇ ਆਇਆ ਹੈ ਉਹ ਇਕ ਛੋਟਾ ਜਿੰਨਾ ਟ੍ਰੇਲਰ ਹੀ ਹੈ, ਅਸਲੀ ਫ਼ਿਲਮ ਤਾਂ 'ਇੰਡੀਆ ਇਜਸ਼ਾਈਨਿੰਗ' ਤੇ ਕਦੀ 'ਭਾਰਤ ਦੇ ਵਿਕਾਸ' ਦੇ ਰੇਸ਼ਮੀ ਤੇ ਜਗਮਾਉਂਦੇ ਪਰਦੇ ਪਿੱਛੇ ਤੇਜ ਰਫ਼ਤਾਰ ਨਾਲ ਚਲ ਰਹੀ ਹੈ। ਸਰਕਾਰ ਉਦੋਂ ਜਾਗਦੀ ਹੈ ਜਦ ਸਮੱਸਿਆ ਖ਼ਤਰੇ ਦੇ ਨਿਸ਼ਾਨ ਤੋਂ ਉਪਰ ਹੋ ਜਾਂਦੀ ਹੈ ਅਤੇ ਲੋਕਾਂ ਦੇ ਗੁੱਸੇ ਦੇ ਫੁਟਣ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਆਖਰਕਾਰ ਸਰਕਾਰ ਨੇ ਮਜ਼ਬੂਰ ਹੋ ਕੇ 626 ਜ਼ਿਲ੍ਹਿਆਂ ਵਿੱਚੋਂ 170 ਜ਼ਿਲ੍ਹਿਆਂ ਨੂੰ ਸੋਕਾ ਪ੍ਰਭਾਵਿਤ ਐਲਾਨ ਦਿੱਤਾ ਹੈ। ਅਸਲ ਗੱਲ ਇਹ ਹੈ ਕਿ ਸੱਤਾ ਦੇ ਗਲੈਰਿਆਂ ਦੇ ਲਕੋ ਪੱਖ 'ਚ ਬੈਠਣ ਜਾਂ ਵਿਰੋਧੀ ਧਿਰ 'ਚ ਇਸ ਗੈਰ ਮਨੁੱਖੀ ਤੇ ਥੋਥੀ ਹੋ ਚੁੱਕੀ ਵਿਵਸਥਾ ਨੂੰ ਲੋਕਾਂ ਦੇ

ਮੋਢਿਆਂ ’ਤੇ ਲੱਦੀ ਰੱਖਣਾ ਚਾਹੁੰਦੇ ਹਨ। ਤਾਂ ਫਿਰ ਸਰਕਾਰ ਤੋਂ ਕੀ ਉਮੀਦ ਕੀਤੀ ਜਾਵੇ ਕਿ ਉਹ ਡਿੱਗਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਠੀਕ ਕਰੇ। ਆਮ ਅਬਾਦੀ ਤਕ ਸਾਫ਼ ਸੁਧਰੇ ਪਾਣੀ ਦੀ ਸਪਲਾਈ ਯਕੀਨੀ ਬਣਾਵੇ। ਨਦੀਆਂ ਦੀ ਸਫ਼ਾਈ ਕਰੇ, ਅਨੇਕਾ ਹੋਰ ਉਪਾਵਾਂ ਨਾਲ ਲੋਕਾਂ ਨੂੰ ਪਾਣੀ ਦੇ ਸੰਕਟ ਤੋਂ ਮੁਕਤ ਕਰੇ। ਸਰਕਾਰ ਆਪਣੀਆਂ ਨੀਤੀਆਂ ਰਾਹੀਂ ਆਪਣਾ ਪੱਖ ਪੇਸ਼ ਕਰ ਚੁੱਕੀ ਹੈ। ਫੈਸਲਾ ਅਸੀਂ ਕਰਨਾ ਹੈ ਕਿ ਅਸੀਂ ਕਿਸ ਪੱਖ ਵੱਲ ਹਾਂ ਕਿਉਂਕਿ ਅਸਲੀ ਜੀਵਨ ’ਚ ਦਰਸ਼ਕ ਕੋਈ ਨਹੀਂ ਹੁੰਦਾ, ਸਭ ਨੂੰ ਜ਼ਿੰਦਗੀ ’ਚ ਹਿੱਸਾ ਲੈਣਾ ਪੈਂਦਾ ਹੈ।

# ਕਿਉਂ ਹੁੰਦੀ ਜਾ ਰਹੀ ਹੈ ਜ਼ਮੀਨ ਬੇਹੱਦ ਕੀਮਤੀ? ਜ਼ਮੀਨ ਦੀ ਲੁੱਟ ਮੁੱਖ ਏਜੰਡਾ ਕਿਉਂ?

ਉਦਾਰੀਕਰਨ ਤੇ ਨਿੱਜੀਕਰਨ ਦੇ ਭੂ-ਮੰਡਲੀਕਰਣ ਦੇ ਅਮਲ ਦੀ ਤੇਜੀ ਨੇ ਵਿਕਾਸ ਦੀ ਧਾਰਨਾ 'ਚ ਮਾਤਰਾ ਪੱਖੋਂ ਤੇ ਗੁਣਾਤਮਕ ਦੋਨਾਂ ਪੱਧਰਾਂ 'ਤੇ ਤਬਦੀਲੀ ਲਿਆ ਦਿੱਤੀ ਹੈ। ਵਿਕਾਸ ਦੇ ਮੂਲ ਲਾਭ ਪਾਤਰੀਆਂ 'ਚ ਜਿੱਥੋਂ ਤੱਕ ਇਕ ਪਾਸੇ ਵਿਆਪਕ ਇੱਕਜੁਟਤਾ ਦਿਸ ਰਹੀ ਹੈ। ਉਥੇ ਇਸ ਦੇ ਵਿੱਚ ਮੁਨਾਫ਼ੇ, ਹਿੱਸੇਦਾਰੀ ਤੇ ਦਾਬੇ ਸਬੰਧੀ ਅੰਦਰੂਨੀ ਵਿਰੋਧਤਾਈ ਵੀ ਦਿਖਾਈ ਦਿੰਦੀ ਰਹਿੰਦੀ ਹੈ। ਇਸ ਦੇ ਨਿਰਮਾਤਾ ਬੜੀ ਤੇਜੀ ਨਾਲ ਹਿੰਸਕ, ਹਮਲਾਵਰ, ਗ਼ੈਰ ਮਨੁੱਖੀ ਤੇ ਕੁਦਰਤ ਵਿਰੋਧੀ ਹੁੰਦੇ ਗਏ ਹਨ ਅਤੇ ਇਸ ਮਾਮਲੇ 'ਤੇ ਉਹਨਾਂ ਦੀ ਪ੍ਰਤੀਬੱਧਤਾ 'ਚ ਕੋਈ ਕਸਰ ਨਹੀਂ ਹੈ। ਮਨੁੱਖ ਦਾ ਜੀਵਨ, ਸੁੱਖ-ਆਨੰਦ ਤੇ ਮਨੁੱਖ ਕਦਰਾਂ-ਕੀਮਤਾਂ-ਸਮੂਹਕਤਾ, ਭਾਈਚਾਰਾ-ਪਿਆਰ, ਆਪਸੀ ਸਨਮਾਨ, ਅਸਹਿਮਤੀਅਤਾਂ ਨੂੰ ਥਾਂ, ਸ਼ਾਂਤੀ ਬਰਾਬਰੀ ਵਰਗੇ ਮੁੱਲਾਂ ਦੇ ਵਿਕਾਸ ਦੀ ਕਾਰਜ ਸੂਚੀ ਤੋਂ ਨਾ ਸਿਰਫ਼ ਬਾਹਰ ਰੱਖਿਆ ਗਿਆ ਹੈ ਬਲਕਿ ਕਾਫੀ ਹੱਦ ਤੱਕ ਇਹਨਾਂ ਕਦਰਾਂ ਕੀਮਤਾਂ ਨੂੰ ਵਿਕਾਸ 'ਚ ਅੜਿਕਾ ਵੀ ਮੰਨਿਆ ਜਾਣ ਲੱਗਿਆ ਹੈ। ਵਿਕਾਸ ਦਾ ਅਰਥ ਗ਼ੈਰ ਜ਼ਰੂਰੀ ਤੇ ਗ਼ੈਰ ਵਿਗਿਆਨਕ ਤਾਣੇ ਬਾਣੇ ਦੀ ਉਸਾਰੀ ਕੰਮਾਂ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇਹ ਸੁਆਲ ਵੱਖਰਾ  ਹੈ ਕਿ ਅਜੇ ਫੌਰੀ ਤੌਰ 'ਤੇ ਜਿਸ ਨੂੰ ਵਿਕਾਸ ਕਿਹਾ ਜਾਂਦਾ ਹੈ। ਉਸੇ ਦਾ ਦੂਰਗਾਮੀ ਵਿਕਾਸ ਨਾਲ ਕੋਈ ਵਾਹ-ਵਾਸਤਾ ਜਾਂ ਰਿਸ਼ਤਾ ਹੈ ਵੀ ਜਾਂ ਨਹੀਂ? ਜਾਂ ਇਹ ਵਿਨਾਸ਼ ਦੀ ਤਰਫ਼ ਲੈ ਜਾਣ ਦੀ ਇਕ ਜਾਣੀ-ਪਹਿਚਾਣੀ ਪ੍ਰੀਕ੍ਰਿਆ ਹੈ? ਵਿਕਾਸ ਦੇ ਅਮਲ ਨਾਲ ਮਾਲ-ਮੁਨਾਫ਼ਾ ਇਕੱਠਾ ਕਰਨ ਵਾਲੇ ਇਸ ਗੱਲ ਤੋਂ ਬੇਫ਼ਿਕਰ ਨਜ਼ਰ ਆਉਂਦੇ ਹਨ ਕਿਉਂਕਿ ਉਹ ਆਪਣੇ ਰਾਹੀਂ ਉਸਾਰੇ ਵਿਕਾਸ ਤੋਂ ਵੀ ਮੁਨਾਫਾ ਕਮਾਉਣ ਦੇ ਮਾਹਰ ਹਨ। ਬੇਲੋੜੀਆਂ ਤੇ ਗ਼ੈਰ ਵਿਗਿਆਨਕ ਉਸਾਰੀਆਂ ਦੇ ਨਿਰਮਾਣ ਨੂੰ ਹੀ ਵਿਕਾਸ ਮੰਨਣ ਦੀ ਧਾਰਨਾ ਤਹਿਤ ਪੈਦਾਵਾਰੀ ਇਕਾਈਆਂ (ਕਲ-ਕਾਰਖਾਨੇ, ਸੇਜ) ਕੱਚੇ ਮਾਲ (ਖਾਣਾ) ਊਰਜਾ (ਵੱਡੇ ਬੰਨ, ਕੁਦਰਤੀ ਗੈਸਾਂ-ਤੇਲਾਂ) ਸੰਚਾਰ ਪ੍ਰਬੰਦ (ਸੜਕ, ਰੇਲ ਲਾਈਨ, ਹਵਾਈ ਅੱਡੇ, ਬੰਦਰਗਾਹ) ਤੇ ਸ਼ਹਿਰਾਂ ਦਾ ਵਿਸਥਾਰ (ਮੰਡੀ, ਬਾਜ਼ਾਰ, ਮਾਲਸ, ਗਦਾਮ, ਹੋਟਲ, ਫਲਾਈ ਓਵਰ ਤੇ ਗ਼ੈਰ-ਰਿਹਾਇਸ਼ੀ ਕਲੋਨੀਆਂ) ਆਦਿ ਲਈ ਪੈਰ-ਪੈਰ 'ਤੇ ਜ਼ਮੀਨਾਂ ਦੀ ਨਦੀਆਂ ਦੇ ਪਾਣੀ ਦੀ, ਕੁਦਰਤੀ ਖਣਿਜ ਪਦਾਰਥਾਂ ਦੀ ਤੇ ਪੈਟਰੋਲੀਅਮ ਤੇਲਾਂ ਤੇ ਕੁਦਰਤੀ ਗੈਸਾਂ ਦੀ ਲੋੜ ਪੈਣੀ ਹੈ। ਵਿਕਾਸ ਦੀ ਮਲਾਈ ਚੱਟਣ ਲਈ ਉਹ ਵੱਧ ਕਾਰਗਰ ਹੋਵੇਗਾ। ਜਿਸ ਕੋਲ ਪੂੰਜੀ ਦੇ ਨਾਲ ਵੱਧ ਤੋਂ ਵੱਧ ਜ਼ਮੀਨਾਂ ਦੀ ਮਾਲਕੀ ਹੋਵੇਗੀ। ਇਸ ਲਈ ਜ਼ਮੀਨ ਦਿਨ ਪ੍ਰਤੀ ਦਿਨ ਬੇਸ਼ਕੀਮਤੀ ਹੁੰਦੀ ਜਾ ਰਹੀ ਹੈ। ਸਾਰੀਆਂ ਯੋਜਨਾਵਾਂ ਤੇ ਪ੍ਰੋਜੈਕਟਾਂ ਦੀ ਆੜ ਵਿੱਚ ਪੂੰਜੀਪਤੀ/ਸਨਅਤਕਾਰ ਲੋੜੋਂ ਵੱਧ ਜ਼ਮੀਨਾਂ ਹਾਸਲ ਕਰਨ ਦੀ ਹਰ ਤਰ੍ਹਾਂ ਦੀ ਜੁਗਤ ਵਿੱਚ ਹੀ ਲੱਗਿਆ ਹੋਇਆ ਹੈ। ਇਸ ਜੁਗਤ 'ਚ ਅਤੇ ਉਸ ਦਾ ਮੁਨਾਫਾ ਵਧਾਉਣ 'ਚ ਸਰਕਾਰਾਂ ਵੀ ਆਪਣੀ ਸ਼ਕਤੀ ਤੇ ਸਮਰੱਥਾ ਦੀ ਵਰਤੋਂ ਕਰਨ ਤੋਂ ਨਹੀ ਖੁੰਜਦੀਆਂ। ਜਿਕਰਪੁਰ (ਅਲੀਗੜ੍ਹ) ਤੇ ਕਰਛਾਨਾ (ਇਲਾਹਾਬਾਦ) ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ। ਜਿੱਥੇ ਕੌਡੀਆਂ ਦੇ ਭਾਅ ਕਿਸਾਨਾਂ ਤੋਂ ਹੜੱਪੀ ਜ਼ਮੀਨ 'ਤੇ ਜੇ. ਪੀ. ਕੰਪਨੀ

ਨੂੰ ਕਈ ਗੁਣਾ ਭਾਅ ਵਧਾ ਕੇ ਉਹਨਾਂ ਹੀ ਕਿਸਾਨਾਂ ਤੱਕ ਨੂੰ ਜ਼ਮੀਨ ਵੇਚਣ ਦਾ ਵੀ ਰਾਹ ਸਾਫ਼ ਕਰ ਦਿੱਤਾ ਗਿਆ ਹੈ। ਕਰਛਾਨਾ 'ਚ ਕਿਸਾਨਾਂ ਨੂੰ ਦਿੱਤੇ ਗਏ ਮੁਆਵਜੇ ਦੀ ਦਰ ਤੋਂ ਚਾਰ ਗੁਣਾਂ ਮੁਨਾਫਾ ਕਮਾਉਂਦਿਆਂ ਉਤਰ ਪ੍ਰਦੇਸ਼ ਦੀ ਸਰਕਾਰ ਜ਼ਮੀਨਾਂ ਜੇ. ਪੀ. ਕੰਪਨੀ ਨੂੰ ਵੇਚ ਰਹੀ ਹੈ। ਇਸ ਦੇ ਨਾਲ ਹੀ ਜ਼ਮੀਨ ਦੀ ਭੁੱਖ ਇਸ ਲਈ ਵਧਦੀ ਜਾ ਰਹੀ ਹੈ ਕਿਉਂਕਿ ਦੁਨੀਆਂ ਦੇ ਵੱਡੇ-ਵੱਡੇ ਪੂੰਜੀਪਤੀ ਤੇ ਉਹਨਾਂ ਦੇ ਖੇਮੇ ਇਸੇ ਵਿੱਤ ਦੇ ਪਾਵੇ 'ਤੇ ਟਿਕੇ ਹਨ, ਜੋ ਦਿਸਦਾ ਭਾਵੇਂ ਨਹੀਂ ਵੀ ਹੈ। ਇਹ ਵਿੱਤੀ ਬੁਲਬਲਾ ਕਦੋਂ ਫੁਟ ਜਾਵੇ ਇਸ ਦਾ ਕੋਈ ਭਰੋਸਾ ਨਹੀਂ ਹੈ ਤੇ ਨਾ ਹੀ ਸਹੀ ਅੰਦਾਜ਼ਾ ਪਤਾ ਹੈ। ਹਰ ਮਹੀਨੇ, ਹਰ ਸਾਲ ਆਉਣ ਵਾਲੇ ਵਿਤੀ ਸੰਕਟ ਦੇ ਉਭਰਨ ਦਾ ਕੋਈ ਵਿਸ਼ੇਸ਼ ਤਰੀਕਾ ਇਸ ਪ੍ਰਬੰਦ ਦੇ ਉਸਰਈਆਂ ਪਾਸ ਨਹੀਂ ਹੈ ਤੇ ਨਾ ਹੋ ਹੀ ਸਕਦਾ ਹੈ। ਪਿਛਲੇ ਸਾਲਾਂ 'ਚ ਸੰਯੁਕਤ ਰਾਸ਼ਟਰ ਅਮਰੀਕਾ 'ਚ ਬੰਦ ਹੁੰਦੇ ਬੈਂਕਾਂ ਦੇ ਦ੍ਰਿਸ਼ਾਂ ਨੂੰ ਸਭ ਨੇ ਵੇਖਿਆ ਹੈ। ਆਰਥਿਕ ਮੰਦੀ, ਮੁਦਰਾ ਸਫਿਤੀ ਤਾਂ ਰੋਜ਼ਾਨਾ ਦੀਆਂ ਸੁਰੱਖਿਆ ਹਨ। ਜੇ ਇਹ ਅਦਿੱਖ ਪੂੰਜੀ ਹਮੇਸ਼ਾ ਲਈ ਅਦਿੱਖ ਹੋ ਜਾਵੇ।

ਵਿਤੀ ਪੂੰਜੀ ਦਾ ਰੰਗ-ਰੋਗਨ, ਰੰਗ ਢੰਗ, ਤੇ ਚਮਕ ਦਮਕ ਟੁੱਟ-ਫੁੱਟ ਜਾਵੇ ਤੇ ਉਹ ਇਸ ਆਰਥਿਕ ਵਿਵਸਥਾ ਦੀ ਤੇ ਆਪਣੀ ਪੂੰਜੀ ਦੇ ਹਿੱਤਾਂ ਦੀ ਰਾਖੀ ਕਿਵੇਂ ਕਰਨਗੇ? ਇਸ ਨਾਲ ਪ੍ਰਭਾਵਿਤ ਹੋਣ ਦੇ ਡਰ ਸਰਮਾਏਦਾਰਾਂ ਨੇ ਆਪਣੇ ਬਚਾਅ ਦੇ ਤਰੀਕਿਆਂ ਬਾਰੇ ਸੋਚ ਵਿਚਾਰ ਕਰਕੇ ਕੋਈ ਰਾਹ ਲੱਭਣ ਦੀ ਜੁਗਤ ਭਿੜਾ ਰੱਖੀ ਹੈ। ਉਹ ਇਸ ਗੱਲ ਲਈ ਬੁਰੀ ਤਰ੍ਹਾਂ ਉਤਾਰੂ ਹਨ ਕਿ ਇਸ ਅਦਿਖ ਵਿਤੀ ਪੂੰਜੀ (ਜਿਸ ਦੀ ਵਫਾਦਾਰੀ ਦਾ ਕੋਈ ਭਰੋਸਾ ਨਹੀਂ ਹੈ, ਨੂੰ ਟਿਕਾਊ ਜਾਂ ਸਥਾਈ ਪੂੰਜੀ ਜਿਸ ਤੇ ਭਰੋਸਾ ਕੀਤਾ ਜਾ ਸਕੇ) 'ਚ ਕਿਵੇਂ ਬਦਲਿਆ ਜਾ ਸਕਦਾ ਹੈ। ਇਸ ਦੇ ਲਈ ਇਹ "ਫਿਜ਼ੀਕਲ ਇਸੇਟਸ" (ਭੌਤਿਕ ਜਾਇਦਾਦ) ਤੇ ਕਬਜਾ ਕਰਨ ਦੀ ਦੌੜ 'ਚ ਲੱਗ ਗਏ ਹਨ। ਇਸ ਤਰ੍ਹਾਂ ਦੀ ਜਾਇਦਾਦ 'ਚ ਜ਼ਮੀਨ ਇਕ ਬੇਹਤਰ ਵਿਕੱਲਪ ਹੈ। ਜ਼ਮੀਨ 'ਤੇ ਕਬਜਾ ਕਰਨਾ ਅੱਜ ਪੂੰਜੀਪਤੀ ਵਰਗ ਲਈ ਲਾਜ਼ਮੀ ਹੋ ਗਿਆ ਹੈ। ਇਸ ਤੋਂ ਇਲਾਵਾ ਉਹਨਾਂ ਨੂੰ ਆਪਣੀ ਪੂੰਜੀ ਬਚਾਉਣ ਤੇ ਮੁਨਾਫਾ ਕਮਾਉਣ ਦਾ ਕੋਈ ਰਾਹ ਫਿਲਹਾਲ ਨਜ਼ਰ ਨਹੀਂ ਆਉਂਦਾ ਹੈ। ਇਸ ਲਈ ਉਹਨਾਂ ਦੀ ਜ਼ਮੀਨ ਦੀ ਭੁੱਖ ਵਧਦੀ ਹੀ ਜਾ ਰਹੀ ਹੈ। ਜ਼ਮੀਨ ਅੱਜ ਕੱਲ੍ਹ ਗਲੋਬਲ ਕਮਿਊਨਿਸਟੀ ਦੀ ਹੁੰਦੀ ਜਾ ਰਹੀ ਹੈ। ਵਿੱਤ ਦੀਆਂ ਹਾਲਤਾਂ ਤਾਂ ਘਟਦੀਆਂ ਵਧਦੀਆਂ ਰਹਿਣਗੀਆਂ ਪਰ ਜ਼ਮੀਨ ਦੀ ਕੀਮਤ ਤਾਂ ਲਗਾਤਾਰ ਵਧਣੀ ਹੀ ਹੈ। ਭੂਮੀ ਦੀ ਵੱਧ ਤੋਂ ਵੱਧ ਮਾਲਕੀ ਅੱਜ ਬਜ਼ਾਰ ਦੀ 'ਗਤੀਸ਼ੀਲਤਾ' ਹੈ ਅੱਜ ਦੀ ਕਥਿਤ ਵਿਸ਼ਵੀ ਪੂੰਜੀ ਪੂਰੀ ਦੀ ਪੂਰੀ ਜ਼ਮੀਨ ਨੂੰ ਬਜ਼ਾਰ ਦੇ ਹਵਾਲੇ ਕਰਕੇ ਨਾ ਸਿਰਫ਼ ਆਪਣੇ ਮੁਨਾਫੇ ਨੂੰ ਵਧਾਉਣ ਲਈ ਬਜ਼ਿੱਦ ਹੈ ਬਲਕਿ "ਵਿੱਤੀ ਸੰਕਟਾਂ" ਤੋਂ ਜਾਨ ਬਚਾਉਣ ਲਈ ਇਸ ਫਾਰਮੂਲੇ ਨੂੰ ਅੱਜ ਦੀ ਤਾਰੀਖ 'ਚ ਸਹੀ ਮੰਨ ਰਹੀ ਹੈ। ਇਸ ਲਈ ਬਜ਼ਾਰ 'ਤੇ ਆਪਣਾ ਪੂਰਨ ਦਾਬਾ ਬਣਾਉਂਦਿਆਂ ਵਿਸ਼ਵੀ ਪੂੰਜੀ ਨੇ ਅਜਿਹੀਆਂ ਹਾਲਤਾਂ ਪੈਦਾ ਕਰ ਦਿੱਤੀਆਂ ਹਨ ਕਿ ਉਹਨਾਂ ਦੇ ਦਬਾਅ 'ਚ ਜੋ ਸੁਭਾਵਿਕ ਤੌਰ 'ਤੇ ਉਹਨਾਂ ਦੇ ਹੀ ਹਿੱਤ ਵਿੱਚ ਹੋਣਗੀਆਂ ਭੂਮੀ ਕਾਨੂੰਨਾਂ 'ਚ ਤੇਜੀ ਨਾਲ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਇਸ ਲਈ ਜਿੱਥੇ ਕਿਸੇ ਪ੍ਰੋਜੈਕਟ ਜਾਂ ਕਾਰਖਾਨੇ ਲਈ 5 ਹੈਕਟੇਅਰ ਜ਼ਮੀਨ ਦੀ ਲੋੜ ਹੋਵੇਗੀ। ਉਥੇ ਵੀ 50 ਤੋਂ 100 ਏਕੜ ਜ਼ਮੀਨ ਦੀ ਮੰਗ ਕੀਤੀ ਜਾਂਦੀ ਹੈ ਅਤੇ ਸਰਕਾਰ ਦੀ

ਕ੍ਰਿਪਾ ਨਾਲ ਮਿਲ ਵੀ ਜਾਂਦੀ ਹੈ। ਸੈਂਕੜੇ ਸਾਲ ਪੁਰਾਣੇ ਅਜਿਹੇ ਕਾਰਖਾਨੇ ਵੀ ਹਨ। ਜਿਹਨਾਂ ਕੋਲ ਏਨੀ ਫਾਲਤੂ ਜ਼ਮੀਨ ਹੈ ਕਿ ਉਥੇ ਹੀ ਨਵੇਂ ਕਾਰਖਾਨੇ ਲਾਏ ਜਾ ਸਕਦੇ ਹਨ। ਪਰ ਇਹਨਾਂ ਕਾਰਖਾਨਿਆਂ ਨੂੰ ਬੰਦ ਕਰਕੇ ਉਹਨਾਂ ਦੀ ਜ਼ਮੀਨ ਨੂੰ ਬਿਲਡਰਾਂ ਨੂੰ ਵੇਚ ਰਹੇ ਹਨ ਕਿਉਂਕਿ ਇਹ ਜ਼ਮੀਨ ਜੋ ਕਦੀ ਸ਼ਹਿਰਾਂ ਦੇ ਬਾਹਰ ਹੁੰਦੀ ਸੀ ਹੁਣ ਸ਼ਹਿਰ ਦੇ ਵਿਚਾਲੇ ਆ ਗਈ ਹੈ ਅਤੇ ਬੇਹੱਦ ਕੀਮਤੀ ਹੋ ਗਈ ਹੈ। ਅੱਜ ਪੂੰਜੀ ਦੇ ਨਿਸ਼ਾਨੇ ’ਤੇ ਸਨਅਤੀ ਪੈਦਾਵਾਰ ਦੀ ਥਾਂ ਭੋਜਨ, ਪਾਣੀ, ਦਵਾ ਤੇ ਸਿੱਖਿਆ ਆ ਗਏ ਹਨ। ਭੋਜਨ ਤੇ ਅਨਾਜਾਂ ਦੇ ਵਪਾਰ ਲਈ ਵਿਸ਼ੇਸ਼ ਖੇਤੀ ਖੇਤਰ (ਸਪੈਸ਼ਲ ਐਗਰੀਕਲਚਰ ਜੋਨ-ਸਾਜ) ਤੇ ਸਨਅਤੀ ਖੇਤੀ (ਕਾਰਪੋਰੇਟ ਫਾਰਮਿੰਗ), ਪਾਣੀ ਲਈ ਵੱਡੇ ਵੱਡੇ ਬੰਨ ਤੇ ਨਦੀਆਂ ਉਪਰ ਕੰਟਰੋਲ, ਸਿਹਤ ਦੇ ਧੰਦੇ ਨਹੀ ਜੰਗਲਾਂ-ਪਹਾੜਾਂ ’ਚ ਜੜ੍ਹੀ-ਬੂਟੀਆਂ ਦੀ ਪੈਦਾਵਾਰ ਤੇ ਸਿੱਖਿਆ ਤੋਂ ਮੁਨਾਫਾ ਕਮਾਉਣ ਲਈ ਸਕੂਲ, ਕਾਲਜ ਇੰਸਟੀਚੂਟ ਤੇ ਯੂਨੀਵਰਸਿਟੀਆਂ ਦੀ ਸਥਾਪਨਾ। ਇਹਨਾਂ ਸਾਰੇ ਕੰਮਾਂ ਲਈ ਵੱਧ ਤੋਂ ਵੱਧ ਜ਼ਮੀਨਾਂ ਦੀ ਲੋੜ ਪੈ ਰਹੀ ਹੈ। ਇਸ ਲਈ ਜ਼ਮੀਨ ਬੇਹੱਦ ਕੀਮਤੀ ਹੁੰਦੀ ਜਾ ਰਹੀ ਹੈ। ਇਹਨਾਂ ਹਾਲਤਾਂ ’ਚ ਦੋ ਸਪਸ਼ਟ ਧਰੁੱਪ ਬਣਦੇ ਜਾ ਰਹੇ ਹਨ। ਪਹਿਲਾਂ ਉਹ ਜਿਸ ਨੇ ਭੋਜਨ, ਪਾਣੀ, ਦਵਾ ਤੇ ਸਿੱਖਿਆ ਤੱਕ ਦੀ ਪੂੰਜੀ ਨੂੰ ਨਿਸ਼ਾਨੇ ਉਪਰ ਰੱਖਿਆ ਹੈ ਅਤੇ ਦੂਜਾ ਉਹ ਜੋ ਆਪਣੀ ਜ਼ਮੀਨ ਖੇਤੀ, ਨਦੀ, ਪਾਣੀ ਦੀ ਰਾਖੀ ਲਈ ਅਤੇ ਆਪਣੀ ਖੁਸਦੀ ਰੋਟੀ ਰੋਜ਼ੀ ਤੇ ਹੋਂਦ ਦੀ ਰਾਖੀ ਲਈ ਸੰਘਰਸ਼ ਦੇ ਰਾਹ ’ਤੇ ਹਨ। ਇਹਨਾਂ ਦੋਹਾਂ ਧਰੁਵਾਂ ਵਿਚਕਾਰ ਜਾਰੀ ਦਵੰਦਵਾਦੀ ਸੰਘਰਸ਼ ’ਚ ਸਮਾਜ ’ਚ ਮੌਜੂਦ ਤਾਕਤਾਂ, ਨੀਤੀਆਂ, ਕਾਨੂੰਨ, ਨਿਰਪੇਖ ਨਹੀਂ ਹੋ ਸਕਦੇ ਹਨ।

ਇਸ ਪੈਮਾਨੇ ’ਤੇ ਭੂਮੀ-ਇਕਵਾਇਰ ਕਾਨੂੰਨ ਦੇ ਪ੍ਰਸਤਾਵਿਤ ਮਸੌਦੇ ਨੂੰ ਵੀ ਪਰਖਣਾ ਹੋਵੇਗਾ। ਇਸ ਤਰ੍ਹਾਂ ਦੇ ਕਾਨੂੰਨ ਇਕ ਨਿਸ਼ਚਿਤ, ਰਾਜਸੀ, ਆਰਥਿਕ ਤੇ ਸਮਾਜਿਕ ਵਿਵਸਥਾ ਦੀ ਉਪਜ ਹੁੰਦੇ ਹਨ। ਇਸ ਦਾ ਵਿਸਲੇਸ਼ਣ ਆਪਣੀ ਪਸੰਦ-ਨਾ ਪਸੰਦ, ਨੇਤਾਵਾਂ ਦੀ ਸਖਸ਼ੀਅਤ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ ’ਤੇ ਕਰਕੇ ਅਸੀਂ ਜੋ ਵੀ ਸਿੱਟਾ ਕੱਢਾਂਗੇ, ਉਸ ਦੇ ਭਰਮਾਊ ਬਣੇ ਰਹਿਣ ਦੀ ਪੂਰੀ ਸੰਭਾਵਨਾ ਬਣੀ ਰਹੇਗੀ। ਇਸ ਨਾਲ ਕੋਈ ਵਿਸ਼ੇਸ਼ ਫ਼ਰਕ ਨਹੀਂ ਪੈਣ ਵਾਲਾ ਹੈ ਕਿ ਕਿਹੜਾ ਕਾਨੂੰਨੀ ਬਸਤੀਵਾਦੀ ਦੌਰ ’ਚ ਬਣਿਆ ਸੀ ਤੇ ਕਿਹੜਾ ਮੌਜੂਦਾ ਸਮੇਂ। ਬਲਕਿ ਮਹੱਤਵਪੂਰਨ ਗੱਲ ਇਹ ਹੈ ਕਿ ਕਾਨੂੰਨ ਦਾ ਮਕਸਦ ਕੀ ਹੈ ਤੇ ਇਸ ਦਾ ਵਿਆਪਕ ਅਬਾਦੀ ’ਤੇ ਕੀ ਪ੍ਰਭਾਵ ਪੈਣ ਵਾਲਾ ਹੈ? ਅਜੇ ਲੋਕਾਂ ਦੀ ਘਾਟ ਨਹੀਂ ਜੋ ਥੋਥੇ ’ਚੋ ਸਾਰ ਨੂੰ ਲੱਭਣਾ ਕਿਸੇ ਦੇ ਵੱਸ ਦੀ ਗੱਲ ਨਹੀਂ ਹੋ ਸਕਦੀ ਹੈ। ਅੱਜ ਇਹੀ ਹੋ ਰਿਹਾ ਹੈ, ਜਿਸ ਨੂੰ ਲੋਕ ‘ਥੋਥਾ’ ਕਹਿ ਰਹੇ ਹਨ। ਬਾਜ਼ਾਰ ਦੀ ਤਰਜ਼ ’ਤੇ ਅੱਜ ਨਵੇਂ ਕਾਨੂੰਨ ਬਣਾਏ ਜਾ ਰਹੇ ਹਨ। ‘ਇੱਕ ਖਰੀਦੋ’ ਇਕ ਮੁਫ਼ਤ ’ਚ ਪਾਓ’ ਭੂਮੀ ਹੜੱਪ ਨੂੰ ਮੰਨ ਲਓ, ਪੁਨਰਵਾਸ ਨੀਤੀ ਮੁਫ਼ਤ ’ਚ ਪਾਓ, ਜੰਗਲਾਂ ਨੂੰ ਹਟਾ ਕੇ ਬਾਹਰੀ ਹਿੱਸੇ ’ਚ ਚਲੇ ਜਾਓ ਪਟਾ ਮੁਫ਼ਤ ’ਚ ਪਾਓ, ਆਪਣੀ ਜ਼ਮੀਨ ਖਾਲੀ ਕਰ ਦਿਉ ਤਾਂ ਕਲਿੰਗਨਗਰ ’ਚ ਟਾਟਾ ਤੋਂ, ਲਾਂਜੀਗੜ ’ਚ ਅਨਿਲ ਅਗਰਵਾਲ ਤੋਂ ਮੁਫਤ ’ਚ ਰਿਹਾਇਸ ਬਿਜਲੀ, ਪਾਣੀ, ਭੋਜਨ ਲਓ। ਵਿਰਾਲ ਲਓ-ਜਲ ਜੰਗਲ ਜ਼ਮੀਨ ਖਾਲੀ ਕਰੋ, ਮੁਆਵਜਾ ਲਓ ਨਹੀਂ ਤਾਂ ਪੁਲਸ ਦੀ ਲਾਠੀ-ਗੋਲੀ ਲਈ ਤਿਆਰ ਰਹੋ। ਇਨਾਂ ਹੀ ਨਹੀਂ ਜ਼ਮੀਨ ’ਤੇ ਕਬਜ਼ੇ ਕਰਨ ਲਈ ਸਾਰੇ ਨਵੇਂ-ਨਵੇਂ ਭਰਮਾਊ ਤਰੀਕੇ, ਬਹਾਨੇ

ਖੋਜੇ ਜਾ ਰਹੇ ਹਨ। ਮੌਸਮ ’ਚ ਆ ਰਹੀ ਤਬਦੀਲੀ ਨੂੰ ਕੰਟਰੋਲ ਕਰਨ ਦੇ ਨਾਂ ਹੇਠ ਜੰਗਲ ’ਤੇ ਕੰਟਰੋਲ, ਭੂਮੀ-ਖੁਸ਼ਹਾਲੀ ਦੇ ਵਿਕਾਸ, ਸੇਜ, ਸਾਜ ਤੇ ਬੀਜ ਪੈਦਾਵਾਰ ਲਈ ਪੱਧਰੀਆਂ ਜ਼ਮੀਨਾਂ ’ਤੇ ਕਬਜ਼ਾ, ਸਮੁੰਦਰੀ ਕਿਨਾਰਿਆਂ ’ਤੇ ਹੋਟਲ ਤੇ ਸੈਰ ਸਪਾਟੇ ਦੇ ਬਹਾਨੇ ਕਬਜਾ। ਇਹ ਸਭ ਵਿਕਾਸ ਦੇ ਗਾਜੇ-ਬਾਜੇ ਦੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਇਸ ਨੂੰ ਵਿਸ਼ਵ ਸ਼ਾਂਤੀ ਲਈ ਲਾਜ਼ਮੀ ਦੱਸਿਆ ਜਾ ਰਿਹਾ ਹੈ। ਸਮੂਹਕ ਜਾਇਦਾਦਾਂ ਨੂੰ ਹੌਲੀ-ਹੌਲੀ ਨਿੱਜੀ ਜਾਇਦਾਦਾਂ ’ਚ ਬਦਲਿਆ ਗਿਆ। ਫਿਰ ਬਚੀਆ ਖੁਚੀਆ ਸਮੂਹਕ ਜਾਇਦਾਦਾਂ ਨੂੰ ਰਾਜ ਦੀ ਜਾਇਦਾਦ ਵਜੋਂ ਰੱਖਿਆ ਗਿਆ ਤੇ ਹੁਣ ਰਾਜ ਇਹਨਾਂ ਸਮੂਹਕ ਤੇ ਜਨਤਕ ਜਾਇਦਾਦਾਂ (ਭੂਮੀ, ਖਣਿਜ, ਜੰਗਲ, ਨਦੀ, ਤਲਾਅ ਆਦਿ) ਨੂੰ ਕੰਪਨੀਆਂ ਤੇ ਕਾਰਪੋਰੇਟ ਨੂੰ ਸੌਂਪਦਾ ਜਾ ਰਿਹਾ ਹੈ ਕਿ ਇਹ ਸੰਪਤੀ ਕਿਸੇ ਦੀ ਨਿੱਜੀ ਨਹੀਂ ਬਲਕਿ ਸਰਕਾਰੀ ਹੈ। ਕਿਸੇ ਨੂੰ ਵਿਰੋਧ ਕਰਨ ਦਾ ਵਿਧਾਨਿਕ ਅਧਿਕਾਰ ਨਹੀਂ ਹੈ। ਇਹਨਾਂ ਹਾਲਤਾਂ ਦੀਆਂ ਬਰੀਕਿਆਂ ਤੇ ਸਾਜਿਸ਼ਾਂ ਦੇ ਪ੍ਰਸੰਗ ’ਚ ਸਪਸ਼ਟ ਸੱਚ ਰੱਖਦੇ ਹੋਏ ਵੀ ਅਸੀਂ ਇਸ ਪ੍ਰਸਤਾਵਿਤ ਭੂਮੀ ਹੜੱਪਣ ਸਬੰਧੀ ਸੋਧਾਂ ਨੂੰ ਵੇਖੀਏ ਤਾਂ ਤਸਵੀਰ ਧੁੰਦਲੀ ਨਹੀਂ ਬਲਕਿ ਸਾਫ਼-ਸਾਫ਼ ਨਜ਼ਰ ਆਉਂਦੀ ਹੈ। ਅੱਜ ਸੰਸਾਰ ਪੱਧਰ ’ਤੇ ਚਲ ਰਹੀ ਵਿਕੇਂਦਰੀਕਰਣ ਦੇ ਅਮਲ, ਨਾ ਬਰਾਬਰੀ ਤੇ ਭੇਦਭਾਵ ’ਤੇ ਟਿਕੇ ਢਾਂਚਿਆਂ, ਬੇਰਹਿਮ ਅੱਤਿਆਚਾਰ ਹਕੂਮਤੀ ਪ੍ਰਬੰਦ ਜੋ ਮੁਨਾਫੇ ਤੇ ਦਾਬੇ ਦੇ ਗ਼ੈਰ ਮਨੁੱਖੀ ਮੁੱਲਾਂ ’ਤੇ ਟਿਕੀ ਹੈ, ਦੇ ਰਹਿੰਦਿਆਂ ਇਹ ਉਮੀਦ ਕਰਨੀ ਕਿ ਵਿਕੇਂਦਰੀਕਰਣ, ਲੋਕਰਾਜ, ਬਰਾਬਰੀ ਵਰਗੀਆਂ ਕਦਰਾਂ ਕੀਮਤਾ ਮਹੱਤਵ ਹਾਸਲ ਕਰਨਗੀਆਂ। ਸਿਰਫ਼ ਸਰਵੇ ਇੱਛਾ ਹੋ ਸਕਦੀ ਹੈ, ਹਕੀਕਤ ਨਹੀਂ। ਇਸ ਨੂੰ ਸਫ਼ਲ ਤੇ ਅਸਫ਼ਲ ਖੁਸ਼ਹਾਲ ਤੇ ਆਮ, ਮਜ਼ਦੂਰ ਤੇ ਮਾਲਕ, ਖੁਲ੍ਹਾ ਤੇ ਕੰਟਰੋਲ ਦੇ ਬੀਜ ਜਾਰੀ ਦਵੰਦਵਾਦੀ ਸੰਘਰਸ਼ ਵਜੋਂ ਸਮਝਣ ਦੀ ਲੋੜ ਹੈ। ਕਹਿਣ ਦਾ ਭਾਵ ਇਹ ਹੈ ਕਿ ਭੂਮੀ ਹੜੱਪ ਕਾਨੂੰਨ ਬਿੱਲ ਦਾ ਪ੍ਰਸਤਾਵਿਤ ਨਵਾਂ ਖਰੜਾ ਆਪਣੇ ਆਪ ’ਚ ਕੋਈ ਅਜ਼ਾਦ ਨਹੀਂ ਹੈ ਬਲਕਿ ਇਹ ਜਾਰੀ ਅਮਲਾਂ ਦਾ ਇਕ ਆਮ ਜਾਂ ਮਹੱਤਵਪੂਰਨ ਪਹਿਲੂ ਹੀ ਹੈ। ਜੇ ਇਸ ਸਮਝ ਨੂੰ ਅਧਾਰ ਬਣਾ ਕੇ ਇਸ ਕਾਨੂੰਨ ਦਾ ਵਿਸਲੇਸ਼ਣ ਕਰੀਏ ਤਾਂ ਨਿਸਚੈ ਹੀ ਇਕ ਸਹੀ ਰਾਜੀ ਪਹਿਲ ਦੀ ਦਿਸ਼ਾ ਤਹਿ ਹੋਵੇਗੀ। ਅੱਜ ਦੁਨੀਆਂ ਇਕ ਧਰੁਵੀ ਬਣਦੀ ਜਾ ਰਹੀ ਹੈ। ਸੱਜੇ ਪੱਖੀ ਰੁਝਾਣ ਵਧ ਰਿਹਾ ਹੈ। ਵਿਰੋਧ ਦੀਆਂ ਆਵਾਜ਼ਾਂ ਕੁਚਲ ਦਿੱਤੀਆਂ ਜਾ ਰਹੀਆਂ ਹਨ। ਕੌਮੀ-ਕੌਮਾਂਤਰੀ ਪੱਧਰ ’ਤੇ ਮੌਜੂਦ ਲੋਕਰਾਜੀ ਸੰਸਥਾਵਾਂ ਦੀ ਵਰਤੋਂ ਗ਼ੈਰ ਲੋਕਰਾਜੀ ਕੰਮਾਂ ਲਈ ਕੀਤੀ ਜਾ ਰਹੀ ਹੈ। ਕੇਂਦਰੀਕਰਨ ਦੇ ਰੁਝਾਣ ਵਧ ਰਹੇ ਹਨ। ਫਿਰ ਲੋਕ ਸੰਘਰਸ਼ ਸੰਸਾਰ ਦੇ ਵੱਖ-ਵੱਖ ਭਾਗਾਂ ’ਚ ਚੁਣੌਤੀ ਦੇ ਰਹੇ ਹਨ। ਇਹ ਭੂ-ਮੰਡਲੀਕਰਨ ਨੂੰ ਸਮੇਂ ਸਮੇਂ ਸਿਰ ਠੱਲ੍ਹ ਪਾਉਣ ’ਚ ਕਾਮਯਾਬ ਹੋ ਰਹੇ ਹਨ। ਮੁਨਾਫਾਖੋਰ ਕੰਪਨੀਆਂ ਦੀ ਨਜ਼ਰਾਂ ਜਲ, ਜੰਗਲ, ਜ਼ਮੀਨ ਸਮੇਤ ਕੁਦਰਤੀ ਦੌਲਤਾਂ ਤੇ ਤੇਜੀ ਨਾਲ ਟਿਕਦੀਆਂ ਜਾ ਰਹੀਆਂ ਹਨ। ਉਥੇ ਇਸ ਦੀ ਰਾਖੀ ਲਈ ਪੂਰੀ ਦੁਨੀਆਂ ਸੰਘਰਸ਼ਸ਼ੀਲ ਹੈ। ਮਾਨਵਤਾ ਦੀ ਭਲਾਈ ਲਈ ਸੰਘਰਸ਼ ਤੇ ਮੁਨਾਫ਼ਾਖੋਰੀ ਵਿਚਕਾਰ ਇਕ ਸਿੱਧਾ ਅੰਤਰ ਵਿਰੋਧ ਹੈ।

# ਫਿਰਕੂ ਤਾਕਤਾਂ ਤੇ ਪ੍ਰਸਾਸ਼ਕ ਪੁਲਸ ਦੰਗੇ ਕਿਵੇਂ ਭੜਕਾਉਂਦੇ ਹਨ?

ਉਤਰਾਖੰਡ ਰਾਜ ਦਾ ਉਦਮਪੁਰ ਸ਼ਹਿਰ ਤਰਾਈ ਦਾ ਕੌਮੀ ਗੁਲਦਸਤਾ ਕਿਹਾ ਜਾਂਦਾ ਸੀ। ਇਸ ਛੋਟੇ ਜਿਹੇ ਸ਼ਹਿਰ 'ਚ ਹਿੰਦੂ, ਮੁਸਲਿਮ, ਸਿੱਖ ਆਦਿ ਲੋਕ ਮਿਲਜੁਲ ਕੇ ਰਹਿੰਦੇ ਸਨ। ਇੱਥੇ ਬਿਹਾਰ, ਯੂ. ਪੀ., ਪਹਾੜ, ਪੰਜਾਬ, ਬੰਗਾਲ ਆਦਿ ਥਾਵਾਂ ਤੋਂ ਲੋਕ ਦਹਾਕਿਆਂ ਤੋਂ ਰਹਿ ਰਹੇ ਹਨ। ਜਦ 1984 'ਚ ਭੜਕੇ ਸਿੱਖ ਵਿਰੋਧੀ ਦੰਗਿਆਂ ਤੇ 1992 'ਚ ਬਾਬਰੀ ਮਸਜਿਦ ਦੇ ਢਾਂਚੇ ਨੂੰ ਢਾਹੁਣ ਪਿਛੋਂ ਭੜਕੀ ਹਿੰਦ-ਮੁਸਲਿਮ ਫਿਰਕੂ ਅੱਗ ਨਾਲ ਪੂਰਾ ਦੇਸ਼ ਸੜ ਰਿਹਾ ਸੀ। ਉਸ ਸਮੇਂ ਵੀ ਉਤਰਾਖੰਡ ਦੇ ਤਰਾਈ ਦੇ ਕੌਮੀ ਗੁਲਦਸਤੇ ਰੁਦਰਪੁਰ ਸ਼ਹਿਰ 'ਚ ਅਮਨ-ਚੈਨ ਸੀ। ਕਿਤੇ ਕੋਈ ਅਸ਼ਾਂਤੀ ਨਹੀਂ ਸੀ। ਲੋਕਾਂ ਦੀ ਭਿੰਨਤਾ ਤੇ ਮੇਲ ਭਾਵ ਕਾਰਨ ਹੀ ਰੁਦਰਪੁਰ ਸ਼ਹਿਰ ਨੂੰ ਕੌਮੀ ਗੁਲਦਸਤਾ ਕਿਹਾ ਜਾਂਦਾ ਸੀ। ਪਰ 2 ਅਕਤੂਬਰ 2011 ਨੂੰ ਫਿਰਕ ਤਾਕਤਾਂ ਤਰਾਈ ਦੇ ਕੌਮੀ ਗੁਲਦਸਤੇ-ਰੁਦਰਪੁਰ ਸ਼ਹਿਰ 'ਚ ਫਿਰਕੂ ਦੰਗੇ ਭੜਕਾਉਣ ਵਿੱਚ ਕਾਮਯਾਬ ਰਹੀਆਂ। ਇਹਨਾਂ ਦੰਗਿਆਂ 'ਚ ਪ੍ਰਸਾਸ਼ਨ ਅਨੁਸਾਰ 4 ਲੋਕਾਂ ਦੀ ਜਾਨ ਗਈ। ਜਖ਼ਮੀਆਂ ਦੀ ਗਿਣਤੀ ਦਾ ਕੋਈ ਹਿਸਾਬ ਹੀ ਨਹੀਂ ਹੈ ਅਤੇ ਨਾ ਹੀ ਜਾਇਦਾਦ ਦੇ ਨੁਕਸਾਨ ਦਾ ਕੋਈ ਮੁਲਅੰਕਨ ਹੈ। ਦੰਗਿਆਂ ਦੌਰਾਨ ਮੁਸਲਮਾਨਾ ਦੀਆਂ ਦੁਕਾਨਾਂ ਨੂੰ ਚੁਣ-ਚੁਣ ਕੇ ਲੁੱਟਿਆ ਗਿਆ ਤੇ ਅੱਗ ਲਾਈ ਗਈ। 2 ਅਕਤੂਬਰ ਨੂੰ ਦੁਪਹਿਰ ਬਾਅਦ ਕਰਫਿਊ ਲਾ ਦਿੱਤਾ ਗਿਆ। ਖ਼ਬਰ ਲਿਖਣ ਤੱਕ ਸੁਬਾਹ ਛੇ ਵਜੇ ਤੋਂ ਰਾਤ ਦਸ ਵਜੇ ਤੱਕ ਹੀ ਕਰਫਿਊ 'ਚ ਢਿੱਲ ਦਿੱਤੀ ਜਾ ਰਹੀ ਹੈ। ਦੰਗਿਆਂ ਦਾ ਪਿਛੋਕੜ ਹੈ ਇਹ ਕੀ? 2001 'ਚ ਫਿਰਕੂ ਤਾਕਤਾਂ ਵਲੋਂ ਕਾਕੋਰੀ ਕਾਂਡ ਦੇ ਸ਼ਹੀਦ ਤੇ ਅੰਗ੍ਰੇਜ਼ਾਂ ਖਿਲਾਫ਼ ਲੜਾਈ ਦੇ ਜੰਗਬਾਜ ਇਨਕਲਾਬੀ ਯੋਧਾ ਤੇ ਭਾਰਤ ਦੇ ਸੱਚੇ ਸਬੂਤ ਆਸ਼ਫਾਕ ਉਲਾਖਾਂ ਦੀ ਮੂਰਤੀ ਨੂੰ ਹਿੰਦੂ ਫਿਰਕੂ ਤਾਕਤਾਂ ਵੱਲੋਂ ਤੋੜਫੋੜ ਕਰਕੇ ਨਸ਼ਟ ਕਰਨ ਦਾ ਘ੍ਰਿਣਿਤ ਕੰਮ ਕੀਤਾ ਗਿਆ। ਮੌਜੂਦਾ ਸਮੇਂ 'ਚ ਦੰਗਿਆਂ ਦੀ ਜੜ੍ਹ ਬਣੇ ਭਰਦਈਪੁਰਾ ਮਹੁੱਲੇ 'ਚ 2003 'ਚ ਦਿਨ-ਦਿਹਾੜੇ 30-40 ਨਿਕਾਬਪੋਸ਼ਾਂ ਵਲੋਂ ਮਦਰਸੇ ਨੂੰ ਤਲਵਾਰਾਂ ਨਾਲ ਢਹਿ ਢੇਰੀ ਕੀਤਾ ਗਿਆ। ਪਿਛਲੇ ਸਾਲ 2010 'ਚ ਇਸ ਮਦਰੱਸੇ 'ਚ ਸੂਅਰ ਨੂੰ ਵੱਡ ਕੇ ਸੁੱਟ ਦਿੱਤਾ ਗਿਆ।

ਕੁੱਝ ਹਿੰਦੂ ਕੱਟੜ ਪੰਥੀਆਂ ਨੂੰ ਮਾਮੂਲੀ ਧਾਰਾਵਾਂ ਲਾ ਕੇ ਲਗਾਤਾਰ ਪੁਲਸ ਵਲੋਂ ਜੇਹਲ ਭੇਜ ਦਿੱਤਾ ਗਿਆ। ਹਫਤੇ ਬਾਅਦ ਹੀ ਇਹ ਗੁੰਡੇ ਤੱਤ ਰਿਹਾ ਹੋ ਕੇ ਜਮਾਨਤ 'ਤੇ ਬਾਹਰ ਆ ਗਏ ਕਿਉਂਕਿ ਇਹਨਾਂ ਉਪਰ ਭਾਰਤੀ ਭਾਜਪਾ ਨੇਤਾਵਾਂ ਦਾ ਜਲੂਸ ਨਿਕਲ ਰਿਹਾ ਸੀ। ਜਿਸ ਨੂੰ ਹਿੰਦੂ ਗੁੰਡਾ ਵਹਿਨੀ ਵਲੋਂ ਰੋਕਿਆ ਗਿਆ ਅਤੇ ਉਤੇ ਜਨਾ ਫੈਲਾਉਣ ਦੀ ਕੋਸ਼ਿਸ਼ ਕੀਤੀ ਗਈ। ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਉਸ ਸਮੇਂ ਪੁਲਸ ਦੇ ਐਸ. ਆਈ. ਕਮਲ ਹਸਨ ਵਲੋਂ ਸੂਝ-ਬੂਝ ਵਰਤੀ ਗਈ ਅਤੇ ਸੰਭਾਵਿਤ ਹਿੰਦੂ-ਮੁਸਲਿਮ ਟਕਰਾ ਟਲ ਗਿਆ। ਇਸ ਦੌਰਾਨ ਹਿੰਦੂ ਗੁੰਡਾ ਤੱਤਾਂ ਵਲੋਂ ਮੁਸਲਮਾਨਾਂ ਦੇ ਬੈਨਰ ਫਾੜੇ ਗਏ, ਹੁਲੜਬਾਜੀ ਕੀਤੀ ਗਈ। ਪੁਲਸ ਨੇ ਦਖਲ ਅੰਦਾਜੀ ਕੀਤੀ ਤੇ ਮਾਮਲਾ ਸ਼ਾਂਤ ਹੋ ਗਿਆ। ਪੁਲਸ ਵਲੋਂ ਨਿਰਧਾਰਿਤ ਰੂਟ 'ਤੇ ਹੀ ਬਾਰਬਾਫਾਤ ਦਾ ਜਲੂਸ ਕੱਢਿਆ ਗਿਆ। ਇਕ ਮਹੀਨੇ ਪਹਿਲਾਂ ਸਿਤਾਰਗੰਜ

ਦੇ ਨੇੜੇ ਗੁਪਤ ਢੰਗ ਨਾਲ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਉਸ ਪਿੱਛੋਂ ਫੈਲੀ ਸਨਸਨੀ ਤੇ ਉਸ 'ਚ ਪੁਲਸ ਪ੍ਰਸਾਸ਼ਨ ਦੀ ਭੂਮਿਕਾ ਨੇ ਵੀ ਇਕ ਪਿੱਠਭੂਮੀ ਤਿਆਰ ਕੀਤੀ ਸੀ। ਕੁਲ ਮਿਲਾ ਕੇ ਇਹ ਵੇਖਿਆ ਜਾਵੇ ਤਾਂ ਬੀਤੇ ਸਮੇਂ ਤੋਂ ਭਾਜਪਾ ਆਰ. ਐਸ. ਐਸ. ਵਲੋਂ ਰੁਦਰਪੁਰ 'ਚ ਹਿੰਦੂ-ਮੁਸਲਿਮ ਦੰਗੇ ਫੈਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਲੋਕਾਂ ਦਾ ਕਹਿਣਾ ਸੀ ਕਿ ਇਸ ਖੇਡ 'ਚ ਭਾਜਪਾ ਨੇਤਾ ਰਾਕੇਸ਼ ਸ਼ੁਕਲਾ ਤੇ ਰਾਜ ਕੁਮਾਰ ਠੁਕਰਾਲ ਦੇ ਨਾਲ-ਨਾਲ ਕਾਂਗਰਸੀ ਨੇਤਾ ਤੇ ਵਿਧਾਇਕ ਤਿਲਕਰਾਜ ਬੇਹੜ ਦੀ ਭੂਮਿਕਾ ਰਹੀ ਹੈ। ਮੌਜੂਦਾ ਦੰਗਿਆਂ ਦੀ ਸ਼ੁਰੂਆਤ ਤੇ ਕੇਂਦਰ ਕਿਹੜੇ ਬਣੇ? ਮੌਜੂਦਾ ਦੰਗਿਆਂ ਦੀ ਸ਼ੁਰੂਆਤ ਵੀ ਭਦਈਪੁਰਾ ਮੁਹੱਲੇ ਤੋਂ ਹੀ ਹੋਈ। ਬੀਤੇ ਕਈ ਸਾਲਾਂ ਤੋਂ ਹਿੰਦੂ ਫਿਰਕਾਪ੍ਰਸਤ ਤੇ ਰਾਜ ਨੇਤਾਵਾਂ ਵਲੋਂ ਆਪਣੇ ਸੌੜੇ ਸੁਆਰਥਾਂ ਲਈ ਹਿੰਦੂ-ਮੁਸਲਿਮ ਫਿਰਕਾਪ੍ਰਸਤੀ ਨੂੰ ਫੈਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਅਤੇ ਮੁਖ ਕੇਂਦਰ ਭਦਈਪੁਰ ਨੂੰ ਹੀ ਬਣਾਇਆ ਗਿਆ ਹੈ। ਚਸ਼ਮਦੀਦ ਗਵਾਹਾਂ ਅਨੁਸਾਰ 29 ਸਤੰਬਰ ਦੀ ਸਵੇਰੇ ਭ੍ਰਦਈਪੁਰਾ ਸਥਿਤ ਸ਼ਨੀਮੰਦਰ 'ਚ ਕੁਰਾਨ ਨੂੰ ਲਾਲ ਕੱਪੜੇ 'ਚ ਲਪੇਟ ਕੇ ਮੰਦਰ 'ਚ ਰੱਖ ਦਿੱਤਾ ਗਿਆ। ਇਸ ਗੱਲ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਕੁਰਾਨ ਨੂੰ ਸ਼ਨੀਮੰਦਰ 'ਚ ਰੱਖਣ ਪਿੱਛੇ ਕਿੰਨਾ ਵੱਡਾ ਦਿਮਾਗ ਲੱਗਿਆ ਹੋਵੇਗਾ ਕਿ ਘਟਨਾ ਨਾਲ ਹਿੰਦੂ-ਮੁਸਲਮਾਨ ਦੋਨੋਂ ਹੀ ਭੜਕ ਪੈਣ। 29 ਸਤੰਬਰ ਨੂੰ ਹੀ ਮੁਸਲਿਮ ਫਿਰਕੇ ਦੇ ਲੋਕਾਂ ਵਲੋਂ ਡੀ. ਐਸ. ਤੇ ਐਸ. ਐਸ. ਪੀ. ਨੂੰ ਮੰਗ ਪਤਰ ਦਿੱਤਾ ਤੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਗਈ।

1 ਅਕਤੂਬਰ ਨੂੰ ਫਿਰ ਮੁਸਲਿਮ ਭਾਈਚਾਰੇ ਦੇ ਲੋਕਾਂ ਵਲੋਂ ਕੋਤਵਾਲੀ 'ਚ ਮੁਜਾਹਰਾ ਕੀਤਾ ਗਿਆ। ਇਸ ਦੌਰਾਨ ਐਮ. ਐਸ. ਡੀ., ਸੀ. ਈ. ਓ. ਤੇ ਕੋਤਵਾਲ ਦੇ ਨਾਲ ਦੋ ਘੰਟੇ ਤੱਕ ਗੱਲਬਾਤ ਚੱਲੀ ਤੇ ਲੋਕਾਂ ਨੂੰ ਛੇਤੀ ਹੱਲ ਦਾ ਭਰੋਸਾ ਦਿੱਤਾ ਗਿਆ। ਲੋਕਾਂ ਵੱਲੋਂ, ਫੀਤਾ ਬੰਨ ਕੇ ਕਾਲੇ ਦਿਨ ਵਜੋਂ ਮਨਾਉਣ ਦਾ ਫੈਸਲਾ ਲਿਆ ਗਿਆ। 1 ਅਕਤੂਬਰ ਦੀ ਰਾਤ ਨੂੰ ਫਿਰ ਭਰਦਪੁਰ ਦੇ ਸ਼ਨੀ ਮੰਦਰ ਕੋਲ ਇਕ ਮੁਸਲਿਮ ਪ੍ਰੀਵਾਰ ਦੇ ਘਰ ਮੂਹਰੇ ਸੂਆਰ ਕੱਟ ਕੇ ਸੁੱਟਿਆ ਗਿਆ ਤੇ ਉਸ ਉਪਰ ਕੁਰਾਨ ਰੱਖੀ ਗਈ। ਸੁਭਾ ਇਸ ਗੱਲ ਦਾ ਪਤਾ ਜਿਉਂ ਹੀ ਲੋਕਾਂ ਨੂੰ ਲੱਗਿਆ ਤਾਂ ਮੁਸਲਮਾਨ ਭੜਕ ਉਠੇ ਤੇ ਸਵੇਰੇ 7 ਵਜੇ ਤੱਕ ਭਦਰਪੁਰ ਦੁਬਿਧਾ ਨਗਰ, ਪਹਾੜਗੜ, ਰਾਮਪੁਰਾ, ਭੂਮਗਚਾ ਤੇ ਸੀਰ ਗੋਰੀਆਂ ਤੋਂ ਸੈਂਕੜੇ ਮੁਸਲਿਮ ਲੋਕ ਚੌਂਕ ਪਹੁੰਚ ਗਏ ਤੇ ਜਾਮ ਲਾ ਦਿੱਤਾ। ਲੋਕਾਂ ਦਾ ਪ੍ਰਸਾਸ਼ਨ ਨਾਲ ਤੂੰ-ਤੂੰ, ਮੈਂ-ਮੈਂ ਹੋ ਗਈ ਤੇ ਲੋਕ ਭੜਕ ਉੱਠੇ। ਮੁਸਲਿਮ ਭੀੜ ਵਲੋਂ ਕੇ. ਕੇ ਹੋਟਲ, ਵਰਮਾ ਪੈਟਰੋਲ ਪੰਪ 'ਚ ਤੋੜ ਫੋੜ ਕੀਤੀ ਗਈ ਅਤੇ ਵਾਹਣ ਭੰਨੇ ਗਏ। ਭੀੜ ਪੁਲਸ ਪ੍ਰਸਾਸ਼ਨ ਨਾਲ ਗੁੱਸੇ ਸੀ। ਚਾਰ-ਪੰਜ ਪੁਲਸ ਵਾਲੇ ਪੈਟਰੋਲ ਪੰਪ 'ਚ ਫੜੇ ਗਏ ਅਤੇ ਜਿਸ ਕਾਰਨ ਭੀੜ ਵਲੋਂ ਤੋੜ ਭੰਨ ਕੀਤੀ ਗਈ ਸੀ। ਦੱਸਿਆ ਗਿਆ ਕਿ ਕੁੱਝ ਮੁਸਲਮਾਨਾ ਨੇ ਪੈਟਰੋਲ ਪੰਪ ਨੂੰ ਤੋੜ ਭੰਨ ਤੋਂ ਬਚਾਇਆ ਸੀ। ਇਹ ਤੱਥ ਹੈ ਕਿ ਮੁਸਲਿਮ ਭੀੜ ਵਲੋਂ ਕੁਝ ਦੁਕਾਨਾਂ 'ਚ ਤੋੜ ਭੰਨ ਤੇ, ਲੁੱਟਮਾਰ ਕੀਤੀ ਗਈ। ਚਸ਼ਮਦੀਦ ਗਵਾਹਾਂ ਤੇ ਮਹੱਲਾ ਵਾਸੀਆਂ ਅਨੁਸਾਰ ਪੁਲਸ ਵਲੋਂ ਹਿੰਦੂਆਂ ਨੂੰ ਅਪੀਲ ਕੀਤੀ ਗਈ ਕਿ ਪੁਲਸ ਮੁਸਮਾਨਾਂ ਦਾ ਮੁਕਾਬਲਾ ਨਹੀਂ ਕਰ ਸਕੀ। ਇਸ ਲਈ ਹਿੰਦੂ ਲੋਕ ਮੁਸਲਮਾਨਾਂ ਨੂੰ ਸਬਕ ਸਿਖਾਉਣ। ਪੁਲਸ ਵਲੋਂ ਹਿੰਦੂਆਂ ਨੂੰ ਵਿਸਵਾਸ਼ ਦਿੱਤਾ ਗਿਆ ਕਿ ਚਾਰ ਘੰਟੇ ਤੱਕ ਜੋ ਕਰਨਾ ਹੈ ਕਰੋ, ਕੋਈ

ਕਾਰਵਾਈ ਨਹੀਂ ਕੀਤੀ ਜਾਵੇਗੀ। ਫਿਰਕੂ ਤਾਕਤਾਂ (ਭਾਜਪਾ ਤੇ ਆਰ. ਐਸ. ਐਸ.) ਤੇ ਨੇਤਾਵਾਂ ਵਲੋਂ ਸਮੇਂ ਤੱਕ ਪੈਦਾ ਕੀਤੇ ਫਿਰਕੂ ਮਾਹੌਲ ਤੇ ਪੁਲਿਸ ਪ੍ਰਸਾਸ਼ਨ ਦੀ ਅਪੀਲ ਤੇ ਯਕੀਨੀ ਪਿੱਛੋਂ ਹਿੰਦੂ ਫਿਰਕੇ ਦੇ ਫਿਰਕੂ ਤੱਤ ਤੇ ਗੁੰਡਾਗ੍ਰੋਹ ਸਰਗਰਮ ਹੋ ਉਠੇ। ਅਜੇ ਤੱਕ ਤਾਂ ਮਾਮਲਾ ਪੁਲਸ ਪ੍ਰਸਾਸ਼ਨ ਬਨਾਮ ਮੁਸਲਿਮ ਫਿਰਕੇ ਦਾ ਸੀ, ਜਦ ਪੁਲਸ ਨੇ ਉਸੇ ਹਿੰਦੂ ਫਿਰਕੇ ਬਨਾਮ ਮੁਸਲਿਮ ਫਿਰਕੂ ਦਾ ਬਣਾ ਕੇ ਰੁਦਰਪੁਰ ਸ਼ਹਿਰ 'ਚ ਹਿੰਦੂ ਮੁਸਲਿਮ ਫਿਰਕਾਪ੍ਰਸਤੀ ਦਾ ਜ਼ਹਿਰ ਫੈਲਾਅ ਕੇ ਸ਼ਹਿਰ ਨੂੰ ਦੰਗਿਆਂ ਦੀ ਭੇਂਟ ਚਾੜ ਦਿੱਤਾ ਗਿਆ। ਸ਼ਹਿਰ 'ਚ ਕਈ ਥਾਈਂ ਹਿੰਦੂਆਂ-ਮੁਸਲਮਾਨਾ 'ਚ ਸਿੱਧੀ ਟੱਕਰ ਹੋਈ। ਪੁਲਸ ਵਲੋਂ ਹਿੰਦੂ ਫਿਰਕਾਪ੍ਰਸਤ ਦੇ ਪੱਖ 'ਚ ਖੜ੍ਹੇ ਹੋਣ ਪਿੱਛੋਂ ਮੁਸਲਿਮ ਪੱਖ ਕਮਜੋਰ ਪੈ ਗਿਆ ਤੇ ਉਸ ਪਿੱਛੋਂ ਹਿੰਦੂ ਦੰਗਾ ਕਾਰੀਆਂ ਵਲੋਂ ਸ਼ਹਿਰ 'ਚ ਮੁਸਲਮਾਨਾ ਖਿਲਾਫ਼ ਇਕ ਤਰਫਾ ਕਾਰਵਾਈ ਕੀਤੀ ਗਈ। ਰੁਦਰਪੁਰ ਸ਼ਹਿਰ ਦੇ ਲਗਭਗ ਹਰੇਕ ਮੁਹੱਲੇ 'ਚ ਹਿੰਦੂ, ਦੰਗਾਕਾਰੀਆਂ ਵਲੋਂ ਚੁਣ ਚੁਣ ਕੇ ਮੁਸਲਮਾਨਾ ਦੀਆਂ ਦੁਕਾਨਾਂ ਨੂੰ ਲੁੱਟਿਆ ਗਿਆ ਅਤੇ ਅੱਗਾਂ ਲਾ ਦਿੱਤੀਆਂ। ਸ਼ਹਿਰ 'ਚ ਹਿੰਦੂ ਦੰਗਾਕਾਰਿਆਂ ਵਲੋਂ ਜਾਰੀ ਲੁੱਟਮਾਰ ਨੂੰ ਇਕ ਪ੍ਰਮੁੱਖ ਭਾਜਪਾ ਨੇਤਾ ਸਿੱਧੀ ਤੇ ਅਸਿੱਧੀ ਹਮਾਇਤ ਦੇ ਰਿਹਾ ਸੀ ਤਾਂ ਭਰਦਪੁਰ ਇਲਾਕੇ 'ਚ ਦੂਜੇ ਭਾਜਪਾ ਨੇਤਾ ਦਾ ਦਿਮਾਗ ਕੰਮ ਕਰ ਰਿਹਾ ਸੀ। ਹਿੰਦੂ ਦੰਗਾਕਾਰੀਆਂ ਪਹਿਲਾਂ ਕੰਮ ਦੇ ਮਾਲ ਨੂੰ ਲੁੱਟ ਰਹੇ ਸਨ। ਬੇਕਾਰ ਮਾਲ ਨੂੰ ਸੜਕ ਤੇ ਰੱਖ ਕੇ ਅੱਗ ਲਾ ਰਹੇ ਸਨ। ਇਸ ਦਾ ਕਾਰਨ ਸੀ ਕਿ ਜਿਹਨਾਂ ਦੁਕਾਨਾਂ ਨੂੰ ਮੁਸਲਮਾਨ ਚਲਾ ਰਹੇ ਸਨ ਉਹਨਾਂ ਦੇ ਮਕਾਨ ਮਾਲਕ ਹਿੰਦੂ ਸਨ। ਜੇ ਅੱਗ ਵਧ ਜਾਂਦੀ ਤਾਂ ਮਕਾਨਾ ਨੂੰ ਵੀ ਨੁਕਸਾਨ ਪੁੱਜਦਾ। ਪੂਰੇ ਰੁਦਰਪੁਰ ਸ਼ਹਿਰ 'ਚ ਇਕ ਵੀ ਹਿੰਦੂ ਦੀ ਦੁਕਾਨ ਦਾ ਹਰਜਾ ਨਹੀਂ ਹੋਇਆ। ਸਿਰਫ਼ ਮੁਸਲਮਾਨਾ ਨੂੰ ਹੀ ਨੁਕਸਾਨ ਪਹੁੰਚਾਇਆ ਗਿਆ। ਦੰਗਾਕਾਰੀਆਂ 'ਚ ਹਰ ਮਹੁੱਲੇ ਦੇ ਲੋਕ ਸ਼ਾਮਲ ਸਨ ਜੋ ਚੀਜ਼ਾਂ ਬਾਰੇ ਪਹਿਲਾਂ ਹੀ ਜਾਣਦੇ ਸਨ। ਮੁਖ ਮੰਤਰੀ ਭੁਦਨ ਚੰਦਰ ਖੰਡੂਰੀ ਨੂੰ ਵੀ ਮੰਨਣਾ ਪਿਆ ਕਿ ਦੰਗੇ ਪ੍ਰਸਾਸ਼ਨ ਨੇ ਭੜਕਾਏ ਸਨ। ਸਾਡੇ ਡੀ. ਐਮ. ਐਸ. ਐਮ. ਪੀ. ਤੇ ਡੀ. ਆਈ. ਜੀ. ਨੂੰ ਹਟਾਉਣਾ ਪਿਆ। ਮੁਖ ਮੰਤਰੀ ਦੇ ਇਸ ਐਲਾਨ ਪਿੱਛੋਂ ਇਸ ਗੱਲ ਦੀ ਮੁਖ ਸੰਭਾਵਨਾ ਹੈ ਕਿ ਪੁਲਸ ਪ੍ਰਸ਼ਾਸਨ ਦੇ ਆਲਾ ਅਫਸਰ ਇਸ ਕਾਂਡ 'ਚ ਸ਼ਾਮਲ ਸਨ। ਮੁਸਲਮਾਨਾ ਦੇ ਘਰਾਂ ਦੀਆਂ ਟੀਨ ਸ਼ੈਡਾਂ ਨੂੰ ਤਲਵਾਰਾਂ ਆਦਿ ਨਾਲ ਕੱਟਿਆ ਗਿਆ ਤੇ ਦੁਕਾਨਾਂ ਦੀ ਭੰਨ ਤੋੜ ਕੀਤੀ ਗਈ। ਕਰਫਿਊ ਸਮੇਂ ਆਮ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਰਸੋਈ ਗੈਸ 200 ਰੁਪਏ ਕਿਲੋ ਦਾਲ 70 ਰੁਪਏ, ਆਟਾ 30 ਰੁਪਏ ਕਿਲੋ, ਸਬਜੀਆਂ 50 ਰੁਪਏ ਵਿਕੀਆਂ। 100 ਦੇ ਕਰੀਬ ਰੇਹੜੀ ਵਾਲੇ ਬੇਰੁਜ਼ਗਾਰ ਹੋ ਗਏ। ਰਿਕਸੇ-ਰੇਹੜੇ ਵਾਲੇ 10000 ਤੋਂ ਵੱਧ ਭੁੱਖਮਰੀ ਦਾ ਸ਼ਿਕਾਰ ਹੋ ਗਏ। ਮੁਆਵਜੇ ਸਬੰਧੀ ਇਹ ਲੋਕਾਂ ਦੀ ਕੋਈ ਗਿਣਤੀ ਤੱਕ ਨਹੀਂ ਹੋਈ। ਇਹਨਾਂ ਦਾ ਦਰਦ ਮੁਠੀਭਰ ਲੋਕ ਹੀ ਮਹਿਸੂਸ ਕਰ ਸਕਦੇ ਹਨ। ਕਰਫਿਊ ਦੌਰਾਨ ਸਿਡਕੁਲ 'ਚ ਪੁਲਸ ਵਲੋਂ ਮਜ਼ਦੂਰ ਬਸਤੀਆਂ 'ਚ ਬੇਰਹਿਮ ਅਤਿਆਚਾਰੀ ਵਰਤਾਅ ਕੀਤਾ ਗਿਆ। ਔਰਤਾਂ ਨਾਲ ਗੈਰ ਮਨੁੱਖੀ ਵਰਤਾਅ ਹੋਇਆ। ਉਹਨਾਂ ਦੀ ਮਾਰਕੁਟ ਕੀਤੀ ਗਈ ਉਹ ਦਰਸ਼ਿਤ 'ਚ ਜਿਉਣ ਲਈ ਮਜ਼ਬੂਰ ਹੋ ਗਏ। ਲਾਲੇ ਬਾਣੀਆਂ ਨੇ ਹਿੰਦੂ-ਮੁਸਲਮਾਨਾਂ ਦੋਹਾਂ ਨੂੰ ਦਬਕੇ ਲੁੱਟਿਆ। ਇਸ ਮਾਮਲੇ 'ਚ ਫਿਰਕਾਪ੍ਰਸਤੀ ਗਾਇਬ ਸੀ, ਮੁਨਾਫਾ ਹੀ ਮੁਖ ਸੀ। ਮੌਜੂਦਾ ਵਿਧਾਨ ਸਭਾ 'ਚ ਵੋਟ ਬੈਂਕ ਪੱਕੇ ਕਰਨ ਲਈ

ਰਾਜਸੀ ਨੇਤਾਵਾਂ ਨੇ ਇਹ ਕਾਂਡ ਰਚਿਆ। ਪੁਲਸ ਨੇ ਉਹਨਾਂ ਦਾ ਬਾਖੂਬੀ ਸਾਥ ਦਿੱਤਾ।

ਅਕਤੂਬਰ ਮਹੀਨੇ ਦੇ ਪਹਿਲੇ ਹਫਤੇ ਹੀ ਰੁਦਰਪੁਰ ਸ਼ਹਿਰ 'ਚ ਆਰ. ਐਸ. ਐਸ. ਬਜਰੰਗ ਦਲ, ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕੈਂਪ ਲਾਏ ਗਏ। ਕਰਫਿਊ ਦੇ ਬਾਵਜੂਦ ਇਹ ਕੈਂਪ ਚੱਲੇ। ਇਸ ਤੋਂ ਪਹਿਲਾਂ ਵੀ ਕੈਂਪ ਇਸ ਖੇਤਰ 'ਚ ਲਾਏ ਗਏ। 2001 ਤੋਂ ਹੁਣ ਤੱਕ ਆਰ. ਐਸ. ਐਸ. ਵਲੋਂ ਲਗਾਤਾਰ ਫਿਰਕੂ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਰਦਪੁਰਾ ਦਾ ਦੱਬਿਆ ਮੰਦਰ ਆਰ. ਐਸ. ਐਸ. ਦਾ ਗੜ੍ਹ ਬਣਿਆ ਰਿਹਾ ਹੈ। ਦੰਗਿਆ ਪਿੱਛੋਂ ਅਗਾਮੀ ਵਿਧਾਨ ਸਭਾ ਚੋਣਾ ਦੇ ਮੱਦੇਨਜ਼ਰ ਇਹਨਾਂ ਘ੍ਰਿਣਤ ਮਨਸੂਬਿਆਂ ਨੂੰ ਦੁਹਰਾਉਣ ਲਈ ਅੱਗੇ ਵੀ ਕੋਸ਼ਿਸ਼ ਕੀਤੀ ਜਾਵੇਗੀ। ਇਨਸਾਨੀਅਤ ਅਜੇ ਵੀ ਜਿਉਂਦੀ ਹੈ। ਕਈ ਹਿੰਦੂਆਂ ਨੇ ਹਿੰਦੂ ਦੰਗਾਕਾਰੀਆਂ ਤੋਂ ਮੁਸਲਮਾਨਾ ਦੇ ਸਮਾਨ ਦੀ ਰਾਖੀ ਕੀਤੀ ਗਈ। ਹਿੰਦੂਆਂ ਨੇ ਖਤਰੇ ਮੁਲ ਲੈ ਕੇ ਵੀ ਮੁਸਲਮਾਨਾ ਨੂੰ ਦੰਗਾਕਾਰੀਆਂ ਦੇ ਚੁੰਗਲ 'ਚੋਂ ਕਈ ਥਾਈਂ ਛੁਡਵਾਇਆ। ਪੁਲਸ ਨੂੰ ਫੋਨ ਕੀਤੇ ਦੰਗਾਕਾਰੀਆਂ ਹੁਣ ਇਹਨਾਂ ਭਲੇਮਾਣਸਾ ਨੂੰ ਨੁਕਸਾਨ ਪਹੁੰਚਾ ਰਹੇ ਹਨ। ਅਮਨਪਸੰਦ ਬੁੱਧੀ ਜੀਵੀਆਂ ਨੇ ਅਮਨ ਕਮੇਟੀ ਬਣਾਈ ਤੇ ਸ਼ਾਂਤੀ ਮਾਰਚ ਕੱਢੇ। ਮੁਆਵਜਾ ਦੇਣ, ਦੋਸ਼ੀਆਂ ਨੂੰ ਸਜਾ ਦੇਣ ਦੀ ਮੰਗ ਉਭਰ ਰਹੀ ਸੀ। ਦੰਗਾਕਾਰੀਆਂ ਦਾ ਪਰਦਾਫਾਸ਼ ਕੀਤਾ ਜਾ ਰਿਹਾ ਹੈ। ਭਾਜਪਾ ਆਰ. ਐਸ. ਐਸ. ਸਮੇਤ ਘ੍ਰਿਣਤ ਰਾਜ ਨੇਤਾ ਆਪਣੇ ਮਨਸੂਬਿਆਂ ਦੀ ਪੂਰਤੀ ਲਈ ਕੌਮੀ ਗੁਲਦਸਤਾ ਨੂੰ ਦੰਗਿਆਂ ਦੀ ਅੱਗ 'ਚ ਝੋਕਣ 'ਚ ਸਫਲ ਰਹੇ ਤੇ ਪੁਲਸ ਇਹਨਾਂ ਕੁਕਰਮਾ ਦਾ ਸਾਥ ਦਿੰਦੀ ਰਹੀ।

# ਫੁਕੂਸ਼ਿਮਾ ਹਾਦਸੇ ਤੋਂ ਸਬਕ ਸਿਖਣ ਦੀ ਲੋੜ ਕਿਉਂ?

1987 'ਚ ਭਾਰਤ 'ਚ ਪ੍ਰਮਾਣੂ ਕਾਰਖਾਨੇ ਚਲਾਉਣ ਲਈ ਐਨ. ਪੀ. ਸੀ. ਆਈ. ਐਲ. (ਨਿਊਕਲੀਅਰ ਪਾਵਰ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ) ਨਾਂ ਦੀ ਕੰਪਨੀ ਬਣਾਈ ਗਈ। ਕਹਿਣ ਨੂੰ ਤਾਂ ਇਹ ਭਾਰਤ ਸਰਕਾਰ ਦੀ ਪਬਲਿਕ ਸੈਕਟਰ ਕੰਪਨੀ ਹੈ। ਪਰ ਜਿਵੇਂ ਭਾਰਤ ਸਰਕਾਰ ਵੀ ਕਹਿਣ ਨੂੰ ਤਾਂ ਸਰਕਾਰ ਅਖਵਾਉਂਦੀ ਹੈ ਪਰ ਦਲਾਲੀ ਤਾਂ ਉਹ ਅਮਰੀਕੀ ਹਿੱਤਾਂ ਦੀ ਹੀ ਕਰਦੀ ਹੈ। ਇਦਾਂ ਹੀ ਇਹ ਕੰਪਨੀ ਵੀ ਆਖਣ ਨੂੰ ਤਾਂ ਜਨਤਕ ਅਦਾਰਾ ਹੈ। ਕੰਮ ਤਾਂ ਉਸ ਦਾ ਵੀ ਅਮਰੀਕੀ ਕੰਪਨੀਆਂ ਵਾਂਗੂੰ ਮੁਨਾਫਾ ਕਮਾਉਣਾ ਹੈ। ਐਨ. ਪੀ. ਸੀ. ਆਈ. ਐਲ. ਬਣਾਉਣ ਤੋਂ ਪਹਿਲਾਂਭਾਰਤ ਸਰਕਾਰ ਨੇ 1983 ਵਿੱਚ ਇਕ ਪ੍ਰਮਾਣੂ ਊਰਜਾ ਨਿਆਮਕ ਬੋਰਡ ਬਣਾਇਆ ਸੀ। ਜਿਸ ਦਾ ਮੁੱਖ ਕੰਮ ਪ੍ਰਮਾਣੂ ਊਰਜਾ ਨਾਲ ਸਬੰਧਤ ਮਾਮਲਿਆਂ 'ਚ ਨਿਯਮਨ ਤੇ ਸੁਰੱਖਿਆ ਦੇ ਪਹਿਲੂਆਂ ਉਪਰ ਨਜ਼ਰ ਰੱਖਣਾ ਹੈ। ਇਸ ਬੋਰਡ ਦੇ 90 ਦੇ ਦਹਾਕੇ ਦੇ ਅੱਧ 'ਚ ਪ੍ਰਧਾਨ ਰਹੇ ਡਾ. ਏ. ਗੋਪਾਲ ਨੇ ਜੈਤਾਪੁਰ ਪ੍ਰਮਾਣੂ ਕਾਰਖਾਨੇ ਦੇ ਅਸੁਰੱਖਿਅਤ ਹੋਣ ਬਾਰੇ ਆਪਣਾ ਫਿਕਰ ਜਾਹਰ ਕਰਦਿਆਂ ਫਰਵਰੀ 2011 ਵਿੱਚ ਇਕ ਲੇਖ ਰਾਹੀਂ ਇਹ ਸੁਆਲ ਉਠਾਏ ਕਿ ਜਦ ਭਾਰਤ 'ਚ ਬਣੇ ਪ੍ਰੈਸ਼ਰਾਇਜਡ ਹੈ ਵੀ ਵਾਟਰ ਰਿਐਕਟਰ ਦੀ ਲਾਗਤ ਅੱਜ ਦੇ ਮੁੱਲ ਮੁਤਾਬਕ ਕਰੀਬ 8 ਕਰੋੜ ਰੁਪਏ ਪ੍ਰਤੀ ਮੈਗਾਵਾਟ ਦੀ ਹੈ ਤਾਂ ਭਾਰਤ ਸਰਕਾਰ ਫਰਾਂਸ ਦੀ ਅਰੇਵਾ ਕੰਪਨੀ ਤੋਂ ਯੋਰਪੀਅਨ ਪ੍ਰੈਸ਼ਰਾਈਜਡ ਰਿਐਕਟਰ ਕਿਉਂ ਖਰੀਦ ਰਹੀ ਹੈ। ਜਿਸ ਦਾ ਦੁਨੀਆਂ 'ਚ ਨਾ ਤਾਂ ਅਜੇ ਤੱਕ ਕੋਈ ਪ੍ਰੀਖਣ ਹੋਇਆ ਹੈ ਅਤੇ ਜਿਸ ਦੀ ਲਾਗਤ ਵੀ 20 ਕਰੋੜ ਰੁਪਏ ਫੀ ਮੈਗਾਵਾਟ ਪਵੇਗੀ। ਇਸ ਦੇ ਜੁਆਬ 'ਚ ਐਨ. ਪੀ. ਸੀ. ਆਈ. ਐਲ. ਵਲੋਂ ਡਾ. ਗੋਪਾਲ ਦਾ ਮਾਖੌਲ ਉਡਾਉਂਦਿਆਂ ਜੁਆਬ ਦਿੱਤਾ ਗਿਆ ਕਿ ਦੁਨੀਆਂ 'ਚ ਬਹੁਤ ਸਾਰੀਆਂ ਥਾਵਾਂ 'ਤੇ ਅਜਿਹੇ ਰਿਐਕਟਰ ਲੱਗੇ ਹਨ ਜਿਹਨਾਂ ਦਾ ਪਹਿਲਾਂ ਕੋਈ ਤਜ਼ਰਬਾ ਨਹੀਂ ਹੋਇਆ ਹੈ। ਖੁਦ ਭਾਰਤ 'ਚ ਅਜਿਹੇ ਅਨੇਕਾਂ ਰਿਐਕਟਰਾਂ ਦੀ ਮਿਸਾਲ ਉਹਨਾਂ ਨੇ ਦਿੱਤੀ। ਉਹਨਾਂ ਨੇ ਕਿਹਾ ਕਿ ਰਿਐਕਟਰ ਜਦ ਤੱਕ ਲੱਗੇਗਾ ਨਹੀਂ ਤਦ ਤੱਕ ਉਸ ਦੀ ਜਾਂਚ (ਪ੍ਰੀਖਣ) ਹੋਵੇਗੀ ਕਿਵੇਂ? ਐਨ. ਪੀ. ਸੀ. ਆਈ. ਐਲ. ਵਰਗੇ ਮਾਹਰਾ-ਵਿਗਿਆਨਕਾਂ ਨਾਲ ਭਰੀ ਪਈ ਵੱਡੀ ਕੰਪਨੀ ਤੋਂ ਇੱਕ ਆਦਮੀ ਇਹ ਜਾਨਣਾ ਚਾਹੇਗਾ ਕਿ ਕੀ ਪ੍ਰੀਖਣ ਲਈ ਥੋੜ੍ਹੀ ਘੱਟ ਸਮਰੱਥਾ ਵਾਲੇ ਰਿਐਕਟਰ ਨਾਲ ਕੰਮ ਨਹੀਂ ਚਲ ਸਕਦਾ ਸੀ? ਜੋ ਸਿੱਧਾ ਦੁਨੀਆਂ ਦਾ ਸਭ ਤੋਂ ਵੱਡਾ ਪ੍ਰਮਾਣੂ ਕਾਰਖਾਨਾ 10000 ਮੈਗਾਵਾਟ ਪ੍ਰੀਖਣ ਲਈ ਭਾਰਤ ਲੈ ਲਵੇ? ਜੇ ਕੀ ਅਰੇਵਾ ਕੰਪਨੀ ਨੇ ਆਪਣੇ ਦੇਸ਼ ਫਰਾਂਸ 'ਚ ਇਸ ਦੇ ਪ੍ਰੀਖਣ ਲਈ ਕੋਈ ਥਾਂ ਨਹੀਂ ਬਚੀ ਸੀ? ਜਾਂ ਬਹਾਦਰੀ ਸਬੰਧੀ ਭਾਰਤ ਨੇ ਕੋਈ ਐਸੀ ਮਿਸਾਲ ਕਾਇਮ ਕਰਕੇ ਵਿਖਾਉਣੀ ਹੈ, ਕਿ ਦੇਖੋ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਅਣਪ੍ਰਖਿਆ ਪ੍ਰਮਾਣੂ ਯੰਤਰ ਲਾਉਣ ਦੀ ਹਿੰਮਤ ਰੱਖਦੇ ਹਾਂ।

ਭਾਰਤ 'ਚ ਪ੍ਰਮਾਣੂ ਦੁਰਘਟਨਾਵਾਂ ਕਿਉਂ ਨਹੀਂ ਹੋ ਸਕਦੀਆਂ? ਭਾਰਤ 'ਚ 20 ਪ੍ਰਮਾਣੂ ਕਾਰਖਾਨੇ ਕੰਮ ਕਰ ਰਹੇ ਹਨ ਤੇ ਪੰਜ ਉਸਾਰੀਆਂ 'ਅਧੀਨ' ਹਨ ਸਰਕਾਰ ਏਨੀ ਤੇਜੀ ਨਾਲ ਪ੍ਰਮਾਣੂ ਊਰਜਾ ਦੇ ਰਾਹ 'ਤੇ ਅੱਗੇ ਵਧਣਾ ਲੋਚਦੀ ਹੈ। ਇਹ ਇਸ ਤੋਂ ਸਪਸ਼ਟ ਹੈ ਕਿ ਉਹਨਾਂ ਕੋਲ ਭਵਿੱਖ ਲਈ 40 ਰਿਐਕਟਰਾਂ ਦੀਆਂ ਯੋਜਨਾਵਾਂ

ਤੇ ਪ੍ਰਸਤਾਵ ਮੌਜੂਦ ਹਨ। ਭਾਰਤੀ ਵਿਗਿਆਨੀਆਂ ਨੇ ਆਪਣੀ ਕਿਸਮ ਦੀ ਵਿਕਸਤ ਕੀਤੀ ਤਕਨੀਕ ਦੇ ਨਾਲ ਊਰਜਾ ਦੇ ਖੇਤਰ 'ਚ ਜੋ ਵੀ ਕਦਮ ਵਧਾਏ ਹਨ। ਉਹ ਪਿਛਲੇ ਦੌਰ 'ਚ ਅਮਰੀਕਾ ਨਾਲ ਕੀਤੇ ਗਏ 2-3 ਸਮਝੌਤਿਆਂ ਦੇ ਨਾਲ ਪਿਛੜ ਗਏ ਹਨ। ਹੁਣ ਅਸੀਂ ਇਕ ਤਰ੍ਹਾਂ ਨਾਲ ਮਜ਼ਬੂਰ ਹਾਂ ਕਿ ਸਾਡੇ ਵਿਗਿਆਨਕ ਦੂਜਿਆਂ ਦੇ ਇਸ਼ਾਰਿਆਂ 'ਤੇ ਕੰਮ ਕਰਨਗੇ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਫਰਾਂਸ, ਆਸਟ੍ਰੇਲੀਆ ਸਵੀਡਨ ਤੇ ਰੂਸ ਦੇ ਨਾਲ ਇਹ ਇਕਰਾਰ ਕੀਤਾ ਹੈ ਕਿ ਭਾਰਤ ਚਾਰ ਇਹਨਾਂ ਦੇਸ਼ਾਂ ਤੋਂ 10-16 ਹਜ਼ਾਰ ਮੈਗਾਵਾਟ ਸਮਰੱਥਾ ਦੇ ਰੀਐਕਟਰ ਖਰੀਦੇਗਾ ਅਤੇ ਆਪਣੇ 'ਚ ਸਥਾਪਤ ਕਰੇਗਾ। ਇਹ ਸਾਡੇ ਦੇਸ਼ ਦੀ ਨਵੀਂ ਵਿਦੇਸ਼ਨੀਤਾ ਦਾ ਸਿੱਟਾ ਹੈ। ਜੋ ਸਾਡੇ ਹਾਕਮਾਂਨੇ ਸਾਮਰਾਜੀਆਂ ਮੂਹਰੇ ਗਹਿਣੇ ਪਾ ਦਿੱਤੀ ਹੈ। ਫਰਾਂਸ ਦੀ ਅਰੇਵਾ ਕੰਪਨੀ ਤੋਂ ਲਏ ਜਾਣ ਵਾਲੇ 10 ਹਜ਼ਾਰ ਮੈਗਾਵਾਟ ਦੇ ਰੀਐਕਟਰ ਉਸੇ ਇਕਰਾਰ ਦਾ ਸਿੱਟਾ ਹਨ। ਜਦ ਅਸੀਂ ਆਪਣੀ ਜਾਣੀ-ਪਹਿਚਾਣੀ ਘਰੇਲੂ ਤੌਰ 'ਤੇ ਵਿਕਸਤ ਕੀਤੀ ਤਕਨੀਕ ਦੇ ਨਾਲ ਕੰਮ ਕਰਦੇ ਸੀ ਤਾਂ ਵੀ ਮਨੁੱਖੀ ਭੁੱਲਾਂ ਹੁੰਦੀਆਂ ਸਨ। ਹੁਣ ਤੱਕ ਅਣਪਰਖੀਆਂ ਤੇ ਅਣ-ਜਾਣੀਆਂ ਮਸ਼ੀਨਾਂ ਜੇ ਸਾਡੇ ਵਿਗਿਆਨਕ ਸੰਭਾਲਣਗੇ ਤਾਂ ਗਲਤੀਆਂ ਦੀ ਗੁੰਜਾਇਸ਼ ਵੀ ਵੱਧ ਹੋਵੇਗੀ। ਪਹਿਲਾਂ ਵੀ ਭਾਰਤ 'ਚ ਰਾਜਸਥਾਨ ਦੇ ਪ੍ਰਮਾਣੂ ਕਾਰਖਾਨੇ 'ਚ 1992 'ਚ 4 ਟਨ ਵਿਕਰਣ ਯੁਕਤ ਪਾਣੀ ਵਗ ਰਿਹਾ ਹੈ ਅਤੇ ਤਾਰਾਪੁਰ ਵਿੱਚ ਵੀ। 1992 ਵਿੱਚ 12 ਕਿਊਸਿਕ ਰੇਡਿਓ ਧਰਮਿਤਾ ਫੈਲੀ ਸੀ ਤਾਂ ਭਾਰਤ ਕੋਲ ਐਸੀ ਕਿਹੜੀ ਜਾਦੂ ਦੀ ਛੜੀ ਹੈ ਜਿਸ ਨਾਲ ਇਸ ਦੇਸ਼ ਦੇ ਉਚ ਸਿੱਖਿਅਤ ਪ੍ਰਧਾਨ ਮੰਤਰੀ ਇਹ ਦਾਅਵਾ ਕਰਦੇ ਹਨ ਕਿ ਭਾਰਤ ਦੇ ਜੈਤਾਪੁਰ ਪ੍ਰਮਾਣੂ ਕਾਰਖਾਨੇ 'ਚ ਅਜਿਹੀ ਕੋਈ ਦੁਰਘਟਨਾ ਕਦੇ ਨਹੀਂ ਹੋਵੇਗੀ। ਇਸ ਲਈ ਕਾਰਖਾਨੇ ਦਾ ਕੰਮ ਅੱਗੇ ਵਧਾਉਣਾ ਚਾਹੀਦਾ ਹੈ। ਜਾਹਰ ਹੈ ਕਿ ਅਜਿਹਾ ਵਿਸਵਾਸ਼ ਪ੍ਰਧਾਨ ਮੰਤਰੀ ਨੂੰ ਉਹਨਾਂ ਦੇ ਮਾਹਰ ਹੀ ਦਵਾ ਸਕਦੇ ਹਨ। ਜੈਤਾਪੁਰ ਪ੍ਰਮਾਣੂ ਕਾਰਖਾਨੇ ਨਾਲ ਜੁੜੇ ਇਕ ਭੌਤਿਕਵਿਦ ਤੇ ਕੋਹਲਾਪੁਰ ਦੇ ਡੀ. ਵਾਈ. ਪਾਟਿਲ ਯੂਨੀਵਰਸਿਟੀ ਦੇ ਉਪਕੁਲਪਤੀ ਡਾਕਟਰ ਐਮ. ਐਚ. ਪਵਾਰ ਨੇ ਇਕ ਅਖਬਾਰ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਕਿ ਜਪਾਨ 'ਚ 8.9 ਤੇਜੀ ਦਾ ਜੋ ਭੂਚਾਲ ਆਇਆ ਸੀ। ਉਸ ਨਾਲ ਸੁਨਾਮੀ ਦੀਆਂ ਲਹਿਰਾਂ ਪੈਦਾ ਹੋਈਆਂ ਪਰ ਭੂਚਾਲ ਨਾਲ ਫੁਨੂਸ਼ਿਮਾ ਦੇ ਪ੍ਰਮਾਣੂ ਕਾਰਖਾਨੇ ਦਾ ਕੁਝ ਨਹੀਂ ਵਿਗੜਿਆ। ਪ੍ਰਮਾਣੂ ਕਾਰਖਾਨੇ 'ਚ ਜੋ ਵਿਸਫੋਟ ਆਇਆ। ਉਹ ਪਾਣੀ ਦੇ ਰਿਐਕਟਰ ਨੂੰ ਘੁਸ ਜਾਣ ਕਰਕੇ ਜੋ ਬਿਜਲੀ ਗੁੱਲ ਅਤੇ ਉਸ ਨਾਲ ਜੀ ਪ੍ਰਮਾਣੂ ਇੰਜਣ ਨੂੰ ਠੰਡਾ ਕਰਨ ਦਾ ਜੋ ਸਿਸਟਮ ਸੀ ਉਹ ਫੇਹਲ ਹੋ ਗਿਆ। ਇਸ ਲਈ ਵਿਸਫੋਟ ਹੋਇਆ। ਦੂਜੀ ਕੰਮ ਦੀ ਗੱਲ ਉਹਨਾਂ ਇਹ ਦੱਸੀ ਕਿ ਜੈਤਾਪੁਰ ਸਮੁੰਦਰ ਦੀ ਤਹਿ ਤੋਂ ਕਰੀਬ 72 ਫੀਟ ਦੀ ਉਚਾਈ 'ਤੇ ਹੈ ਜਿਸ ਨਾਲ ਜੇ ਕਦੀ ਮਹਾਂਰਾਸ਼ਟਰ 'ਚ ਸੁਨਾਮੀ ਆਉਂਦੀ ਵੀ ਹੈ ਤਾਂ 'ਉਹਨਾਂ ਦੇ ਖਿਆਲ ਨਾਲ' ਉਹ ਏਨੀ ਉਚਾਈ 'ਤੇ ਨਹੀਂ ਪਹੁੰਚ ਸਕੇਗੀ। ਤੀਜੀ ਸਭ ਤੋਂ ਮਹੱਤਵਪੂਰਨ ਗੱਲ ਉਹਨਾਂ ਨੇ ਇਹ ਕਹੀ ਕਿ ਭਾਰਤ ਨੂੰ ਪ੍ਰਮਾਣੂ ਵਿਕਰਣਾ ਨਾਲ ਨਿਪਟਣ ਦੀ ਤਿਆਰੀ ਨੂੰ ਤੇਜ਼ ਕਰਨਾ ਚਾਹੀਦਾ ਹੈ। ਸਾਨੂੰ ਅਜਿਹੇ ਲੋਕ ਤਿਆਰ ਕਰਨੇ ਚਾਹੀਦੇ ਹਨ। ਜੋ ਪ੍ਰਮਾਣੂ ਵਕਿਰਨਾ ਨਾਲ ਪੈਦਾ ਹੋਣ ਵਾਲੀਆਂ ਹਾਲਤਾਂ ਨਾਲ ਨਿਪਟ ਸਕਣ। ਡਾ. ਪਵਾਰ ਨੇ ਇਹ ਦੱਸਿਆ ਕਿ ਇਸ ਲਈ ਉਹਨਾਂ ਦੀ ਯੂਨੀਵਰਸਿਟੀ ਨੇ ਹੁਣ ਤੋਂ ਹੀ

ਕੋਰਸ ਵੀ ਖੋਹਲ ਦਿੱਤੇ ਹਨ। ਡਾ. ਪਵਾਰ ਦੇ ਇਹ ਕਥਨ ਕਿਸੇ ਹੋਰ ਵਿਆਖਿਆ ਦੀ ਲੋੜ ਨਹੀਂ ਛੱਡਦੇ। ਇਹਨਾਂ ਨੂੰ ਪੜ੍ਹ ਕੇ ਕੋਈ ਵੀ ਸਮਝ ਸਕਦਾ ਹੈ ਕਿ ਕਿਉਂਕਿ ਫੁਕੂਸ਼ਿਮਾ 'ਚ ਰਿਐਕਟਰ 'ਚ ਵਿਸਫੋਟ ਭੂਚਾਲ ਕਰਕੇ ਨਹੀਂ ਹੋਇਆ ਬਲਕਿ ਭੂਚਾਲ ਨਾਲ ਜੋ ਸੁਨਾਮੀ ਉਠੀ ਤੇ ਸੁਨਾਮੀ ਨਾਲ ਜੋ ਪਾਣੀ ਅੰਦਰ ਵੜਿਆ ਉਸ ਨੂੰ ਬਿਜਲੀ ਸਪਲਾਈ 'ਚ ਰੁਕਾਵਟ ਆਈ ਅਤੇ ਉਸ ਨਾਲ ਵਿਸਫੋਟ ਹੋਇਆ ਅਤੇ ਇਸ ਨਾਲ ਭਾਵੇਂ ਜੈਤਾਪੁਰ 'ਚ ਭੂਚਾਲ ਆਵੇ ਪਰ ਇਥੇ ਡਾ. ਪਵਾਰ ਦੇ ਖਿਆਲ ਨਾਲ ਕਦੀ ਸੁਨਾਮੀ ਤਾਂ ਆਵੇਗੀ ਹੀ ਨਹੀਂ। ਇਥੇ ਬਿਜਲੀ ਰੁਕਾਵਟ ਨਹੀਂ ਹੋਵੇਗੀ ਤੇ ਫਿਸਫੋਟ ਵੀ ਨਹੀਂ ਹੋਵੇਗਾ।

ਅਜਿਹਾ ਲੱਗਦਾ ਕਿ ਸੁਨਾਮੀ ਨੇ ਤਾ ਡਾ. ਪਵਾਰ ਨੂੰ ਹੀ ਵਾਇਦਾ ਕੀਤਾ ਹੈ ਕਿ ਉਹ 72 ਫੁੱਟ ਉਚਾਈ ਤੱਕ ਕਦੀ ਨਹੀਂ ਆਵੇਗੀ। ਡਾ. ਪਵਾਰ ਦੀ ਇੰਟਰਵਿਊ ਤੋਂ ਇਉਂ ਲੱਗਦਾ ਹੈ ਕਿ ਜਿਵੇਂ ਕਦੇ ਕੋਈ ਦੁਰਘਟਨਾ ਹੋਵੇਗੀ ਹੀ ਨਹੀਂ, ਪਰ ਫਿਰ ਵੀ ਜੇ ਕੋਈ ਗੜਬੜ ਹੋਈ ਤਾਂ ਵਿਕਰਣ ਪ੍ਰਭਾਵਾਂ ਦਾ ਇਲਾਜ ਤੇ ਦੇਖਭਾਲ ਕਰਨ ਵਾਲੇ ਲੋਕਾਂ ਨੂੰ ਸਿਖਲਾਈ ਦੇਣ ਦੇ ਨਵੇਂ ਕੋਰਸ ਯੂਨੀਵਰਸਿਟੀ ਨੇ ਚਾਲੂ ਕਰ ਦਿੱਤੇ ਹਨ। ਖੁਦ ਸਰਕਾਰੀ ਸਰਵੇਖਣ ਦੀ ਰੀਪੋਟ ਦਸਦੀ ਹੈ ਕਿ ਜੈਤਾਪੁਰ ਭੂਚਾਲ ਸੰਵੇਦੀ ਇਲਾਕੇ 'ਚ ਮੌਜੂਦ ਹੈ ਅਤੇ ਗੁਜਰੇ 20 ਸਾਲਾਂ ਵਿੱਚ ਇਸ ਖੇਤਰ 'ਚ 92 ਛੋਟੇ-ਵੱਡੇ ਭੂਚਾਲ ਆ ਚੁੱਕੇ ਹਨ ਤੇ ਫਿਰ ਭਾਰਤ ਦੇ ਜੋ ਰਾਜਸੀ ਨੇਤਾ ਹਨ। ਠੇਕੇਦਾਰ ਤੇ ਅਫਸਰਸ਼ਾਹੀ ਹੈ ਉਹ ਕਿਹੜਾ ਕਿਸੇ ਤੋਂ ਘਟ ਹਨ? ਜੇ ਖੇਡਾਂ, ਜੇਲ, ਫ਼ੌਜ, ਪੁਲ, ਸੜਕਾਂ, ਦਵਾਈਆਂ ਪਾਣੀ ਜਾਂ ਹੋਰ ਕਿਸੇ ਵੀ ਖੇਤਰ ਦੇ ਸਮਾਨ 'ਚ ਕਮਿਸ਼ਨ ਲੈ ਕੇ ਘਟੀਆਂ ਚੀਜ਼ਾਂ ਚਲਵਾ ਸਕਦੇ ਹਨ। ਜੋ ਜਮੀਨ 'ਤੇ ਹੀ ਨਹੀਂ ਅਕਾਸ਼ੀ ਸਪੈਕਟ੍ਰਮਾ ਵਿੱਚ ਵੀ ਅਤੇ ਖੇਤਾਂ 'ਚ ਹੀ ਨਹੀਂ ਸਟੋਰਾਂ ਵਿੱਚ ਵੀ ਭ੍ਰਿਸ਼ਟਾਚਾਰ ਫੈਲਾਅ ਸਕਦੇ ਹਨ। ਉਹ ਜੈਤਾਪੁਰ 'ਚ ਭਲਾ ਕਿਉਂ ਭ੍ਰਿਸ਼ਟਾਚਾਰ ਨਹੀਂ ਕਰਨਗੇ ਤੇ ਜੇ ਕੀਤਾ ਤਾਂ ਕੀ ਇਹ ਹਾਦਸਾ ਕਿਸੇ ਪੁਲ ਜਾਂ ਪਾਣੀ ਦੀ ਟੈਂਕੀ ਦੇ ਢਹਿ ਜਾਣ ਜਿੰਨਾ ਹੀ ਕਿਹਾ ਜਾ ਸਕਦੈ? ਕਚਰਾ ਵੀ ਖਤਰਾ ਹੈ। ਪ੍ਰਮਾਣੂ ਪਲਾਂਟ ਨਾਲ ਜੇ ਤੁਸੀਂ ਬਿਜਲੀ ਬਣਾ ਵੀ ਲਈ ਤਾਂ ਵੀ ਪ੍ਰਮਾਣੂ ਬਾਲਣ ਤੋਂ ਬਣਨ ਵਾਲੇ ਕਚਰੇ ਨੂੰ ਟਿਕਾਣੇ ਲਾਉਣ ਦੀ ਸਮੱਸਿਆ ਤਾਂ ਫਿਰ ਵੀ ਬਣੀ ਰਹਿਣੀ ਹੈ। ਅਪ੍ਰੈਲ 2010 ਵਿੱਚ ਅਮਰੀਕੀ ਰਾਸ਼ਟਰਪਤੀ ਬੇਰਾਕ ਓਬਾਮਾ ਨੇ ਜਾਰਜ ਬੁਸ਼ ਦੇ ਜਮਾਨੇ ਤੋਂ ਚਲੇ ਆ ਰਹੇ ਇਸ ਤਰਕ ਦੀ ਵਰਤੋ ਪਾ ਦੇਸ਼ਾਂ ਦੇ ਵਾਸ਼ਿੰਗਟਨ ਪ੍ਰਮਾਣੂ ਸੰਮੇਲਨ 'ਚ ਕੀਤੀ ਕਿ ਪ੍ਰਮਾਣੂ ਹਥਿਆਰਾਂ ਦੇ ਦਹਿਸ਼ਤਗਰਦੀ ਸਮੂਹਾਂ ਦੇ ਹੱਥ ਲੱਗ ਜਾਣ ਦਾ ਖਤਰਾ ਸਭ ਤੋਂ ਵੱਡਾ ਹੈ ਹਾਲਾਂਕਿ ਜਾਰਜ ਬੁਸ਼ ਨੇ ਕਿਸੇ ਇਕ ਮੌਕੇ 'ਤੇ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ 'ਚ ਦਹਿਸ਼ਤਗਰਦੀ ਦੇ ਨਾਲ-ਨਾਲ ਪ੍ਰਮਾਣੂ ਕਚਰੇ ਨੂੰ ਵੀ ਮਨੁੱਖਤਾ ਤੇ ਅਮਰੀਕਾ ਲਈ ਬਹੁਤ ਵੱਡਾ ਖਤਰਾ ਦੱਸਿਆ ਸੀ। ਓਬਾਮਾ ਨੇ ਪ੍ਰਮਾਣੂ ਕਚਰੇ ਦੇ ਸੰਕਟ ਦਾ ਭਾਵੇਂ ਟਾਲ ਦਿੱਤਾ ਪਰ ਉਸ ਦਾ ਸੰਕਟ ਕਿਤੇ ਵੀ ਟਲਿਆ ਨਹੀਂ ਹੈ। ਬਲਕਿ ਅਮਰੀਕਾ 'ਚ ਨੇ ਵਾਦਾ ਇਲਾਕੇ 'ਚ ਜਿੱਥੇ ਪ੍ਰਮਾਣੂ ਕਚਰੇ ਨੂੰ ਯੂਕਾ ਪਰਬਤ ਦੇ ਹੇਠਾਂ ਦਫਨ ਕਰਨ ਦੀ ਸਕੀਮ ਬਣੀ ਸੀ। ਉਸ ਨੂੰ ਵੀ ਓਬਾਮਾ ਪ੍ਰਸਾਸ਼ਨ ਨੇ ਰੋਕ ਦਿੱਤਾ ਹੈ ਇਸ ਦਾ ਸਿੱਧਾ ਮਤਲਬ ਇਹ ਹੈ ਕਿ ਅਮਰੀਕਾ ਕੋਲ ਵੀ ਲੰਮੇ ਦਾਅ ਤੋਂ ਅਜੇ ਤੱਕ ਕੋਈ ਨੀਤੀ ਨਹੀਂ ਹੈ ਕਿ ਆਪਣੇ ਪ੍ਰਮਾਣੂ ਕਚਰੇ ਤੋਂ ਪਿੱਛਾ ਕਿਵੇਂ ਛੁਡਾਵੇ।

ਇਹ ਕਚਰਾ ਭਿਅੰਕਰ ਪ੍ਰਮਾਣੂ ਵਿਕਰਣ ਵਾਲਾ ਹੁੰਦਾ ਹੈ ਅਤੇ ਇਸ ਦੀ ਦੇਖਭਾਲ ਹਜ਼ਾਰਾਂ ਸਾਲਾਂ ਤਕ ਕਰਨੀ ਹੁੰਦੀ ਹੈ। ਕੁਝ ਰੇਡਿਉਧਰਮੀ ਤੱਤਾਂ ਦੇ ਪ੍ਰਮਾਣੂ ਸੰਯੋਜਨ ਤਾਂ ਟੁੱਟਣ ਤੇ ਬਿਖਰਣ ਲਈ ਲੱਖਾਂ ਸਾਲਾਂ ਦਾ ਸਮਾਂ ਲੈਂਦੇ ਹਨ। ਹਰ ਪ੍ਰਮਾਣੂ ਕਾਰਖਾਨੇ ਤੋਂ ਨਿਕਲਣ ਵਾਲੇ ਕਚਰੇ ਨੂੰ ਅਤੇ ਵਰਤੇ ਜਾ ਚੁੱਕੇ ਪ੍ਰਮਾਣੂ ਬਾਲਣ ਨੂੰ ਮੋਟੀਆਂ ਮੋਟੀਆਂ ਕੰਧਾਂ ਵਾਲੇ ਕੰਨਟੈਂਨਰਾਂ 'ਚ ਸੀਲਬੰਦ ਕਰਕੇ ਜ਼ਮੀਨ ਅੰਦਰ ਡੂੰਘਾ ਰੱਖਿਆ ਜਾਂਦਾ ਹੈ ਅਤੇ ਇਹ ਸਾਵਧਾਨੀ ਵਰਤਣੀ ਹੁੰਦੀ ਹੈ ਕਿ ਉਹਨਾਂ ਤੋਂ ਕਿਸੇ ਕਿਸਮ ਦਾ ਰਸਾਅ ਹੁੰਦਾ ਹੈ ਤਾਂ ਉਹ ਧਰਤੀ ਹੇਠਲੇ ਪਾਣੀ ਨਾਲ ਮਿਲਕੇ ਅਥਾਹ ਤਬਾਹੀ ਮਚਾ ਸਕਦਾ ਹੈ। ਰਸਾਅ ਦੇ ਕੁਝ ਹਾਦਸੇ ਹੋਏ ਵੀ ਹਨ ਪਰ ਇਸ ਤਰ੍ਹਾਂ ਦੇ ਹਾਦਸਿਆਂ ਨੂੰ ਲਕੋਇਆ ਜਾਂਦਾ ਹੈ ਕਿਉਂਕਿ ਇਸ ਪਿੱਛੇ ਕੰਪਨੀਆਂ ਦੀ ਹੋਂਦ ਟਿੱਕੀ ਹੁੰਦੀ ਹੈ। ਸੁਆਲ ਸਿਰਫ਼ ਏਨਾ ਹੈ ਕਿ ਸਾਡੀ ਤਰਜੀਹ ਹੈ ਕੀ? ਵਿਗਿਆਨਕ ਵਿਕਾਸ ਤੇ ਆਦਮੀ ਦੀ ਹੋਂਦ ਵਿੱਚੋਂ ਜੇ ਚੋਣ ਕਰਨੀ ਹੋਵੇ ਤਾਂ ਤੁਸੀਂ ਕਿਸ ਨੂੰ ਚੁਣੋਗੇ? ਪ੍ਰਮਾਣੂ ਊਰਜਾ ਲਈ ਕੀ ਅਸੀਂ ਉਹਨਾਂ ਜਾਨਾ ਨੂੰ ਦਾਅ 'ਤੇ ਲਾਉਣ ਲਈ ਤਿਆਰ ਹਾਂ ਜਿਹਨਾਂ ਦੀਆਂ ਜ਼ਿੰਦਗੀਆਂ ਨੂੰ ਅਰਾਮਦੇਹ ਬਣਾਉਣ ਲਈ ਸਾਨੂੰ ਊਰਜਾ ਚਾਹੀਦੀ ਹੈ। ਪ੍ਰਮਾਣੂ ਊਰਜਾ ਬਾਰੇ ਤਾਂ ਸਾਨੂੰ ਨਵੇਂ ਸਿਰੇ ਤੋਂ ਸੋਚਣਾ ਸ਼ੁਰੂ ਕਰਨਾ ਪਵੇਗਾ। ਇਹ ਗਲਤ ਵਿਚਾਰ ਹੈ ਕਿ ਪ੍ਰਮਾਣੂ ਊਰਜਾ ਪ੍ਰਦੂਸ਼ਣ ਰਹਿਤ ਹੁੰਦੀ ਹੈ। ਜਾਂ ਸਸਤੀ ਹੁੰਦੀ ਹੈ। ਪੁਰਾਨੀ ਕਹਾਵਤ ਹੈ ਕਿ ਜੇ ਸਸਤਾ ਹੈ ਤਾਂ ਕੀ ਜ਼ਹਿਰ ਖਾ ਲਈਏ ਪਰ ਇਹ ਪ੍ਰਮਾਣੂ ਊਰਜਾ ਤਾਂ ਸਸਤੀ ਵੀ ਹਰਗਿਜ਼ ਨਹੀਂ। ਪ੍ਰਮਾਣੂ ਕਚਰੇ ਦਾ ਨਿਪਟਾਰਾ ਤਾਂ ਕਿਸੇ ਵੀ ਹੋਰ ਪ੍ਰਦੂਸ਼ਣ ਤੋਂ ਵੱਧ ਖਤਰਨਾਕ ਹੁੰਦਾ ਹੈ। ਜੇ ਕਚਰੇ ਦੇ ਨਿਪਟਾਰੇ ਦੀ ਲਾਗਤ ਅਤੇ ਪ੍ਰਮਾਣੂ ਕਾਰਖਾਨੇ ਦੀ ਉਮਰ ਪੂਰੀ ਹੋਣ ਪਿੱਛੋਂ ਉਸ ਨੂੰ ਤੋੜਨ ਦੀ ਕੀਮਤ ਵੀ ਜੇ ਵਿੱਚ ਜੋੜ ਲਈਏ ਤਾਂ ਕਿਸੇ ਵੀ ਹੋਰ ਜ਼ਰੀਏ ਤੋਂ ਵੱਧ ਮਹਿੰਗੀ ਪੈਂਦੀ ਹੈ। ਜੈਤਾਪੁਰ ਪ੍ਰਮਾਣੂ ਕਾਰਖਾਨੇ ਲਈ ਕਰੀਬ 5500 ਕਰੋੜ ਲਿਟਰ ਪਾਣੀ ਲੋੜੀਂਦਾ ਹੋਵੇਗਾ ਜਿਸ ਨੂੰ ਵਰਤੋਂ ਪਿਛੋਂ ਸਮੁੰਦਰ 'ਚ ਸੁੱਟਣਾ ਹੋਵੇਗਾ। ਜਿਸ ਨੂੰ ਸਮੁੰਦਰ ਦਾ ਪੂਰਾ ਜੈਵਿਕ ਸੰਤੁਲਨ ਵੀ ਵਿਗੜ ਸਕਦਾ ਹੈ। ਜਿਵੇਂ ਹੀਰੋਸ਼ੀਮਾ-ਨਾਗਾਸਾਕੀ ਨੇ ਸਾਨੂੰ ਸਿਖਾਇਆ ਕਿ ਪ੍ਰਮਾਣੂ ਬੰਬ ਤੋਂ ਸਾਨੂੰ ਤੋਬਾ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਹੀ ਫੁਕੂਸਿਮਾ ਤੋਂ ਸਾਨੂੰ ਸਿੱਖ ਲੈਣਾ ਚਾਹੀਦਾ ਹੈ ਕਿ ਪ੍ਰਮਾਣੂ ਊਰਜਾ ਦੇ ਨਾਲ ਕਚਰਾ ਤੇ ਵਿਕਰਣ ਦੀ ਸਮੱਸਿਆ ਵੀ ਸ਼ਾਮਲ ਹੈ। ਜੈਤਾਪੁਰ ਕਾਰਖਾਨੇ ਨੂੰ ਰੋਕਣਾ ਲੋਕਾ, ਵਾਤਾਵਰਣ ਤੇ ਇਨਸਾਨੀਅਤ ਤਿੰਨਾਂ ਲਈ ਜ਼ਰੂਰੀ ਹੈ।